*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-1, ਜਨਵਰੀ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਅਲਵਿਦਾ 2024 - ਖ਼ੁਸ਼ਆਮਦੀਦ ਨਵਾਂ ਸਾਲ 2025

ਸਾਲ 2024 ਸਮਾਪਤ ਹੋਣ ਜਾ ਰਿਹਾ ਹੈ ਅਤੇ ਨਵੇਂ ਵਰ੍ਹੇ ਦਾ ਸੂਰਜ ਨਵੀਆਂ ਉਮੀਦਾਂ ਨਾਲ ਮਾਨਵਤਾ ਦੇ ਬੂਹੇ 'ਤੇ ਦਸਤਕ ਦੇ ਰਿਹਾ ਹੈ। 2024 ਜਿੱਥੇ ਸਾਮਰਾਜੀ ਪ੍ਰਬੰਧ ਦੀ ਕਰੂਰਤਾ, ਫ਼ਲਸਤੀਨੀ ਲੋਕਾਂ ਦੀ ਲਗਾਤਾਰ ਨਸਲਕੁਸ਼ੀ, ਯੂਕਰੇਨ ਵਿਚ ਲੋਟੂ ਸਾਮਰਾਜੀ ਚੌਧਰ-ਭੇੜ 'ਚੋਂ ਉਪਜੀ ਤਬਾਹੀ ਮਚਾਉਣ ਵਾਲੀ ਨਹੱਕੀ ਜੰਗ ਆਦਿ ਦਾ ਗਵਾਹ ਹੈ ਅਤੇ ਨਾਲ ਹੀ ਦੁਨੀਆ ਦੇ ਵੱਡੇ ਮੁਲਕਾਂ 'ਚ ਘੋਰ ਸੱਜੇਪੱਖੀ ਤਾਕਤਾਂ ਦੇ ਸੱਤਾ 'ਚ ਆਉਣ ਦਾ ਗਵਾਹ ਹੈ, ਉੱਥੇ ਇਹ ਫ਼ਲਸਤੀਨੀਆਂ ਵੱਲੋਂ ਚਾਰ ਚੁਫੇਰੇ ਆਦਮ ਬੋ-ਆਦਮ ਬੋ ਕਰ ਰਹੀ ਮੌਤ ਤੇ ਤਬਾਹੀ ਵਿਰੁੱਧ ਹੱਕੀ ਟਾਕਰੇ ਦਾ ਸ਼ਾਨਦਾਰ ਇਤਿਹਾਸ ਸਿਰਜਣ ਅਤੇ ਬੰਗਲਾਦੇਸ਼ 'ਚ ਅਜਿੱਤ ਸਮਝੀ ਜਾਂਦੀ ਤਾਨਾਸ਼ਾਹ ਹਕੂਮਤ ਨੂੰ ਲੋਕਾਂ ਦੀ ਤਾਕਤ ਵੱਲੋਂ ਦਬੱਲ ਦੇਣ ਦਾ ਗਵਾਹ ਵੀ ਹੈ।

ਕਰੂਰਤਾ ਦੀ ਸੱਭੇ ਹੱਦਾਂ ਪਾਰ ਕਰਦਾ ਹੋਇਆ ਇਜ਼ਰਾਇਲੀ ਨਸਲਵਾਦੀ ਸਟੇਟ ਅਮਰੀਕਨ ਸਾਮਰਾਜੀ ਹਕੂਮਤ ਅਤੇ ਜੰਗੀ ਸਨਅਤ ਦੀ ਸਰਪ੍ਰਸਤੀ, ਮਿਲੀਭੁਗਤ ਤੇ ਮੱਦਦ ਨਾਲ ਫ਼ਲਸਤੀਨੀਂ ਲੋਕਾਂ ਦੀ ਨਸਲਕੁਸ਼ੀ ਕਰਦੇ ਰਹਿਣ 'ਤੇ ਤੁਲਿਆ ਹੋਇਆ ਹੈ। ਫ਼ਲਸਤੀਨੀਂ ਸਮਾਜ ਦੀ ਭਿਆਨਕ ਜਾਨੀ-ਮਾਲੀ ਤਬਾਹੀ ਦੇ ਆਲਮ 'ਚ ਔਰਤਾਂ ਤੇ ਬੱਚਿਆਂ ਨੂੰ ਅੰਨ੍ਹੇਵਾਹ ਬੰਬਾਰੀ ਦੇ ਨਾਲ ਭਿਆਨਕ ਭੁਖਮਰੀ ਅਤੇ ਇਲਾਜ ਦੀ ਲੱਗਭੱਗ ਅਣਹੋਂਦ ਦਾ ਸੰਤਾਪ ਝੱਲਣਾ ਪੈ ਰਿਹਾ ਹੈ। ਦੁਨੀਆ ਭਰ 'ਚ ਫ਼ਲਸਤੀਨੀ ਮੁਕਤੀ ਸੰਘਰਸ਼ ਨਾਲ ਇਕਮੁੱਠਤਾ ਦੀ ਲਹਿਰ ਜਾਰੀ ਰਹੀ ਹੈ, ਪਰ ਇਹ ਅਜੇ ਐਨੀ ਮਜ਼ਬੂਤ ਨਹੀਂ ਹੈ ਕਿ ਇਜ਼ਰਾਇਲ-ਅਮਰੀਕਨ ਦੀ ਕਰੂਰਤਾ ਨੂੰ ਠੱਲ ਪਾ ਸਕੇ। ਯੂਕਰੇਨ, ਸੀਰੀਆ ਆਦਿ ਦੇ ਲੋਕ ਵੀ ਸਾਮਰਾਜੀ ਚੌਧਰ ਭੇੜ ਅਤੇ ਹੋਰ ਪਿਛਾਖੜੀ ਤਾਕਤਾਂ ਵੱਲੋਂ ਥੋਪੀ ਜੰਗੀ ਤਬਾਹੀ ਦਾ ਸੰਤਾਪ ਝੱਲ ਰਹੇ ਹਨ। ਆਲਮੀ ਕਾਰਪੋਰੇਟ ਸਰਮਾਏ ਦਾ ਗ਼ਲਬਾ ਨਾ ਸਿਰਫ਼ ਬਰਕਰਾਰ ਹੈ ਸਗੋਂ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਦੀ ਸਿਆਸਤ ਅਤੇ ਸੱਤਾ 'ਚ ਘੋਰ ਪਿਛਾਖੜੀ ਤਾਕਤਾਂ ਦਾ ਦਖ਼ਲ ਅਤੇ ਦਬਦਬਾ ਵਧਿਆ ਹੀ ਹੈ। ਅਮਰੀਕਾ 'ਚ ਟਰੰਪ ਅਤੇ ਭਾਰਤ ਵਿਚ ਮੋਦੀ ਦੀ ਅਗਵਾਈ ਹੇਠ ਫਾਸ਼ੀਵਾਦੀ ਤਾਕਤਾਂ ਦਾ ਮੁੜ ਸੱਤਾ 'ਚ ਆਉਣਾ ਹਾਲ ਦੀ ਘੜੀ ਘੋਰ ਪਿਛਾਖੜ ਦੇ ਮਜ਼ਬੂਤ ਹੋਣ ਦਾ ਸੂਚਕ ਹੈ।




ਅਮਰੀਕਾ, ਕੈਨੇਡਾ ਸਮੇਤ ਪੱਛਮੀ ਗੁੱਟ ਦੇ ਮੁਲਕਾਂ 'ਚ ਆਰਥਕ ਸੰਕਟ ਵਧਣ ਨਾਲ ਨਸਲਵਾਦੀ ਨ਼ਫਰਤ ਤਿੱਖੀ ਹੋਈ ਹੈ। ਹਕੂਮਤ ਦੀਆਂ ਆਰਥਕ ਨੀਤੀਆਂ ਦੇ ਝੰਬੇ, ਕੈਨੇਡਾ ਦੇ ਲੋਕਾਂ ਦੇ ਇਕ ਹਿੱਸੇ 'ਚ ਹੁਕਮਰਾਨ ਜਮਾਤ ਨਸਲਵਾਦੀ ਨ਼ਫਰਤ ਦਾਖ਼ਲ ਕਰਨ 'ਚ ਕਾਮਯਾਬ ਹੋਈ ਹੈ। ਸਭ ਤੋਂ ਵੱਧ ਖਮਿਆਜ਼ਾ ਪੀ.ਆਰ. ਹੋਣ ਲਈ ਸੰਘਰਸ਼ ਕਰ ਰਹੇ ਪ੍ਰਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ। ਖ਼ਾਸ ਕਰਕੇ ਸਖ਼ਤ ਸ਼ਰਤਾਂ ਵਾਲੀ ਰੱਦੋਬਦਲ ਨੇ ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਨਿਸ਼ਚਿਤ ਭਵਿੱਖ 'ਚ ਧੱਕ ਦਿੱਤਾ ਹੈ। ਇਸ ਹਮਲੇ ਨੂੰ ਪਿੱਛੇ ਧੱਕਣ ਲਈ ਵਿਦਿਆਰਥੀ ਸੰਘਰਸ਼ ਦਾ ਸਾਂਝਾ ਹੰਭਲਾ ਸ਼ਾਨਦਾਰ ਹੈ, ਪਰ ਹਾਲਾਤ ਹੋਰ ਵੀ ਵੱਡੇ, ਵਿਆਪਕ ਅਤੇ ਬਹੁਪੱਖੀ ਸੰਘਰਸ਼ ਦੀ ਮੰਗ ਕਰਦੇ ਹਨ। ਭਾਰਤ ਵਿਚ ਫਾਸ਼ੀਵਾਦੀ ਹਕੂਮਤ ਆਮ ਲੋਕਾਂ, ਖ਼ਾਸ ਕਰਕੇ ਹਾਸ਼ੀਏ 'ਤੇ ਧੱਕੇ ਆਦਿਵਾਸੀਆਂ, ਦਲਿਤਾਂ ਤੇ ਧਾਰਮਿਕ ਘੱਟਗਿਣਤੀਆਂ ਨੂੰ ਹੱਕ-ਵਿਹੂਣੀ ਬੇਵੱਸ ਪਰਜਾ ਬਣਾਉਣ ਲਈ ਚੌਤਰਫ਼ਾ ਹਮਲਾ ਕਰ ਰਹੀ ਹੈ ਜਿਸ ਦੇ ਹੋਰ ਤਿੱਖਾ ਤੇ ਵਿਆਪਕ ਹੋਣ ਦੇ ਸਪਸ਼ਟ ਸੰਕੇਤ ਹਨ।

ਕੁਲ-ਮਿਲਾਕੇ ਦੁਨੀਆ ਭਰ 'ਚ ਮਾਨਵਤਾ ਕਾਰਪੋਰੇਟ ਸਰਮਾਏ ਦੇ ਗ਼ਲਬੇ ਹੇਠ ਬੁਰੀ ਤਰ੍ਹਾਂ ਪਿਸ ਰਹੀ ਹੈ। ਸਦੀਆਂ ਲੰਮੇ ਸੰਘਰਸ਼ਾਂ ਦਾ ਹਾਸਲ ਮਨੁੱਖੀ ਤੇ ਜਮਹੂਰੀ ਹੱਕ ਬੇਕਿਰਕੀ ਨਾਲ ਕੁਚਲੇ ਜਾ ਰਹੇ ਹਨ। ਡਿਜੀਟਲ ਟੈਕਨਾਲੋਜੀ ਜ਼ਰੀਏ ਮਨੁੱਖ ਦੀ ਨਿੱਜਤਾ ਅਤੇ ਮਨੁੱਖੀ ਜ਼ਿੰਦਗੀ ਦੇ ਹਰ ਪੱਖ ਉੱਪਰ ਕਾਰਪੋਰੇਟ ਕੰਟਰੋਲ ਵਧ ਰਿਹਾ ਹੈ। ਇਸ ਵਿਰੁੱਧ ਕੁਝ ਨਾ ਕੁਝ ਸੰਘਰਸ਼ ਹੋ ਰਹੇ ਹਨ ਪਰ ਸੱਚੀ ਤਬਦੀਲੀ ਲਈ ਜੂਝਣ ਵਾਲੀਆਂ ਤਾਕਤਾਂ ਅੱਗੇ ਬਹੁਤ ਵੱਡੀਆਂ ਚੁਣੌਤੀਆਂ ਹਨ। ਸਰਮਾਏਦਾਰੀ ਵਿਰੁੱਧ ਅਤੀਤ ਦੇ ਸ਼ਾਨਾਮੱਤੇ ਸੰਘਰਸ਼ਾਂ ਤੋਂ ਸਿੱਖਕੇ ਆਪਣੀ ਬੌਧਿਕ ਕਮਜ਼ੋਰੀ ਨੂੰ ਦੂਰ ਕਰਨ ਦੇ ਨਾਲ-ਨਾਲ ਵਿਚਾਰਧਾਰਕ-ਸਿਧਾਂਤਕ ਅਤੇ ਸੰਘਰਸ਼ ਦੇ ਵਿਹਾਰਕ ਖੇਤਰਾਂ 'ਚ ਵੱਡੇ ਲਾਂਘੇ ਭੰਨਣ ਦੀ ਜ਼ਰੂਰਤ ਹੈ। ਸਾਂਝੀਵਾਲਤਾ ਵਾਲੇ ਸਮਾਜਵਾਦੀ ਸਮਾਜ ਲਈ ਜਮਾਤੀ ਸੰਘਰਸ਼ ਹੀ ਕਿਰਤੀ ਲੋਕਾਂ ਦੇ ਮਹਿਫ਼ੂਜ਼ ਭਵਿੱਖ ਦੀ ਕੁੰਜੀ ਹੈ। ਮਾਨਵਤਾ ਅਤੇ ਕੁਦਰਤ ਦੀ ਘੋਰ ਲੁੱਟਮਾਰ 'ਤੇ ਆਧਾਰਤ, ਸਦੀਵੀ ਜਾਪਦੇ ਸਰਮਾਏਦਾਰੀ ਪ੍ਰਬੰਧ ਨੇ ਆਖ਼ਿਰ ਖ਼ਤਮ ਹੋਣਾ ਹੀ ਹੈ।

ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੇ ਸਮਾਜ ਦੀ ਤਰੱਕੀ ਨੂੰ ਬੰਨ੍ਹ ਮਾਰੀ ਬੈਠੀ ਸਾਮਰਾਜੀ ਸਰਮਾਏਦਾਰੀ ਦੇ ਤਰ੍ਹਾਂ-ਤਰ੍ਹਾਂ ਦੇ ਹਮਲਿਆਂ, ਸਾਜ਼ਿਸ਼ਾਂ ਅਤੇ ਕੁਟਲ ਚਾਲਾਂ ਵਿਰੁੱਧ ਲੋਕਾਈ ਨੂੰ ਜਾਗਰੂਕ ਕਰਨ ਅਤੇ ਸੱਚੇ ਲੋਕਪੱਖੀ ਸੰਘਰਸ਼ਾਂ ਦੀ ਆਵਾਜ਼ ਬਣਨ ਲਈ ਨਿਗੂਣੇ ਵਸੀਲਿਆਂ ਨਾਲ ਵੱਧ ਤੋਂ ਵੱਧ ਯਤਨ ਜੁਟਾਏ ਹਨ, ਸੰਘਰਸ਼ ਚਾਹੇ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਹੋਣ। ਕਲਮ ਦੇ ਮੋਰਚੇ ਤੋਂ ਤਿਲ-ਫੁਲ ਯੋਗਦਾਨ ਰਾਹੀਂ ਅਸੀਂ ਲੋਕਪੱਖੀ ਮੀਡੀਆ ਦੇ ਰੂਪ 'ਚ 14 ਸਾਲ ਦਾ ਲੰਮਾ ਸਫ਼ਰ ਤੈਅ ਕੀਤਾ ਹੈ ਜੋ ਸਾਡੇ ਹਮਾਇਤੀ ਘੇਰਿਆਂ, ਖ਼ਾਸ ਕਰਕੇ ਕਲਮਕਾਰਾਂ ਤੇ ਪਾਠਕਾਂ ਦੇ ਸੁਹਿਰਦ ਸਹਿਯੋਗ ਦੀ ਬਦੌਲਤ ਹੀ ਸੰਭਵ ਹੋਇਆ ਹੈ। ਆਪਣੇ ਇਸ ਯੋਗਦਾਨ ਨੂੰ ਹੋਰ ਸਾਰਥਕ ਤੇ ਭਰਵਾਂ ਬਣਾਉਣ ਦੇ ਅਹਿਦ ਤਹਿਤ ਅਸੀਂ ਇਸ ਅੰਕ ਨਾਲ ਨਵੇਂ ਸਾਲ 'ਚ ਪੈਰ ਧਰ ਰਹੇ ਹਾਂ। ਇਸ ਉਮੀਦ ਨਾਲ ਕਿ ਸਾਡੇ ਪਾਠਕ, ਕਲਮਕਾਰ ਅਤੇ ਹੋਰ ਸਹਿਯੋਗੀ ਘੇਰੇ ਸਾਡੇ ਇਸ ਉੱਦਮ ਨੂੰ ਹੋਰ ਰਚਨਾਤਮਕ, ਸੁਚੱਜਾ ਅਤੇ ਸਾਰਥਕ ਬਣਾਉਣ ਲਈ ਵੱਧ ਤਕੜੇ ਹੋ ਕੇ ਹੰਭਲਾ ਮਾਰਨਗੇ। ਇਸ ਉਮੀਦ ਨਾਲ ਕਿ ਨਵੇਂ ਸਾਲ 'ਚ ਮਾਨਵਤਾ ਕਾਰਪੋਰੇਟ ਸਰਮਾਏ ਅਤੇ ਇਸ ਦੀਆਂ ਜੋਟੀਦਾਰ ਹੋਰ ਪਿਛਾਖੜੀ ਤਾਕਤਾਂ ਵੱਲੋਂ ਫੈਲਾਏ ਦਹਿਸ਼ਤਵਾਦ, ਲੁੱਟ-ਖਸੁੱਟ ਅਤੇ ਹਨੇਰਗਰਦੀ ਨੂੰ ਠੱਲ੍ਹ ਪਾਉਣ ਲਈ ਕੁਝ ਨਵਾਂ ਕਰਨ, ਕੋਈ ਨਵੀਂ ਪੁਲਾਂਘ ਪੁੱਟਣ 'ਚ ਕਾਮਯਾਬ ਜ਼ਰੂਰ ਹੋਏਗੀ।

**- ਸੰਪਾਦਕੀ ਬੋਰਡ**















NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਣਨ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca

14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

TRIP TINGLE
Your gateway to global exploration

Thinking of Travel Think Trip Tingle!
Special Discounted fares to India and Pakistan!
Lowest fare guaranteed!!
ਭਾਰਤ ਅਤੇ ਪਾਕਿਸਤਾਨ ਲਈ ਵਿਸ਼ੇਸ਼ ਛੋਟ
ਸਭ ਤੋਂ ਘੱਟ ਕਿਰਾਏ ਦੀ ਗਾਰੰਟੀ !!
Call Now 587-600-0422, WhatsApp 587-907-0057
Mail Us info@triptingle.com or Visit www.triptingle.com

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

Harpreet Parmar CPA, CGA
Chartered Professional Accountant
• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Harpinder Sidhu INSURANCE EXPERT
Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੇਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੇਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Paul Sekhon: 403-829-5000
Bay 11 2316 27 Ave. NE, Calgary
Ph. : 403-701-4947

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE REALTOR REAL ESTATE BOARD
Taranjit "T. J." Mand
Real Estate Associate
Max Value Reality Ltd.





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਭਾਰਤੀ ਨਿਆਂ ਪ੍ਰਣਾਲੀ ’ਚ ਹਿੰਦੂਤਵ ਏਜੰਡਾ ਭਾਰੂ



ਬੂਟਾ ਸਿੰਘ
ਮਹਿਮੂਦਪੁਰ
94634-74342

*ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਵਿਚ ਕੱਟੜ ਹਿਦੂਤਵੀ ਜਥੇਬੰਦੀ ਵਿਸ਼ਵ ਹਿਦੂ ਪਰਿਸ਼ਦ ਨੂੰ ਇਲਾਹਾਬਾਦ ਹਾਈ ਕੋਰਟ ਦੀ ਹਦੂਦ ਅੰਦਰ ਸਮਾਗਮ ਕਰਨ ਦੀ ਇਜਾਜ਼ਤ ਦੇਣ ਅਤੇ ਉੱਥੇ ਸਿਟਿੰਗ ਜੱਜ ਸ਼ੇਖਰ ਕੁਮਾਰ ਯਾਦਵ ਦੇ ਤਿੱਖੀ ਫਿਰਕੂ ਸੁਰ ਵਾਲੇ ਭਾਸ਼ਣ ਨੇ ਭਾਰਤੀ ਨਿਆਂ ਪ੍ਰਣਾਲੀ ਦੇ ਧਰਮਨਿਰਪੱਖਤਾ ਦੇ ਦਾਅਵੇ ਉੱਪਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਿਟਿੰਗ ਜੱਜਾਂ ਦਾ ਇਹ ਰੁਝਾਨ ਨਿਆਂ ਪ੍ਰਣਾਲੀ ’ਚ ਸੱਤਾਧਾਰੀ ਧਿਰ ਦੀ ਰਾਜਨੀਤਕ ਵਿਚਾਰਧਾਰਾ ਦੀ ਵਧ ਰਹੀ ਘੁਸਪੈਠ ਦਾ ਸੂਚਕ ਹੈ ਜੋ ਧਾਰਮਿਕ-ਸੱਭਿਆਚਾਰਕ ਵੰਨ-ਸੁਵੰਨਤਾ ਵਾਲੇ ਮੁਲਕ ਦੇ ਭਵਿੱਖ ਲਈ ਸ਼ੁਭ ਸੰਕੇਤ ਨਹੀਂ ਹੈ। ਇਨ੍ਹਾਂ ਹਾਲਾਤ ਵਿਚ ਘੱਟਗਿਣਤੀਆਂ ਲਈ ਨਿਆਂ ਦੀ ਉਮੀਦ ਹੋਰ ਵੀ ਧੁੰਦਲੀ ਹੋ ਜਾਂਦੀ ਹੈ। ਇਨ੍ਹਾਂ ਸਾਰੇ ਸਰੋਕਾਰਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। - ਸੰਪਾਦਕ]*

ਅਕਸਰ ਹੀ ਦਾਅਵੇ ਕੀਤੇ ਜਾਂਦੇ ਹਨ ਕਿ ਭਾਰਤ ‘ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ’ ਹੈ ਅਤੇ ਇਸਦੀ ਨਿਆਂ ਪ੍ਰਣਾਲੀ ਨਿਰਪੱਖ ਹੈ। ਇਹ ਦਾਅਵੇ ਹਕੀਕਤ ਨਾਲ ਮੇਲ ਨਹੀਂ ਖਾਂਦੇ। ਪਿਛਲੇ ਦਹਾਕਿਆਂ ’ਚ ਬਹੁਤ ਸਾਰੇ ਅਜਿਹੇ ਮਾਮਲੇ ਰਹੇ ਹਨ ਜਿਨ੍ਹਾਂ ਵਿਚ ਹਿੰਦੂ ਬਹੁਗਿਣਤੀ ਫਿਰਕੇ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲਿਆਂ ਨੂੰ ਖ਼ੁਸ਼ ਕਰਨ ਲਈ ਸਿਰਫ਼ ਫ਼ੈਸਲੇ ਹੀ ਨਹੀਂ ਲਏ ਗਏ ਸਗੋਂ ਨਿਆਂਸ਼ਾਸਤਰ ਨੂੰ ਟਿੱਚ ਸਮਝਦੇ ਹੋਏ ਅਜਿਹੇ ਫ਼ੈਸਲਿਆਂ ਨੂੰ ਜਾਇਜ਼ ਠਹਿਰਾਉਣ ਲਈ ਕੁਤਰਕ ਵੀ ਦਿੱਤੇ ਗਏ। ਅਦਾਲਤਾਂ ਵੱਲੋਂ ਨਿਆਂਸ਼ਾਸਤਰ ’ਤੇ ਚੱਲਣ ਦੀ ਬਜਾਏ ਬਹੁਗਿਣਤੀ ਦੀਆਂ ਭਾਵਨਾਵਾਂ ਨੂੰ ‘‘ਸੰਤੁਸ਼ਟ ਕਰਨਾ’’ ਜ਼ਰੂਰੀ ਸਮਝਿਆ ਗਿਆ। ਹੁਣ ਤਾਂ ਆਲਮ ਇਹ ਹੈ ਕਿ ਉੱਚ ਅਦਾਲਤਾਂ, ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਜੱਜ ਵੀ ਸਰੇਆਮ ਹਿੰਦੂਤਵ ਜਥੇਬੰਦੀਆਂ ਦੀ ਸੁਰ ’ਚ ਸੁਰ ਮਿਲਾਉਂਦੇ ਦੇਖੇ ਜਾ ਸਕਦੇ ਹਨ। ਇਸ ਦੀ ਤਾਜ਼ਾ ਮਿਸਾਲ 8 ਦਸੰਬਰ ਨੂੰ ਇਲਾਹਾਬਾਦ ਹਾਈਕੋਰਟ ਦੇ ਲਾਇਬ੍ਰੇਰੀ ਹਾਲ ਦੇ ਅੰਦਰ ਹੋਇਆ ਵਿਸ਼ਵ ਹਿੰਦੂ ਪਰਿਸ਼ਦ ਦਾ ਸਮਾਗਮ ਹੈ ਜਿਸਦਾ ਵਿਸ਼ਾ ਸੀ ‘ਯੂਨੀਫਾਰਮ ਸਿਵਲ ਕੋਡ ਦੀ ਸੰਵਿਧਾਨਕ ਜ਼ਰੂਰਤ’।

ਇਸ ਫਿਰਕੂ ਸਮਾਗਮ ਦੀ ਸਿਰਫ਼ ਇਜਾਜ਼ਤ ਹੀ ਨਹੀਂ ਦਿੱਤੀ ਗਈ ਸਗੋਂ ਸਿੱਟਿੰਗ ਜੱਜ ਸ਼ੇਖਰ ਕੁਮਾਰ ਯਾਦਵ ਨੇ ਸਮਾਗਮ ’ਚ ਸ਼ਾਮਲ ਹੋ ਕੇ ਆਰਐੱਸਐੱਸ-ਭਾਜਪਾ ਦੇ ਹਿੰਦੂਤਵ ਦੇ ਪ੍ਰੋਜੈਕਟ ਨੂੰ ਅੱਗੇ ਵਧਾਉਂਦਿਆਂ ਰਾਜਨੀਤਕ ਭਾਸ਼ਣ ਵੀ ਦਿੱਤਾ ਜਿਸ ਨੂੰ ਸੋਸ਼ਲ ਮੀਡੀਆ ਉੱਪਰ ਪ੍ਰਸਾਰਿਤ ਵੀ ਕੀਤਾ ਗਿਆ। 34 ਮਿੰਟ ਲੰਮੇ ਭਾਸ਼ਣ ਦੇ ਜਿੰਨੇ ਕੁ ਹਿੱਸੇ ਮੀਡੀਆ ਰਿਪੋਰਟਾਂ ’ਚ ਨਸ਼ਰ ਹੋਏ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਮੁਸਲਿਮ ਫਿਰਕੇ ਅੰਦਰਲੀਆਂ ‘ਬੁਰਾਈਆਂ’ ਦੇ ਬਹਾਨੇ ਉਸਦਾ ਨਿਸ਼ਾਨਾ ਇਸ ਫਿਰਕੇ ਵੱਲ ਸੇਧਤ ਸੀ ਅਤੇ ਉਸਦਾ ਭਾਸ਼ਣ ਮੁਸਲਿਮ ਵਿਰੋਧੀ ਬਿਆਨਬਾਜ਼ੀ ਤੇ ਬਹੁਗਿਣਤੀਵਾਦੀ ਸੋਚ ਨਾਲ ਗੜੁੱਚ ਸੀ। ਇਹ ਅਣਜਾਣੇ ’ਚ ਹੋਈ ਭੁੱਲ ਨਹੀਂ ਸੀ, ਸਗੋਂ ਬਕਾਇਦਾ ਸੋਚ-ਸਮਝਕੇ ਦਿੱਤਾ ਗਿਆ ਭਾਸ਼ਣ ਸੀ, ਜੋ ਇਸ ਕਦਰ ਫਿਰਕੂ ਸੀ ਕਿ ਸੁਪਰੀਮ ਕੋਰਟ ਨੂੰ ਵੀ ਇਸਦਾ ਨੋਟਿਸ ਲੈਣਾ ਪੈ ਗਿਆ। ਇਸ ਜੱਜ ਦਾ ਭਾਸ਼ਣ ਅਤੇ ਪਿਛਲੇ ਤਿੰਨ ਸਾਲ ’ਚ ਉਸ ਵੱਲੋਂ ਫ਼ੈਸਲੇ ਦੇਣ ਸਮੇਂ ਅਖ਼ਤਿਆਰ ਕੀਤਾ ਵਤੀਰਾ ਉਸ ਨਿਆਂਇਕ ਮਰਿਯਾਦਾ ਦੀ ਵੀ ਉਲੰਘਣਾ ਹੈ ਜੋ ਸੁਪਰੀਮ ਕੋਰਟ ਵੱਲੋਂ 1997 ’ਚ ਅਪਣਾਈ ਗਈ ਸੀ ਅਤੇ ਜਿਸ ਵਿਚ ਕਿਹਾ ਗਿਆ ਸੀ ਕਿ ਜੱਜਾਂ ਨੂੰ ਰਾਜਨੀਤਕ ਮਾਮਲਿਆਂ ਬਾਰੇ ਜਨਤਕ ਤੌਰ ’ਤੇ ਵਿਚਾਰ ਪ੍ਰਗਟਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸੁਪਰੀਮ ਕੋਰਟ ਵੱਲੋਂ ਇਲਾਹਾਬਾਦ ਹਾਈਕੋਰਟ ਤੋਂ ਇਸ ਸਮਾਗਮ ਦੀ ਵਿਸਤਾਰਤ ਜਾਣਕਾਰੀ ਮੰਗੇ ਜਾਣ ਦੀ ਰਿਪੋਰਟ ਹੈ ਅਤੇ ਮਾਮਲਾ ਸਰਵਉੱਚ ਅਦਾਲਤ ’ਚ ਵਿਚਾਰ ਅਧੀਨ ਹੈ। ਦੇਖਣਾ ਇਹ ਹੈ ਕਿ ਸੁਪਰੀਮ ਕੋਰਟ ਇਸ ਤੋਂ ਅੱਗੇ ਕੀ ਕਾਰਵਾਈ ਕਰਦੀ ਹੈ।

ਜਸਟਿਸ ਯਾਦਵ ਨੇ ਆਪਣੇ ਭਾਸ਼ਣ ’ਚ ਕਿਹਾ ਕਿ ਬਾਹਰਲੇ ਲੋਕ ‘‘ਹਿੰਦੂ’’ ਸ਼ਬਦ ਨੂੰ ਗ਼ਲਤ ਸਮਝਦੇ ਹਨ; ਕਿ ਹਿੰਦੂ ਧਰਮ ਮਹਿਜ਼ ਰੀਤੀ-ਰਿਵਾਜ਼ਾਂ, ਪ੍ਰਾਰਥਨਾ ਜਾਂ ਧਾਰਮਿਕ ਚਿੰਨ੍ਹਾਂ ਦਾ ਮਾਮਲਾ ਨਹੀਂ ਹੈ। ਇਹ ਤਾਂ ਇਕ ਵਿਆਪਕ ਪਛਾਣ ਹੈ ਜਿਸ ਵਿਚ ਇਸ




ਸਰਜ਼ਮੀਨ ਉੱਪਰ ਰਹਿਣ ਵਾਲੇ ਸਾਰੇ ਲੋਕ ਸ਼ਾਮਲ ਹਨ, ਜੋ ਇਸ ਨੂੰ ਆਪਣੀ ਮਾਂ-ਭੂਮੀ ਕਹਿੰਦੇ ਹਨ ਅਤੇ ਇਸ ਦੀ ਖ਼ਾਤਰ ਕੁਰਬਾਨੀ ਕਰਨ ਲਈ ਤਿਆਰ ਹਨ। ਉਸ ਮੁਤਾਬਿਕ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕੁਰਆਨ ਜਾਂ ਬਾਈਬਲ ਨੂੰ ਮੰਨਦੇ ਹਨ - ਹਨ ਉਹ ਵੀ ਹਿੰਦੂ।’’ ਸਤੱਹੀ ਤੌਰ ’ਤੇ ਦੇਖਿਆਂ ਇਹ ਸਮਾਵੇਸ਼ੀ ਸੋਚ ਜਾਪਦੀ ਹੈ ਪਰ ਇਹ ਸਮਾਵੇਸ਼ ਦੇ ਨਾਂ ’ਤੇ ਹੋਰ ਧਾਰਮਿਕ ਅਕੀਦੇ ਵਾਲੇ ਲੋਕਾਂ ਨੂੰ ਨਿਗਲ ਜਾਣ ਦੀ ਹਿੰਦੂਤਵੀ ਚਾਲ ਹੈ। ਘੱਟਗਿਣਤੀ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਂਦਿਆਂ ਉਸਨੇ ਜਾਣ-ਬੁੱਝਕੇ ‘‘ਕਠਮੁੱਲਾ’’ ਸ਼ਬਦ ਵਰਤਿਆ ਜੋ ਮੁਸਲਮਾਨਾਂ ’ਚ ਖ਼ਤਨੇ ਵੱਲ ਇਸ਼ਾਰਾ ਹੈ ਅਤੇ ਇਹ ਹਿੰਦੂਤਵੀ ਜਥੇਬੰਦੀਆਂ ਵੱਲੋਂ ਘੱਟਗਿਣਤੀਆਂ ਨੂੰ ਅਪਮਾਨਿਤ ਕਰਨ ਲਈ ਅੱਜਕੱਲ੍ਹ ਆਮ ਵਰਤਿਆ ਜਾਂਦਾ ਹੈ। ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਦਇਆ ਅਤੇ ਸਹਿਣਸ਼ੀਲਤਾ ਤੋਂ ਸੱਖਣੇ ਕਰਾਰ ਦਿੰਦਿਆਂ ਉਸਨੇ ਕਿਹਾ ਕਿ ਪਸ਼ੂਆਂ ਦੀਆਂ ਹੱਤਿਆਵਾਂ ਦੇ ਮਾਹੌਲ ’ਚ ਪਲ਼ੇ ਹੋਣ ਕਾਰਨ ਮੁਸਲਮਾਨ ਬੱਚਿਆਂ ’ਚ ਦਇਆ ਅਤੇ ਸਹਿਣਸ਼ੀਲਤਾ ਨਹੀਂ ਹੁੰਦੀ। ਉਸਨੇ ਇਸ ਤੋਂ ਵੀ ਅੱਗੇ ਕਿਹਾ ਕਿ ਦੇਸ਼ ‘ਬਹੁਮੱਤ ਦੀਆਂ ਇਛਾਵਾਂ ਮੁਤਾਬਿਕ ਚੱਲੇਗਾ, ਅਤੇ ਇਹ ਵੱਲੋਂ ਸਿਰਫ਼ ਉਸੇ ਨੂੰ ਸਵੀਕਾਰ ਕੀਤਾ ਜਾਵੇਗਾ ਜੋ ਬਹੁਗਿਣਤੀ ਦੀ ਭਲਾਈ ਤੇ ਖ਼ੁਸ਼ੀ ਲਈ ਫ਼ਾਇਦੇਮੰਦ ਹੋਵੇਗਾ।’ ਉਸਨੇ ਕਿਹਾ ਕਿ ਬੇਸ਼ੱਕ ਉਹ ਉਸ ਹਾਈ ਕੋਰਟ ਦਾ ਜੱਜ ਹੈ, ਪਰ ਉਹ ਦੇਸ਼ ਦਾ ਨਾਗਰਿਕ ਵੀ ਹੈ ਅਤੇ ਬਤੌਰ ਇਕ ਨਾਗਰਿਕ ਉਹ ਉਹੀ ਕਹੇਗਾ ਜੋ ਦੇਸ਼ ਲਈ ਉਚਿਤ ਹੋਵੇਗਾ। ਇਹ ਇਕ ਸਿੱਟਿੰਗ ਜੱਜ ਦੇ ਮੂੰਹੋਂ ਦੇਸ਼ ਉੱਪਰ ਬਹੁਗਿਣਤੀਵਾਦੀ ਹਕੂਮਤ ਦੇ ਖੁੱਲ੍ਹੇ ਐਲਾਨ ਤੋਂ ਸਿਵਾਏ ਕੁਝ ਨਹੀਂ ਹੈ।

ਸਿਰਫ਼ ਯਾਦਵ ਦਾ ਭਾਸ਼ਣ ਹੀ ਨਫ਼ਰਤ ਭਰਿਆ ਨਹੀਂ ਹੈ, ਬੀਤੇ ਸਾਲਾਂ ’ਚ ਉਸ ਦੇ ਬਹੁਤ ਸਾਰੇ ਅਦਾਲਤੀ ਫ਼ੈਸਲੇ ਵੀ ਬਹੁਗਿਣਤੀਵਾਦੀ ਸੋਚ ਉੱਪਰ ਮੋਹਰ ਲਾਉਂਦੇ ਦੇਖੇ ਜਾ ਸਕਦੇ ਹਨ। ਸਤੰਬਰ 2021 ’ਚ ਉੱਤਰ ਪ੍ਰਦੇਸ਼ ਰਾਜ ਬਨਾਮ ਜਾਵੇਦ ਕੇਸ ’ਚ ਯਾਦਵ ਨੇ ਕਥਿਤ ਗਊ-ਹੱਤਿਆ ਦੇ ਦੋਸ਼ੀ ਮੁਸਲਮਾਨ ਵਿਅਕਤੀ ਨੂੰ ਜ਼ਮਾਨਤ ਦੇਣ ਤੋਂ ਹੀ ਇਨਕਾਰ ਕਰ ਦਿੱਤਾ। ਇੰਨਾ ਹੀ ਨਹੀਂ, ਉਸਨੇ ਆਪਣੇ ਆਦੇਸ਼ ’ਚ ਕਿਹਾ ਕਿ ਗਊ ਨੂੰ ਭਾਰਤ ਦਾ ਕੌਮੀ ਪਸ਼ੂ ਐਲਾਨ ਦੇਣਾ ਚਾਹੀਦਾ ਹੈ ਅਤੇ ਗਊ ਰੱਖਿਆ ਹਰ ਹਿੰਦੂ ਦਾ ਮੌਲਿਕ ਹੱਕ ਹੋਣਾ ਚਾਹੀਦਾ ਹੈ। ਉਸਨੇ ਦਲੀਲ ਦਿੱਤੀ ਕਿ ‘ਜਦੋਂ ਗਊ ਦਾ ਕਲਿਆਣ ਹੋਵੇਗਾ, ਤਾਂ ਹੀ ਦੇਸ਼ ਦਾ ਕਲਿਆਣ ਹੋਵੇਗਾ।’’ ਉਸਨੇ ਗਊ ਮਾਸ ਖਾਣ ਨੂੰ ਜੁਰਮ ਕਰਾਰ ਦੇਣ ਵਾਲਾ ਕਾਨੂੰਨ ਬਣਾਏ ਜਾਣ ਦੀ ਮੰਗ ਵੀ ਕੀਤੀ ਸੀ। ਉਸਨੇ ਗ਼ੈਰਵਿਗਿਆਨਕ ਦਾਅਵੇ ਵੀ ਕੀਤੇ ਕਿ ਵਿਗਿਆਨਕਾਂ ਦਾ ਮੰਨਣਾ ਹੈ ਕਿ ਗਊ ਹੀ ਇੱਕੋਇਕ ਅਜਿਹਾ ਜਾਨਵਰ ਹੈ ਜੋ ਸਾਹ ਦੁਆਰਾ ਆਕਸੀਜ਼ਨ ਲੈਂਦਾ ਤੇ ਬਾਹਰ ਕੱਢਦਾ ਹੈ; ਕਿ ਗਊ ਦੇ ਦੁੱਧ ਤੋਂ ਬਣਿਆ ਘਿਓ ਹਿੰਦੂ ਰਸਮਾਂ ’ਚ ਵਰਤੇ ਜਾਣ ਨਾਲ ਸੂਰਜੀ ਕਿਰਨਾਂ ਨੂੰ ਵਿਸ਼ੇਸ਼ ਊਰਜਾ ਮਿਲਦੀ ਹੈ ਜੋ ਆਖ਼ਿਰਕਾਰ ਮੀਂਹ ਪੈਣ ਦਾ ਕਾਰਨ ਬਣਦੀ ਹੈ। ਇਹ ਵੀ ਕਿ ਪੰਚਗਾਵਿਆ (ਗਊ ਗੋਬਰ, ਮੂਤਰ, ਦੁੱਧ-ਦਹੀਂ ਅਤੇ ਘਿਓ ਤੋਂ ਬਣੇ ਮਿਸ਼ਰਣ) ਨਾਲ ਅਸਾਧ ਬੀਮਾਰੀਆਂ ਵੀ ਠੀਕ ਹੋ ਜਾਂਦੀਆਂ ਹਨ।

ਜਨਵਰੀ 2022 ’ਚ ਗਊ ਹੱਤਿਆ ਦੇ ਇਕ ਮੁਲਜ਼ਮ ਨੂੰ ਜ਼ਮਾਨਤ ਦਿੰਦਿਆਂ ਯਾਦਵ ਨੇ ਬੇਹੂਦਾ ਸ਼ਰਤ ਥੋਪ ਦਿੱਤੀ ਸੀ ਕਿ ਮੁਲਜ਼ਮ ਆਪਣੇ ਜ਼ਿਲ੍ਹੇ ਦੀ ਕਿਸੇ ਗਊਸ਼ਾਲਾ ਨੂੰ ਇਕ ਲੱਖ ਰੁਪਏ ਦਾਨ ਕਰੇ ਤੇ ਇਕ ਮਹੀਨਾ ਉੱਥੇ ਸੇਵਾ ਕਰੇ। ਇਸੇ ਤਰ੍ਹਾਂ ਦੇ ਇਕ ਹੋਰ ਕੇਸ ਵਿਚ ਯਾਦਵ ਨੇ ਉੱਤਰ ਪ੍ਰਦੇਸ਼ ਪੁਲਿਸ ਉੱਪਰ ਗਊ ਹੱਤਿਆ ਦੇ ਕੇਸਾਂ ਦੀ ਜਾਂਚ ’ਚ ਢਿੱਲਮੱਠ ਵਰਤਣ ਦਾ ਦੋਸ਼ ਲਾਉਂਦਿਆਂ ਕੋਈ ਅੰਕੜੇ ਦੇਣ ਤੋਂ ਬਿਨਾਂ ਹੀ ਦਾਅਵਾ ਕੀਤਾ ਕਿ ਗਊ ਹੱਤਿਆ ਦੇ ਕੇਸ ਵਧ ਰਹੇ ਹਨ। ਉਸਨੇ ਪ੍ਰਯਾਗਰਾਜ ਜ਼ਿਲ੍ਹੇ ਦੇ ਪੁਲਿਸ ਕਮਿਸ਼ਨਰ ਨੂੰ ਜ਼ਿਲ੍ਹੇ ’ਚ ਗਊ ਹੱਤਿਆ ਦੇ ਦਰਜ ਕੀਤੇ ਸਾਰੇ ਕੇਸਾਂ ਦੀ ਸਥਿਤੀ ਬਾਰੇ ਪ੍ਰਾਗਰੈੱਸ ਰਿਪੋਰਟ ਪੇਸ਼ ਕਰਨ ਲਈ ਵੀ ਕਿਹਾ।

ਅਕਤੂਬਰ 2021 ’ਚ ਸੋਸ਼ਲ ਮੀਡੀਆ ਉੱਪਰ ਹਿੰਦੂ ਦੇਵਤਿਆਂ, ਰਾਮ ਅਤੇ ਕ੍ਰਿਸ਼ਨ, ਬਾਰੇ ਕਥਿਤ ਠੇਸ-ਪਹੁੰਚਾਊ ਟਿੱਪਣੀਆਂ ਕਰਨ ਵਾਲੇ ਇਕ ਵਿਅਕਤੀ ਨੂੰ ਜ਼ਮਾਨਤ ਦਿੰਦਿਆਂ ਯਾਦਵ ਨੇ ਫਰਮਾਇਆ ਕਿ ਦੋਵੇਂ ‘ਭਾਰਤੀਆਂ ਦੇ ਦਿਲ ’ਚ ਵਸਦੇ ਹਨ’। ਕਿ ‘ਰਾਮ ਇਸ ਦੇਸ਼ ਦੀ ਆਤਮਾ, ਪਛਾਣ ਅਤੇ ਸੰਸਕ੍ਰਿਤੀ ਹੈ ਅਤੇ ‘ਰਾਮ’ ਤੋਂ ਬਗੈਰ ਭਾਰਤ ਅਧੂਰਾ ਹੈ।’’ ਆਪਣੇ ਆਦੇਸ਼ ਵਿਚ ਯਾਦਵ ਨੇ ਭਾਰਤ ਦੀ ਸੰਸਦ ਨੂੰ ਦੋਹਾਂ ਹਿੰਦੂ ਦੇਵਤਿਆਂ ਦੇ ਨਾਲ-ਨਾਲ ਭਗਵਦ ਗੀਤਾ ਤੇ ਇਸ ਦੇ ਲੇਖਕ ਵਾਲਮੀਕੀ ਅਤੇ ਰਾਮਾਇਣ ਤੇ ਇਸਦੇ ਲੇਖਕ ਵੇਦ ਵਿਆਸ ਦਾ ਸਨਮਾਨ ਕਰਨ ਲਈ ਵੀ ਕਿਹਾ। ਇਕ ਹੋਰ ਮਾਮਲੇ ’ਚ ਉਸਨੇ ਦੋ ਸਮਲਿੰਗੀ ਹਿੰਦੂ ਔਰਤਾਂ ਦੇ ਇਕੱਠੀਆਂ ਰਹਿਣ ਵਿਰੁੱਧ ਇਕ ਦੀ ਮਾਂ ਵੱਲੋਂ ਦਰਜ ਕਰਾਈ ਪਟੀਸ਼ਨ ਦਾ ਨਿਬੇੜਾ ਕਰਦਿਆਂ ਉਨ੍ਹਾਂ ਦੇ ਵਿਆਹ ਨੂੰ ਇਹ ਦਲੀਲ ਦੇ ਕੇ ਨਜਾਇਜ਼ ਕਰਾਰ ਦੇ ਦਿੱਤਾ ਕਿ ਹਿੰਦੂ ਪਰਸਨਲ ਲਾਅ ਤਹਿਤ ਸਿਰਫ਼ ਮਰਦ ਅਤੇ ਔਰਤ ਦੇ ਵਿਆਹ ਦੀ ਰੀਤ ਹੀ ਜਾਇਜ਼ ਮੰਨੀ ਜਾਂਦੀ ਹੈ।

ਆਪਣੇ ਫ਼ੈਸਲਿਆਂ ’ਚ ਯਾਦਵ ਨੇ ਕੋਈ ਸਬੂਤ ਪੇਸ਼ ਕੀਤੇ ਬਿਨਾਂ ਹੀ ਆਮ ਲੋਕਾਂ ’ਚ ਪ੍ਰਚਲਤ ‘ਸਾਜ਼ਿਸ਼ ਥਿਊਰੀਆਂ’ ਦੇ ਹਵਾਲੇ ਵੀ ਦਿੱਤੇ। ਅਗਸਤ 2023 ’ਚ ਇਕ ਨਬਾਲਗ ਕੁੜੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਪੇਸ਼ਗੀ ਜ਼ਮਾਨਤ ਦਿੰਦਿਆਂ ਯਾਦਵ ਨੇ ਬੇਹੂਦਾ ਟਿੱਪਣੀ ਕੀਤੀ ਕਿ ਜ਼ਿਆਦਾ ਕੇਸਾਂ ’ਚ ਔਰਤਾਂ ਸਟੇਟ ਤੋਂ ਪੈਸੇ ਲੈਣ ਦੀ ਖ਼ਾਤਰ ਪੋਕਸੋ ਐਕਟ, ਐੱਸਸੀ-ਐੱਸਟੀ ਐਕਟ ਵਗੈਰਾ ਨੂੰ ਹਥਿਆਰ ਦੇ ਰੂਪ ’ਚ ਵਰਤਦੀਆਂ ਹਨ ਅਤੇ ਬੇਕਸੂਰ ਵਿਅਕਤੀਆਂ ਵਿਰੁੱਧ ਝੂਠੇ ਪਰਚੇ ਦਰਜ ਕਰਾਉਂਦੀਆਂ ਹਨ। ਇਸੇ ਤਰ੍ਹਾਂ ਯਾਦਵ ਨੇ ਹਿੰਦੂ ਔਰਤ ਅਤੇ ਮੁਸਲਮਾਨ ਮਰਦ ਦੇ ਅੰਤਰ-ਧਰਮੀ ਵਿਆਹ ਵਿਰੁੱਧ ਪੁਲਿਸ ਵੱਲੋਂ ਦਰਜ ਕੀਤੇ ਝੂਠੇ ਕੇਸ ਨੂੰ ਸਹੀ ਮੰਨ ਕੇ ਆਦੇਸ਼ ਦਿੱਤਾ। ਮੁਕੱਦਮਾ ਪੱਖ ਨੇ ਇਹ ਬਿਰਤਾਂਤ ਘੜਕੇ ਮੁਸਲਮਾਨ ਵਿਅਕਤੀ ਵਿਰੁੱਧ ‘ਉੱਤਰ ਪ੍ਰਦੇਸ਼ ਗ਼ੈਰਕਾਨੂੰਨੀ ਧਰਮ-ਬਦਲੀ ਮਨਾਹੀ ਐਕਟ’ ਲਗਾਇਆ ਸੀ ਕਿ ‘ਅਜਿਹੇ ਲੋਕਾਂ ਨੂੰ ਬਾਹਰੋਂ ਹੱਲਾਸ਼ੇਰੀ ਅਤੇ ਫੰਡ ਦਿੱਤੇ ਜਾਂਦੇ ਹਨ, ਸਿਰਫ਼ ਤੇ ਸਿਰਫ਼ ਦੇਸ਼ ਨੂੰ ਕਮਜ਼ੋਰ ਕਰਨ ਲਈ।’ ਯਾਦਵ ਨੇ ਸੰਘ ਪਰਿਵਾਰ ਵੱਲੋਂ ਪ੍ਰਚਾਰੀ ਜਾ ਰਹੀ ‘ਲਵ ਜਿਹਾਦ’ ਦੀ ਸਾਜ਼ਿਸ਼ ਥਿਊਰੀ ਨੂੰ ਸਹੀ ਮੰਨਦਿਆਂ ਮੁਸਲਮਾਨ ਵਿਅਕਤੀ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।

ਦਸੰਬਰ 2021 ’ਚ ਇਕ ਮਾਮਲੇ ’ਚ ਜ਼ਮਾਨਤ ਦਿੰਦਿਆਂ ਯਾਦਵ ਨੇ ਭਾਰਤ ਦੇ ਕਰੋੜਾਂ ਲੋਕਾਂ ਨੂੰ ਮੁਫ਼ਤ ਕੋਵਿਡ ਵੈਕਸਿਨ ਮੁਹੱਈਆ ਕਰਾਉਣ ਲਈ ਪ੍ਰਧਾਨ ਮੰਤਰੀ ਦਾ ਜੋ ਗੁਣਗਾਣ ਕੀਤਾ ਉਸਦਾ ਉਸ ਮਾਮਲੇ ਨਾਲ ਕੋਈ ਸੰਬੰਧ ਹੀ ਨਹੀਂ ਸੀ। ਇਸੇ ਤਰ੍ਹਾਂ ਜਦੋਂ ਇਕ ਬੈਂਕ ਨਾਲ ਫਰਾਡ ਦੇ ਮਾਮਲੇ ’ਚ ਕੇਂਦਰ ਸਰਕਾਰ ਦੇ ਵਕੀਲ ਨੇ ਕਿਹਾ ਕਿ ਕੇਂਦਰ ਸਰਕਾਰ ਸੁਪਰੀਮ ਕੋਰਟ ਦੇ 2018 ਦੇ ਫ਼ੈਸਲੇ ਵਿਰੁੱਧ (ਜਿਸ ਵਿਚ ਆਧਾਰ ਕਾਰਡ ਨੂੰ ਬੈਂਕ ਖ਼ਾਤਿਆਂ ਨਾਲ ਜੋੜਨ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਗਿਆ ਸੀ) ਰੀਵਿਊ ਪਟੀਸ਼ਨ ਦਾਇਰ ਕਰੇਗੀ ਤਾਂ ਯਾਦਵ ਨੇ ਉਸ ਨਾਲ ਸਹਿਮਤੀ ਪ੍ਰਗਟਾਈ ਕਿ ਜੇ ਆਧਾਰ ਕਾਰਡ ਨੂੰ ਬੈਂਕ ਖ਼ਾਤਿਆਂ ਨਾਲ ਜੋੜਿਆ ਜਾ ਸਕਦਾ ਹੈ ਤਾਂ ਆਨਲਾਈਨ ਬੈਂਕ ਫਰਾਡ ਰੋਕਣਾ ਸੁਖਾਲਾ ਹੋਵੇਗਾ। ਤੱਥ ਇਹ ਸੀ ਕਿ ਸਰਕਾਰ ਦੀ ਪਟੀਸ਼ਨ ਤਾਂ ਜੂਨ 2021 ’ਚ ਪਹਿਲਾਂ ਹੀ ਸੁਪਰੀਮ ਕੋਰਟ ਵਲੋਂ ਰੱਦ ਕੀਤੀ ਜਾ ਚੁੱਕੀ ਸੀ।

ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਸੁਪਰੀਮ ਕੋਰਟ ਦੇ ਕਾਲਜੀਅਮ ਵੱਲੋਂ ਯਾਦਵ ਨੂੰ ਹਾਈ ਕੋਰਟ ਦੇ ਬੈਂਚ ਦਾ ਦਰਜਾ ਦੇਣ ਜਾਂ ਉਸ ਨੂੰ ਸਥਾਈ ਜੱਜ ਨਿਯੁਕਤ ਕਰਨ ਦੀਆਂ ਸਿਫ਼ਾਰਸ਼ਾਂ ਵੀ ਸਵਾਲਾਂ ਦੇ ਘੇਰੇ ’ਚ ਹਨ। ਅਜਿਹੇ ਜੱਜ ਵੱਲੋਂ ਹਿੰਦੂਤਵ ਦਾ ਗੁਣਗਾਣ ਕਰਨ ਜਾਂ ਬਹੁਗਿਣਤੀਵਾਦੀ ਸਿਆਸਤ ਨੂੰ ਖ਼ੁਸ਼ ਕਰਨ ਵਾਲੇ ਫ਼ੈਸਲੇ ਦੇਣਾ ਹੈਰਾਨੀਜਨਕ ਨਹੀਂ ਹੈ।

ਵਿਰੋਧੀ-ਧਿਰ ਦੇ ਸਾਂਸਦਾਂ ਵੱਲੋਂ ਜਸਟਿਸ ਯਾਦਵ ਦੇ ਵਿਰੁੱਧ ਮਹਾਅਭਿਯੋਗ ਦੀ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਵਿਰੋਧੀ-ਧਿਰ ਸੰਘ ਬਰਗੇਡ ਦੇ ਫਿਰਕੂ ਪ੍ਰੋਜੈਕਟ ਨੂੰ ਰੋਕਣ ਲਈ ਲੋਕ-ਰਾਇ ਤਿਆਰ ਕਰਨ ਦੀ ਬਜਾਏ ਨਿਖੇਧੀਨੁਮਾ ਬਿਆਨਬਾਜ਼ੀ ਅਤੇ ਪਾਰਲੀਮੈਂਟਰੀ ਕਵਾਇਦ ਤੱਕ ਸੀਮਤ ਹੈ। ਲੋਕਪੱਖੀ ਤਾਕਤਾਂ ਬੇਹੱਦ ਕਮਜ਼ੋਰ ਹਨ। ਕੁਲਮਿਲਾਕੇ, ਨਿਆਂ ਪ੍ਰਣਾਲੀ ਸਮੇਤ ਸਮੁੱਚੇ ਰਾਜ ਢਾਂਚੇ ਦੇ ਫਿਰਕੂਕਰਨ ਨੂੰ ਰੋਕਣ ਲਈ ਕੋਈ ਅਸਰਦਾਰ ਲੋਕ ਰਾਇ ਸਾਹਮਣੇ ਨਹੀਂ ਆ ਰਹੀ। ਨਿਆਂਪਾਲਿਕਾ ਅੰਦਰ ਅਜਿਹੇ ਜੱਜਾਂ ਦੇ ਹੁੰਦਿਆਂ ਅਨਿਆਂ ਦੇ ਸਤਾਏ ਲੋਕ, ਖ਼ਾਸ ਕਰਕੇ ਘੱਟਗਿਣਤੀ ਮਜ਼ਲੂਮ, ਨਿਆਂ ਦੀ ਕੀ ਉਮੀਦ ਰੱਖ ਸਕਦੇ ਹਨ? ਸਵਾਲ ਕਿਸੇ ਜੱਜ ਦੇ ਭਾਸ਼ਣ ਦਾ ਨਹੀਂ ਹੈ, ਦਰਅਸਲ ਨਿਆਂਪਾਲਿਕਾ ਅੰਦਰ ਇਕ ਤਕੜਾ ਰੁਝਾਨ ਬਹੁਗਿਣਤੀਵਾਦੀ ਵਿਚਾਰਧਾਰਾ ਨੂੰ ਕੌਮੀ ਸਿਧਾਂਤ ਦੇ ਰੂਪ ’ਚ ਅਤੇ ਸੱਤਾਧਾਰੀ ਆਰਐੱਸਐੱਸ-ਭਾਜਪਾ ਦੀ ਘਿਣਾਉਣੀ ਸਿਆਸਤ ਨੂੰ ਕੌਮੀ ਹਿਤ ਦੇ ਰੂਪ ’ਚ ਸਥਾਪਤ ਕਰਕੇ ਆਮ ਬਣਾਉਣ ’ਚ ਜੁੱਟਿਆ ਹੋਇਆ ਹੈ। ਪਿਛਲੇ ਦਿਨੀਂ ਰਿਟਾਇਰ ਹੋਏ ਭਾਰਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਇਸ ਦੀ ਇਕ ਵੱਡੀ ਮਿਸਾਲ ਹਨ ਜਿਸਨੇ ਜਨਤਕ ਤੌਰ ’ਤੇ ਬਹੁਗਿਣਤੀ ਧਰਮ ਦਾ ਗੁਣਗਾਣ ਕੀਤਾ। ਇਨ੍ਹਾਂ ਹਾਲਾਤ ’ਚ ਸਵਾਲ ਇਹ ਹੈ ਕਿ ਕੀ ਕਿਸੇ ਇਕ ਜੱਜ ਵਿਰੁੱਧ ਕਾਰਵਾਈ ਨਾਲ ਭਾਰਤੀ ਨਿਆਂ ਪ੍ਰਣਾਲੀ ਦੇ ਫਿਰਕੂਕਰਨ ਨੂੰ ਪੁੱਠਾ ਗੇੜਾ ਦੇਣਾ ਸੰਭਵ ਹੈ?

# 'ਕੰਮ 'ਤੇ ਵਾਪਸੀ' ਦੇ ਸਰਕਾਰੀ ਹੁਕਮਾਂ ਬਾਅਦ, ਪੋਸਟਲ ਕਰਮਚਾਰੀਆਂ ਦੀ ਹੜਤਾਲ ਖਤਮ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ




ਕੈਨੇਡੀਅਨ ਯੂਨੀਅਨ ਆਫ ਪੋਸਟਲ ਵਰਕਰਜ਼ (ਸੀ.ਯੂ.ਪੀ.ਡਬਲਯੂ) ਦੁਆਰਾ ਨੁਮਾਇੰਦਗੀ ਕਰਨ ਵਾਲੇ 55,000 ਡਾਕ ਕਰਮਚਾਰੀਆਂ ਨੇ ਆਪਣੀ ਅਧਿਕਾਰਤ ਰਾਸ਼ਟਰ ਵਿਆਪੀ ਹੜਤਾਲ ਖਤਮ ਕਰ ਦਿੱਤੀ ਹੈ ਜੋ 15 ਨਵੰਬਰ ਨੂੰ ਸ਼ੁਰੂ ਕੀਤੀ ਗਈ ਸੀ। ਕੈਨੇਡਾ ਇੰਡਸਟਰੀਅਲ ਰਿਲੇਸ਼ਨ ਬੋਰਡ (ਸੀ.ਆਈ.ਆਰ.ਬੀ.) ਵੱਲੋਂ ਕਰਮਚਾਰੀਆਂ ਨੂੰ ਕੰਮ 'ਤੇ ਵਾਪਸ ਜਾਣ ਦੇ ਹੁਕਮ ਦਿੱਤੇ ਜਾਣ ਤੋਂ ਬਾਅਦ, ਉਨ੍ਹਾਂ ਨੇ 17 ਦਸੰਬਰ ਨੂੰ ਆਪਣਾ ਕੰਮ ਮੁੜ ਸ਼ੁਰੂ ਕੀਤਾ। 12 ਦਸੰਬਰ ਨੂੰ ਕਿਰਤ ਮੰਤਰੀ ਸਟੀਵਨ ਮੈਕਕਿਨਨਦੇ ਹੁਕਮ ਕਰਕੇ, ਸੀ.ਆਈ.ਆਰ.ਬੀ ਬੋਰਡ ਨੂੰ ਕਾਮਿਆਂ ਨੂੰ 'ਕੰਮ 'ਤੇ ਵਾਪਸ' ਦੇ ਆਦੇਸ਼ ਦੇਣ ਲਈ ਕਿਹਾ। 17 ਦਸੰਬਰ ਨੂੰ, ਕਾਮੇ ਆਪਣੇ ਕੰਮ 'ਤੇ ਆ ਗਏ ਅਤੇ ਡਾਕ ਦਾ ਕੰਮ ਮੁੜ ਸ਼ੁਰੂ ਹੋ ਗਿਆ।ਵਰਕਰਾਂ ਦੀ ਯੂਨੀਅਨ ਸੀ.ਯੂ.ਪੀ.ਡਬਲਯੂ. ਇਸ ਆਦੇਸ਼ ਤੋਂ ਬਾਅਦ, ਸੀਆਈਆਰਬੀ ਬੋਰਡ ਸਾਹਮਣੇ ਪੇਸ਼ ਹੋਈ ਅਤੇ ਆਪਣਾ ਪੱਖ ਰੱਖਦੇ ਕਿਹਾ ਹੈ ਕਿ ਕਿਰਤ ਮੰਤਰੀ ਦਾ ਇਹ ਆਦੇਸ਼ "ਗੈਰਕਾਨੂੰਨੀ" ਹੈ। CIRB ਦੇ ਫੈਸਲੇ ਨੂੰ ਸੰਵਿਧਾਨਕ ਚੁਣੌਤੀ ਜਨਵਰੀ 13-14, 2025 ਲਈ ਨਿਯਤ ਕੀਤੀ ਗਈ ਹੈ। CUPW ਨੇ ਇਹ ਦਾਅਵਾ ਕੀਤਾ ਹੈ ਕਿ ਮੌਜੂਦਾ ਪ੍ਰਕਿਰਿਆ ਕਰਮਚਾਰੀਆਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਦੀ ਹੈ ਅਤੇ ਆਪਣੀ "ਨਿਆਂ ਲਈ ਲੜਾਈ" ਜਾਰੀ ਰੱਖਣ ਦੀ ਸਹੁੰ ਖਾਧੀ ਹੈ।

ਚਾਹੇ ਡਾਕ ਕਾਰਜ ਮੁੜ ਸ਼ੁਰੂ ਹੋ ਰਹੇ ਹਨ, ਅੰਦਰ-ਖਾਤੇ ਚਲ ਰਿਹਾ, ਇਕਰਾਰਨਾਮੇ ਦਾ ਵਿਵਾਦ ਅਜੇ ਵੀ ਹੱਲ ਨਹੀਂ ਹੋਇਆ ਹੈ। CIRB ਦੇ ਫੈਸਲੇ ਨੇ ਕੈਨੇਡਾ ਪੋਸਟ ਅਤੇ CUPW ਨੂੰ ਨਵੇਂ ਇਕਰਾਰਨਾਮਿਆਂ ਲਈ ਗੱਲਬਾਤ ਜਾਰੀ ਕਰਨ ਲਈ ਵਾਧੂ ਸਮਾਂ ਪ੍ਰਦਾਨ ਕਰਦੇ ਹੋਏ, ਮਿਆਦ ਪੂਰੀ ਕਰ ਚੁੱਕੇ ਸਮੂਹਿਕ ਸਮਝੌਤਿਆਂ ਦੀਆਂ ਸ਼ਰਤਾਂ ਨੂੰ 22 ਮਈ, 2025 ਤੱਕ ਵਧਾ ਦਿੱਤਾ ਹੈ। ਇਸ ਦੇ ਬਾਵਜੂਦ, ਯੂਨੀਅਨ ਨੇ 2024 ਲਈ ਪੰਜ ਪ੍ਰਤੀਸ਼ਤ ਤਨਖਾਹ ਵਾਧਾ ਸਫਲਤਾਪੂਰਵਕ ਪ੍ਰਾਪਤ ਕਰ ਲਿਆ ਹੈ। ਯੂਨੀਅਨ ਅਤੇ ਮੈਨੇਜਮੈਂਟ ਵਿਚਕਾਰ ਵਿਵਾਦ ਦਾ ਮੂਲ ਇਹ ਸੀ ਕਿ ਵਰਕਰਾਂ ਦੇ ਹੱਕਾਂ ਨਾਲ ਸਮਝੌਤਾ ਕੀਤੇ ਬਿਨਾਂ ਪੁਨਰਗਠਨ ਅਤੇ ਨਵੀਨਤਾ ਕਿਵੇਂ ਕੀਤੀ ਜਾਵੇ। ਯੂਨੀਅਨ ਦੇ ਅਨੁਸਾਰ, ਇਸਦੀਆਂ ਮੰਗਾਂ ਦੀ ਸੂਚੀ ਵਿੱਚ ਮਹਿੰਗਾਈ ਦੇ ਅਨੁਸਾਰ ਉਜਰਤ ਵਿੱਚ ਵਾਧਾ, ਸਮੂਹ ਲਾਭਾਂ ਵਿੱਚ ਵਾਧਾ ਜਿਵੇਂ ਕਿ ਜਣਨ ਇਲਾਜ ਅਤੇ ਲਿੰਗ-ਪੁਸ਼ਟੀ ਕਰਨ ਵਾਲੀ ਦੇਖਭਾਲ ਲਈ ਕਵਰੇਜ, ਤਕਨੀਕੀ ਤਬਦੀਲੀਆਂ ਦੇ ਵਿਰੁੱਧ ਸੁਧਾਰੀ ਸੁਰੱਖਿਆ, ਵਧੇਰੇ ਭੁਗਤਾਨ ਕੀਤੀ ਡਾਕਟਰੀ ਛੁੱਟੀ, ਅਦਾਇਗੀ ਭੋਜਨ ਅਤੇ ਆਰਾਮ ਦੀ ਮਿਆਦ ਅਤੇ ਉੱਚ ਛੋਟੀ ਮਿਆਦ ਦੇ ਅਪੰਗਤਾ ਭੁਗਤਾਨ। ਕਈਆਂ ਦਾ ਕਹਿਣਾ ਹੈ ਕਿ ਕੈਨੇਡਾ ਪੋਸਟ ਪਾਰਟ-ਟਾਈਮ ਅਤੇ ਅਸਥਾਈ ਕੰਮ ਦੀ ਮਾਤਰਾ ਵਧਾਉਣਾ ਚਾਹੁੰਦਾ ਸੀ, ਜਿਸ ਨਾਲ ਉਨ੍ਹਾਂ ਕਾਮਿਆਂ ਨੂੰ ਪੂਰਾ ਲਾਭ ਮਿਲਣਾ ਮੁਸ਼ਕਲ ਹੋ ਜਾਵੇਗਾ। ਕੈਨੇਡਾ ਪੋਸਟ ਨੇ ਸਮੂਹਿਕ ਸਮਝੌਤਿਆਂ ਦੀ ਮਿਆਦ ਪੁੱਗਣ ਦੀਆਂ ਤਾਰੀਖਾਂ 'ਤੇ ਤਨਖਾਹ ਵਾਧੇ ਨੂੰ ਪਿਛੇਤੀ ਤੌਰ 'ਤੇ ਲਾਗੂ ਕਰਨ ਲਈ ਸਹਿਮਤੀ ਦਿੱਤੀ ਹੈ। ਇਸ ਤੋਂ ਇਲਾਵਾ, ਰੈਗੂਲਰ ਕਰਮਚਾਰੀਆਂ ਨੂੰ ਕ੍ਰਿਸਮਸ ਤੋਂ ਪਹਿਲਾਂ $1,000 ਦਾ ਅਗਾਊਂ ਭੁਗਤਾਨ ਪ੍ਰਾਪਤ ਹੋਵੇਗਾ, ਜਦੋਂ ਕਿ ਅਸਥਾਈ ਕਰਮਚਾਰੀ $500 ਪ੍ਰਾਪਤ ਕਰਨਗੇ ਜੇਕਰ ਉਹ ਘੱਟੋ-ਘੱਟ ਘੰਟੇ ਦੀ ਥ੍ਰੈਸ਼ਹੋਲਡ ਨੂੰ ਪੂਰਾ ਕਰਦੇ ਹਨ।

ਹੜਤਾਲ ਕਾਰਨ ਡਾਕ ਪ੍ਰੋਸੈਸਿੰਗ ਅਤੇ ਡਿਲੀਵਰੀ ਵਿੱਚ ਦੇਰੀ ਹੋਈ ਅਤੇ ਕੁਝ ਕਹਿੰਦੇ ਹਨ ਕਿ ਦੇਰੀ ਜਨਵਰੀ 2025 ਤੱਕ ਜਾਰੀ ਰਹਿ ਸਕਦੀ ਹੈ। ਕੈਨੇਡਾ ਪੋਸਟ ਨੇ ਸਮੇਂ-ਸੰਵੇਦਨਸ਼ੀਲ ਸ਼ਿਪਮੈਂਟਾਂ ਨੂੰ ਤਰਜੀਹ ਦਿੱਤੀ, ਜਿਵੇਂ ਕਿ ਡਾਕਟਰੀ ਸਪਲਾਈ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਨੂੰ ਸਪੁਰਦਗੀ। ਕੋਰੀਅਰ ਕੰਪਨੀਆਂ ਹੜਤਾਲ ਦੌਰਾਨ ਪਾਰਸਲਾਂ ਦੀ ਵਧੀ ਹੋਈ ਮਾਤਰਾ ਨੂੰ ਜਜ਼ਬ ਕਰਨ ਦੀ ਸਮਰੱਥਾ 'ਤੇ ਕੰਮ ਕਰ ਰਹੀਆਂ ਹਨ। ਕੈਨੇਡਾ ਪੋਸਟ ਦੀ ਸਹਾਇਕ ਕੰਪਨੀ, ਪੁਰੋਲੇਟਰ ਨੇ ਇਸ ਪੀਕ ਸੀਜ਼ਨ ਵਿੱਚ 43 ਮਿਲੀਅਨ ਤੋਂ ਵੱਧ ਪੈਕੇਜਾਂ ਦਾ ਪ੍ਰਬੰਧਨ ਕੀਤਾ ਹੈ, ਕ੍ਰਿਸਮਸ ਤੋਂ ਪਹਿਲਾਂ ਦੇ ਮਹੀਨੇ ਵਿੱਚ 25 ਮਿਲੀਅਨ ਤੋਂ ਵੱਧ ਸ਼ਿਪਮੈਂਟ ਦੀ ਉਮੀਦ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ, ਗੰਭੀਰ ਮੌਸਮ ਅਤੇ ਵੱਧ ਰਹੀ ਵਾਲੀਅਮ ਨੇ ਫੁਰੋਲਓਟੋਰ ਨੂੰ ਇਸਦੇ ਡਿਸਟ੍ਰੀਬਿਊਸ਼ਨ ਨੈੱਟਵਰਕ 'ਤੇ ਹੋਰ ਦਬਾਅ ਤੋਂ ਬਚਣ ਲਈ, ਥਰਡ-ਪਾਰਟੀ ਪਲੇਟਫਾਰਮਾਂ ਸਮੇਤ ਕੁਝ ਚੋਣਵੇਂ ਭਾਈਵਾਲਾਂ ਲਈ ਸੇਵਾ ਨੂੰ ਅਸਥਾਈ ਤੌਰ 'ਤੇ ਰੋਕਣ ਲਈ ਅਗਵਾਈ ਕੀਤੀ। ਕੰਪਨੀ ਦਾ ਕਹਿਣਾ ਹੈ ਕਿ ਉਹ ਸੇਵਾ ਪੱਧਰਾਂ ਨੂੰ ਸਥਿਰ ਕਰਨ ਲਈ ਕੰਮ ਕਰਦੇ ਹੋਏ "ਨਾਜ਼ੁਕ ਸ਼ਿਪਮੈਂਟ" ਨੂੰ ਤਰਜੀਹ ਦੇ ਰਹੀ ਹੈ। FedEx ਨੇ ਪ੍ਰਚੂਨ ਸਥਾਨਾਂ 'ਤੇ ਪ੍ਰਤੀ ਡ੍ਰੌਪ-ਆਫ ਪੰਜ ਪੈਕੇਜਾਂ ਦੀ ਇੱਕ ਅਸਥਾਈ ਸੀਮਾ ਪੇਸ਼ ਕੀਤੀ ਅਤੇ ਆਮਦ ਦੇ ਪ੍ਰਬੰਧਨ ਲਈ ਅਚਨਚੇਤ ਯੋਜਨਾਵਾਂ ਨੂੰ ਸਰਗਰਮ ਕੀਤਾ। UPS, ਇਸ ਦੌਰਾਨ, ਰੁਕਾਵਟਾਂ ਨੂੰ ਦੂਰ ਕਰਨ ਲਈ ਕੁਝ ਸ਼ਿਪਮੈਂਟਾਂ ਨੂੰ ਰੋਕ ਦਿੱਤਾ।

ਕੈਨੇਡਾ ਪੋਸਟ ਦੇ ਸੰਚਾਲਨ ਵਿੱਚ ਵਾਪਸੀ ਦੇ ਨਾਲ, ਇਹਨਾਂ ਪ੍ਰਤੀਯੋਗੀਆਂ 'ਤੇ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਡਾਕ ਦਾ ਬੈਕਲਾਗ ਕਿੰਨੀ ਜਲਦੀ ਕਲੀਅਰ ਹੁੰਦਾ ਹੈ। ਗਾਹਕ ਹੜਤਾਲ ਦੇ ਦੌਰਾਨ ਪੇਸ਼ ਕੀਤੇ ਗਏ ਅਸਥਾਈ ਸਰਚਾਰਜਾਂ ਨੂੰ ਹੌਲੀ-ਹੌਲੀ ਆਸਾਨੀ ਨਾਲ ਦੇਖ ਸਕਦੇ ਹਨ, ਹਾਲਾਂਕਿ ਕੋਈ ਰਸਮੀ ਘੋਸ਼ਣਾ ਨਹੀਂ ਕੀਤੀ ਗਈ ਹੈ। 15 ਨਵੰਬਰ ਤੋਂ ਸ਼ੁਰੂ ਹੋਈ ਹੜਤਾਲ ਕਾਰਨ ਸਿਸਟਮ ਵਿੱਚ ਅੰਦਾਜ਼ਨ 12 ਮਿਲੀਅਨ ਆਈਟਮਾਂ ਵਿੱਚ ਦੇਰੀ ਹੋਈ ਹੈ। ਕੈਨੇਡਾ ਪੋਸਟ ਹੜਤਾਲ ਦੌਰਾਨ ਨੈੱਟਵਰਕ ਵਿੱਚ ਫਸੇ ਮੇਲ ਅਤੇ ਪਾਰਸਲਾਂ ਨੂੰ ਤਰਜੀਹ ਦਿੰਦੇ ਹੋਏ, ਪਹਿਲੀ-ਵਿੱਚ, ਪਹਿਲੀ-ਆਉਟ ਦੇ ਆਧਾਰ 'ਤੇ ਇਹਨਾਂ ਆਈਟਮਾਂ ਦੀ ਪ੍ਰਕਿਰਿਆ ਸ਼ੁਰੂ ਕਰੇਗੀ।

ਕੰਪਨੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਬੈਕਲਾਗ ਨੂੰ ਕਲੀਅਰ ਕਰਨ ਵਿੱਚ ਸਮਾਂ ਲੱਗੇਗਾ ਅਤੇ ਡਿਲਿਵਰੀ ਦੇਰੀ 2024 ਦੇ ਅੰਤ ਤੱਕ ਅਤੇ ਜਨਵਰੀ 2025 ਤੱਕ ਵਧ ਸਕਦੀ ਹੈ। ਸਮੇਂ-ਸੰਵੇਦਨਸ਼ੀਲ ਸ਼ਿਪਮੈਂਟ ਜਿਵੇਂ ਕਿ ਡਾਕਟਰੀ ਸਪਲਾਈ ਅਤੇ ਉੱਤਰੀ ਅਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਨੂੰ ਸਪੁਰਦਗੀ, ਜੋ ਡਾਕ ਸੇਵਾਵਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਤਰਜੀਹ ਲੈਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਕੈਨੇਡਾ ਪੋਸਟ ਸਿਰਫ 23 ਦਸੰਬਰ ਨੂੰ ਨਵੇਂ ਅੰਤਰਰਾਸ਼ਟਰੀ ਮੇਲ ਅਤੇ ਪਾਰਸਲਾਂ ਨੂੰ ਸਵੀਕਾਰ ਕਰਨਾ ਸ਼ੁਰੂ ਕਰੇਗਾ। ਅੰਤਰਰਾਸ਼ਟਰੀ ਤੌਰ 'ਤੇ ਸ਼ਿਪਿੰਗ ਕਰਨ ਵਾਲੇ ਗਾਹਕਾਂ ਨੂੰ 2025 ਤੱਕ ਚੰਗੀ ਤਰ੍ਹਾਂ ਨਾਲ ਰੁਕਾਵਟਾਂ ਜਾਰੀ ਰੱਖਣ ਦੀ ਉਮੀਦ ਕਰਨੀ ਚਾਹੀਦੀ ਹੈ।

ਛੁੱਟੀਆਂ ਦੀ ਡਿਲੀਵਰੀ ਦੀ ਉਡੀਕ ਕਰ ਰਹੇ ਕੈਨੇਡੀਅਨਾਂ ਲਈ, ਕੈਨੇਡਾ ਪੋਸਟ ਨੇ ਬੈਕਲਾਗ ਅਤੇ ਸੇਵਾ ਗਾਰੰਟੀ ਦੇ ਮੁਅੱਤਲ ਕਾਰਨ ਦੇਰੀ ਦੀ ਚੇਤਾਵਨੀ ਦਿੱਤੀ ਹੈ। ਕੰਪਨੀ ਦੇ 16 ਦਸੰਬਰ ਦੇ ਬਿਆਨ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਨੈੱਟਵਰਕ ਨੂੰ ਸਾਫ਼ ਕਰਨ ਵਿੱਚ ਸਮਾਂ ਲੱਗੇਗਾ ਅਤੇ ਗਾਹਕਾਂ ਨੂੰ ਕਿਹਾ ਕਿ ਉਹ ਕੰਮਕਾਜ ਮੁੜ ਸ਼ੁਰੂ ਹੋਣ ਤੋਂ ਬਾਅਦ ਵੀ ਰੁਕਾਵਟਾਂ ਦੀ ਉਮੀਦ ਕਰਨ। ਸਿਸਟਮ ਵਿੱਚ ਮੇਲ ਦੀ ਮਾਤਰਾ 'ਤੇ ਨਿਰਭਰ ਕਰਦੇ ਹੋਏ, ਡਿਲਿਵਰੀ ਦੇ ਸਮੇਂ ਖੇਤਰ ਦੁਆਰਾ ਵੱਖ-ਵੱਖ ਹੋਣਗੇ। ਕੈਨੇਡਾ ਪੋਸਟ ਗਾਹਕਾਂ ਨੂੰ ਅਪਡੇਟਸ ਲਈ ਨਿਯਮਿਤ ਤੌਰ 'ਤੇ ਜਾਂਚ ਕਰਨ ਅਤੇ ਉਸ ਅਨੁਸਾਰ ਉਨ੍ਹਾਂ ਦੀਆਂ ਉਮੀਦਾਂ ਦਾ ਪ੍ਰਬੰਧਨ ਕਰਨ ਲਈ ਉਤਸ਼ਾਹਿਤ ਕਰਦਾ ਹੈ।

# ਮਾੜੇ ਦੌਰ 'ਚੋਂ ਲੰਘ ਰਿਹਾ ਕੈਨੇਡਾ



ਮਲਵਿੰਦਰ
+91 9779591344

ਕੈਨੇਡਾ ਵਿਚ ਵੱਖ-ਵੱਖ ਸਟੇਟਸ ਅਧੀਨ ਆ ਰਹੇ ਪਰਵਾਸੀਆਂ ਲਈ ਕੈਨੇਡਾ ਸਰਕਾਰ ਨਿੱਤ ਕੋਈ ਅਜਿਹਾ ਫੁਰਮਾਨ ਯਾਰੀ ਕਰਦੀ ਹੈ ਜਿਹੜਾ ਮਾਈਗ੍ਰੈਂਟਸ ਅੰਦਰ ਸਹਿਮ ਪੈਦਾ ਕਰਦਾ ਹੈ। ਕੁਝ ਸ਼ੋਸ਼ਲ ਮੀਡੀਆ ਉਪਰ ਸਰਗਰਮ ਚੈਨਲਾਂ ਦੀ ਭਰਮਾਰ ਇਹਨਾਂ ਫੁਰਮਾਨਾਂ ਨੂੰ ਹਊਆ ਬਣਾ ਕੇ ਪੇਸ਼ ਕਰਦੀ ਹੈ। ਪਿੱਛਲੇ ਕੁਝ ਸਾਲਾਂ ਦੌਰਾਨ ਸਟੱਡੀ ਵੀਜ਼ੇ ਤੋਂ ਇਲਾਵਾ ਟੂਰਿਸਟ ਅਤੇ ਵਿਜ਼ਟਰ ਵੀਜ਼ੇ ਉਪਰ ਆਏ ਲੋਕਾਂ ਨੇ ਇਥੇ ਦਲਾਲੀ ਕਰਦੇ ਕੁਝ ਲੋਕਾਂ ਨੂੰ ਵੱਡੀਆਂ ਰਕਮਾਂ ਦੇ ਕੇ ਵਰਕ ਪਰਮਿਟ ਲੈ ਕੇ ਇਥੇ ਪੱਕੇ ਹੋਣ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਹਨ। ਕੁਝ ਨੇ ਅਜਿਹੇ ਹੀ ਦਲਾਲਾਂ ਰਾਹੀਂ ਰਿਫਿਊਜੀ ਦਾ ਸਟੇਟਸ ਹਾਸਲ ਕਰਨ ਲਈ ਫਾਈਲਾਂ ਲਗਵਾ ਦਿੱਤੀਆਂ ਹਨ। ਇੰਝ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਾਲ਼ ਹੋਰ ਕੈਟਾਗਰੀ ਅਧੀਨ ਇਥੇ ਵੱਡੀ ਗਿਣਤੀ ਵਿਚ ਲੋਕ ਪਹੁੰਚ ਗਏ ਹਨ। ਨਤੀਜਾ ਇਹ ਹੋਇਆ ਹੈ ਕਿ ਇਹਨਾਂ ਨਵਿਆਂ ਲੋਕਾਂ ਲਈ ਕੋਈ ਜੌਬ ਨਹੀਂ ਹੈ। ਘਰ ਦਾ ਕਿਰਾਇਆ, ਗਰੌਸਰੀ ਤੇ ਹੋਰ ਜਰੂਰੀ ਖਰਚਿਆਂ ਲਈ ਵੀ ਮੁਥਾਜ ਹੋ ਗਏ ਹਨ। ਪਿੱਛਲੇ ਡੇਢ ਦੋ ਸਾਲਾਂ ਦੌਰਾਨ ਇਥੇ ਪਹੁੰਚਿਆਂ ਦੀ ਸਥਿਤੀ ਵੀ ਇਹ ਹੈ। ਬਦਲ ਵਜੋਂ ਕੁਝ ਔਰਤਾਂ, ਲੜਕੀਆਂ ਨੇ ਘਰਾਂ ਵਿਚ ਬੱਚੇ ਸਾਂਭਣ, ਸਫਾਈ ਕਰਨ ਤੇ ਘਰ ਦੇ ਹੋਰ ਕੰਮ ਕਰਨ ਲਈ ਵੀ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਘਰ ਦੀ ਸਫਾਈ ਕਰਨ ਆਈ ਸੋਹਣੀ ਸੁਨੱਖੀ ਜਵਾਨ ਕੁੜੀ ਨੇ ਦੱਸਿਆਂ ਕਿ ਉਸ ਨੂੰ ਇਥੇ ਆਇਆਂ ਡੇਢ ਸਾਲ ਹੋ ਗਿਆ ਹੈ। ਪਹਿਲਾਂ ਕੋਈ ਜੌਬ ਸੀ ਹੁਣ ਉਹ ਵੀ ਖੁਸ ਗਈ ਹੈ। ਉਸ ਤਰਲਾ ਲਿਆ ਕਿ ਮੈਨੂੰ ਹੋਰ ਘਰਾਂ ਦਾ ਕੰਮ ਵੀ ਦੁਆ ਦੇਵੋ। ਇਹ ਪੁੱਛਣ 'ਤੇ ਕਿ ਕਿੰਨੇ ਕੁ ਲੋਕ ਇਹ ਜੌਬ ਕਰ ਰਹੇ ਹਨ ਤਾਂ ਉਸ ਕਿਹਾ ਕਿ ਬਹੁਤ। ਹਾਲਾਂ ਕਿ ਗਿਣਤੀ ਦਾ ਕੋਈ ਅੰਕੜਾ ਉਸ ਕੋਲ਼ ਨਹੀਂ ਸੀ। ਗੱਲ ਜਦ ਅੰਕੜਿਆਂ ਤੋਂ ਬਾਹਰ ਚਲੀ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਥਿਤੀ ਵਿਸਫੋਟਕ ਹੈ। ਕੁਝ ਲੋਕ ਤਾਂ ਮਜਬੂਰੀ ਵੱਸ ਲੜਕੀਆਂ ਦੇ ਗਲਤ ਧੰਦੇ ਵਿਚ ਪੈਣ ਦੀਆਂ ਗੱਲਾਂ ਵੀ ਕਰਦੇ ਹਨ।ਪਰ ਮੇਰੇ ਕੋਲ ਅਜਿਹਾ ਕੋਈ ਸਬੂਤ ਜਾਂ ਭਰੋਸਾ ਨਹੀਂ ਹੈ।

**ਮਹਿੰਗਾ ਹੋ ਗਿਆ ਕੈਨੇਡਾ** : ਕੈਨੇਡਾ ਵਿਚ ਮੰਦਵਾੜੇ ਦਾ ਦੌਰ ਚੱਲ ਰਿਹਾ ਹੈ। ਇੱਕ ਪਾਸੇ ਜੌਬਾਂ ਨਹੀਂ ਮਿਲਦੀਆਂ। ਜਿਹੜੀਆਂ ਮਿਲਦੀਆਂ ਵੀ ਹਨ ਉਥੇ ਘੱਟ ਮਜ਼ਦੂਰੀ 'ਤੇ ਕੰਮ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਰਿਹਾਇਸ਼ ਲਈ ਘਰਾਂ ਦੇ ਕਿਰਾਏ ਵੱਧ ਗਏ ਹਨ। ਮੁੱਲ ਖਰੀਦਣ ਵਾਲਿਆਂ ਨੂੰ ਵੀ ਹੁਣ ਇਹ ਘਰ ਵਾਰਾ ਨਹੀਂ ਖਾਦੇ। ਕਿਹਾ ਜਾ ਰਿਹਾ ਹੈ ਕਿ ਬਾਹਰੋਂ ਆਏ ਪਰਵਾਸੀਆਂ ਦੀ ਗਿਣਤੀ ਵੱਧ ਗਈ ਹੈ। ਇਸ ਲਈ ਘਰਾਂ ਦੀ ਕਿੱਲਤ ਹੋ ਗਈ ਹੈ। ਪਰ ਇਹ ਪੂਰਾ ਸੱਚ ਨਹੀਂ ਹੈ। ਘਰਾਂ ਦੀ ਇਸ ਸਮੱਸਿਆ ਦਾ ਕਾਰਣ ਪਿੱਛਲੇ ਕੁਝ ਦਹਾਕਿਆਂ ਦੌਰਾਨ ਸਰਕਾਰ ਦਾ ਸੋਸ਼ਲ ਹਾਊਸਿੰਗ ਦੇ ਸੈਕਟਰ ਵੱਖ ਹੋ ਜਾਣਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੀ ਰਿਹਾਇਸ਼ ਲਈ ਹੋਸਟਲਾਂ ਦੀ ਘਾਟ ਜਿਸ ਕਾਰਣ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕੈਂਪਸ ਤੋਂ ਬਾਹਰ ਦੀ ਅਬਾਦੀ ਵਿਚ ਘਰ ਕਿਰਾਏ 'ਤੇ ਲੈਣੇ ਪੈ ਰਹੇ ਹਨ। ਇੱਕ ਹੋਰ ਮਹੱਤਵਪੂਰਨ ਕਾਰਣ ਸਮਰੱਥ ਲੋਕਾਂ ਅਤੇ ਛੋਟੇ ਇਨਵੈਸਟਰਾਂ ਦਾ ਵੱਡੀ ਪੱਧਰ 'ਤੇ ਘਰਾਂ ਦੀ ਮੰਡੀ ਵਿਚ ਪੈਸਾ ਲਾਉਣਾ ਹੈ।ਕੁਝ ਸਾਲ ਪਹਿਲਾਂ ਬੈਂਕਾਂ ਨੇ ਵਿਆਜ ਦਰਾਂ ਘਟਾ ਕੇ ਡੇਢ ਫੀਸਦੀ ਤੱਕ ਥੱਲੇ ਲੈ ਆਂਦੀਆਂ ਸਨ। ਨਤੀਜਾ ਇਹ ਹੋਇਆ ਕਿ ਲੋਕਾਂ ਨੇ ਇੱਕ ਤੋਂ ਵੱਧ ਘਰ ਖਰੀਦਣੇ ਸ਼ੁਰੂ ਕਰ ਦਿੱਤੇ। ਘਰਾਂ ਦੀਆਂ ਕੀਮਤਾਂ ਦੋ ਤੋਂ ਚਾਰ ਲੱਖ ਡਾਲਰ ਤੱਕ ਵੱਧ ਗਈਆਂ। ਇੰਝ ਮੰਡੀ ਦੇ ਸਮੁੱਚੇ ਵਿਹਾਰ 'ਚ ਉਛਾਲ ਆ ਗਿਆ ਤੇ ਮਹਿੰਗਾਈ ਆਮ ਬੰਦੇ ਦੀ ਪਹੁੰਚ ਤੋਂ ਬਾਹਰ ਹੋ ਗਈ। ਸਸਤੀਆਂ ਵਿਆਜ ਦਰਾਂ ਦੇ ਲਾਲਚ ਵਿਚ ਮਹਿੰਗੇ ਭਾਅ ਖਰੀਦੇ ਘਰਾਂ ਦੇ ਮਾਲਕ ਹੁਣ ਕਸੂਤੀ ਸਥਿਤੀ ਵਿਚ ਫਸੇ ਹਨ। ਮਕਾਨਾਂ ਦੀਆਂ ਕੀਮਤਾਂ ਦੋ ਢਾਈ ਲੱਖ ਥੱਲੇ ਆ ਗਈਆਂ ਹਨ ਤੇ ਮੌਰਗੇਜ ਵੱਧ ਗਈ ਹੈ।

**ਵਿਕਸਤ ਪੂੰਜੀਵਾਦ ਦੇ ਸਾਈਡ ਇਫੈਕਟ** : ਅੱਜ ਤੋਂ ਦੋ-ਤਿੰਨ ਦਹਾਕੇ ਪਹਿਲਾਂ ਇਥੇ ਗੈਸ-ਸਟੇਸ਼ਨਾਂ 'ਤੇ ਬਹੁਤ ਸਾਰੇ ਪੰਜਾਬੀ ਪਾਈਪ ਫੜ੍ਹ ਕੇ ਕਾਰਾਂ ਦੀਆਂ ਟੈਂਕੀਆਂ ਭਰਦੇ ਆਮ ਨਜ਼ਰ ਆਉਂਦੇ ਸਨ। ਹੌਲੀ ਹੌਲੀ ਇਹਨਾਂ ਕਾਮਿਆਂ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ। ਹੁਣ ਗੈਸ ਸਟੇਸ਼ਨ 'ਤੇ ਕਾਰ ਰੁਕਦੀ ਹੈ। ਬੰਦਾ ਬਾਹਰ ਨਿਕਲਦਾ ਹੈ। ਆਪਣਾ ਕਾਰਡ ਸਕੈਨ ਕਰ ਪਾਈਪ ਫੜ ਤੇਲ ਪਾ ਕੇ ਚਲਦਾ ਬਣਦਾ ਹੈ। ਸਕਿਉਰਿਟੀ ਗਾਰਡ ਦੀ ਥਾਂ ਵੀ ਮਸ਼ੀਨਾਂ ਨੇ ਲੈ ਲਈ ਹੈ।ਵੇਅਰ ਹਾਊਸਾਂ ਵਿਚ ਕੰਮ ਕਰਦੀ ਲੇਬਰ ਦਾ ਹੱਕ ਵੀ ਰੋਬੋਟਾਂ ਨੇ ਖੋਹ ਲਿਆ ਹੈ। ਹੁਣ ਘਰਾਂ ਵਿਚ ਬੇਬੀ ਸਿੱਟਿੰਗ ਜਾਂ ਕੰਮ ਵਾਲੀ ਬਣ ਸਫਾਈ ਕਰਨ ਤੋਂ ਬਾਹਰ ਬਹੁਤਾ ਕੁਝ ਬਚਿਆ ਵੀ ਨਹੀਂ ਲੱਗਦਾ। ਅਜੇ ਤਾਂ ਨਕਲੀ ਬੁੱਧੀ ਨੇ ਆਪਣੇ ਜੌਹਰ ਵਿਖਾਉਣੇ ਹਨ। ਅਸਿੱਖਿਅਤ ਲੇਬਰ ਲਈ ਹੋਰ ਵੀ ਬੁਰੇ ਦਿਨ ਆਉਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਕੈਨੇਡਾ ਹੌਲੀ-ਹੌਲੀ ਪਰਵਾਸੀਆਂ ਲਈ ਤਿੜਕਿਆ ਸੁਪਨਾ ਬਣਨ ਵੱਲ ਵੱਧ ਰਿਹਾ ਹੈ। ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਟਰੰਪ ਨੇ ਤਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਬਣਾ ਲੈਂਦੇ ਹਾਂ ਤੇ ਤੈਨੂੰ ਉਸਦਾ ਗਵਰਨਰ ਬਣਾ ਦਿੰਦੇ ਹਾਂ। ਭਾਵੇਂ ਕੈਨੇਡਾ ਨੇ ਇਸ ਨੂੰ ਮਜ਼ਾਕ ਵਾਂਗ ਲਿਆ ਹੈ ਪਰ ਟਰੰਪ ਨੇ ਆਪਣੀ ਅਗਲੀ ਪੋਸਟ ਵਿਚ ਫਿਰ ਟਰੂਡੋ ਨੂੰ ਗਵਰਨਰ ਕਿਹਾ ਹੈ। ਵਿਸ਼ਵ ਵਿਆਪੀ ਵਰਤਾਰੇ ਵਿਚ ਇਹ ਕਿਸੇ ਦੇਸ਼ ਦੇ ਪਤਨ ਦੀ ਸੂਹ ਦਿੰਦਾ ਹੈ। ਟਰੂਡੋ ਮੰਤਰੀ ਮੰਡਲ ਵਿਚੋਂ ਮੰਤਰੀਆਂ ਦੇ ਅਸਤੀਫੇ, ਟਰੂਡੋ ਦੇ ਅਸਤੀਫੇ ਦੀ ਮੰਗ ਅਤੇ ਐਨ.ਡੀ.ਪੀ. ਦੇ ਮੁੱਖੀ ਜਗਮੀਤ ਸਿੰਘ ਵੱਲੋਂ ਟਰੂਡੋ ਸਰਕਾਰ ਦੀ ਹਮਾਇਤ ਵਾਪਸ ਲੈਣ ਦੇ ਚਰਚੇ ਇਸ ਮੁਲਕ ਦੀ ਡਾਵਾਂ ਡੋਲ ਸਥਿਤੀ ਨੂੰ ਦਰਸਾਉਂਦੇ ਹਨ।

ਦਰਅਸਲ ਇਸ ਨਿਘਾਰ ਲਈ ਪਿੱਛਲੇ ਵਰ੍ਹਿਆਂ ਦੌਰਾਨ ਕੈਨੇਡਾ ਸਰਕਾਰ ਵੱਲੋਂ ਅਪਣਾਈਆਂ ਗਈਆਂ ਬੇਲਗਾਮ ਨੀਤੀਆਂ ਹਨ। ਪਰਵਾਸੀਆਂ ਲਈ ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਪੱਕੀ ਇਮੀਗ੍ਰੇਸ਼ਨ ਨੂੰ ਪ੍ਰਸਾਦ ਵਾਂਗ ਵੰਡਣ ਕਾਰਣ ਨਿਰਾਸ਼ਾਜਨਕ ਹਾਲਾਤ ਪੈਦਾ ਹੋਏ ਹਨ। ਹੁਣ ਕੈਨੇਡਾ ਸਰਕਾਰ ਨੇ ਇੰਮੀਗ੍ਰੇਸ਼ਨ ਦੀਆਂ ਨੀਤੀਆਂ ਸਖਤ ਕਰ ਦਿੱਤੀਆਂ ਹਨ ਜਿਸ ਕਾਰਣ ਬਾਹਰੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ। ਐੱਲ. ਐੱਮ. ਆਈ. ਏ. ਦੇ ਨੁਕਸਦਾਰ ਸਿਸਟਮ ਕਾਰਣ ਵੱਡੇ ਪੱਧਰ 'ਤੇ ਘਪਲੇਬਾਜ਼ੀਆਂ ਹੋਈਆਂ ਹਨ। ਇਥੇ ਸਥਾਪਤ ਹੋ ਚੁੱਕੇ ਸਾਡੇ ਆਪਣੇ ਭਾਈਚਾਰੇ ਦੇ ਲੋਕਾਂ ਨੇ ਐੱਲ.ਐੱਮ.ਆਈ.ਏ ਨੂੰ ਵਪਾਰ ਬਣਾ ਕੇ ਲੱਖਾਂ ਡਾਲਰ ਕਮਾਏ ਹਨ। ਇਨ੍ਹਾਂ ਸੁਧਾਰਾਂ ਦੇ ਚਲਦਿਆਂ ਇਥੇ ਆਉਣ ਵਾਲੇ ਵਿਦਿਆਰਥੀਆਂ ਤੇ ਵਿਜ਼ਟਰਾਂ ਨੂੰ ਮੁਸ਼ਕਲਾਂ ਆਉਣਗੀਆਂ। ਪਰ ਵੱਧ ਰਹੀ ਮਹਿੰਗਾਈ, ਘਰਾਂ ਦੀ ਥੋੜ, ਜੌਬਾਂ ਦੀ ਘਾਟ ਅਤੇ ਲੇਬਰ ਕਰ ਰਹੇ ਪਰਵਾਸੀਆਂ ਦੇ ਸ਼ੋਸ਼ਣ ਨੂੰ ਰੋਕਣ ਲਈ ਇਹ ਜ਼ਰੂਰੀ ਸੀ। ਕਈ ਚੋਰ ਮੋਰੀਆਂ ਲਈ ਰਾਹ ਖੋਲਦੀ ਵਿਜ਼ਟਰ ਵੀਜ਼ਾ ਨੀਤੀ ਕਾਰਣ ਵਿਦੇਸ਼ਾਂ ਤੋਂ ਕੈਨੇਡਾ ਪਹੁੰਚ ਕੇ ਸ਼ਰਨ ਲੈਣ ਦੀ ਅਰਜੀ ਪਾਉਣ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਜੇਕਰ ਅੰਕੜਿਆਂ ਦੇ ਹਵਾਲੇ ਨਾਲ਼ ਗੱਲ ਕਰਨੀ ਹੋਵੇ ਤਾਂ ਚਾਲੂ ਸਾਲ ਦੌਰਾਨ ਹੀ ਸ਼ਰਨ ਮੰਗਣ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ, ਜਿਹਨਾਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ, ਬੀਤੇ ਸਾਲ ਦੇ ਮੁਕਾਬਲੇ ਪੰਜ ਸੌ ਪ੍ਰਤੀਸ਼ਤ ਵੱਧ ਗਈ ਹੈ।ਇਹ ਅੰਕੜੇ ਦੱਸਦੇ ਹਨ ਕਿ ਇਥੇ ਜੌਬਾਂ ਦੀ ਕਿਲਤ ਕਿਉਂ ਹੈ ਤੇ ਉਚੇਰੀ ਪੜ੍ਹਾਈ ਕਰਨ ਆਈਆਂ ਕੁੜੀਆਂ ਨੂੰ ਘਰਾਂ ਵਿਚ ਕੰਮ ਕਰਨ ਲਈ ਕਿਉਂ ਮਜ਼ਬੂਰ ਹੋਣਾ ਪੈ ਰਿਹਾ ਹੈ।

ਇਥੇ ਸੈਕੰਡਰੀ ਤੱਕ ਦੀ ਪੜ੍ਹਾਈ ਮੁਫ਼ਤ ਹੈ। ਅੱਗੋਂ ਯੂਨੀਵਰਸਿਟੀ ਦੀ ਪੜ੍ਹਾਈ ਦੀ ਗੱਲ ਕਰੀਏ ਤਾਂ ਉਹ ਏਨੀ ਕੁ ਮਹਿੰਗੀ ਹੈ ਕਿ ਸਟੱਡੀ ਵੀਜ਼ੇ 'ਤੇ ਆਏ ਬੱਚਿਆਂ ਲਈ ਇਹ ਲਗਭਗ ਅਸੰਭਵ ਹੈ। ਇਥੇ ਦੇ ਪੱਕੇ ਵਸਨੀਕ ਤੇ ਸ਼ਿਟੀਜਨ ਬਣ ਚੁੱਕੇ ਲੋਕਾਂ ਦੇ ਬੱਚੇ ਵੀ ਅਧਵਾਟੇ ਪੜ੍ਹਾਈ ਛੱਡਣ ਲਈ ਮਜ਼ਬੂਰ ਹਨ। ਕੁਲ ਮਿਲਾ ਕੇ ਕਹਿ ਸਕਦੇ ਹਾਂ ਕਿ ਜਿਨ੍ਹਾਂ ਗੱਲਾਂ ਕਰਕੇ ਕੈਨੇਡਾ ਵਿਸ਼ਵ ਭਰ ਦੇ ਲੋਕਾਂ ਲਈ ਖਿੱਚ ਦਾ ਕਾਰਣ ਸੀ, ਉਹ ਖਿੱਚ ਬਣਾਈ ਰੱਖਣ ਲਈ ਸਰਕਾਰੀ ਨੀਤੀਆਂ ਖਾਸ ਕਰਕੇ ਇੰਮੀਗ੍ਰੇਸ਼ਨ ਨਾਲ਼ ਸਬੰਧਾ ਨੀਤੀਆਂ ਦੇ ਕਮਜ਼ੋਰ ਪੱਖਾਂ ਬਾਰੇ ਮੁੜ ਸੋਚਣ ਦੀ ਲੋੜ ਹੈ। ਕੈਨੇਡਾ ਸਰਕਾਰ ਨੂੰ ਕੁਝ ਵੱਡੇ ਤੇ ਸਖ਼ਤ ਫੈਸਲੇ ਲੈਣੇ ਪੈਣਗੇ।

# ਕੈਨੇਡਾ ਦੀ 'ਫ਼ਾਲ ਇਕਨੋਮਿਕ ਸਟੇਟਮੈਂਟ' ਅਤੇ ਵਿੱਤ ਮੰਤਰੀ ਦਾ ਅਸਤੀਫ਼ਾ

## –ਲੋਕਾਂ ਲਈ ਨਿਗੁਣੀ ਟੈਕਸ ਛੂਟੀ ਦੇ ਬਜ਼ਟ ਨਾਲੋਂ ਕਾਰਪੋਰੇਟਾਂ ਨੂੰ 10 ਗੁਣਾ ਬਜ਼ਟ ਦੀ ਟੈਕਸ ਛੂਟੀ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

ਪਾਰਲੀਮੈਂਟ ਹਿੱਲ 'ਤੇ ਵਿੱਤ ਮੰਤਰੀ ਦਾ ਅਸਤੀਫ਼ੇ ਦੇ ਸਾਰੇ ਡਰਾਮੇ ਦੇ ਨਾਲ ਜਾਰੀ ਕੀਤੀ ਗਈ 'ਫ਼ਾਲ ਇਕਨੋਮਿਕ ਸਟੇਟਮੈਂਟ' ਘੱਟੇ ਵਿੱਚ ਰੁਲ ਗਈ ਹੈ। ਇਹ ਸਿਆਸੀ ਡਰਾਮਾ ਦੇਸ਼ ਦੇ ਵਿੱਤੀ ਸੰਕਟ ਅਤੇ ਸੱਤਾਧਾਰੀ ਲਿਬਰਲ ਪਾਰਟੀ ਦੀ ਅੰਦਰੂਨੀ ਸਿਆਸੀ ਸੰਕਟ ਵੱਲ ਇਸ਼ਾਰਾ ਕਰਦਾ ਹੈ। ਵੇਖਣ ਵਾਲੀ ਗੱਲ ਹੈ ਕਿ ਇਸ ਲਈ ਸੱਤਾ ਗੱਠਜੋੜ ਵਾਲੀ ਐਨ.ਡੀ.ਪੀ ਪਾਰਟੀ ਦਾ ਅਤੇ ਵਿਰੋਧੀ ਕੰਜ਼ਰਵੇਟਿਵਾਂ ਦਾ ਦ੍ਰਿਸ਼ਟੀਕੋਣ ਕਿੰਨਾ ਕੁ ਵੱਖਰਾ ਹੈ?

16 ਦਸੰਬਰ, 2024 ਓਟਾਵਾ ਵਿੱਚ ਇਸ ਘਟਨਾ ਕਰਕੇ ਰੌਚਕ ਦਿਨ ਸੀ। ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸਵੇਰੇ ਹੀ ਅਚਾਨਕ ਅਸਤੀਫਾ ਦੇ ਦਿੱਤਾ ਜਦੋਂ ਉਹ 2025 ਦੀਆਂ ਚੋਣਾਂ ਤੋਂ ਪਹਿਲਾਂ ਲਿਬਰਲ ਸਰਕਾਰ ਦਾ ਆਖਰੀ 'ਫਾਲ ਇਕਨਾਮਿਕ ਸਟੇਟਮੈਂਟ' (ਐਫ.ਈ.ਐਸ.) ਪੇਸ਼ ਕਰਨ ਵਾਲੀ ਸੀ। ਅੱਜ ਉਹ ਇਕਨੋਮਿਕ ਸਟੇਟਮੈਂਟ ਪਹਿਲਾਂ ਹੀ ਇਤਿਹਾਸ ਹੈ–ਇੱਕ ਦਿਲਚਸਪ ਕਲਾਕ੍ਰਿਤੀ ਜੋ ਉਸ ਸਮੇਂ ਦੀ ਸੰਕਟਗ੍ਰਸਤ ਵਿੱਤੀ ਹਾਲਾਤ ਦੀ ਨਿਸ਼ਾਨੀ ਹੈ, ਪਰ ਇਸਦਾ ਕੈਨੇਡਾ ਵਾਸੀਆਂ 'ਤੇ ਕੋਈ ਮਾਪਣਯੋਗ ਪ੍ਰਭਾਵ ਨਹੀਂ ਪਾਵੇਗਾ। ਚਾਹੇ ਐਫ.ਈ.ਐਸ ਆਪਣੇ ਆਪ ਵਿੱਚ ਮੁੱਖ ਖ਼ਬਰ ਵੀ ਨਹੀਂ ਸੀ ਅਤੇ ਇਹ ਬਹੁਤ ਹੀ ਵੱਡੇ ਸਿਆਸੀ ਡਰਾਮੇ ਹੇਠ ਦੱਬਿਆ ਹੋਇਆ ਸੀ ਅਤੇ ਜਸਟਿਨ ਟਰੂਡੋ ਦੀ ਰਾਜਨੀਤਿਕ ਜ਼ਿੰਦਗੀ ਦਾ ਸਭ ਤੋਂ ਬੁਰਾ ਦਿਨ ਸੀ। ਉਸ ਵਿੱਤੀ ਸਟੇਟਮੈਂਟ ਦੀ ਸਮੱਗਰੀ ਸਾਨੂੰ ਦੱਸਦੀ ਹੈ ਕਿ ਲਿਬਰਲ 2025 ਦੀਆਂ ਚੋਣਾਂ ਵਿੱਚ ਜਾਣ ਦੀ ਤਿਆਰੀ ਕਿਸ ਤਰ੍ਹਾਂ ਕਰ ਰਹੇ ਹਨ ਅਤੇ ਇਸ ਦਸਤਾਵੇਜ਼ ਵਿਚਲੀ ਦ੍ਰਿਸ਼ਟੀ ਅਸਲ ਵਿਚ ਵਿਰੋਧੀ ਧਿਰ ਦੇ ਨੇਤਾ ਪਿਅਰੇ ਪੋਇਲੀਵਰ ਨਾਲੋਂ ਕਿੰਨੀ ਕੁ ਵੱਖਰੀ ਸਾਬਿਤ ਹੁੰਦੀ ਹੈ।

ਕੈਨੇਡਾ ਸਰਕਾਰ ਦਾ 2024 ਦਾ ਇਹ ਫਾਲ ਇਕਨਾਮਿਕ ਸਟੇਟਮੈਂਟ, ਹੁਣ 2025 ਦੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਸਾਰੀਆਂ ਆਰਥਿਕ ਯੋਜਨਾਵਾਂ ਬਾਰੇ ਗੱਲ ਕਰਦਾ ਹੈ। ਫਾਲ ਇਕਨਾਮਿਕ ਸਟੇਟਮੈਂਟ ਵਿੱਚ ਕੈਨੇਡਾ ਦੇ ਸਮਾਜਿਕ ਸੁਰੱਖਿਆ ਜਾਲ ਦਾ ਵਿਸਥਾਰ ਕਰਨ, ਵਧੇਰੇ ਘਰ ਬਣਾਉਣ ਅਤੇ ਬੱਚਿਆਂ ਦੀ ਦੇਖਭਾਲ, ਦੰਦਾਂ ਦੀ ਦੇਖਭਾਲ ਅਤੇ ਇਨਸੁਲਿਨ ਅਤੇ ਗਰਭ ਨਿਰੋਧਕਾਂ ਸਮੇਤ ਤਜਵੀਜ਼ ਕੀਤੀਆਂ ਦਵਾਈਆਂ ਵਰਗੀਆਂ ਜ਼ਰੂਰੀ ਚੀਜ਼ਾਂ ਦੇ ਖਰਚਿਆਂ ਨੂੰ ਘਟਾਉਣ ਲਈ ਨਿਵੇਸ਼ਾਂ ਬਾਰੇ ਅਪਡੇਟ ਸ਼ਾਮਲ ਹਨ।

ਇਸ ਤੋਂ ਇਲਾਵਾ ਫਾਲ ਇਕਨਾਮਿਕ ਸਟੇਟਮੈਂਟ ਧਨ ਸਰੋਤ ਪੈਦਾ ਕਰਨ ਵਾਲੀ ਖੋਜ ਅਤੇ ਵਿਕਾਸ ਵਿੱਚ ਨਿਵੇਸ਼ ਅਤੇ ਕੈਨੇਡਾ ਦੇ ਇਨੋਵੇਟਰਾਂ ਅਤੇ ਸਟਾਰਟ–ਅੱਪਸ ਲਈ ਵਧੇਰੇ ਸਹਾਇਤਾ ਦਾ ਐਲਾਨ ਕਰਦੀ ਹੈ। ਕੈਨੇਡਾ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਵਿਸ਼ਵ ਦਾ ਮੋਹਰੀ ਦੇਸ਼ ਹੈ ਅਤੇ ਸਰਕਾਰ ਇਸ ਕਿਨਾਰੇ ਦੀ ਵਰਤੋਂ ਕੈਨੇਡੀਅਨਾਂ ਦੀ ਬਿਹਤਰ ਸੇਵਾ ਲਈ ਆਰਥਿਕ ਮੁਕਾਬਲੇਬਾਜ਼ੀ ਲਾਭ ਨੂੰ ਸੁਰੱਖਿਅਤ ਕਰਨ ਲਈ ਕਰਨਾ ਚਾਹੁੰਦੀ ਹੈ। ਕਾਰੋਬਾਰਾਂ ਲਈ ਘਰ ਵਿੱਚ ਨਿਵੇਸ਼ ਕਰਨ ਲਈ ਪ੍ਰੋਤਸਾਹਨ ਪੈਦਾ ਕਰਨ ਲਈ ਸਰਕਾਰ ਦਾ ਇਰਾਦਾ ਤੇਜ਼ ਨਿਵੇਸ਼ ਪ੍ਰੋਤਸਾਹਨ ਨੂੰ ਪੰਜ ਸਾਲਾਂ ਲਈ ਵਧਾਉਣ ਦਾ ਹੈ। ਇਸ ਨਾਲ 17.4 ਅਰਬ ਡਾਲਰ ਦਾ ਟੈਕਸ ਪ੍ਰੋਤਸਾਹਨ ਮਿਲੇਗਾ, ਨਿਵੇਸ਼ ਦੇ ਹੋਰ ਮੌਕੇ ਖੁੱਲ੍ਹਣਗੇ ਅਤੇ ਨੌਕਰੀਆਂ ਅਤੇ ਵਿਕਾਸ ਦੇ ਮੌਕੇ ਪੈਦਾ ਹੋਣਗੇ।

ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ, 2024 ਦੇ ਫਾਲ ਇਕਨਾਮਿਕ ਸਟੇਟਮੈਂਟ ਵਿੱਚ ਸਾਡੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਲਈ 1.3 ਬਿਲੀਅਨ ਡਾਲਰ ਦਾ ਮਹੱਤਵਪੂਰਨ, 1.3 ਬਿਲੀਅਨ ਡਾਲਰ ਦਾ ਨਿਵੇਸ਼ ਕਰਨ ਦਾ ਪ੍ਰਸਤਾਵ ਹੈ। ਸਰਕਾਰ ਸਖਤ ਜ਼ਮਾਨਤ ਅਤੇ ਸਜ਼ਾ ਕਾਨੂੰਨ ਲਾਗੂ ਕਰਨ ਅਤੇ ਸਾਡੀਆਂ ਸੜਕਾਂ ਤੋਂ ਹਮਲੇ ਦੀ ਸ਼ੈਲੀ ਦੇ ਹਥਿਆਰ ਹਟਾਉਣ ਦਾ ਇਰਾਦਾ ਰੱਖਦੀ ਹੈ। ਇਹ ਆਰਥਿਕ ਅਸਮਾਨਤਾਵਾਂ ਨੂੰ ਘਟਾਉਣ ਅਤੇ ਔਰਤਾਂ, ਧਾਰਮਿਕ ਸਮੂਹਾਂ ਅਤੇ ਕਾਲੇ ਕੈਨੇਡੀਅਨਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਕੈਨੇਡਾ ਭਰ ਦੇ ਭਾਈਚਾਰਿਆਂ ਵਿੱਚ ਨਿਵੇਸ਼ ਕਰਨ ਦਾ ਇਰਾਦਾ ਰੱਖਦਾ ਹੈ।

ਸਰਕਾਰ ਕੈਨੇਡੀਅਨ ਨੌਕਰੀਆਂ, ਕੈਨੇਡੀਅਨ ਕਾਰੋਬਾਰਾਂ ਅਤੇ ਸਾਡੀ ਆਰਥਿਕਤਾ ਨੂੰ ਸਾਡੇ ਰਾਸ਼ਟਰੀ ਹਿੱਤਾਂ ਅਤੇ ਆਰਥਿਕ ਸੁਰੱਖਿਆ ਲਈ ਖ਼ਤਰਿਆਂ ਤੋਂ ਬਚਾਉਣ ਲਈ ਕੈਨੇਡਾ ਦੇ ਆਰਥਿਕ ਫਾਇਦਿਆਂ ਦਾ ਲਾਭ ਉਠਾਉਣਾ ਜਾਰੀ ਰੱਖਦੀ ਹੈ। ਇਸਦੇ ਕੁੱਝ ਨੁਕਤੇ ਦਸਦੇ ਹਨ ਕਿ 2024 ਦੇ ਫ਼ਾਲ ਇਕਨਾਮਿਕ ਸਟੇਟਮੈਂਟ (ਐਫਈਐਸ) ਨੇ ਸਰਕਾਰ ਦੇ ਅਗਾਂਹਵਧੂ ਵਿੱਤੀ ਐਂਕਰ ਨੂੰ ਕਾਇਮ ਰੱਖਿਆ ਹੈ, ਜਿਸ ਵਿੱਚ ਅਨੁਮਾਨ ਦੇ ਹਰ ਸਾਲ ਕਰਜ਼–ਜੀਡੀਪੀ ਅਨੁਪਾਤ ਘਟਣ ਦਾ ਅਨੁਮਾਨ ਹੈ, ਜੋ 2024–25 ਵਿੱਚ 41.9 ਪ੍ਰਤੀਸ਼ਤ ਤੋਂ ਘਟ ਕੇ 2029–30 ਵਿੱਚ 38.6 ਪ੍ਰਤੀਸ਼ਤ ਹੋ ਜਾਵੇਗਾ ਅਤੇ 2026–27 ਅਤੇ ਭਵਿੱਖ ਦੇ ਸਾਲਾਂ ਵਿੱਚ ਘਾਟੇ ਨੂੰ ਜੀਡੀਪੀ ਦੇ ਇੱਕ ਪ੍ਰਤੀਸ਼ਤ ਤੋਂ ਹੇਠਾਂ ਰੱਖੇਗਾ।

ਇਸ ਸਟੇਟਮੈਂਟ ਦੇ ਮੁਤਾਬਿਕ, ਸਾਲ 2024 'ਚ ਮਹਿੰਗਾਈ, ਬੈਂਕ ਆਫ ਕੈਨੇਡਾ ਦੇ 1 ਤੋਂ 3 ਫੀਸਦੀ ਦੇ ਟੀਚੇ ਦੇ ਅੰਦਰ ਰਹੀ ਸੀ ਅਤੇ ਅਕਤੂਬਰ 'ਚ ਇਹ 2 ਫੀਸਦੀ ਸੀ। ਇਸ ਸਾਲ ਬੈਂਕ ਆਫ ਕੈਨੇਡਾ ਨੇ ਨੀਤੀਗਤ ਦਰ ਨੂੰ 5 ਫੀਸਦੀ ਤੋਂ ਘਟਾ ਕੇ 3.25 ਫੀਸਦੀ ਕਰਨ ਲਈ ਪੰਜ ਵਾਰ ਵਿਆਜ ਦਰਾਂ 'ਚ 175 ਆਧਾਰ ਅੰਕਾਂ ਦੀ ਕਟੌਤੀ ਕੀਤੀ ਹੈ। ਪਿਛਲੇ 12 ਮਹੀਨਿਆਂ ਵਿੱਚ, ਇਸ ਮਿਆਦ ਦੌਰਾਨ ਕੁੱਲ 330,000 ਨੌਕਰੀਆਂ ਲਈ ਪ੍ਰਤੀ ਮਹੀਨਾ 27,000 ਤੋਂ ਵੱਧ ਨੌਕਰੀਆਂ ਪੈਦਾ ਕੀਤੀਆਂ ਗਈਆਂ ਹਨ। ਰੁਜ਼ਗਾਰ ਸਿਰਜਣ ਦੀ ਇਹ ਰਫਤਾਰ 2019 ਦੇ 22,000 ਔਸਤ ਮਾਸਿਕ ਲਾਭ ਤੋਂ ਸੁਧਾਰ ਹੈ, ਜਦੋਂ ਬੇਰੁਜ਼ਗਾਰੀ ਦੀ ਦਰ ਇਤਿਹਾਸਕ ਤੌਰ 'ਤੇ 5.7 ਪ੍ਰਤੀਸ਼ਤ ਦੇ ਹੇਠਲੇ ਪੱਧਰ 'ਤੇ ਸੀ ਅਤੇ ਮਹਿੰਗਾਈ 2 ਪ੍ਰਤੀਸ਼ਤ ਦੇ ਨੇੜੇ ਸੀ।

ਇਹ ਸਟੇਟਮੈਂਟ ਦਾਅਵਾ ਕਰਦੀ ਹੈ ਕਿ ਕੈਨੇਡੀਅਨ ਅਰਥਵਿਵਸਥਾ ਹੁਣ ਕੋਵਿਡ ਦੇ ਪਹਿਲੇ ਹਮਲੇ ਤੋਂ ਪਹਿਲਾਂ ਦੇ ਮੁਕਾਬਲੇ 7.3 ਪ੍ਰਤੀਸ਼ਤ ਵੱਡੀ ਹੈ ਅਤੇ ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਅੱਜ 1.4 ਮਿਲੀਅਨ ਤੋਂ ਵੱਧ ਕੈਨੇਡੀਅਨਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ। ਅੱਗੇ ਵੇਖਦੇ ਹੋਏ। ਰਾਸ਼ਟਰੀ 10 ਡਾਲਰ ਪ੍ਰਤੀ ਦਿਨ ਬਾਲ ਸੰਭਾਲ ਪ੍ਰੋਗਰਾਮ ਤੋਂ ਮਜ਼ਬੂਤ ਕਿਰਤ ਸ਼ਕਤੀ ਦੀ ਭਾਗੀਦਾਰੀ ਦੇ ਪ੍ਰਭਾਵ ਕੈਨੇਡੀਅਨ ਪਰਿਵਾਰਾਂ ਦੀ ਆਮਦਨ ਨੂੰ ਵਧਾਉਣਾ ਜਾਰੀ ਰੱਖਣਗੇ ਅਤੇ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਲੰਬੇ ਸਮੇਂ ਵਿੱਚ ਜੀਡੀਪੀ ਵਿੱਚ 1.1 ਪ੍ਰਤੀਸ਼ਤ ਦਾ ਵਾਧਾ ਹੋਣ ਦੀ ਉਮੀਦ ਹੈ। ਇਹ ਪ੍ਰੋਗਰਾਮ ਪਹਿਲਾਂ ਹੀ ਕੁਝ ਪਰਿਵਾਰਾਂ ਨੂੰ ਪ੍ਰਤੀ ਸਾਲ ਪ੍ਰਤੀ ਬੱਚੇ $14,300 ਤੱਕ ਦੀ ਬਚਤ ਕਰਨ ਦੀ ਸਮਰੱਥਾ 'ਤੇ ਮਹੱਤਵਪੂਰਣ ਪ੍ਰਭਾਵ ਪਾ ਰਿਹਾ ਹੈ।

ਇਸ ਸਟੇਟਮੈਂਟ ਬਾਰੇ ਵਿੱਤੀ ਮਾਹਿਰਾਂ ਦੇ ਵੱਖਰੇ ਪ੍ਰਤੀਕਰਮ ਵੀ ਦੇਖੇ ਜਾ ਰਹੇ ਹਨ। ਕੁੱਝ ਮਾਹਿਰਾਂ ਦਾ ਵਿਚਾਰ ਹੈ ਕਿ ਇਸ ਵਿੱਚ ਕਾਰਪੋਰੇਟ ਟੈਕਸ 'ਚ ਕਟੌਤੀ 'ਤੇ ਪੂਰਾ ਜ਼ੋਰ ਦਿੱਤਾ ਗਿਆ ਹੈ। ਇਸ ਹੱਦ ਤੱਕ ਕਿ ਹਰ ਕੋਈ ਐਫ.ਈ.ਐਸ. ਬਾਰੇ ਗੱਲ ਕਰ ਰਿਹਾ ਹੈ, ਉਹ ਜ਼ਿਆਦਾਤਰ ਵਿੱਤੀ ਘਾਟੇ ਬਾਰੇ ਗੱਲ ਕਰ ਰਹੇ ਹਨ। ਪਿਛਲੇ ਸਾਲ ਦੇ ਘਾਟੇ ਨੂੰ ਵੱਡੇ ਹਿੱਸੇ ਵਿੱਚ ਸੋਧਿਆ ਗਿਆ ਸੀ, ਤਾਂ ਜੋ ਸੇਵਾਵਾਂ ਦੀ ਇਤਿਹਾਸਕ ਘੱਟ ਫੰਡਿੰਗ ਨਾਲ ਨੁਕਸਾਨੇ ਗਏ, ਫਸਟ ਨੇਸ਼ਨਜ਼ ਦੇ ਬੱਚਿਆਂ ਅਤੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਲੋੜੀਂਦੇ ਫੰਡਾਂ ਦਾ ਹਿਸਾਬ ਦਿੱਤਾ ਜਾ ਸਕੇ। ਪਰ ਮਾਰਚ 2025 ਵਿੱਚ ਖਤਮ ਹੋਣ ਵਾਲੇ ਸਾਲ ਲਈ, ਜੀਡੀਪੀ ਅਨੁਪਾਤ ਦੇ ਮੁਕਾਬਲੇ ਘਾਟਾ 1.6 ਪ੍ਰਤੀਸ਼ਤ ਹੈ – ਪਿਛਲੇ ਬਸੰਤ ਰੁੱਤ ਦੇ ਬਜਟ ਵਿੱਚ ਅਨੁਮਾਨਤ 1.3 ਪ੍ਰਤੀਸ਼ਤ ਤੋਂ ਵੱਧ, ਪਰ ਇਤਿਹਾਸਕ ਤੌਰ 'ਤੇ ਅਜੇ ਵੀ ਮੁਕਾਬਲਤਨ ਘੱਟ ਹੈ।

ਐਫ.ਈ.ਐਸ. ਵਿੱਚ ਹੁਣ ਤੱਕ ਦੀ ਸਭ ਤੋਂ ਵੱਡੀ ਇਕੱਲੀ ਲਾਗਤ, ਕਾਰਪੋਰੇਟ ਟੈਕਸ ਕੱਟ ਦੇਕੇ ਛੋਟ ਦੇਣਾ ਹੈ ਜਿਸਦਾ ਮਤਲਬ ਹੈ, ਤੇਜ਼ ਨਿਵੇਸ਼ ਨੂੰ ਹੱਲਾਸ਼ੇਰੀ ਲਈ ਲਾਭ ਦੇਣਾ। ਪੰਜ ਸਾਲਾਂ ਵਿੱਚ 17.4 ਬਿਲੀਅਨ ਡਾਲਰ ਦੇ ਨਾਲ, ਇਹ ਦਸਤਾਵੇਜ਼ ਵਿੱਚ ਦੱਸੇ ਗਏ ਸਾਰੇ ਨਵੇਂ ਖਰਚਿਆਂ ਦਾ ਤਿੰਨ ਚੌਥਾਈ ਬਣਦਾ ਹੈ। ਇਹ ਬਿਲਕੁਲ ਨਵਾਂ ਨਹੀਂ ਹੈ,



ਇਹ ਪਹਿਲਾਂ ਤੋਂ ਮੌਜੂਦ ਟੈਕਸ ਕੱਟ ਸੀ ਜੋ ਇਸ ਸਾਲ ਖਤਮ ਹੋਣ ਵਾਲਾ ਸੀ, ਪਰ ਫੈਡਰਲ ਸਰਕਾਰ ਨੇ ਇਸ ਦੀ ਬਜਾਏ ਕੱਟ ਛੋਟ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ।

ਟੈਕਸ ਕਟੌਤੀ ਕੰਪਨੀਆਂ ਨੂੰ ਕੁਝ ਪੂੰਜੀਗਤ ਖਰਚਿਆਂ ਨੂੰ ਵਧੇਰੇ ਤੇਜ਼ੀ ਨਾਲ ਰਇਟ–ਆਫ਼ ਕਰਣ ਦੀ ਆਗਿਆ ਦਿੰਦੀ ਹੈ, ਜਿਵੇਂਕਿ ਉਹ ਪੈਸਾ ਜੋ ਕੰਪਨੀਆਂ ਇਮਾਰਤਾਂ, ਉਪਕਰਣਾਂ ਆਦਿ ਵਰਗੀਆਂ ਸਥਿਰ ਜਾਇਦਾਦਾਂ 'ਤੇ ਖਰਚ ਕਰਦੀਆਂ ਹਨ ਅਤੇ ਹਾਲਾਂਕਿ ਗਰੀਨ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਲਈ ਕੁਝ ਵਾਧੂ ਫਾਇਦੇ ਹਨ। ਟੈਕਸ ਵਿੱਚ ਕੱਟ ਜੈਵਿਕ ਬਾਲਣ ਵਾਲੀਆਂ ਕੰਪਨੀਆਂ ਖਿਲਾਫ ਬਿਨਾਂ ਕਿਸੇ ਫ਼ਰਕ ਨਾਲ ਦਿੱਤਾ ਜਾ ਰਿਹਾ ਹੈ। ਦੂਜੇ ਸ਼ਬਦਾਂ ਵਿੱਚ, ਐਫ.ਈ.ਐਸ. ਵਿੱਚ ਸਭ ਤੋਂ ਵੱਡਾ ਖਰਚ ਕਰਨ ਵਾਲੀ ਚੀਜ਼ (ਹੋਰਾਂ ਦੇ ਨਾਲ) ਤੇਲ ਅਤੇ ਗੈਸ ਕੰਪਨੀਆਂ ਲਈ ਸਬਸਿਡੀ ਹੈ।

ਜਿਸ ਕਦਮ ਨੇ ਐਫ.ਈ.ਐਸ ਵਿੱਚ ਸਭ ਤੋਂ ਵੱਧ ਧਿਆਨ ਖਿੱਚਿਆ, ਉਹ ਭੋਜਨ ਸਮੇਤ ਕੁਝ ਚੀਜ਼ਾਂ 'ਤੇ ਅਸਥਾਈ ਜੀ.ਐਸ.ਟੀ ਛੁੱਟੀ ਹੈ। ਪਰ ਇਸ ਛੁੱਟੀ ਕਾਰਣ ਆਮ ਲੋਕਾਂ ਨਾਲੋਂ, ਕਾਰਪੋਰੇਟ ਸੈਕਟਰ ਨੂੰ ਫਇਦੇ ਕਾਰਣ ਹੋਣ ਵਾਲੀ $17.4 ਬਿਲੀਅਨ ਕਾਰਪੋਰੇਟ ਟੈਕਸ ਛੁੱਟੀ ਦੀ ਲਾਗਤ ਬਜ਼ਟ 10 ਗੁਣਾ ਵੱਡਾ ਹੈ ਅਤੇ ਅਸਲ ਵਿੱਚ ਇਸ ਨਾ–ਬਰਾਬਰੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਆਪਣੇ ਅਸਤੀਫੇ ਵਿਚ ਫਰੀਲੈਂਡ ਵੀ ਟੈਕਸ ਛੁੱਟੀ ਵਾਲੀ ਸਕੀਮ ਦੇ ਹੱਕ ਵਿੱਚ ਵਿਖਾਈ ਨਹੀਂ ਦਿੰਦੀ ਅਤੇ ਕਿਹਾ ਕਿ ਫੈਡਰਲ ਸਰਕਾਰ ਨੂੰ 'ਆਪਣੇ ਪਾਊਡਰ ਨੂੰ ਸੁੱਕਾ ਰੱਖਣ' ਲਈ ਅਤੇ 'ਮਹਿੰਗੀਆਂ ਰਾਜਨੀਤਿਕ ਗੇਮ' ਤੋਂ ਬਚਣ ਦੀ ਜ਼ਰੂਰਤ ਹੈ, ਜਿਸ ਨੂੰ ਜੀ.ਐਸ.ਟੀ. ਛੁੱਟੀ ਅਤੇ ਕੰਮ ਕਰ ਰਹੇ ਕੈਨੇਡੀਅਨਾਂ ਨੂੰ 250 ਡਾਲਰ ਦੇ ਚੈੱਕ ਭੇਜਣ ਦੀ ਯੋਜਨਾ ਦੇ ਹਵਾਲੇ ਨਾਲ ਦੇਖਿਆ ਜਾ ਰਿਹਾ ਹੈ। ਇਸ ਸਮੇਂ ਦੇਸ਼ ਦੀ ਵਿੱਤੀ ਹਾਲਤ ਇਹ ਹੈ ਕਿ ਫੈਡਰਲ ਸਰਕਾਰ ਕੋਲ ਮਹੱਤਵਪੂਰਨ ਸਮਾਜਿਕ ਪ੍ਰੋਗਰਾਮਾਂ ਨੂੰ ਸੁਧਾਰਨ ਲਈ ਪੈਸਾ ਨਹੀਂ ਹੈ, ਜਿਵੇਂਕਿ ਬਾਲ–ਸੰਭਾਲ ਸਥਾਨਾਂ ਦਾ ਵਿਸਥਾਰ ਕਰਨਾ, ਜਾਂ ਅਪੰਗਤਾ ਲਾਭ ਬਣਾਉਣਾ। ਪਰ ਜਦੋਂ ਕਾਰਪੋਰੇਟ ਕੈਨੇਡਾ ਦੀ ਮੰਗ ਸੂਚੀ ਪੂਰੀ ਕਰਣ ਦੀ ਗੱਲ ਆਉਂਦੀ ਹੈ, ਤਾਂ ਅਜਿਹਾ ਲੱਗਦਾ ਹੈ ਕਿ "ਸਾਡਾ ਪਾਊਡਰ" ਜਿੰਨਾ ਅਸੀਂ ਚਾਹੁੰਦੇ ਹਾਂ, ਓਨਾ ਹੀ ਗਿੱਲਾ ਹੋ ਸਕਦਾ ਹੈ।

ਇਸ ਦੇ ਨਾਲ ਕੈਨੇਡਾ ਦੇ ਸਿਆਸੀ ਹਲਕਿਆਂ ਵਿੱਚ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਟਰੰਪ ਦੀਆਂ ਟੈਰਿਫ਼ ਧਮਕੀਆਂ ਨੂੰ ਵੀ ਗੰਭਰਿਤਾ ਨਾਲ ਲਿਆ ਜਾ ਰਿਹਾ ਹੈ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਰੇ ਕੈਨੇਡੀਅਨ ਦਰਾਮਦਾਂ 'ਤੇ 25 ਫੀਸਦੀ ਟੈਰਿਫ ਲਗਾਉਣ ਦੀ ਗੱਲ ਛੇੜੀ ਹੈ। ਇਸ ਲਈ ਆਉਣ ਵਾਲੇ ਟੈਰਿਫ ਦੇ ਖਤਰੇ ਦੇ ਮੱਦੇਨਜ਼ਰ ਵਿੱਤ ਮੰਤਰੀ ਫ੍ਰੀ ਲੈਂਡ ਨੇ ਕਿਹਾ ਕਿ ਇਹ ਖ਼ਤਰਾ ਕੈਨੇਡੀਅਨ ਪ੍ਰਸਤਾਵਿਤ 250 ਡਾਲਰ ਦੇ ਚੈੱਕਾਂ ਵਰਗੇ ਉਪਾਵਾਂ ਨੂੰ "ਅਸਮਰੱਥ" ਕਰ ਸਕਦਾ ਹੈ। ਟਰੰਪ ਦੀਆਂ ਧਮਕੀਆਂ ਦੀ ਅਨਿਸ਼ਚਿਤਤਾ ਨੂੰ ਦੇਖਦੇ ਹੋਏ, ਐਫ.ਈ.ਐਸ. "ਭੂ–ਰਾਜਨੀਤਿਕ ਤਣਾਅ ਕਾਰਨ ਕਮਜ਼ੋਰ ਕਾਰੋਬਾਰੀ ਨਿਵੇਸ਼ ਅਤੇ ਵਪਾਰ" ਬਾਰੇ ਵਧੇਰੇ ਅਸਪਸ਼ਟ ਤੌਰ 'ਤੇ ਗੱਲ ਕਰਦਾ ਹੈ। ਹਾਲਾਂਕਿ ਸਾਨੂੰ ਨਹੀਂ ਪਤਾ ਕਿ ਉਹ ਇਸ ਦੀ ਪਾਲਣਾ ਕਰਨਗੇ ਜਾਂ ਸ਼ਾਇਦ ਘੱਟ ਗਿਣਤੀ (ਜਿਵੇਂ ਕਿ 10 ਪ੍ਰਤੀਸ਼ਤ) 'ਤੇ ਸਥਿਰ ਹੋਣਗੇ, ਅਜਿਹੇ ਟੈਰਿਫ ਦਾ ਪ੍ਰਭਾਵ ਕੈਨੇਡਾ ਅਤੇ ਮੈਕਸੀਕੋ ਲਈ ਗੰਭੀਰ ਹੋਵੇਗਾ।

ਕੈਨੇਡੀਅਨ ਕਾਰਪੋਰੇਸ਼ਨਾਂ ਲਈ ਨਿਰਵਿਘਨ, ਅਮਰੀਕੀ ਬਾਜ਼ਾਰ ਲਈ ਗਰੰਟੀ ਦੇਣ ਦੀ ਕੋਸ਼ਿਸ਼ ਕਰਨ ਲਈ ਵਾਸ਼ਿੰਗਟਨ ਦੇ ਹਿੱਤਾਂ ਨੂੰ ਖੁਸ਼ ਕਰਨ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਨੀਤੀ ਨੇ ਕੈਨੇਡਾ ਨੂੰ ਕਮਜ਼ੋਰ ਬਣਾ ਦਿੱਤਾ ਹੈ। ਇਸਨੇ ਟਰੰਪ ਦੀ ਰਾਸ਼ਟਰਪਤੀ ਦੀ ਦੂਜੀ ਪਾਰੀ ਲਈ ਮਨਮਰਜ਼ੀ ਲਈ ਰਾਹ ਪੱਧਰਾ ਕਰ ਦਿੱਤਾ ਹੈ। ਟਰੰਪ ਦੀ ਵਪਾਰ ਨੀਤੀ ਬਾਰੇ ਅਨਿਸ਼ਚਿਤਤਾ, ਟਰੂਡੋ ਸਰਕਾਰ ਦੀ "ਅਮਰੀਕਾ ਫ਼ਸਟ" ਵਿਦੇਸ਼ ਅਤੇ ਵਪਾਰ ਨੀਤੀ ਕਾਰਣ, "ਭੂਗੋਲਿਕ ਰਾਜਨੀਤਿਕ ਤਣਾਅ" ਵਰਗਾ ਮਾਹੌਲ, ਕੈਨੇਡਾ ਵਿੱਚ ਘਰੇਲੂ ਅਤੇ ਵਿਦੇਸ਼ੀ ਨਿਵੇਸ਼ ਲਈ ਰੁਕਾਵਟ ਬਣ ਸਕਦੇ ਹਨ।

ਤਾਂ ਫਿਰ ਯੋਜਨਾ ਕੀ ਹੈ? ਐਫ.ਈ.ਐਸ ਨੇ ਸੰਯੁਕਤ ਰਾਜ ਅਮਰੀਕਾ ਦੇ ਖਿਲਾਫ ਜਵਾਬੀ ਟੈਰਿਫ ਦੀ ਸੰਭਾਵਨਾ ਦਾ ਜ਼ਿਕਰ ਕੀਤਾ ਹੈ। ਇਹ ਦੱਸਿਆ ਕਿ ਕਿਵੇਂ ਫੈਡਰਲ ਸਰਕਾਰ ਨੇ ਕੈਨੇਡੀਅਨ ਸਟੀਲ ਅਤੇ ਐਲੂਮੀਨੀਅਮ 'ਤੇ ਟਰੰਪ ਪ੍ਰਸ਼ਾਸਨ ਦੇ ਪਹਿਲੇ ਟੈਰਿਫ ਦੇ ਜਵਾਬ ਵਿੱਚ ਕੁਝ ਅਮਰੀਕੀ ਦਰਾਮਦਾਂ 'ਤੇ "ਡਾਲਰ ਲਈ ਡਾਲਰ" ਟੈਰਿਫ ਲਾਗੂ ਕੀਤੇ ਸਨ।

ਐਕਸਪੋਰਟ ਐਂਡ ਇੰਪੋਰਟ ਪਰਮਿਟ ਐਕਟ ਵਿੱਚ ਸੋਧ ਕਰਨ ਦੀ ਵੀ ਯੋਜਨਾ ਹੈ ਤਾਂ ਜੋ ਸਰਕਾਰ ਕੈਨੇਡਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਹੋਰ ਦੇਸ਼ ਦੀਆਂ ਕਾਰਵਾਈਆਂ ਦੇ ਜਵਾਬ ਵਿੱਚ ਚੀਜ਼ਾਂ ਦੇ ਆਯਾਤ ਜਾਂ ਨਿਰਯਾਤ ਨੂੰ ਸੀਮਤ ਕਰ ਸਕੇ ਜਾਂ ਵਧੇਰੇ ਸੁਰੱਖਿਅਤ ਅਤੇ ਭਰੋਸੇਮੰਦ ਸਪਲਾਈ ਚੇਨ ਬਣਾ ਸਕੇ। ਸੰਭਾਵਤ ਤੌਰ 'ਤੇ, ਇਹ ਇਕ ਹੋਰ "ਅਮਰੀਕਾ ਫ਼ਸਟ" ਕਦਮ ਹੈ ਜਿਸਦਾ ਉਦੇਸ਼ ਚੀਨ ਦਾ ਮੁਕਾਬਲਾ ਕਰਨਾ ਅਤੇ ਉੱਤਰੀ ਅਮਰੀਕੀ ਆਰਥਿਕ ਏਕੀਕਰਣ ਨੂੰ ਡੂੰਘਾ ਕਰਨਾ ਹੈ, ਪਰ, ਜੇ ਇਸ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਅਮਰੀਕੀ ਕਾਰਵਾਈਆਂ ਦੇ ਵਿਰੁੱਧ ਜਵਾਬੀ ਸਾਧਨ ਵਜੋਂ ਵੀ ਲਾਭਦਾਇਕ ਹੋ ਸਕਦਾ ਹੈ।

ਟਰੰਪ ਕੀ ਕਰਨਗੇ ਇਸ ਗੱਲ ਦਾ ਸਿਰਫ ਅੰਦਾਜ਼ਾ ਹੀ ਹੈ ਅਤੇ ਐਫ.ਈ.ਐਸ. ਵਿੱਚ ਨਵੇਂ ਉਪਾਵਾਂ ਰਾਹੀਂ ਉਨ੍ਹਾਂ ਦੇ ਬੇਬੁਨਿਆਦ ਸੋਸ਼ਲ ਮੀਡੀਆ ਬਿਆਨਾਂ ਦੇ ਅਧਾਰ ਤੇ ਯੋਜਨਾ ਬਣਾਉਣ ਦਾ ਕੋਈ ਮਤਲਬ ਨਹੀਂ ਹੋਵੇਗਾ। ਪਰ ਉਮੀਦ ਕਰਨੀ ਚਾਹੀਦੀ ਹੈ ਕਿ ਸਰਕਾਰ ਇਸ ਬਾਰੇ ਸੋਚ ਰਹੀ ਹੈ ਕਿ ਅਮਰੀਕੀ ਟੈਰਿਫ ਦੇ ਖ਼ਤਰੇ ਦੀ ਮਾਰ ਵਾਲੇ ਕਮਜ਼ੋਰ ਖੇਤਰਾਂ ਵਿੱਚ ਕਾਮਿਆਂ ਦੀ ਰੋਜ਼ੀ–ਰੋਟੀ ਨੂੰ ਭਵਿੱਖ ਲਈ ਕਿਵੇਂ ਸੁਰੱਖਿਅਤ ਕੀਤਾ ਜਾਵੇ।

ਪਿਛਲੇ ਹਫਤੇ ਟੋਰਾਂਟੋ ਵਿਚ ਫੈਡਰੇਸ਼ਨ ਦੀ ਕੌਂਸਲ ਦੀ ਬੈਠਕ ਵਿਚ, ਐਫ.ਈ.ਐਸ ਵਾਲੇ ਦਿਨ, ਪ੍ਰੀਮੀਅਰਾਂ ਨੇ ਫੈਡਰਲ ਸਰਕਾਰ ਨੂੰ ਫੌਜੀ ਅਤੇ ਨਵੇਂ ਸਰਹੱਦੀ ਸੁਰੱਖਿਆ ਉਪਾਵਾਂ ਵਿਚ ਵਧੇਰੇ ਨਿਵੇਸ਼ ਕਰਨ ਦੀ ਅਪੀਲ ਕੀਤੀ ਤਾਂ ਜੋ ਕੈਨੇਡਾ ਬਾਰੇ ਟਰੰਪ ਦੀਆਂ ਮੁੱਖ ਮੰਗਾਂ ਵਿਚੋਂ ਇਕ ਨੂੰ ਖੁਸ਼ ਕੀਤਾ ਜਾ ਸਕੇ। ਐਫ.ਈ.ਐਸ. ਨੇ ਸੰਯੁਕਤ ਰਾਜ ਨਾਲ ਸਰਹੱਦ ਦੇ ਫੌਜੀਕਰਨ ਲਈ $ 1.3 ਬਿਲੀਅਨ ਦੇ ਨਵੇਂ ਖਰਚੇ ਦਾ ਵਾਅਦਾ ਕੀਤਾ, ਜਿਸ ਵਿੱਚ ਏ.ਆਈ–ਅਧਾਰਤ ਨਿਗਰਾਨੀ ਨੂੰ ਲਾਗੂ ਕਰਨ ਦੇ ਪ੍ਰੋਗਰਾਮ, ਨਵੇਂ ਡਰੋਨ ਗਸ਼ਤ ਅਤੇ ਸੰਯੁਕਤ ਰਾਜ ਨਾਲ ਵਧੇਰੇ ਜਾਣਕਾਰੀ–ਸਾਂਝਾ ਕਰਨਾ ਸ਼ਾਮਲ ਹੈ। ਇਸ ਦਾ ਮਤਲਬ, ਰੱਖਿਆ ਖਰਚਿਆਂ ਵਿੱਚ ਇੱਕ ਹੋਰ ਵਾਧੂ ਬੋਝ ਜ਼ਿਆਦਾ ਦੂਰ ਨਹੀਂ ਹੈ।

ਅਮਰੀਕੀ ਸਰਹੱਦ 'ਤੇ ਸੰਭਾਵਿਤ ਟੈਰਿਫ ਦਾ ਜਵਾਬ ਦੇਣ ਲਈ ਕੁਝ ਪੈਸਾ ਇਕ ਪਾਸੇ ਰੱਖਣ ਦੀ ਦਲੀਲ ਹੈ। ਕੁਝ ਕੰਪਨੀਆਂ ਅਤੇ ਪ੍ਰਮੁੱਖ ਉਦਯੋਗਾਂ ਨੂੰ ਵਧਾਉਣ ਦੀ ਜ਼ਰੂਰਤ ਹੋ ਸਕਦੀ ਹੈ, ਕਾਮਿਆਂ ਦੀ ਆਮਦਨ ਦਾ ਬੀਮਾ ਕੀਤਾ ਜਾ ਸਕਦਾ ਹੈ। ਜਿੱਥੇ ਉਤਪਾਦਨ ਅਤੇ ਜ਼ਰੂਰੀ ਜਾਂ ਨਾਜ਼ੁਕ ਸਮਝੀਆਂ ਜਾਂਦੀਆਂ ਸੇਵਾਵਾਂ ਵਿੱਚ ਨਿੱਜੀ ਨਿਵੇਸ਼ ਦੀ ਘਾਟ ਹੈ, ਉੱਥੇ ਜਨਤਕ ਨਿਵੇਸ਼ ਆ ਸਕਦਾ ਹੈ। ਮਾਂਟਰੀਅਲ ਵਿੱਚ, ਕੈਨੇਡਾ ਇੱਕ ਫਾਰਮਾਸਿਊਟੀਕਲ ਫੈਕਟਰੀ ਦਾ ਮਾਲਕ ਹੈ, ਹਾਲਾਂਕਿ ਸਰਕਾਰ ਉੱਥੇ ਜਨਤਕ ਸਿਹਤ ਲਈ ਕਿਸੇ ਲ਼ਾਭਕਾਰੀ ਚੀਜ਼ ਦਾ ਨਿਰਮਾਣ ਕਰਨ ਲਈ ਤਿਆਰ ਨਹੀਂ ਜਾਪਦੀ।

ਐਫ.ਈ.ਐਸ. ਨੇ ਐਲਾਨ ਕੀਤਾ ਕਿ ਸਰਕਾਰ ਫ਼ੈਡਰਲ ਫੰਡ ਪ੍ਰਾਪਤ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ 'ਤੇ ਘਰੇਲੂ ਸਮੱਗਰੀ ਦੀਆਂ ਜ਼ਰੂਰਤਾਂ ਪੂਰਤੀ ਲਈ ਵਿਚਾਰ ਕਰੇਗੀ। ਇਕ ਦਸਤਾਵੇਜ਼ ਵਿਚ ਇਹ ਇਕ ਦੁਰਲੱਭ ਚੰਗਾ ਵਿਚਾਰ ਹੈ ਜਿਸ ਦਾ ਉਦੇਸ਼ ਅਮਰੀਕਾ ਨੂੰ ਖੁਸ਼ ਕਰਨਾ ਅਤੇ ਟਰੰਪ ਨੂੰ ਨਿਯੰਤਰਣ ਅਤੇ ਕਾਰਪੋਰੇਟ ਟੈਕਸ ਦੇਣ ਦੇ ਰਸਤੇ ਲਿਆਉਣਾ ਹੈ।

ਚਾਹੇ ਫੈਡਰਲ ਕੰਜ਼ਰਵੇਟਿਵ ਨੇਤਾ, ਦੇਸ਼ ਦੀ ਵਿੱਤੀ ਨੀਤੀ ਬਾਰੇ ਅਲੱਗ ਕਿਸਮ ਦੇ ਦਾਅਵੇ ਅਤੇ ਐਲਾਨ ਕਰਦੇ ਰਹੇ ਹਨ, ਪਰ ਸਵਾਲ ਇਹ ਹੈ ਕੰਜ਼ਰਵੇਟਿਵ ਵੱਖਰੇ ਵਿੱਤੀ ਤਰੀਕੇ ਨਾਲ ਕੀ ਕਰਨਗੇ। ਉਸਨੇ ਜੋ ਨਹੀਂ ਕੀਤਾ, ਅਸਲ ਵਿੱਚ ਇਹ ਨਿਰਧਾਰਤ ਕਰਨਾ ਸੀ ਕਿ ਉਹ ਐਫ.ਈ.ਐਸ ਤੋਂ ਵੱਖਰਾ ਕੀ ਕਰੇਗਾ। ਫੈਡਰਲ ਕੰਜ਼ਰਵੇਟਿਵ ਨੇਤਾ ਪਿਅਰੇ ਪੋਇਲੀਵਰ ਨੇ ਹਮੇਸ਼ਾ ਦੀ ਤਰ੍ਹਾਂ ਚੋਣਾਂ ਦਾ ਸੱਦਾ ਦੇਣ ਲਈ ਇਸ ਮੌਕੇ ਦੀ ਵਰਤੋਂ ਕੀਤੀ ਹੈ। ਕੋਈ ਵੀ ਉਨ੍ਹਾਂ ਨੂੰ ਦੋਸ਼ ਨਹੀਂ ਦੇ ਸਕਦਾ–ਜੇ ਕੱਲ੍ਹ ਚੋਣਾਂ ਹੁੰਦੀਆਂ ਹਨ ਤਾਂ ਉਨ੍ਹਾਂ ਦੀ ਪਾਰਟੀ ਸੁਪਰ ਬਹੁਮਤ ਜਿੱਤੇਗੀ। ਬੇਸ਼ਕ, ਕੰਜ਼ਰਵੇਟਿਵ ਕਾਰਬਨ ਟੈਕਸ ਨੂੰ ਘਟਾ ਦੇਣਗੇ, ਜੋ ਉਹ ਕਦੇ ਵੀ ਕਹਿੰਦੇ ਨਹੀਂ ਥੱਕਦੇ। ਪਰ ਲਿਬਰਲਾਂ ਵਾਲੀ ਮੁੱਖ ਰਣਨੀਤੀ, ਜਨਤਕ ਟੀਚਿਆਂ ਨੂੰ ਪੂਰਾ ਕਰਨ ਲਈ ਨਿੱਜੀ ਖੇਤਰ ਲਈ ਟੈਕਸ ਹੱਲਾਸ਼ੇਰੀਆਂ ਦੀ ਵਰਤੋਂ ਕਰਨਾ, ਸੰਭਵ ਤੌਰ 'ਤੇ ਇਕੋ ਜਿਹੀ ਹੋਵੇਗੀ।

ਅਮਰੀਕਾ ਨਾਲ ਸਬੰਧ ਕਾਇਮ ਰੱਖਣ ਦੀ ਜ਼ਰੂਰਤ ਬਾਰੇ ਇੱਕ ਭੜਕਾਊ ਭਾਸ਼ਣ ਵਿੱਚ ਪੋਇਲੀਵਰ, ਟਰੰਪ ਮਾਰਕਾ ਮੰਗਾਂ ਨੂੰ ਸਵੀਕਾਰ ਕਰਨ ਲਈ ਵੀ ਉਤਸੁਕ ਦਿਖਾਉਂਦੇ ਐਲਾਨ ਕੀਤਾ ਕਿ ਉਹ "ਸਰਹੱਦ ਨੂੰ ਠੀਕ ਕਰਨ" ਅਤੇ ਅਮਰੀਕਾ ਦੀਆਂ ਧਮਕੀਆਂ ਦੇ ਖ਼ਤਰੇ ਦੇ ਬਾਵਜੂਦ ਉਸਨੂੰ "ਸਾਡੇ ਸਭ ਤੋਂ ਵੱਡੇ ਸਹਿਯੋਗੀ" ਦੱਸਿਆ।

ਕੰਜ਼ਰਵੇਟਿਵ ਪਲੇਬੁੱਕ ਨੀਤੀ ਆਮ ਤੌਰ 'ਤੇ ਕਾਰਪੋਰੇਸ਼ਨਾਂ ਲਈ ਟੈਕਸਾਂ ਵਿੱਚ ਕੱਟ ਅਤੇ ਸਬਸਿਡੀਆਂ, ਅਮਰੀਕਾ ਨਾਲ ਡੂੰਘੇ ਏਕੀਕਰਣ, ਇਮੀਗ੍ਰੇਸ਼ਨ 'ਤੇ ਸਖਤ ਨਿਯੰਤਰਣ ਅਤੇ ਫੌਜੀ ਸਮਰੱਥਾ ਵਿੱਚ ਵਾਧਾ ਰਹੀ ਹੈ। ਇਹ ਸਾਰੇ ਤੱਤ ਇਸ ਸਾਲ ਦੇ ਐਫਈਐਸ ਵਿੱਚ ਹਨ। ਅਸੀਂ ਉਮੀਦ ਕਰ ਸਕਦੇ ਹਾਂ ਕਿ ਪੋਇਲੀਵਰ ਸਰਕਾਰ ਇਨ੍ਹਾਂ ਵਿਸ਼ਿਆਂ 'ਤੇ ਦੁੱਗਣੀ ਹੋ ਜਾਵੇਗੀ, ਭਾਵੇਂ ਕਿ ਇਹ ਇੱਕ ਕਿਫਾਇਤੀ ਏਜੰਡੇ ਦੀ ਪਾਲਣਾ ਕਰਦੀ ਹੈ।

ਐਫ.ਈ.ਐਸ. ਨੇ ਸੱਚਮੁੱਚ ਸਪੱਸ਼ਟ ਸੰਕੇਤ ਦਿੰਦਾ ਹੈ ਕਿ ਇਹ ਫ਼ੈਡਰਲ ਸਰਕਾਰ ਇਸ ਸਮੇਂ ਕਿੱਥੇ ਖੜ੍ਹੀ ਹੈ ਭਾਵ ਵਿਚਾਰਾਂ ਤੋਂ ਪੂਰੀ ਤਰ੍ਹਾਂ ਬਾਹਰ, ਪ੍ਰਮੁੱਖ ਫਾਈਲਾਂ 'ਤੇ ਆਪਣੀ ਲੀਡਰਸ਼ਿਪ ਤੋਂ ਭੱਜਣਾ ਅਤੇ ਦੇਸ਼ ਅਤੇ ਵਿਦੇਸ਼ ਵਿੱਚ ਸੱਜੇ ਪੱਖੀਆਂ ਦੀਆਂ ਮੰਗਾਂ ਨੂੰ ਸਵੀਕਾਰ ਕਰਨਾ।

ਅਸੀਂ ਅਸਲ ਵਿੱਚ ਫ਼ੈਡਰਲ ਨੀਤੀ ਵਿੱਚ ਮਾਮੂਲੀ ਵਾਧੇ ਵਾਲੀਆਂ ਤਬਦੀਲੀਆਂ ਦੀ ਉਮੀਦ ਛੱਡ ਚੁੱਕੇ ਹਾਂ। ਪਿਛਲੇ ਦਹਾਕੇ ਦੇ ਮਾਮੂਲੀ ਲਾਭ ਨਿਸ਼ਚਤ ਤੌਰ 'ਤੇ ਖ਼ਤਰੇ ਅਧੀਨ ਹਨ। ਕਿਸੇ ਵੀ ਰਾਜਨੀਤਿਕ ਨੇਤਾ ਕੋਲ ਇਸ ਬਾਰੇ ਕੋਈ ਵੱਖਰਾ ਦ੍ਰਿਸ਼ਟੀਕੋਣ ਨਹੀਂ ਲਗ ਰਿਹਾ ਕਿ ਅਸਲ ਵਿੱਚ ਇਸ ਬਾਰੇ ਕੀ ਕਰਨਾ ਹੈ। ਇਸ ਵੇਲੇ ਚਾਹੇ ਆਮ ਕੈਨੇਡਿਅਨ ਚਿੰਤਾ ਵਿੱਚ ਹਨ ਪਰ ਕਾਰਪੋਰੇਟ ਸੈਕਟਰ ਦੀਆਂ ਦਸੇ ਉਂਗਲਾ ਘਿਓ ਵਿੱਚ ਹਨ।

# ਜੋ ਵਿਦੇਸ਼ਾਂ 'ਚ ਮਰਦੇ ਨੇ ਰੋਜ਼ੀ ਲਈ...

ਨਰਭਿੰਦਰ
93544-30211



ਜਾਰਜੀਆ ਵਿਚ 12 ਲੋਕਾਂ ਦੀ ਸੰਦੇਹਜਨਕ ਮੌਤ ਨੇ ਇਕ ਵਾਰ ਵਿਸ਼ਵ ਵਿਚ ਮਜ਼ਦੂਰਾਂ ਦੀਆਂ ਜੀਵਨ ਹਾਲਤਾਂ ਦੇ ਸਵਾਲ ਨੂੰ ਸਾਹਮਣੇ ਲੈ ਆਂਦਾ ਹੈ। ਜਾਰਜੀਆ ਦੀ ਸਰਕਾਰ ਨੇ ਇਨ੍ਹਾਂ ਬਾਰੇ ਜੋ ਜਾਣਕਾਰੀ ਦਿੱਤੀ ਉਸ ਮੁਤਾਬਕ ਇਹ ਸਾਰੇ ਇਕ ਰੈਸਟੋਰੈਂਟ ਦੀ ਉਪਰਲੀ ਮੰਜ਼ਿਲ ਉਤੇ ਰਾਤ ਨੂੰ ਸੌਂ ਰਹੇ ਸਨ ਜਦੋਂ ਬਿਜਲੀ ਚਲੇ ਗਈ ਅਤੇ ਜਰਨੇਟਰ ਚਾਲੂ ਕੀਤਾ ਗਿਆ ਤਾਂ ਇਕ ਗੈਸ ਕਾਰਬਨ ਮੋਨੋਅਕਸਾਈਡ ਦੇ ਰਿਸ਼ਨ ਨਾਲ ਇਨ੍ਹਾਂ ਦੀ ਮੌਤ ਹੋ ਗਈ ਜਿਸ 'ਚ 11 ਭਾਰਤੀ ਵਿਸ਼ੇਸ਼ ਕਰਕੇ ਪੰਜਾਬੀ ਅਤੇ ਇਕ ਜਾਰੀਅਨ ਸੀ। ਇਹ ਸਾਰੇ ਲੋਕ ਇਸੇ ਹੀ ਰੈਸਟੋਰੈਂਟ ਵਿਚ ਕੰਮ ਕਰਦੇ ਸਨ।

ਜਾਰਜੀਆ ਪੁਰਾਣੇ ਸੋਵੀਅਤ ਰੂਸ ਦਾ ਇਕ ਰਾਜ ਹੁੰਦਾ ਸੀ, ਜੋ ਸੋਵੀਅਤ ਰੂਸ ਟੁੱਟਣ ਪਿਛੋਂ ਅਲੱਗ ਹੋ ਗਿਆ। 38 ਕੁ ਲੱਖ ਦੀ ਆਬਾਦੀ ਵਾਲੇ ਜਾਰਜੀਆ ਦੇ 69700 ਸਕੁਅਰ ਕਿਲੋਮੀਟਰ ਖੇਤਰਫਲ ਹੈ। ਖੇਤੀਬਾੜੀ, ਫਲਾਂ, ਅੰਗੂਰਾਂ ਤੇ ਚਾਹ ਤੋਂ ਇਲਾਵਾ ਸੈਰ ਸਪਾਟੇ ਦਾ ਵੀ ਕੇਂਦਰ ਹੈ। 1991 ਤੋਂ ਪਿਛੋਂ ਬਹੁਕੌਮੀ ਕਾਰਪੋਰੇਸ਼ਨਾਂ ਨੇ ਵੀ ਜਾਰਜੀਆ 'ਚ ਆਪਣੇ ਦਫ਼ਤਰ ਖੋਲ੍ਹੇ ਜਿਥੇ ਰੁਜ਼ਗਾਰ ਦੇ ਮੌਕੇ ਹੋਰ ਵਧੇ। ਨਵਉਦਾਰਵਾਦੀ ਦੌਰ 'ਚ ਜਾਰਜੀਆ ਨੇ ਵਿਦੇਸ਼ੀ ਮਜ਼ਦੂਰਾਂ ਲਈ ਕੁਝ ਛੋਟਾਂ ਦਿੱਤੀਆਂ। ਪਹਿਲਾਂ ਇਥੇ ਜ਼ਿਆਦਾਤਰ ਮੈਡੀਕਲ ਦੀ ਪੜ੍ਹਾਈ ਨਾਲ ਸਬੰਧਤ ਵਿਦਿਆਰਥੀ ਹੀ ਡਾਕਟਰੀ ਵਿਦਿਆ ਹਿੱਤ ਜਾਂਦੇ ਸਨ, ਕਿਉਂਕਿ ਫੀਸਾਂ ਘੱਟ ਸਨ ਤੇ ਦਾਖਲਾ ਸੌਖਾ ਸੀ। 2016 ਤੱਕ 2000 ਵਿਦਿਆਰਥੀ ਪਹੁੰਚੇ ਸਨ। ਜਿਹੜੇ ਹੁਣ 16000 ਤੱਕ ਹੋ ਚੁੱਕੇ ਹਨ। ਫੇਰ ਜਾਰਜੀਆ ਨੇ ਆਪਣੀ ਖੇਤੀ ਵਿਕਸਿਤ ਕਰਨ ਲਈ, ਕੁਝ ਸਹੂਲਤਾਂ ਦਿੱਤੀਆਂ ਜਿਸ ਨਾਲ ਭਾਰਤੀ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਇਥੇ ਜ਼ਮੀਨਾਂ ਖਰੀਦੀਆਂ ਤੇ ਖੇਤੀ ਖੇਤਰ ਵਿਚ ਮਜ਼ਦੂਰ ਵੀ ਤੇ ਕਿਸਾਨ ਵੀ ਪਹੁੰਚੇ। ਇਹ ਸਿਲਸਿਲਾ 2012 ਤੋਂ 2016 ਤੱਕ ਚਲਦਾ ਰਿਹਾ। 2016 'ਚ ਜਾਰਜੀਆ ਨੇ ਖੇਤੀ ਨੀਤੀਆਂ 'ਚ ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਤੇ ਤਬਦੀਲੀਆਂ ਕੀਤੀਆਂ ਤਾਂ ਬਹੁਤੇ ਕਿਸਾਨਾਂ ਦਾ ਮੋਹ ਭੰਗ ਹੋ ਗਿਆ। ਅਜੇ ਵੀ 600 ਤੋਂ 700 ਦੇ ਕਰੀਬ ਪੰਜਾਬੀ ਇਧਰ ਰੁਜ਼ਗਾਰ ਵਿਚ ਲੱਗੇ ਹਨ। ਭਾਰਤ ਸਰਕਾਰ ਮੁਤਾਬਕ 5767 ਭਾਰਤੀ ਜਾਰਜੀਆ 'ਚ ਕੰਮ ਕਰ ਰਹੇ ਹਨ ਜਿਨ੍ਹਾਂ 'ਚ ਖੇਤੀ ਤੋਂ ਬਿਨਾਂ, ਹੋਟਲਾਂ ਤੇ ਹੋਰ ਖੇਤਰਾਂ ਵਿਚ ਲੱਗੇ ਹੋਏ ਹਨ। ਇਹ ਜ਼ਿਆਦਾਤਰ ਤਬਿਲਿਸੀ, ਗਰਦਾਬਾਨੀ, ਜਰਜਾਨੀ, ਰਸਤਵੀ, ਸਮਰਾਹੇਲੋ ਤੇ ਤਕਸੌਨੀ ਆਦਿ ਸ਼ਹਿਰਾਂ/ਕਸਬਿਆਂ 'ਚ ਹੋਟਲਾਂ, ਡਲਿਵਰੀ ਬੁਆਏ, ਸਫ਼ਾਈ ਆਦਿ ਦੇ ਕੰਮਾਂ ਨੂੰ ਸੰਭਾਲਦੇ ਹਨ।

ਜਿਥੇ ਇਹ ਹਾਦਸਾ ਵਾਪਰਿਆ ਹੈ ਉਹ ਸ਼ਹਿਰ ਗਾਦੋਰੀ ਹੈ, ਜਿਹੜਾ ਪਹਾੜੀ ਖੇਤਰ ਵਿਚ ਹੈ ਅਤੇ ਇਹ ਸ਼ਹਿਰ ਮੁੱਖ ਤੌਰ 'ਤੇ ਸੈਰ ਸਪਾਟੇ ਵਾਲੇ ਕੇਂਦਰ ਵਜੋਂ ਜਾਣਿਆ ਜਾਂਦਾ ਹੈ। ਪਹਾੜੀ ਖੇਤਰ 'ਚ ਹੋਣ ਕਰਕੇ ਯੂਰਪੀਨ ਲੋਕ ਇਥੇ ਛੁੱਟੀਆਂ ਕੱਟਣ ਆਉਂਦੇ ਹਨ ਤੇ ਮਨੋਰੰਜਨ ਕਰਨ। ਜਿਵੇਂ ਸਾਡੇ ਮਨਾਲੀ, ਕੁੱਲੂ, ਡਲਹੌਜੀ, ਕਸ਼ਮੀਰ ਆਦਿ ਜਾਣੇ ਜਾਂਦੇ ਹਨ। ਇਸ ਸ਼ਹਿਰ ਵਿਚ ਹੀ ਹੋਟਲ ਸਨਅਤ ਦਾ ਕਾਰੋਬਾਰ ਹੈ। ਜਿਥੇ ਇਹ ਕੰਮ ਕਰਦੇ ਸਨ ਇਕ ਵੱਡਾ ਹੋਟਲ ਹੈ ਜੋ ਪਹਾੜੀ 'ਤੇ ਸਥਿਤ ਹੈ ਅਤੇ ਇਹ ਸਾਰੇ ਕਾਮੇ ਹੋਟਲ ਦੀ ਉਪਰਲੀ ਮੰਜ਼ਿਲ ਜਿਥੇ ਵਾਧੂ ਘਾਟੂ ਸਮਾਨ ਪਿਆ ਹੁੰਦਾ ਹੈ ਰਹਿ ਰਹੇ ਸਨ ਅਤੇ ਇਸੇ ਹੀ ਹੋਟਲ ਵਿਚ ਕੰਮ ਕਰਦੇ ਸਨ। ਜਿਵੇਂ ਪੋਸਟ ਮਾਰਟਮ ਰਿਪੋਰਟ ਦਾ ਖੁਲਾਸਾ ਹੋਇਆ ਹੈ ਸਰੀਰ ਉਤੇ ਕਿਤੇ ਵੀ ਕੋਈ ਜ਼ਖ਼ਮ ਨਹੀਂ। ਫੇਫੜਿਆਂ 'ਚੋਂ ਕਾਰਬਨ ਮੋਨੋਅਕਸਾਈਡ ਗੈਸ ਮਿਲੀ ਹੈ। ਇਸ ਗੈਸ ਦਾ ਰਿਸਾਅ ਬਿਜਲੀ ਗੁੱਲ ਹੋ ਜਾਣ ਪਿਛੋਂ ਚਲਾਏ ਜਰਨੇਟਰ ਪਿਛੋਂ ਹੋਇਆ ਦੱਸਿਆ ਜਾਂਦਾ ਹੇ। ਹਾਲਾਂਕਿ ਇਹ ਜਾਂਚ ਸਾਹਮਣੇ ਨਹੀਂ ਆਈ ਕਿ ਇਸ ਗੈਸ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਸੀ ਤੇ ਕਿਵੇਂ ਰਿਸਾਅ ਹੋਇਆ ਪਰ ਇਹ ਹਾਦਸਾ ਭੋਪਾਲ ਤ੍ਰਾਸਦੀ ਵਰਗਾ ਹੀ ਹੈ। ਜਿਹੜੀ 45 ਸਾਲ ਪਹਿਲਾਂ ਵਾਪਰੀ ਸੀ ਅਤੇ ਜਿਸ 'ਚ ਹਜ਼ਾਰਾਂ ਲੋਕ ਮਾਰੇ ਗਏ ਸਨ। ਮ੍ਰਿਤਕਾਂ 'ਚ ਤਰਨਤਾਰਨ ਤੋਂ ਸੰਦੀਪ (35) ਹੈ ਜਿਹੜਾ 6 ਲੱਖ ਰੁਪਏ ਲਾ ਕੇ ਵਿਦੇਸ਼ ਕੰਮ ਕਰਨ ਗਿਆ ਸੀ, ਘੋਲ ਕਲਾਂ ਮੋਗੇ ਦਾ 24 ਸਾਲਾ ਗਗਨਦੀਪ ਸਿੰਘ ਹੈ, ਰਵਿੰਦਰ ਕੁਮਾਰ (45), ਜਲੰਧਰ ਰਮਦਾਗ ਪਿੰਡ ਦਾ ਹੈ, ਪਟਿਆਲੇ ਤੋਂ ਅਮਰਿੰਦਰ ਕੌਰ (32) ਤੇ ਮਨਿੰਦਰ ਕੌਰ ਦੋਵੇਂ ਨਣਾਨ ਭਰਜਾਈ ਹਨ। ਪਟਿਆਲੇ ਦਾ ਹੀ ਵਰਿੰਦਰ (33) ਹੈ। ਖੰਨਾ ਦਾ ਸੁਮੀਰ ਕੁਮਾਰ ਹੈ, ਤਲਵੰਡੀ ਸਾਬੋ ਦਾ ਹਰਵਿੰਦਰ (26), ਸੁਨਾਮ ਦਾ ਰਵਿੰਦਰ ਤੇ ਉਹਦੀ ਪਤਨੀ ਗੁਰਵਿੰਦਰ ਕੌਰ ਹੈ ਤੇ ਪ੍ਰੀਤਮ ਲਾਲ ਹਨ।

ਜਾਰਜੀਆ ਦੀ ਇਹ ਘਟਨਾ ਇਹ ਪ੍ਰਤੱਖ ਦਿਖਾਉਂਦੀ ਹੈ, ਕਿ ਮਜ਼ਦੂਰਾਂ ਲਈ ਵਿਸ਼ਵ ਪੱਧਰ ਉਤੇ ਹੀ ਹਾਲਤਾਂ ਤਰਸਯੋਗ ਹਨ। ਦੁਨੀਆ 'ਚ ਲਗਭਗ 281 ਮਿਲੀਅਨ ਪ੍ਰਵਾਸੀ ਕਾਮੇ ਹਨ ਜਿਹੜੇ ਕੁੱਲ ਆਬਾਦੀ ਦਾ 3.5 ਫੀਸਦੀ ਬਣਦੇ ਹਨ। ਇਨ੍ਹਾਂ ਵਿਚੋਂ ਹਰ ਸਾਲ ਪ੍ਰਵਾਸ ਕਰਦਿਆਂ ਹਾਦਸਿਆਂ 'ਚ ਜੋ ਮਰਦੇ ਹਨ ਇਨ੍ਹਾਂ ਦੀ ਗਿਣਤੀ ਹੀ ਹਜ਼ਾਰਾਂ ਵਿਚ ਹੈ। ਮਿਸਲ ਲਈ ਸਪੇਨ ਪਹੁੰਚਣ ਦੀ ਖਾਹਿਸ਼ ਰੱਖਣ ਵਾਲੇ 10400 ਕਾਮੇ ਸਮੁੰਦਰੀ ਕਿਸ਼ਤੀਆਂ 'ਚ ਡੁੱਬ ਕੇ ਹੀ ਮਰ ਗਏ। ਇਵੇਂ ਹੀ ਅਮਰੀਕਾ ਦੀ ਕੰਧ ਟੱਪਣ ਵਾਲਿਆਂ ਦੀ ਸਥਿਤੀ ਹੈ। ਪਰਵਾਸੀ ਕਾਮਿਆਂ ਦੀਆਂ ਰਹਿਣ ਦੀਆਂ ਹਾਲਤਾ ਸਾਡੇ ਯੂ.ਪੀ. ਬਿਹਾਰ ਦੇ ਮਜ਼ਦੂਰਾਂ ਨਾਲੋਂ ਵੀ ਬਦਤਰ ਹਨ। ਪਰਵਾਸੀ ਮਜ਼ਦੂਰਾਂ ਵਿਚੋਂ ਵੱਡੀ ਗਿਣਤੀ ਕਿਉਂਕਿ ਗੈਰ ਕਾਨੂੰਨੀ ਕਾਮਿਆਂ ਵਿਚ ਆਉਂਦੀ ਹੈ, ਇਸ ਕਰਕੇ ਇਨ੍ਹਾਂ ਨੂੰ ਸਥਾਨਕ ਮਜ਼ਦੂਰਾਂ ਨੂੰ ਮਿਲਦੀਆਂ ਕਾਨੂੰਨੀ ਸਹੂਲਤਾਂ ਤੋਂ ਤਾਂ ਵਾਂਝੇ ਹੀ ਰਹਿਣਾ ਪੈਂਦਾ ਹੈ ਅਤੇ ਤਨਖਾਹ ਜਾਂ ਮਿਹਨਤਾਨਾ ਵੀ ਮਾਲਕ ਦੀ ਇੱਛਾ 'ਤੇ ਨਿਰਭਰ ਹੁੰਦਾ ਹੈ। ਜਦੋਂ ਕੰਮ ਦੇ ਘੰਟੇ ਵੀ 10 ਤੌਂ 12 ਜਾਂ ਕਹੀ ਵਾਰੀ ਇਸ ਤੋਂ ਵੀ ਵੱਧ ਹੁੰਦੇ ਹਨ। ਹਾਲਾਂਕਿ ਹਰ ਦੇਸ਼ ਦੀ ਆਰਥਿਕਤਾ ਵਿਚ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦੀ ਭੂਮਿਕਾ ਅਹਿਮ ਗਿਣੀ ਗਈ ਹੈ। ਵਿਸ਼ਵ ਦੇ ਇਕ ਤੱਥ ਨੇ ਤਾਂ ਪਰਵਾਸੀ ਮਜ਼ਦੂਰਾਂ ਦੀ ਕੌਮੀ ਆਮ ਦਿਨ ਵਿਚ ਜਾਂ ਜੀ.ਡੀ.ਪੀ. ਵਿਚ ਹਿੱਸੇਦਾਰੀ 40 ਫੀਸਦੀ ਤੱਕ ਗਿਣੀ ਹੈ। ਇਹ ਕਾਮੇ ਬਹੁਤ ਖਤਰਨਾਕ ਕੰਮਾਂ ਲਈ ਵਰਤੇ ਜਾਂਦੇ ਹਨ, ਜਿਨ੍ਹਾਂ 'ਚ ਉਸਾਰੀ, ਮੈਨੂਫੈਕਚਰਿੰਗ, ਮਾਈਨਿੰਗ 'ਤੇ ਖੇਤੀ ਆਦਿ ਅਤੇ ਇਨ੍ਹਾਂ ਪਰਵਾਸੀ ਕਾਮਿਆਂ ਲਈ ਸੁਰੱਖਿਆ ਦੇ ਉਹ ਪ੍ਰਬੰਧ ਨਹੀਂ ਹੁੰਦੇ ਜਿਹੜੇ ਹੋਣੇ ਚਾਹੀਦੇ ਹਨ। ਪਿਛਲੇ ਸਾਲ 2023 ਵਿਚ ਹੀ 8565 ਪਰਵਾਸੀ ਕਾਮੇ ਮਾਰੇ ਗਏ ਸਨ। 2014 ਤੋਂ ਲੈ ਕੇ ਹੁਣ ਤੱਕ 61867 ਪਰਵਾਸੀ ਕਾਮਿਆਂ ਦੀਆਂ ਮੌਤਾਂ ਹੋਣੀਆਂ। ਇਨ੍ਹਾਂ ਪਰਵਾਸੀ ਕਾਮਿਆਂ ਲਈ ਜਿਥੇ ਕੰਮ ਦੀ ਜਗ੍ਹਾ ਸੁਰੱਖਿਆ ਦੀ ਕੋਈ ਗ੍ਰੰਟੀ ਨਹੀਂ ਦਿੱਤੀ ਜਾਂਦੀ, ਉਥੇ ਸਹਿਤ ਸਹੂਲਤਾਂ ਤੋਂ ਵੀ ਇਹ ਵਾਂਝੇ ਰਹਿੰਦੇ ਹਨ। ਜੀਵਨ ਗੁਜਾਰਨ ਦੀਆਂ ਹਾਲਤਾਂ, ਸਬੰਧਤ ਜਾਰਜੀਆ ਕੇਸ ਵਿਚ ਹੀ ਵੇਖੀਆਂ ਜਾ ਸਕਦੀਆਂ ਹਨ, ਬਦ ਤੋਂ ਬਦਤਰ ਹਨ। ਉਨ੍ਹਾਂ ਜਗ੍ਹਾ 'ਤੇ ਰੈਣ ਬਸੇਰਾ ਹੁੰਦਾ ਹੈ ਜਿਹੜੇ ਗਦਾਮ ਜਾਂ ਕਬਾੜ ਦੇਮਾਲ ਲਈ ਵਰਤੀਆਂ ਜਾਂਦੀਆਂ ਹਨ। ਕੈਨੇਡਾ ਵਿਚ ਵਿਦਿਆਰਥੀ ਤੇ ਕਾਮੇ ਮਕਾਨਾਂ ਹੇਠ ਬੇਸਮੈਂਟਾਂ ਵਿਚ ਰਹਿਣ ਲਈ ਮਜਬੂਰ ਹਨ।


ਪਰਵਾਸੀ ਕਾਮਿਆਂ ਦੀ ਸਮੱਸਿਆ ਬੇਰੁਜ਼ਗਾਰੀ ਨਾਲ ਜੁੜੀ ਹੋਈ ਹੈ। ਵਿਸ਼ਵ ਵਿਚ ਬੇਰੁਜ਼ਗਾਰੀ ਦੀ ਦਰ ਇਨ੍ਹਾਂ ਸਮਿਆਂ 'ਚ ਸਭ ਤੋਂ ਉਚੀ ਹੈ। 2023 ਦੇ ਅੰਕੜੇ ਦੱਸਦੇ ਹਨ 235.2% ਮਿਲੀਅਨ ਲੋਕ ਰੁਜ਼ਗਾਰ ਵਿਹੂਣੇ ਸਨ ਤੇ ਬੇਰੁਜ਼ਗਾਰੀ ਦੀ ਦਰ 5.3 ਫੀਸਦੀ ਸੀ। 2024 'ਚ ਤਾਂ ਹੋਰ ਵੀ ਸਥਿਤੀ ਅੱਗੇ ਵਧ ਗਈ ਹੈ। ਰੁਜ਼ਗਾਰ ਦੀ ਭਾਲ ਵਿਚ ਪ੍ਰਵਾਸ ਕਰਨਾ ਮਜ਼ਬੂਰੀ ਬਣ ਜਾਂਦੀ ਹੈ ਤੇ ਲੱਖਾਂ ਰੁਪਏ ਲਾ ਕੇ ਵਿਦੇਸ਼ਾਂ ਵਿਚ ਕੰਮ ਲੱਭਣ ਦਾ ਲਾਲਚ ਜ਼ਿੰਦਗੀ ਜਿਊਣ ਦੀ ਖਾਹਿਸ਼ 'ਚੋਂ ਉਪਜਦਾ ਹੈ। ਭਾਰਤ ਵਿਚ ਹੀ ਸਾਲ ਹਜ਼ਾਰਾਂ ਲੱਖਾਂ ਨੌਜਵਾਨ ਵਿਦੇਸ਼ਾਂ ਵਿਚ ਕੰਮ ਕਰਨ ਜਾਂ ਰਹੇ ਹਨ। ਪਹਿਲਾਂ ਇਹ ਰੁਝਾਨ ਸਿਰਫ਼ ਮਰਦਾਂ ਵਿਚ ਸੀ ਹੁਣ ਔਰਤ ਕਾਮਿਆਂ ਦਾ ਪ੍ਰਵਾਸ ਵੀ ਵਧਿਆ ਹੈ ਤੇ ਔਰਤ ਕਾਮਿਆਂ ਲਈ ਤਾਂ ਪ੍ਰਵਾਸ ਵੀ ਵਧਿਆ ਹੈ ਤੇ ਔਰਤ ਕਾਮਿਆਂ ਲਈ ਤਾਂ ਪ੍ਰਵਾਸੀ ਕਾਮੇ ਵਜੋਂ ਵਿਚਰਨਾ ਹੋਰ ਵੀ ਔਖੇ ਤੇ ਤਰਸਯੋਗ ਹੁੰਦਾ ਹੈ।

ਜਾਰਜੀਆ ਵਿਚ ਜਾਣ ਵਾਲੇ ਇਨ੍ਹਾਂ ਕਾਮਿਆਂ ਲਈ ਚੰਗੇਰੀ ਜ਼ਿੰਦਗੀ ਜਿਊਣ ਦਾ ਸੁਪਨਾ ਹੀ ਉਨ੍ਹਾਂ ਨੂੰ ਇਥੇ ਖਿੱਚ ਲਿਆਇਆ। ਉਹ ਆਪਣਾ ਤੇ ਪਰਿਵਾਰ ਦੇ ਪੇਟ ਭਰਨ ਦੀ ਖਾਤਰ ਔਖੀਆਂ ਹਾਲਤਾਂ ਵਿਚ ਕੰਮ ਕਰਨ ਗਏ ਸਨ। ਹਾਲਾਂਕਿ ਇਸ ਦੇਸ਼ ਵਿਚ ਹੀ ਉਨ੍ਹਾਂ ਲਈ ਕੰਮ ਦੀਆਂ ਹਾਲਤਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ ਪਰ ਵਿਵਸਥਾ ਉਤੇ ਕਾਬਜ਼ ਪੂੰਜੀਪਤੀ ਅਤੇ ਸਰਕਾਰਾਂ ਆਪਣੇ ਦੇਸ਼ ਦੇ ਲੋਕਾਂ ਵਿਸ਼ੇਸ਼ ਕਰਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਪ੍ਰਤੀ ਚਿੰਤਤ ਹੀ ਨਹੀਂ। ਸੋ ਉਨ੍ਹਾਂ ਨੂੰ ਰੋਟੀ ਰੋਜ਼ੀ ਲਈ ਆਪਣੀ ਧਰਤੀ ਤੋਂ ਦੂਰ ਜਾਣਾ ਪਿਆ ਤੇ ਮੌਤ ਦੀ ਗਲਵਕੜੀ 'ਚ ਸੌਣਾ ਪਿਆ। ਉਨ੍ਹਾਂ ਦੀ ਮੌਤ ਦਾ ਕਾਰਨ ਸਿਰਫ਼ ਕਾਰਬਨ ਮੋਨੋਅਕਸਾਈਡ ਗੈਸ ਦਾ ਰਿਸਾਅ ਨਹੀਂ। ਇਹ ਸਮੁੱਚਾ ਪੂੰਜੀਵਾਦੀ ਪ੍ਰਬੰਧ ਹੈ। ਅਜੋਕਾ ਨਿਰਦਈ ਵਿਸ਼ਵ ਪੂੰਜੀ ਤੰਤਰ ਹਰ ਦਿਨ ਹਰ ਸਾਲ ਸੈਂਕੜੇ ਨਹੀਂ ਹਜ਼ਾਰਾਂ ਕਾਮਿਆਂ ਨੂੰ ਨਿਗਲ ਰਿਹਾ ਹੈ। ਇਸ ਤੋਂ ਮੁਕਤੀ ਬਿਨਾਂ ਅਜਿਹੇ ਤ੍ਰਾਸਿਦਕ ਹਾਦਸੇ ਰੋਕੇ ਨਹੀਂ ਜਾ ਸਕਦੇ। ਕਵੀ ਨੇ ਠੀਕ ਹੀ ਕਿਹਾ ਸੀ "ਜੋ ਬਿਦੇਸ਼ਾਂ 'ਚ ਰੁਲਦੇ ਨੇ ਰੋਟੀ ਲਈ' 'ਤੇ ਸਵਾਲ ਹੈ, ਕੀ ਉਹ ਮ੍ਰਿਤਕ ਪਹੁੰਚਣਗੇ ਆਪਣੇ ਘਰੀਂ...?

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

# ਸਰਬੰਸ ਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਡਾ. ਇਕਬਾਲ ਸਿੰਘ ਸਕਰੌਦੀ
08427685020

ਪੰਡਿਤ ਦੌਲਤ ਰਾਮ ਫ਼ਾਰਸੀ ਭਾਸ਼ਾ ਦੇ ਵਿਦਵਾਨ ਹੋਏ ਹਨ। ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ, 'ਈਸ਼ਵਰ ਦੀ ਜਦੋਂ ਸਾਰੀ ਸਿਆਣਪ ਇਕੱਠੀ ਹੋਈ। ਈਸ਼ਵਰ ਦੀ ਜਦੋਂ ਸਾਰੀ ਸ਼ਕਤੀ ਇਕੱਠੀ ਹੋਈ। ਈਸ਼ਵਰ ਦਾ ਜਦੋਂ ਸਾਰਾ ਸੁਹੱਪਣ ਇਕੱਠਾ ਹੋਇਆ। ਈਸ਼ਵਰ ਦੇ ਜਦੋਂ ਸਾਰੇ ਰਸ ਇਕੱਠੇ ਹੋਏ। ਈਸ਼ਵਰ ਦੀ ਜਦੋਂ ਸਾਰੀ ਕਲਾ ਇਕੱਠੀ ਹੋਈ ਤਾਂ ਇੱਕ ਮੁਜੱਸਮਾ ਪੈਦਾ ਹੋਇਆ। ਉਸ ਮੁਜੱਸਮੇ ਦਾ ਨਾਂ ਸੀ – ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।'

ਆਪ ਜੀ ਦਾ ਜਨਮ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਸੁਲੱਖਣੀ ਕੁੱਖੋਂ ਪੋਹ ਸੁਦੀ 9 ਸ਼ਨੀਵਾਰ ਸੰਮਤ 1723 ਅਰਥਾਤ ਬਾਈ ਦਸੰਬਰ 1666 ਈ. ਨੂੰ ਪਟਨੇ ਸ਼ਹਿਰ ਵਿੱਚ ਹੋਇਆ। ਉਸ ਸਮੇਂ ਆਪ ਦੇ ਗੁਰੂ ਪਿਤਾ ਤੇਗ਼ ਬਹਾਦਰ ਜੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬੰਗਾਲ ਅਤੇ ਆਸਾਮ ਵਾਲੇ ਪਾਸੇ ਗਏ ਹੋਏ ਸਨ। ਆਪ ਜੀ ਦਾ ਨਾਂ ਗੋਬਿੰਦ ਰਾਇ ਰੱਖਿਆ ਗਿਆ। ਆਪ ਦੇ ਦੀਦਾਰ ਕਰਨ ਲਈ ਇੱਕ ਪਹੁੰਚੇ ਹੋਏ ਸੂਫ਼ੀ ਫ਼ਕੀਰ ਭੀਖਣ ਸ਼ਾਹ ਜੀ ਬਹੁਤ ਦੂਰੋਂ ਚੱਲ ਕੇ ਆਏ। ਦਰਸ਼ਨ ਕਰਨ ਉਪਰੰਤ ਉਨ੍ਹਾਂ ਨੇ ਆਖਿਆ, 'ਇਹ ਬਾਲਕ ਹਿੰਦੂ, ਸਿੱਖ, ਮੁਸਲਮਾਨਾਂ ਦਾ ਸਾਂਝਾ ਅਲਾਹੀ ਨੂਰ ਅਤੇ ਪੀਰ ਹੋਵੇਗਾ।'

ਬਾਲਕ ਗੋਬਿੰਦ ਰਾਇ ਬਾਲਪਨ ਅਵੱਸਥਾ ਤੋਂ ਹੀ ਦੂਜੇ ਬੱਚਿਆਂ ਨਾਲੋਂ ਬਿਲਕੁਲ ਅਲੱਗ ਪ੍ਰਵਿਰਤੀ ਦੇ ਮਾਲਕ ਸਨ। ਪੰਜ ਸਾਲ ਦੀ ਉਮਰ ਤੋਂ ਹੀ ਉਹ ਆਪਣੇ ਸਾਥੀ ਬਾਲਾਂ ਸੰਗ ਤੀਰ ਕਮਾਨ, ਨੇਜ਼ਾਬਾਜ਼ੀ, ਤਲਵਾਰਬਾਜ਼ੀ ਆਦਿ ਦਾ ਅਭਿਆਸ ਕਰਨ ਲੱਗ ਪਏ ਸਨ। ਤੀਰ ਕਮਾਨ ਅਤੇ ਗੁਲੇਲ ਨਾਲ ਨਿਸ਼ਾਨੇ ਲਾਉਣੇ, ਗੰਗਾ ਵਿੱਚ ਕਿਸ਼ਤੀ ਚਲਾਉਣਾ, ਜੰਗੀ ਮਸ਼ਕਾਂ ਕਰਨੀਆਂ ਉਨ੍ਹਾਂ ਦੇ ਰੋਜ਼ਾਨਾ ਜੀਵਨ ਦੇ ਸ਼ੁਗਲ ਸਨ। ਪੰਡਿਤ ਸ਼ਿਵ ਦਾਸ, ਨਵਾਬ ਕਰੀਮ, ਨਵਾਬ ਰਹੀਮ ਜਿਹੀਆਂ ਪ੍ਰਭੂ ਪ੍ਰੇਮ ਵਿੱਚ ਰੰਗੀਆਂ ਸੁਹਿਰਦ ਹਸਤੀਆਂ ਨੂੰ ਮੁੱਢ ਤੋਂ ਹੀ ਉਨ੍ਹਾਂ ਦੇ ਚਿਹਰੇ 'ਚੋਂ ਰੂਹਾਨੀ ਨੂਰ ਝਲਕਦਾ ਵਿਖਾਈ ਦਿੰਦਾ ਸੀ।

ਰਾਜਾ ਫ਼ਤਹਿ ਚੰਦ ਅਤੇ ਉਸ ਦੀ ਰਾਣੀ ਬਾਲ ਗੋਬਿੰਦ ਰਾਇ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਸਨ। ਇਹ ਬਾਲਾਂ ਸੰਗ ਉਨ੍ਹਾਂ ਦੇ ਮਹਿਲਾਂ ਵਿੱਚ ਹੀ ਖੇਡਦੇ ਰਹਿੰਦੇ ਸਨ। ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਰਾਣੀ ਇੱਕ ਦਿਨ ਅਚਾਨਕ ਪੁੱਤਰ ਦੀ ਕਾਮਨਾ ਕਰਦੀ ਹੋਈ ਧਿਆਨ ਵਿੱਚ ਜੁੜ ਗਈ। ਸਬੱਬੀਂ ਉਸੇ ਵੇਲੇ ਬਾਲ ਗੋਬਿੰਦ ਰਾਇ ਉਨ੍ਹਾਂ ਦੀ ਗੋਦੀ ਵਿੱਚ ਆਣ ਬੈਠੇ ਤੇ ਬਹੁਤ ਹੀ ਮਾਸੂਮੀਅਤ ਭਰੇ ਪਿਆਰ ਸਹਿਤ ਬੋਲੇ, 'ਮਾਂ, ਅੱਖਾਂ ਖੋਲ੍ਹੋ। ਮੈਂ ਤੁਹਾਡਾ ਪੁੱਤਰ ਆ ਗਿਆ ਹਾਂ।' ਰਾਣੀ ਨੇ ਅੱਖਾਂ ਖੋਲ੍ਹੀਆਂ। ਗੋਬਿੰਦ ਰਾਇ ਦੀਆਂ ਅੱਖਾਂ ਵਿੱਚ ਤੱਕਿਆ। ਉਸ ਨੂੰ ਬਾਲ ਦੀਆਂ ਅੱਖਾਂ ਵਿੱਚ ਆਪਣਾ ਪਰਛਾਵਾਂ ਨਜ਼ਰੀਂ ਆਇਆ। ਉਸੇ ਪਲ ਤੋਂ ਉਹ ਗੋਬਿੰਦ ਰਾਇ ਨੂੰ ਆਪਣਾ ਪੁੱਤਰ ਸਮਝਣ ਲੱਗ ਪਈ ਸੀ। ਇਸ ਘਟਨਾ ਉਪਰੰਤ ਫ਼ਤਹਿ ਚੰਦ ਅਤੇ ਰਾਣੀ ਗੋਬਿੰਦ ਰਾਇ ਨੂੰ ਇੰਨਾਂ ਜ਼ਿਆਦਾ ਪਿਆਰ ਕਰਨ ਲੱਗ ਪਈ ਸੀ ਕਿ ਉਨ੍ਹਾਂ ਦੇ ਮਹਿਲਾਂ ਵਿੱਚ ਰੋਜ਼ਾਨਾ ਖ਼ੀਰ, ਕੜਾਹ, ਛੋਲੇ ਪੂੜੀਆਂ ਦਾ ਲੰਗਰ ਤਿਆਰ ਹੋਣ ਲੱਗ ਪਿਆ ਸੀ। ਜਿਸ ਨੂੰ ਗੋਬਿੰਦ ਰਾਇ ਅਤੇ ਉਸਦੇ ਬਾਲ ਸਾਥੀ ਬੜੀ ਰੀਝ ਅਤੇ ਪਿਆਰ ਨਾਲ ਛਕਦੇ ਸਨ।

ਪਟਨੇ ਰਹਿੰਦਿਆਂ ਹੀ ਗੋਬਿੰਦ ਰਾਇ ਦੇ ਮਾਮਾ ਕ੍ਰਿਪਾਲ ਚੰਦ ਨੇ ਉਨ੍ਹਾਂ ਲਈ ਬ੍ਰਿਜ, ਗੁਰਮੁਖੀ, ਹਿੰਦੀ, ਫ਼ਾਰਸੀ ਭਾਸ਼ਾ ਦੀ ਪੜ੍ਹਾਈ ਦਾ ਪ੍ਰਬੰਧ ਪੰਡਿਤ ਮੁਨਸ਼ੀ ਰਾਮ, ਮੌਲਵੀ ਪੀਰ ਮੁਹੰਮਦ ਅਤੇ ਗੁਰੂਘਰ ਦੇ ਭਾਈ ਜੀ ਕੋਲ ਕੀਤਾ ਗਿਆ। ਬੇਸ਼ੱਕ ਤੀਰ ਅੰਦਾਜ਼ੀ ਉਨ੍ਹਾਂ ਪਟਨਾ ਰਹਿੰਦਿਆਂ ਹੀ ਸਿੱਖ ਲਈ ਸੀ। ਪਰੰਤੂ ਆਨੰਦਪੁਰ ਸਾਹਿਬ ਆ ਕੇ ਉਨ੍ਹਾਂ ਸ਼ਸਤਰ ਵਿੱਦਿਆ, ਤੀਰ ਅੰਦਾਜ਼ੀ, ਤਲਵਾਰਬਾਜ਼ੀ, ਨੇਜ਼ਾ ਚਲਾਉਣਾ, ਬੰਦੂਕ ਚਲਾਉਣਾ, ਘੋੜ ਸਵਾਰੀ ਦੀ ਸਿਖ਼ਲਾਈ ਵਿੱਚ ਹੋਰ ਵੀ ਜ਼ਿਆਦਾ ਨਿਪੁੰਨਤਾ ਹਾਸਲ ਕੀਤੀ।

ਉਹ ਆਪਣੇ ਸਮੇਂ ਦੇ ਮਹਾਨ ਕਵੀ ਅਤੇ ਯੁੱਗ ਪੁਰਸ਼ ਹੋਏ ਹਨ। ਆਪ ਸਿੱਖ ਧਰਮ ਦੇ ਦਸਵੇਂ ਅਤੇ ਅੰਤਿਮ ਗੁਰੂ ਸਨ। ਆਪ ਬੜੇ ਦੂਰ ਦ੍ਰਿਸ਼ਟੀ ਰੱਖਣ ਵਾਲੇ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਉਹ ਇੱਕ ਬਹਾਦਰ ਯੋਧੇ, ਮਹਾਨ ਤਪੱਸਵੀ, ਅਦੁੱਤੀ ਤਿਆਗੀ ਅਤੇ ਉੱਚ ਕੋਟੀ ਦੇ ਵਿਦਵਾਨ ਸਨ।

ਗੁਰੂ ਜੀ ਦਾ ਸਮੁੱਚਾ ਜੀਵਨ ਕਰਮ, ਧਰਮ, ਨਿਡਰਤਾ, ਪਰਉਪਕਾਰ ਦੇ ਪੱਖ ਤੋਂ ਬੇਮਿਸਾਲ ਸੀ। ਆਪ ਕੁਰਬਾਨੀ ਦੇ ਮਹਾਨ ਪੁੰਜ ਸਨ। ਗੁਰੂ ਜੀ ਨੇ ਆਪਣੇ ਨਿੱਜੀ ਹਿੱਤਾਂ ਦਾ ਹਮੇਸ਼ਾ ਤਿਆਗ ਕਰਕੇ ਦੇਸ਼, ਕੌਮ, ਧਰਮ, ਸਮਾਜ, ਮਨੁੱਖਤਾ ਲਈ ਕੇਵਲ ਆਪਣਾ ਆਪਾ ਹੀ ਨਹੀਂ, ਸਗੋਂ ਸਮੁੱਚਾ ਸਰਬੰਸ ਹੀ ਵਾਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਇਨਕਲਾਬੀ, ਰੂਹਾਨੀ ਰਹਿਬਰ, ਸੂਰਬੀਰ ਯੋਧੇ ਅਤੇ ਸੰਤ ਸਿਪਾਹੀ ਸਨ। ਉਨ੍ਹਾਂ ਭਗਤੀ ਅਤੇ ਸ਼ਕਤੀ ਨੂੰ ਇਕੱਠੇ ਰੱਖਦੇ ਹੋਏ ਮਨੁੱਖਾਂ ਨੂੰ ਸੁਚੱਜਾ ਜੀਵਨ ਜੀਊਣ ਦਾ ਰਾਹ ਦਿਖਾਇਆ। ਸਦੀਆਂ ਤੋਂ ਚੱਲੀ ਆ ਰਹੇ ਗ਼ੁਲਾਮੀ ਅਤੇ ਜ਼ੁਲਮ ਦੀ ਸਲਤਨਤ ਨੂੰ ਠੱਲ੍ਹ ਪਾਈ। ਆਪ ਨੇ ਗ਼ੁਲਾਮੀ ਦੇ ਜੂਲੇ ਨੂੰ ਗਲੋਂ ਲਾਹ ਸੁੱਟਣ ਲਈ ਤੱਕੜੀ ਤੋਲਣ ਵਾਲਿਆਂ, ਚਿੜੀਆਂ ਤੋਂ ਡਰ ਜਾਣ ਵਾਲਿਆਂ, ਕੰਮੀਆਂ ਕਿਰਤੀਆਂ ਕਿਸਾਨਾਂ ਮਜ਼ਦੂਰਾਂ ਦੇ ਹੱਥਾਂ ਵਿੱਚ ਸ਼ਸਤਰ ਅਤੇ ਹਿਰਦਿਆਂ ਵਿੱਚ ਨਿਰਭੈਤਾ ਅਤੇ ਦਲੇਰੀ ਭਰ ਦਿੱਤੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਰਸ਼ਕ ਸਮਾਜ ਦੀ ਸਿਰਜਣਾ ਦੇ ਰਾਹ ਵਿੱਚ ਆਉਣ ਵਾਲੀਆਂ ਸਾਰੀਆਂ ਰੁਕਾਵਟਾਂ ਜਾਤ-ਪਾਤ, ਵਰਣ-ਵੰਡ, ਪਾਖੰਡਾਂ, ਮਜ਼੍ਹਬਾਂ ਦੀਆਂ ਵੰਡੀਆਂ ਨੂੰ ਜੜ੍ਹੋਂ ਪੁੱਟ ਸੁੱਟਿਆ। ਉਨ੍ਹਾਂ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦਾ ਅਲੌਕਿਕ ਸੰਦੇਸ਼ ਸਮਾਜ ਨੂੰ ਦਿੱਤਾ। ਉਨ੍ਹਾਂ ਸਿੱਖਾਂ ਨੂੰ ਮੜ੍ਹੀਆਂ, ਮਸਾਣਾਂ, ਗੋਰਾਂ, ਮੱਟਾਂ, ਜੰਡਾਂ, ਅੱਗ, ਪਾਣੀ, ਦੀ ਥਾਂ ਸ੍ਰਿਸ਼ਟੀ ਦੇ ਰਚਨਹਾਰ ਦੀ ਉਸਤਤਿ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਝੂਠੇ ਅਡੰਬਰਾਂ ਅਤੇ ਦਿਖਾਵੇ ਦੇ ਕਰਮ ਕਾਂਡਾਂ ਦਾ ਤਿਆਗ ਕਰਕੇ ਨਾਮ ਜਪਣ, ਚੰਗਿਆਈ, ਮਿਹਨਤ ਕਰਕੇ ਪ੍ਰਭੂ ਪ੍ਰੇਮ ਨਾਲ ਮਨੁੱਖਾ ਜੀਵਨ ਬਤੀਤ ਕਰਨ ਦਾ ਇੱਕ ਰੂਹਾਨੀ ਰਾਹ ਬਣਾ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਦਾ ਪੁੱਤਰ, ਸ਼ਹੀਦਾਂ ਦਾ ਪਿਤਾ, ਖੰਡੇ ਦੀ ਪਾਹੁਲ ਦਾ ਦਾਤਾ, ਕਲਗ਼ੀਆਂ ਵਾਲਾ, ਬਾਜ਼ਾਂ ਵਾਲਾ, ਨੀਲੇ ਘੋੜੇ ਦਾ ਸ਼ਾਹ ਅਸਵਾਰ, ਅੰਮ੍ਰਿਤ ਦਾ ਦਾਤਾ, ਮਾਂ ਗੁਜਰੀ ਦਾ ਪਿਆਰਾ, ਪਟਨੇ ਦਾ ਚੰਨ, ਆਪੇ ਗੁਰ ਚੇਲਾ ਆਦਿ ਹੋਰ ਅਨੇਕਾਂ ਤਖੱਲਸਾਂ ਨਾਲ ਯਾਦ ਕੀਤਾ ਜਾਂਦਾ ਹੈ।

ਪੰਜਾਬ ਦਾ ਆਦਰਸ਼ ਬੀਰ ਨਾਇਕ ਗੁਰੂ ਗੋਬਿੰਦ ਸਿੰਘ ਹੈ। ਪੰਜਾਬ ਦੀ ਇਸ ਪੁਨਰ ਰਾਜਨੀਤਕ ਚੇਤਨਾ ਦੇ ਸੰਕਲਪ ਦਾ ਮੂਲ ਆਧਾਰ ਉੱਚੀਆਂ ਅਤੇ ਸੱਚੀਆਂ-ਸੁੱਚੀਆਂ ਮਨੁੱਖੀ ਕਦਰਾਂ-ਕੀਮਤਾਂ ਹਨ। ਪੰਜਾਬ ਦੀ ਇਹ ਬੀਰ ਪਰੰਪਰਾ ਦੁਨੀਆਂ ਤੋਂ ਨਿਆਰੀ ਹੈ। ਇੱਥੇ ਜ਼ਰ, ਜ਼ੋਰੂ, ਜ਼ਮੀਨ ਲਈ ਜੰਗ ਨਹੀਂ ਹੋਈ। ਸਵੈ-ਕੀਰਤੀ, ਸਵੈ-ਵਾਸ਼ਨਾ, ਸਵੈ-ਅਹੰਕਾਰ ਲਈ ਯੁੱਧ ਨਹੀਂ ਕੀਤੇ। ਸਗੋਂ ਨਿੱਜੀ ਸੁਆਰਥ ਤੋਂ ਪੂਰੀ ਤਰ੍ਹਾਂ ਉੱਪਰ ਉੱਠ ਕੇ ਸਰਬੰਸ ਵਾਰਨ ਦੀ ਓਜਮਈ ਗਾਥਾ ਦੀ ਹਕੀਕਤ ਹੈ-

**'ਅਵਰ ਬਾਸਨਾ ਨਾਹਿ ਪ੍ਰਭ,**
**ਧਰਮ ਯੁੱਧ ਕਾ ਚਾਇ।।'**

ਸਦੀਆਂ ਤੋਂ ਲਿਤਾੜੀ, ਸਾਹ ਸੱਤਹੀਣ ਹੋ ਚੁੱਕੀ ਲੋਕਾਈ, ਹਾਸ਼ੀਏ 'ਤੇ ਧੱਕੇ ਜਾ ਚੁੱਕੇ ਲੋਕਾਂ ਅਤੇ ਮੁਰਦਾ ਹੋ ਚੁੱਕੀ ਕੌਮ ਨੂੰ ਮੁੜ ਪੈਰਾਂ ਸਿਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਵਿਸਾਖ ਸੰਮਤ 1756 (ਤੀਹ ਮਾਰਚ1699 ਈ.) ਨੂੰ ਵਿਸਾਖੀ ਵਾਲੇ ਦਿਨ ਕੇਸਗੜ੍ਹ ਕਿਲ੍ਹੇ ਵਿੱਚ



ਆਨੰਦਪੁਰ ਸਾਹਿਬ ਦੀ ਧਰਤੀ 'ਤੇ ਇੱਕ-ਇੱਕ ਕਰਕੇ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਨੇ ਆਪਣਾ ਆਪਾ ਗੁਰੂ ਜੀ ਲਈ ਅਰਪਣ ਕਰ ਦਿੱਤਾ।

ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਮੁਰਦਿਆਂ ਨੂੰ ਫ਼ਿਰ ਜੀਉਂਦਿਆਂ ਵਿੱਚ ਕਰ ਦਿੱਤਾ। ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਫ਼ਿਰ ਉਹੀ ਸਿੰਘ ਬੇਸਹਾਰਾ ਲੋਕਾਂ ਲਈ ਜ਼ੁਲਮ ਦੇ ਖਿਲਾਫ਼ ਲੜ੍ਹੇ। ਉਨ੍ਹਾਂ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਚੇਲੇ ਦੇ ਭੇਦ ਨੂੰ ਵੀ ਖ਼ਤਮ ਕਰ ਦਿੱਤਾ। ਇਸ ਤੋਂ ਪਹਿਲਾਂ ਦੁਨੀਆਂ ਦੇ ਇਤਿਹਾਸ ਵਿੱਚ ਜੇਕਰ ਕੋਈ ਗੁਰੂ ਬਣਿਆਂ ਤਾਂ ਉਹ ਸਦਾ ਗੁਰੂ ਹੀ ਬਣਿਆਂ ਰਿਹਾ। ਜੇਕਰ ਕੋਈ ਮੁਰੀਦ ਜਾਂ ਬਣਿਆਂ ਤਾਂ ਉਹ ਮੁਰੀਦ ਹੀ ਬਣਿਆਂ ਰਿਹਾ। ਸ਼ਾਗਿਰਦ ਨੂੰ ਕਦੇ ਇਹ ਮਾਣ ਹਾਸਲ ਨਾ ਹੋਇਆ ਕਿ ਉਹ ਗੁਰੂ ਬਣ ਸਕੇ। ਪਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਇਹ ਮਾਣ ਬਖ਼ਸ਼ਿਆ।

ਉਨ੍ਹਾਂ ਦਾ ਸਮਕਾਲੀ ਕਵੀ ਗੁਰਦਾਸ ਸਿੰਘ ਲਿਖਦਾ ਹੈ –

**ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ।**
**ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥**

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਖ਼ਾਲਸੇ ਦੀ ਸਿਰਜਣਾ ਕੀਤੀ। ਫ਼ਿਰ ਖ਼ਾਲਸੇ ਨੂੰ ਆਪਣਾ ਰੂਪ ਆਖਿਆ –

**ਖ਼ਾਲਸਾ ਮੇਰੋ ਰੂਪ ਹੈ ਖ਼ਾਸ।**
**ਖ਼ਾਲਸੇ ਮਹਿ ਹਉ ਕਰੋ ਨਿਵਾਸ॥**

ਦੁਨੀਆਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਕੁਝ ਪਲਾਂ ਵਿੱਚ ਹੀ ਸਾਰੀ ਦੀ ਸਾਰੀ ਕੌਮ ਨੂੰ ਜੁਝਾਰੂ ਰੂਪ ਵਿੱਚ ਸਹਿਜ ਭਾਵ ਨਾਲ ਰੁਪਾਂਤਰਣ ਕਰ ਦਿੱਤਾ ਗਿਆ ਹੋਵੇ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਨ ਸਧਾਰਨ ਉੱਤੇ ਜ਼ੁਲਮ ਅਤੇ ਸਿਤਮ ਢਾਹੁਣ ਵਾਲੇ ਹਿੰਦੂ ਪਹਾੜੀ ਰਾਜਿਆਂ ਅਤੇ ਦਿੱਲੀ ਦੇ ਜਾਬਰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਲਲਕਾਰਿਆ। ਉਨ੍ਹਾਂ ਨਾਲ ਹਥਿਆਰਬੰਦ ਟੱਕਰ ਲਈ। ਉਨ੍ਹਾਂ ਨੇ ਯੁੱਧਾਂ ਵਿੱਚ ਖ਼ੁਦ ਬੀਰਤਾ ਦੇ ਜੌਹਰ ਦਿਖਾਏ।

ਗੁਰੂ ਗੋਬਿੰਦ ਸਿੰਘ ਜੀ ਅਜਿਹੇ ਅਦੁੱਤੀ ਜਰਨੈਲ ਸਨ, ਜਿਨ੍ਹਾਂ ਨੇ ਕੇਵਲ ਬਿਆਲੀ ਸਿੰਘਾਂ ਨਾਲ ਦਸ ਲੱਖ ਲਸ਼ਕਰ ਦਾ ਬੜੀ ਬੀਰਤਾ, ਬਹਾਦਰੀ ਅਤੇ ਸੂਝਬੂਝ ਨਾਲ ਟਾਕਰਾ ਕੀਤਾ। ਹਿੰਦੂ ਧਰਮ ਦੀ ਰਾਖੀ ਲਈ ਆਪਣੇ ਪਿਤਾ ਨੂੰ ਸ਼ਹੀਦ ਹੋਣ ਲਈ ਦਿੱਲੀ ਤੋਰਿਆ। ਆਪਣੇ ਵੱਡੇ ਪੁੱਤਰਾਂ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਮੈਦਾਨਿ-ਏ-ਜੰਗ ਵਿੱਚ ਲਾੜੀ ਮੌਤ ਨੂੰ ਵਰਣ ਲਈ ਸ਼ਿੰਗਾਰਿਆ। ਦੁਨੀਆਂ ਦੇ ਇਤਿਹਾਸ ਵਿੱਚ ਬਿਦਰ, ਕੌਟੱਲਿਆ, ਪਾਣਿਨੀ ਆਦਿ ਰਾਜਨੀਤੀਵਾਨ ਹੋਏ ਹਨ, ਜਿਨ੍ਹਾਂ ਨੇ ਨੀਤੀ ਗ੍ਰੰਥ ਰਚੇ ਹਨ। ਇਨ੍ਹਾਂ ਵਿਦਵਾਨਾਂ ਨੇ ਲੋਕਾਈ ਨੂੰ ਦੱਸਿਆ ਕਿ ਦੁਨੀਆਂ ਵਿੱਚ ਜਦੋਂ ਵੀ ਕਿਧਰੇ ਲੜਾਈ ਹੋਈ ਹੈ ਤਾਂ ਉਸ ਦੇ ਕਾਰਨ ਜ਼ਰ ਜ਼ੋਰੂ ਜਾਂ ਜ਼ਮੀਨ ਸਨ। ਪਰੰਤੂ ਚਮਕੌਰ ਦੀ ਜੰਗ ਦਾ ਕਾਰਨ ਨਾ ਤਾਂ ਜ਼ਰ ਸੀ, ਨਾ ਜ਼ੋਰੂ ਸੀ, ਨਾ ਹੀ ਜ਼ਮੀਨ ਸੀ। ਸਗੋਂ ਦੁਨੀਆਂ ਦੇ ਇਤਿਹਾਸ ਵਿੱਚ ਇਹ ਇੱਕੋ-ਇੱਕ ਅਸਾਵੀਂ ਜੰਗ ਸੀ। ਜਿਸ ਵਿੱਚ ਇੱਕ ਪਾਸੇ ਪੂਰੇ ਦੇਸ਼ ਦੀ ਫ਼ੌਜੀ ਤਾਕਤ ਡਟੀ ਹੋਈ ਸੀ। ਇਤਿਹਾਸਕਾਰਾਂ ਨੇ ਜਿਸ ਦੀ ਗਿਣਤੀ ਦਸ ਲੱਖ ਤੋਂ ਵੀ ਵੱਧ ਦਰਜ ਕੀਤੀ ਹੈ। ਦੂਜੇ ਪਾਸੇ ਮੁੱਠੀ ਭਰ ਖ਼ਾਲਸਾ ਫ਼ੌਜ ਦੇ ਚਾਲੀ ਸਿੰਘ, ਦੋ ਵੱਡੇ ਸਾਹਿਬਜ਼ਾਦੇ ਅਤੇ ਦਰਵੇਸ਼ ਗੁਰੂ ਗੋਬਿੰਦ ਸਿੰਘ। ਕੁੱਲ ਗਿਣਤੀ ਤਰਤਾਲੀ ਸੀ। ਗੁਰੂ ਗੋਬਿੰਦ ਸਿੰਘ ਨੇ ਇਹ ਯੁੱਧ ਧਰਮ ਦੀ ਰੱਖਿਆ ਲਈ ਲੜਿਆ ਸੀ। ਕੌਮ ਦੀ ਰੱਖਿਆ ਲਈ ਲੜਿਆ ਸੀ। ਸਮਾਜ ਨੂੰ ਇਹ ਦੱਸਣ ਲਈ ਲੜਿਆ ਗਿਆ ਸੀ ਕਿ ਆਪਣੇ ਪੁੱਤਰਾਂ ਨੂੰ ਦੇਸ਼, ਕੌਮ, ਧਰਮ, ਸਮਾਜ ਅਤੇ ਮਨੁੱਖਤਾ ਉੱਪਰੋਂ ਕਿਵੇਂ ਕੁਰਬਾਨ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਲਿਖੇ ਇਤਿਹਾਸਕ ਖ਼ਤ ਜ਼ਫ਼ਰਨਾਮਾ ਵਿੱਚ ਉਹ ਚਮਕੌਰ ਦੀ ਜੰਗ ਦਾ ਵਾਰ-ਵਾਰ ਜ਼ਿਕਰ ਕਰਦੇ ਹਨ-

**ਗੁਰਸਨਾ: ਚਿ ਕਾਰੇ ਕੁਨਦ ਚਿਹਲ ਨਰ।**
**ਕਿ ਦਹ ਲਕ ਬਰਾਯਦ ਬਰੂ ਬੇਖ਼ਬਰ।**

ਅਰਥਾਤ ਭੁੱਖਣ ਭਾਣੇ ਚਾਲੀ ਆਦਮੀ ਕੀ ਕਰ ਸਕਦੇ ਹਨ, ਜੇਕਰ ਉਨ੍ਹਾਂ ਉੱਤੇ ਅਚਨਚੇਤ ਦਸ ਲੱਖ ਫ਼ੌਜ ਟੁੱਟ ਪਵੇ। ਜਦੋਂ ਵੱਡਾ ਸਾਹਿਬਜ਼ਾਦਾ ਅਜੀਤ ਸਿੰਘ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋ ਜਾਂਦਾ ਹੈ। ਤਦ ਉਹ ਛੋਟੇ ਸਾਹਿਬਜ਼ਾਦੇ ਨੂੰ ਆਪਣੇ ਹੱਥੀਂ ਜੰਗ ਵਿੱਚ ਜਾਣ ਲਈ ਤਿਆਰ ਕਰਦੇ ਹਨ। ਉਸ ਸਮੇਂ ਦੇ ਦ੍ਰਿਸ਼ ਨੂੰ ਅੱਲ੍ਹਾ ਯਾਰ ਖਾਂ ਜੋਗੀ ਇਉਂ ਕਲਮਬੰਦ ਕਰਦੇ ਹਨ –

**ਖ਼ਵਾਹਿਸ਼ ਹੈ ਤੁਮਹੇਂ ਤੇਗ਼ ਚਲਾਤੇ ਹੁਏ ਦੇਖੇਂ।**
**ਹਮ ਆਂਖ ਸੇ ਬਰਛੀ ਤੁਮਹੇਂ ਖਾਤੇ ਹੁਏ ਦੇਖੇਂ।**

ਚੰਡੀ ਦੀ ਵਾਰ ਦੀ ਸਭ ਤੋਂ ਵੱਧ ਖ਼ੂਬਸੂਰਤੀ ਅਤੇ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਆਪ ਨੇ ਜਿੱਥੇ ਦੁਰਗਾ ਦੇਵੀ ਨੂੰ ਬਹੁਤ ਹੀ ਬਹਾਦਰੀ ਅਤੇ ਦਲੇਰੀ ਨਾਲ ਲੜਦੇ ਵਿਖਾਇਆ ਹੈ, ਉੱਥੇ ਰਾਖਸ਼ਾਂ ਨੂੰ ਵੀ ਬੜੇ ਸੂਰਬੀਰ ਯੋਧਿਆਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ-

**ਲੱਖ ਨਗਾਰੇ ਵੱਜਨ ਆਹਮੋ ਸਾਹਮਣੇ।**
**ਰਾਕਸ਼ ਰਣੋਂ ਨਾ ਭੱਜਨ ਰੋਹੇ ਰੋਹਲੇ।**
**ਸ਼ੀਹਾਂ ਵਾਂਗੂੰ ਗੱਜਣ ਸਭੇ ਸੂਰਮੇਂ।**
**ਤਣਿ ਤਣਿ ਕੈਬਰ ਛੱਡਣ ਦੁਰਗਾ ਸਾਹਮਣੇ।**

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਾਂ ਦਾ ਮੰਗਲ ਕੀਤਾ, ਪੂਜਾ ਕੀਤੀ। ਉਨ੍ਹਾਂ ਸ਼ਸਤਰਨਾਮਾ ਮਾਲਾ ਦੀ ਸਿਰਜਣਾ ਸਮੇਂ ਅਨੇਕ ਪ੍ਰਕਾਰ ਦੇ ਹਥਿਆਰਾਂ ਨੂੰ ਵਡਿਆਇਆ ਹੈ। ਉਨ੍ਹਾਂ ਨੇ ਚਰਣਾਮ੍ਰਿਤ ਦੀ ਰੀਤ ਨੂੰ ਛੱਡ ਕੇ ਖੰਡੇਧਾਰ ਪਾਹੁਲ ਨੂੰ ਤਿਆਰ ਕੀਤਾ। ਅਰਦਾਸ ਕਰਨ ਉਪਰੰਤ ਸ਼੍ਰੀ ਸਾਹਿਬ ਨੂੰ ਭੋਗ ਲਗਾਉਣ ਲਈ ਵਰਤਿਆ ਜਾਂਦਾ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਵੀ ਸ਼ਸਤਰ ਦੁਆਰਾ ਤਿਆਰ ਕੀਤੀ ਪਾਹੁਲ (ਅੰਮ੍ਰਿਤ) ਨੂੰ ਚੇਲਾ ਬਣ ਕੇ ਨਿਮਰ ਭਾਵ ਨਾਲ ਅੰਗੀਕਾਰ ਕੀਤਾ ਸੀ। ਉਨ੍ਹਾਂ ਨੇ ਸ਼ਸਤਰ ਦੀ ਮਾਣ ਮਰਿਯਾਦਾ ਕਾਇਮ ਕੀਤੀ। ਉਨ੍ਹਾਂ ਸ਼ਸਤਰ ਨੂੰ ਕੌਮ ਦੇ ਸਰੀਰ ਦਾ ਅੰਗ ਬਣਾ ਦਿੱਤਾ। ਸ਼ਸਤਰ ਦੇ ਸੰਬੰਧ ਵਿੱਚ ਗੁਰੂ ਸਾਹਿਬ ਦੀ ਮਹਾਨਤਾ ਦੋ ਹੋਰ ਗੱਲਾਂ ਵਿੱਚ ਵੀ ਉਜਾਗਰ ਹੁੰਦੀ ਹੈ। ਪਹਿਲੀ ਇਸਤਰੀ ਜਾਤੀ ਨੂੰ ਸ਼ਸਤਰਧਾਰੀ ਹੋਣਾ ਲਾਜ਼ਮੀ ਕਰਾਰ ਦਿੱਤਾ। ਦੂਜੀ ਉਨ੍ਹਾਂ ਨੇ ਇਸਤਰੀ (ਚੰਡੀ ਦੇਵੀ) ਦੀ ਯੁੱਧ ਕਥਾ ਨੂੰ ਤਿੰਨ ਵਾਰ ਕਾਵਿ-ਬੱਧ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇੱਕੋ ਸਮੇਂ ਸ਼ਾਸਤਰ ਅਤੇ ਸ਼ਸਤਰ ਨੂੰ ਉੱਚ ਸਥਾਨ ਪ੍ਰਦਾਨ ਕੀਤਾ। ਉਨ੍ਹਾਂ ਨੇ ਸ਼ਾਸਤਰ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦਿੱਤਾ।

ਸੰਸਕ੍ਰਿਤ ਭਾਸ਼ਾ ਦੇ ਆਚਾਰੀਆ ਪੰਡਿਤ ਵਿਸ਼ਵਾਨਾਥ ਨੇ ਬੀਰ ਨਾਇਕ ਦੇ ਚਾਰ ਭੇਦ ਦੱਸੇ ਹਨ – ਯੁੱਧ ਬੀਰ, ਧਰਮ ਬੀਰ, ਦਯਾ ਬੀਰ, ਦਾਨ ਬੀਰ। ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਕ ਬੀਰ ਨਾਇਕ ਹੋਣ ਦਾ ਇੱਕ ਪ੍ਰਮਾਣ ਉਨ੍ਹਾਂ ਦੇ ਯੁੱਧ ਬੀਰ ਹੋਣ ਦੇ ਨਾਲ-ਨਾਲ ਧਰਮ ਬੀਰ, ਦਯਾ ਬੀਰ, ਦਾਨ ਬੀਰ ਵਿੱਚ ਪ੍ਰਵੀਨ ਹੋਣਾ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੀਵਨ ਦੀਆਂ ਕਠਿਨਤਮ ਅਤੇ ਸੰਕਟਮਈ ਪ੍ਰਸਥਿਤੀਆਂ ਵਿੱਚ ਵੀ ਧਰਮ ਦਾ ਸਾਥ ਨਹੀਂ ਛੱਡਿਆ। ਉਹ ਤਾਂ ਦਇਆ ਦੇ ਸਾਗਰ ਸਨ। ਉਨ੍ਹਾਂ ਦੀ ਕਿਸੇ ਨਾਲ ਜਾਤੀ ਦੁਸ਼ਮਣੀ ਨਹੀਂ ਸੀ। ਸਗੋਂ ਉਹ ਤਾਂ ਆਪਣੇ ਵਿਰੋਧੀਆਂ ਉੱਤੇ ਵੀ ਦਇਆ ਕਰਦੇ ਸਨ। ਇਹ ਵੀ ਇੱਕ ਤੱਥ ਹੈ ਕਿ ਗੁਰੂ ਜੀ ਦੇ ਤੀਰ ਵਿੱਚ ਸੋਨੇ ਦੀ ਮੋਹਰ ਲੱਗੀ ਹੁੰਦੀ ਸੀ ਤਾਂ ਜੋ ਸ਼ਹੀਦ ਹੋਣ ਵਾਲੇ ਵਿਅਕਤੀ ਦੇ ਕੱਫ਼ਣ ਦਾ ਪ੍ਰਬੰਧ ਹੋ ਸਕੇ।

ਗੁਰੂ ਜੀ ਵੱਡੇ ਦਾਨੀ ਵੀ ਸਨ। ਉਨ੍ਹਾਂ ਨੇ ਆਪਣੇ ਦਰਬਾਰ ਦੇ ਬਵੰਜਾ ਕਵੀਆਂ ਨੂੰ ਬਹੁਤ ਮੁੱਲਵਾਨ ਵਸਤੂਆਂ ਦਾਨ ਕੀਤੀਆਂ। ਉਨ੍ਹਾਂ ਨੇ ਗ਼ਰੀਬ ਦੇ ਮੁੱਖ ਨੂੰ 'ਗੁਰੂ ਕੀ ਗੋਲਕ' ਕਿਹਾ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਰਾਜੇ ਮਹਾਰਾਜੇ ਹੋਣ ਦੇ ਵਰ ਦਿੱਤੇ। ਸ਼ਕਤੀ ਅਤੇ ਮੁਕਤੀ ਦਾ ਦਾਨ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਇਹੀ ਸੰਦੇਸ਼ ਦਿੱਤਾ ਹੈ ਕਿ ਨਾ ਕਿਸੇ ਤੋਂ ਡਰੋ। ਨਾ ਕਿਸੇ ਨੂੰ ਡਰਾਉ। ਨਾ ਹੀ ਕਿਸੇ ਦਾ ਡਰ ਮੰਨੋ –

**ਭੈ ਕਾਹੂ ਕੋ ਦੇਤ ਨਹਿ,**
**ਨਹਿ ਭੈ ਮਾਨਤ ਆਨ।**

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਉਦੇਸ਼ ਸਾਰੇ ਸੰਸਾਰ ਵਿੱਚ ਮਾਨਵਤਾ ਦੇ ਧਰਮ ਦਾ ਪ੍ਰਚਾਰ ਕਰਨਾ ਸੀ। ਇਸ ਸੰਬੰਧੀ ਉਨ੍ਹਾਂ 'ਬਚਿੱਤ੍ਰ ਨਾਟਕ' ਵਿੱਚ ਲਿਖਿਆ ਹੈ-

**ਹਮ ਇਹ ਕਾਜ ਜਗਤ ਮੋਹਿ ਆਏ।**
**ਧਰਮ ਹੇਤ ਗੁਰਦੇਵ ਪਠਾਏ।**
**ਜਹਾਂ ਤਹਾਂ ਤੁਮ ਧਰਮ ਬਿਥਾਰੋ।**
**ਦੁਸ਼ਟ ਦੋਖੀਅਨ ਪਕੜ ਪਿਛਾਰੋ।**

ਗੁਰੂ ਸਾਹਿਬ ਨੇ ਦੱਸਿਆ ਹੈ ਕਿ ਉਚੇਰਾ ਅਧਿਆਤਮਕ ਜੀਵਨ ਜੀਊਣ ਲਈ ਚੰਗੇ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ। ਸਾਹਿਤ ਵਿੱਚ ਬੜੀ ਅਦਭੁੱਤ ਅਤੇ ਅਸੀਮ ਸ਼ਕਤੀ ਹੁੰਦੀ ਹੈ। ਸਾਹਿਤ ਉਹ ਕੁਝ ਵੀ ਕਰ ਦਿਖਾਉਂਦਾ ਹੈ, ਜੋ ਕਿ ਤਲਵਾਰ ਦੀ ਸ਼ਕਤੀ ਵੀ ਨਹੀਂ ਕਰ ਸਕਦੀ। ਇਸ ਪ੍ਰਕਾਰ ਸਾਹਿਤ ਜਨ ਸਧਾਰਨ ਨੂੰ ਉੱਚਾ ਉਠਾਉਣ ਵਾਲਾ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਉਦੇਸ਼ ਦੀ ਪੂਰਤੀ ਹਿੱਤ ਪ੍ਰਭੂ ਤੋਂ ਵੀ ਇਹੋ ਵਰ ਮੰਗਦੇ ਹਨ –

**ਦੇਹ ਸ਼ਿਵਾ ਬਰ ਮੋਹਿ ਇਹੈ,**
**ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।**
**ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ,**
**ਨਿਸਚੈ ਕਰ ਅਪਨੀ ਜੀਤ ਕਰੋਂ।**
**ਅਰ ਸਿੱਖ ਹੀ ਅਪਨੇ ਮਨ ਕੋ,**
**ਯਹ ਲਾਲਚ ਹੋਂ ਗੁਨ ਤਉ ਉਚਰੋਂ।**
**ਜਬ ਆਵ ਕੀ ਅਉਧ ਨਿਧਾਨ ਬਨੈ,**
**ਅਤਿ ਹੀ ਰਣ ਮੇਂ ਤਬ ਜੂਝ ਮਰੋਂ।**

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਿਆਲੀ ਸਾਲ ਦੇ ਜੀਵਨ ਕਾਲ ਵਿੱਚ ਉਹ ਅਦੁੱਤੀ, ਅਦਭੁੱਤ, ਅਸਾਧਾਰਨ, ਅਲੋਕਾਰ ਕਾਰਜ ਕਰ ਦਿੱਤੇ ਕਿ ਉਨ੍ਹਾਂ ਦੇ ਕੀਤੇ ਕਾਰਨਾਮਿਆਂ ਨੂੰ ਜਾਣ ਕੇ ਮਨੁੱਖਤਾ ਦੰਗ ਰਹਿ ਜਾਂਦੀ ਹੈ। ਉਨ੍ਹਾਂ ਨੇ ਦਮਦਮਾ ਸਾਹਿਬ ਦੇ ਸਥਾਨ 'ਤੇ ਭਾਈ ਮਨੀ ਸਿੰਘ ਨੂੰ ਲਿਖਾਰੀ ਦੀ ਸੇਵਾ ਸੌਂਪ ਕੇ ਆਦਿ ਗ੍ਰੰਥ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਦਰਜ ਕੀਤਾ। ਇਸ ਪ੍ਰਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਿੱਖਾਂ ਦੇ ਗੁਰੂ ਰੂਪ ਵਿੱਚ ਸਥਾਪਤ ਕਰਕੇ ਕੇਵਲ ਸਿੱਖਾਂ ਲਈ ਹੀ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਭਲੇ ਹਿੱਤ ਰਾਹ ਦਸੇਰੀ ਅਤੇ ਚਾਨਣ ਮੁਨਾਰਾ ਸਾਬਤ ਹੋ ਰਹੀ ਹੈ।

ਅੱਜ ਦਸਮੇਸ਼ ਪਿਤਾ ਦੇ ਪਾਵਨ ਪ੍ਰਕਾਸ਼ ਪੁਰਬ ਦੇ ਸ਼ੁਭ ਦਿਹਾੜੇ 'ਤੇ ਲੋੜ ਇਸ ਗੱਲ ਦੀ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੇ ਸਿਧਾਂਤਾਂ ਉੱਤੇ ਪਹਿਰਾ ਦਿੰਦੇ ਹੋਏ ਸਮਾਜ ਵਿੱਚ ਵਿਚਰਦੇ ਹੋਏ ਆਪਸੀ ਪਿਆਰ, ਸਦਭਾਵਨਾ, ਭਾਈਚਾਰਕ ਸਾਂਝ, ਏਕਤਾ ਨੂੰ ਦ੍ਰਿੜ੍ਹ ਕਰੀਏ। ਜਾਤ ਪਾਤ, ਮਜ਼੍ਹਬ, ਧਰਮ, ਭਾਸ਼ਾ, ਖੇਤਰ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਉਸ ਪ੍ਰਭੂ ਦੀ ਸਿਰਜਣਾ ਮੰਨ ਕੇ ਇੱਕ ਦੂਜੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੀਏ ਤਾਂ ਜੋ ਸਰਬੱਤ ਦੇ ਭਲੇ ਵਾਲੇ ਸਮਾਜ ਦੀ ਸਿਰਜਣਾ ਹੋ ਸਕੇ।

# ਲੋਹੜੀ ਦੇ ਜਸ਼ਨ : ਸਿਰਫ ਮੁੰਡੇ ਲਈ ਜਾਂ ਕੁੜੀ ਲਈ ਵੀ

ਨਛੱਤਰ ਸਿੰਘ ਬਦੇਸ਼ਾ



ਉੱਤਰੀ ਭਾਰਤ ਦੇ ਸੱਭਿਆਚਾਰ ਵਿੱਚ ਲੋਹੜੀ ਦਾ ਤਿਉਹਾਰ ਸਦੀਆਂ ਤੋਂ ਚਲਿਆ ਆ ਰਿਹਾ ਹੈ ਅਤੇ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਮਨਾਇਆ ਜਾਂਦਾ ਹੈ। 'ਮਾਘੀ' ਦੇ ਦਿਨ ਤੋਂ ਇੱਕ ਰਾਤ ਪਹਿਲਾਂ ਧੂਣੀਆਂ ਬਾਲਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ। ਪੁਰਾਣੇ ਸਮੇਂ ਅਮਦਰ, ਇਸ ਵੇਲੇ ਗੁੜ ਦੀ ਭੇਲੀ, ਘਰ ਘਰ ਜਾ ਕੇ ਲੋਹੜੀ ਮੰਗਣਾ ਤੇ ਗੀਤਾਂ ਰਾਹੀਂ ਜਨਮੇ ਮੁੰਡੇ ਦੇ ਸੋਹਲੇ ਗਾਉਣਾ ਹੀ ਸ਼ਾਮਲ ਹੁੰਦਾ ਸੀ। ਪਰ ਅੱਜੋਕੇ ਸਮੇਂ ਇਹ ਰਸਮ ਵਧਾਈਆਂ ਦੇਣ ਤੋਂ ਇਲਾਵਾ ਵਿਆਹ ਵਾਂਗ ਰਿਸ਼ਤੇਦਾਰਾਂ, ਮਿੱਤਰ ਦੋਸਤਾਂ ਤੇ ਸਨੇਹੀਆਂ ਨੂੰ ਨੱਚਣ-ਗਾਉਣ, ਭੰਗੜਾ-ਗਿੱਧਾ ਇਥੋਂ ਤੱਕ ਚੋਟੀ ਦੇ ਸਿੰਗਰਾਂ ਤੱਕ ਨੂੰ ਬੁਲਾ ਕੇ ਖਰਚੀਲਾ ਬਣਾਇਆ ਜਾ ਰਿਹਾ ਹੈ। ਪਰ ਇਸ ਦੇ ਉਲਟ ਕੁੜੀ ਦੇ ਜਨਮ ਨੂੰ ਸਾਧਾਰਣ ਤਰੀਕੇ ਨਾਲ ਮਨਾਉਣ ਲਈ ਕਿਨਾਰਾਕਸ਼ੀ ਕਰ ਲਈ ਜਾਂਦੀ ਹੈ। ਇਸ ਤੋਂ ਪੰਜਾਬੀਆਂ ਦੀ ਮਰਦ ਪ੍ਰਧਾਨ ਸੋਚ ਅਤੇ ਔਰਤ ਪ੍ਰਤੀ ਵਿਤਕਰੇ ਦਾ ਪਤਾ ਚਲਦਾ ਹੈ ਕਿ ਉਸਨੇ ਤਿਉਹਾਰਾਂ ਦੇ ਰੂਪ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਿਆ ਹੈ। ਲੋਹੜੀ ਦਾ ਇਤਿਹਾਸਕ ਪੱਖ ਦੋ-ਤਿੰਨ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਜੋ ਕਿ ਲੋਹੜੀ ਦੇ ਦਿਨਾਂ ਵਿਚ ਵਧਾਈਆਂ ਜਾਂ ਗਾਉਣ ਦੇ ਰੂਪ ਵਿਚ ਪਰਚਾਇਆ ਜਾਂਦਾ ਹੈ। ਜਨਮ ਵਾਲੇ ਮੁੰਡੇ ਦਾ ਘਰ ਲੱਭਣਾ, ਗੁੜ ਦੀ ਭੇਲੀ ਲੈਣੀ ਤੇ ਸਾਂਝੀ ਥਾਂ 'ਤੇ ਇਕੱਠੇ ਹੋ ਕੇ ਲੋਹੜੀ ਵਾਲੀ ਰਾਤ ਵੰਡਣਾ, ਟੋਲੀਆਂ ਬਣਾ ਕੇ ਘਰ ਘਰ ਜਾ ਕੇ ਮੰਗਣਾ, ਧੂਣੀ ਬਾਲਣੀ ਤੇ ਵਿਚ ਤਿੱਲ ਸੁੱਟਣਾ ਆਦਿ। ਮੂੰਗਫਲੀ, ਗੱਚਕ, ਰਿਓੜੀਆਂ, ਭੁੱਗਾ, ਮੱਕੀ ਦਾਣੇ, ਮੁਰਮਰੇ ਵਰਗੀਆਂ ਚੀਜ਼ਾਂ ਲੋਹੜੀ ਦੀ ਪਹਿਚਾਣ ਬਣ ਗਏ ਹਨ। ਹੁਣ ਪਰਵਾਸ ਦੇ ਅਜੋਕੇ ਦੌਰ ਵਿੱਚ, ਜਿਥੇ ਜਿਥੇ ਵੀ ਪੰਜਾਬੀ ਜਾਂ ਭਾਰਤੀ ਜਿਥੇ ਵੀ ਗਏ ਹਨ, ਉਥੇ ਵੀ ਬਹੁਤ ਹੀ ਖਰਚੀਲੇ ਸਾਧਨਾਂ ਨਾਲ ਆਪਣੇ ਪੁੱਤਰ ਦੇ ਜਨਮ ਜਾਂ ਵਿਆਹ ਦੀ ਖੁਸ਼ੀ ਸਾਂਝੀ ਕਰਦੇ ਹਨ। ਅੱਜ ਕੱਲ੍ਹ ਤਾਂ ਲੋਹੜੀ ਦਾ ਰੂਪ ਨਵੇਂ ਤਕਨੀਕੀ ਯੁੱਗ ਵਿਚ ਬਦਲ ਗਿਆ ਹੈ।

ਬੱਚਿਆਂ ਲਈ ਲੋਹੜੀ ਦਾ ਆਪਣਾ ਹੀ ਚਾਅ ਹੁੰਦਾ ਹੈ, ਹਰ ਕਿਸੇ ਲਈ ਬਚਪਨ ਦੀਆਂ ਅਭੁੱਲ ਯਾਦਾਂ ਵੀ ਹਨ। ਮੇਰੇ ਬਚਪਨ ਦੀ ਯਾਦਾਂ ਵਿੱਚ ਵੀ, ਸੰਨ 1966-67 ਵਿਚ ਜਦੋਂ ਛੇਵੀਂ ਜਮਾਤ ਵੇਲੇ ਦੀ ਲੋਹੜੀ ਅਤੇ ਨਾਲ ਹੀ ਰਵਾਇਤੀ ਕਿੱਸੇ ਹੁਣ ਵੀ ਯਾਦ ਆਉਂਦੇ ਹਨ। ਲੋਹੜੀ ਤੋਂ ਦੋ ਤਿੰਨ ਦਿਨ ਪਹਿਲਾਂ ਹੀ ਤਿਆਰੀਆਂ ਹੋ ਜਾਂਦੀਆਂ ਸਨ। ਮੁੰਡੇ, ਕੁੜੀਆਂ ਅੱਡ-ਅੱਡ ਟੋਲੀਆਂ ਬਣਾ ਕੇ ਗੁੜ ਦੀਆਂ ਭੇਲੀਆਂ ਇਕੱਠੇ ਕਰਕੇ ਰਾਤ ਪੈਣ 'ਤੇ ਸਾਂਝੀ ਥਾਂ 'ਤੇ ਗੁੜ ਤੋੜ ਕੇ ਆਪਸ ਵਿਚ ਵੰਡਦੇ ਸੀ। ਮੈਂ ਆਪਣੇ ਭਰਾ ਨਾਲ ਜਾ ਕੇ ਸ਼ਾਮਲ ਹੁੰਦਾ ਸੀ। ਮੈਂ ਆਪਣੀ ਮਾਂ ਨੂੰ ਹਮੇਸ਼ਾ ਪੁੱਛਦਾ ਬੇਬੇ 'ਸੰਤੋ ਦੇ ਪੁੱਤ ਦੀਪੇ ਦੀ ਲੋਹੜੀ ਵਿਆਹ ਵਾਂਗ ਮਨਾਈ ਹੈ ਜਦੋਂ ਕਿ ਚਾਚੇ ਦੀ ਧੀ ਗੁੱਡੋ ਦੇ ਜਨਮ 'ਤੇ ਕੁਝ ਵੀ ਨਹੀਂ, ਇਹ ਕਿਉਂ?' ਬੇਬੇ ਦਾ ਜਵਾਬ ਇਹੀ ਹੁੰਦਾ ਕਿ ਲੋਹੜੀ ਮੁੰਡਿਆਂ ਦੀ ਮਨਾਈ ਜਾਂਦੀ ਹੈ, ਕੁੜੀਆਂ ਦੀ ਨਹੀਂ ਕਿਉਂਕ ਮੁੰਡਿਆਂ ਨੇ ਪਰਿਵਾਰ ਦੇ ਵੰਸ਼ ਨੂੰ ਅੱਗੇ ਤੋਰਨਾ ਹੁੰਦਾ ਹੈ ਜਦੋਂ ਕਿ ਕੁੜੀਆਂ ਨੇ ਵਿਆਹ ਤੋਂ ਦੂਜੇ ਪਰਿਵਾਰ ਵਿਚ ਚਲੇ ਜਾਣਾ ਹੁੰਦਾ ਹੈ। ਬੇਬੇ ਦਾ ਪੁਰਾਣੀ ਸੋਚ 'ਚ ਜਵਾਬ ਹੁੰਦਾ ਕਿ "ਕੁੜੀ ਦਾ ਜਨਮ ਦਿਨ ਮਨਾਉਣ ਤੇ ਅਗਲੀ ਵੀ ਕੁੜੀ ਹੋਵੇਗੀ।" ਇਹ ਗੱਲ ਮੈਨੂੰ ਹਜਮ ਨਹੀਂ ਹੁੰਦੀ ਸੀ। ਮਾਂ ਨੇ ਗੱਲ ਟਾਲਣ ਲਈ ਦੁੱਲੇ ਭੱਟੀ ਦੀ ਗਾਥਾ ਛੇੜਣੀ ਸ਼ੁਰੂ ਕਰ ਦੇਣੀ ਕਿ ਤੂੰ ਸੁਣਿਆ:

**"ਸੁੰਦਰ ਮੁੰਦਰੀਏ ਹੋ**
**ਤੇਰਾ ਕੌਣ ਵਿਚਾਰਾ ਹੋ**
**ਦੁੱਲਾ ਭੱਟੀ ਵਾਲਾ ਹੋ।"**

ਦੱਸਣਾ ਸ਼ੁਰੂ ਕਰ ਦੇਣਾ ਕਿ ਕਿਵੇਂ ਦੋ ਕੁੜੀਆਂ ਸੁੰਦਰੀ ਤੇ ਮੁੰਦਰੀ ਦਾ ਬਚਾਅ ਰਾਜੇ ਦੇ ਬੂਟ ਚੱਟ ਜਰਨੈਲਾਂ ਤੋਂ ਸੂਰਬੀਰ ਯੋਧੇ ਦੁੱਲੇ ਭੱਟੀ ਨੇ ਕੀਤਾ ਸੀ। ਇਹ ਸਮਝਿਆ ਜਾਂਦਾ ਹੈ ਕਿ ਲੋਹੜੀ ਦਾ ਤਿਉਹਾਰ ਦੁੱਲੇ ਭੱਟੀ ਦੀ ਸੂਰਬੀਰਤਾ ਨੂੰ ਸਮਰਪਤ ਕੀਤਾ ਜਾਂਦਾ ਹੈ।

ਲੋਹੜੀ ਦੇ ਤਿਉਹਾਰ ਨੂੰ ਮੌਸਮ ਦੇ ਪੱਖ ਤੋਂ ਸਮਝਿਆ ਜਾਂਦਾ ਹੈ ਕਿ ਇਹ ਸਰਦ ਰੁੱਤ ਦਾ ਅਖੀਰ ਪੜਾਅ ਹੁੰਦਾ ਹੈ ਭਾਵ ਕਿ ਲੋਹੜੀ ਤੋਂ ਬਾਅਦ ਆਲਸ ਘੱਟ ਜਾਂਦੀ ਹੈ ਤੇ ਹਿੰਮਤ ਤੇ ਹੌਸਲੇ ਦੀ ਸ਼ੁਰੂਆਤ ਹੁੰਦੀ ਹੈ। ਭਾਵ ਗਰਮੀ ਵੱਲ ਰੁੱਤ ਨੇ ਆਗਾਜ਼



ਕਰਨਾ ਹੁੰਦਾ ਹੈ ਇਸੇ ਲਈ ਰਾਤ ਨੂੰ ਧੂਣੀ ਬਾਲ ਕੇ ਉਸ ਵਿਚ ਸਾਰੇ ਪਰਿਵਾਰ ਨੇ ਤਿਲ ਸੁਟ ਕੇ ਇਹ ਬੋਲਣਾ ਹੁੰਦਾ ਹੈ :

**"ਈਸ਼ਰ ਆਏ,**
**ਦਲਿਦਰ ਜਾਏ,**
**ਦਲਿਦਰ ਦੀ ਜੜ੍ਹ ਚੁੱਲ੍ਹੇ ਪਾਏ।"**

ਭਾਵ ਕਿ ਹਿੰਮਤ ਆਵੇ ਤੇ ਆਲਸਪੁਣਾ ਜਾਵੇ। ਰਾਤ ਨੂੰ ਨੌਜਵਾਨ ਮੁੰਡੇ ਕੁੜੀਆਂ ਵੱਖੋ-ਵੱਖਰੀਆਂ ਟੋਲੀਆਂ ਬਣਾ ਕੇ ਸਾਰੇ ਘਰਾਂ ਵਿਚ ਮੰਗਣ ਜਾਂਦੇ ਸਨ। ਘਰ ਵਾਲੇ ਸਮਰੱਥਾ ਅਨੁਸਾਰ ਅਨਾਜ ਉਨ੍ਹਾਂ ਦੀ ਝੋਲੀ ਵਿਚ ਪਾਉਂਦੇ ਸਨ। ਟੋਲੀ ਵਾਲੇ ਹੇਕ ਲਾ ਕੇ ਗੀਤ ਵੀ ਬੋਲਦੇ ਸਨ :

**"ਸੋਡੀ ਕੋਠੀ ਹੇਠ ਡੱਕਾ,**
**ਸੋਡਾ ਪੁੱਤ ਚੜੂਗਾ ਯੱਕਾ"**



ਇਹ ਜਦੋਂ ਸਾਡੇ ਘਰ ਮੰਗਣ ਆਉਂਦੇ ਤਾਂ ਇਹ ਸ਼ਬਦ ਬੋਲਦੇ ਸਨ ਤਾਂ ਮੈਂ ਬੇਬੇ ਨੂੰ ਪੁੱਛ ਬੈਠਦਾ ਕਿ ਇਹ ਮੈਨੂੰ ਹੀ ਕਿਉਂ ਕਹਿੰਦੇ ਹਨ। ਮੇਰੀ ਭੈਣ ਨੂੰ ਕਿਉਂ ਨਹੀਂ ਚਾੜ੍ਹਦੇ ਯੱਕਾ। ਬੇਬੇ ਦਾ ਕੋਈ ਜਵਾਬ ਨਾ ਹੁੰਦਾ ਤੇ ਕਹਿ ਛੱਡਦੀ "ਸਵੇਰੇ ਸਕੂਲ ਵਿਚ ਮਾਸਟਰ ਨੂੰ ਪੁੱਛ ਲਈਂ"। ਗੀਤਾਂ ਵਿਚ ਮਰਦ ਪ੍ਰਧਾਨ ਸਮਾਜ ਨੇ ਧੌਂਸ ਜਮਾਈ ਹੋਈ ਹੈ। ਇਹ ਬੋਲਾਂ ਦੇ ਸ਼ਬਦਾਂ ਤੋਂ ਪਤਾ ਲੱਗ ਜਾਂਦਾ ਹੈ:

**"ਪੁੱਤ ਮਿਠੜੇ ਮੇਵੇ,**
**ਰੱਬ ਸਭ ਨੂੰ ਦੇਵੇ।"**

ਲੋਹੜੀ ਦੇ ਰੰਗ-ਢੰਗ ਸਮੇਂ ਨਾਲ ਬਦਲਦੇ ਗਏ, ਪਰ ਤਿਉਹਾਰਾਂ ਨੂੰ ਮਰਦ ਪ੍ਰਧਾਨ ਸਮਾਜ ਵਲੋਂ ਆਪਣੇ ਹਿੱਤਾਂ ਦੇ ਵਰਤੇ ਜਾਣ ਨਾਲ-ਨਾਲ ਔਰਤਾਂ ਦੀ ਸਮਾਜ ਵਿਚ ਸਥਿਤੀ ਚਿੰਤਾਜਨਕ ਬਣਦੀ ਗਈ। ਸਾਡੇ ਯੂਨੀਵਰਸਿਟੀ ਦਾਖਲੇ ਵੇਲੇ ਕਲਾਸਾਂ ਵਿਚ ਕੁੜੀਆਂ ਦੀ ਗਿਣਤੀ ਮੁੰਡਿਆਂ ਦੇ ਨਾਲੋਂ ਦੁੱਗਣੀ ਹੋਇਆ ਕਰਦੀ ਸੀ। ਪਰ ਸਾਲ 1991 ਤੇ 2001 ਦੀ ਜਨਗਣਨਾ 'ਚ ਹੋਈ ਜਦੋਂ ਨਵ-ਬੱਚੀਆਂ ਦੀ ਗਿਣਤੀ ਪੰਜਾਬ ਤੇ ਹਰਿਆਣਾ 17 ਜ਼ਿਲ੍ਹੇ ਰੈਡ ਲੇਵਲ ਦੀ ਨਿਸ਼ਾਨਦੇਹੀ ਕੀਤੀ ਗਈ ਜਿਸ ਵਿੱਚ ਲਿੰਗ ਅਨੁਪਾਤ ਦੀ ਹਾਲਤ ਜ਼ਿਆਦਾ ਚਿੰਤਾਜਨਕ ਨਜ਼ਰ ਆਈ। ਇਨ੍ਹਾਂ ਜ਼ਿਲ੍ਹਿਆਂ ਵਿਚ ਲਿੰਗ ਅਨੁਪਾਤ 1000 ਮੁੰਡਿਆਂ ਪਿਛੇ ਕੁੜੀਆਂ 700-800 ਵਿਚਕਾਰ ਰਹਿ ਗਈਆਂ ਜੋ ਕਿ ਬਹੁਤ ਹੀ ਸਮਾਜਿਕ ਵਰਤਾਰੇ ਲਈ ਨਮੋਸ਼ੀ ਵਾਲੀ ਸੀ। ਸਰਕਾਰ ਨੇ 'Girl Child' ਦੀਆਂ ਸਕੀਮਾਂ ਤੇ ਐਕਟ ਬਣਾਉਣੇ ਸ਼ੁਰੂ ਕੀਤੇ। ਯੂਨੀਸੈਫ ਵਲੋਂ Right to Birth, Right to Survival ਤੇ Right to Education ਤੇ ਅਮਲ ਦੁਰਹਾਉਣ ਲੱਗੇ। ਇਨ੍ਹਾਂ 20-25 ਸਾਲਾਂ ਵਿਚ ਇੱਕਾ ਦੁੱਕਾ ਹੀ ਪਰਿਵਾਰ ਹੋਣਗੇ ਜਿਨ੍ਹਾਂ ਨੇ ਆਪਣੀ ਕੁੜੀ ਦੀ ਲੋਹੜੀ ਮਨਾਉਣ ਲਈ ਅੱਗੇ ਆਏ ਹੋਣ। ਅਸੀਂ ਵੀ ਸਾਲ 2000 ਵਿਚ ਕੁੜੀ ਦੀ ਲੋਹੜੀ ਮਨਾਉਣ ਲਈ ਕੋਸ਼ਿਸ਼ ਕੀਤੀ ਤੇ ਕਾਮਯਾਬ ਹੋਈ ਤੇ ਅਗਲੇ ਸਾਲ state celebration feather ਬਣ ਗਿਆ। ਸਮਾਜਿਕ, ਧਾਰਮਿਕ ਤੇ ਲੋਕਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਪਰਿਵਾਰ ਬੱਚੀ ਨੂੰ ਜਨਮ ਦਾ ਅਧਿਕਾਰ ਦੇਣ ਲਈ ਆਉਣ ਲੱਗੇ। ਭਾਵੇਂ ਕਿ PNDT Act, Anti Dowry Act ਤੇ Domestic Violence Act ਬਣਾ ਦਿੱਤੇ ਗਏ ਸਨ ਪਰ ਲੋਕ ਚੇਤਨਾ ਤੇ ਅਮਲ ਤੋਂ ਬਿਨਾਂ ਇਕ ਕਾਗਜ਼ੀ ਰੂਪ ਬਣ ਕੇ ਰਹਿ ਜਾਂਦੇ ਹਨ। ਅਸਲ ਵਿਚ ਸਾਨੂੰ ਸੌੜੀ ਸੋਚ ਨੂੰ ਤਿਆਗਣ ਦੀ ਲੋੜ ਹੈ ਜਿਹੜੀ 'ਪੁੱਤ ਮਿੱਠੜੇ ਮੇਵੇ' ਤੱਕ ਸੀਮਤ ਕਰ ਰਹੀ ਤੇ ਨੰਨੀ ਬੱਚੀ ਨੂੰ ਆਪਣਾ ਜਨਮ ਲੋਹੜੀ ਦਾ ਤਿਉਹਾਰ ਦੇ ਰੂਪ ਵਿਚ ਮਨਾਉਣ ਤੋਂ ਰੋਕ ਰਹੀ ਹੇ।

ਜੇਕਰ ਅਸੀਂ ਸੱਚੀ-ਮੁੱਚੀ ਲਿੰਗ ਅਨੁਪਾਤ ਦੇ ਪਾੜੇ ਨੂੰ ਘਟਾ ਕੇ ਸਮਾਜਿਕ ਸਮਾਨਤਾ ਵੱਲ ਲਿਜਾਣਾ ਚਾਹੁੰਦੇ ਹਾਂ ਤਾਂ ਵਿਗਿਆਨਕ ਵਿਚਾਰਾਂ ਨੂੰ ਅਪਣਾ ਕੇ ਤਰਕ ਨਾਲ ਤਿਉਹਾਰਾਂ ਉਤੇ ਮਰਦ ਪ੍ਰਧਾਨ ਸਮਾਜ ਵਲੋਂ ਬਣਾਈ ਅਜਾਰੇਦਾਰੀ ਤੋੜਣੀ ਹੋਵੇਗੀ ਤੇ ਇਸ ਦਾ ਹੱਲ ਲੋਕ ਚੇਤਨਾ ਹੈ। ਦਾਜ, ਘਰੇਲੂ ਹਿੰਸਾ, ਅਣਸੁਖਾਵਾਂ ਮਾਹੌਲ ਤੇ ਲਿੰਗ ਨਿਰਧਾਰਨ ਟੈਸਟ ਵਰਗੀਆਂ ਅਲਾਮਤਾ ਤੇ ਨਕੇਲ ਕੱਸਣੀ ਪਵੇਗੀ ਤੇ ਅਜਿਹੀ ਸਮਾਜਿਕ ਚੇਤਨਾ ਪੈਦਾ ਕੀਤੀ ਜਾਵੇ ਤਾਂ ਕਿ 'ਕੁੱਖਾਂ ਕਬਰਾਂ' ਨਾ ਬਣਨ ਤੇ ਪੰਜਾਬ 'ਕੁੜੀਮਾਰਾਂ' ਦਾ ਨਾ ਬਣੇ। ਅਜਿਹੀ ਸੋਚ ਅਪਣਾਈਏ ਤਾਂ ਕਿ ਭਰੂਣ ਨੂੰ ਜਨਮ ਦਾ ਅਧਿਕਾਰ ਤੇ ਨਵਜੰਮੀ ਬੱਚੀ ਨੂੰ ਜਿਉਣ ਦੇ ਅਧਿਕਾਰ ਦੇ ਤੌਰ 'ਤੇ ਜੀ ਆਇਆਂ ਕਹਿਣ ਲਈ ਲੋਹੜੀ ਮਨਾਈ ਜਾਵੇ। ਆਓ ਸੰਕਲਪ ਕਰੀਏ ਕਿ ਮੁੰਡੇ ਦੀ ਲੋਹੜੀ ਦੇ ਨਾਲ ਕੁੜੀਆਂ ਵਾਲੇ ਮਾਪੇ ਵੀ ਲੋਹੜੀ ਮਨਾਉਣ ਲਈ ਅੱਗੇ ਆਉਣ, ਨਹੀਂ ਤਾਂ ਵੱਡੇ ਹੋ ਕੇ ਕੁੜੀ ਆਪਣੇ ਮਾਂ ਬਾਪ ਨੂੰ ਇਹ ਸਵਾਲ ਤਾਂ ਜ਼ਰੂਰ ਪੁੱਛੇਗੀ ਕਿ ਮੇਰੀ ਲੋਹੜੀ ਕਿਉਂ ਨਹੀਂ ਮਨਾਈ ਤੇ ਮੇਰੇ ਜਨਮ ਦੀ ਖੁਸ਼ੀ ਕਿਉਂ ਨਹੀਂ ਮਨਾਈ।

**(ਇਸ ਲੇਖ ਦੇ ਲੇਖਕ, ਪੰਜਾਬ ਸਰਕਾਰ ਦੇ 'ਇਸਤਰੀ ਅਤੇ ਬਾਲ ਵਿਕਾਸ ਵਿਭਾਗ' ਦੇ ਸਾਬਕਾ ਜੁਟਾਇੰਟ ਡਾਇਰੈਕਟਰ ਹਨ)**

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com


Universal Health
It's all about "U"
PHARMACY
Compounding & Home Health Care


Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

# ਸੀਰੀਅਨ ਲੋਕਾਂ ਦਾ ਦੁਸ਼ਮਣ - ਸਾਮਰਾਜੀ ਤਣਾਅ

**ਪਰਮਜੀਤ ਰੋਡੇ**



ਅੱਠ ਦਸੰਬਰ ਤੋਂ ਪਹਿਲਾਂ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਸੀਰੀਆ ਦਾ ਜ਼ਾਲਮ ਰਾਸਟਰਪਤੀ 'ਬਸਰ ਅਲ-ਅਸਾਦ' ਇਸ ਤਰਾਂ ਜ਼ਲੀਲ ਹੋਕੇ, ਅਚਾਨਕ ਦੇਸ ਛੱਡਕੇ ਭੱਜ ਜਾਵੇਗਾ। ਕੋਈ ਨਹੀਂ ਸੀ ਜਾਣਦਾ ਕਿ ਸਿਰਫ ਗਿਆਰਾਂ ਦਿਨਾ ਦੀ ਲੜਾਈ, ਪਿਛਲੇ 53 ਸਾਲਾਂ ਤੋ ਚਲੇ ਆ ਰਹੇ ਇਕੋ ਪਰੀਵਾਰ ਦਾ ਰਾਜਵੰਸ਼ ਖਤਮ ਕਰ ਦੇਵੇਗੀ। ਦੋ ਜੱਥੇਬੰਦੀਆਂ; 'ਹੇਅਤ ਤਾਹੀਰ ਅਲ-ਸ਼ਾਮ' ਅਤੇ 'ਸੀਰੀਅਨ ਨੈਸਨਲ ਆਰਮੀ' ਦੇ ਲੜਾਕੇ, ਇੰਨੀ ਤੇਜ਼ ਗਤੀ ਨਾਲ ਦੇਸ਼ ਦੀ ਰਾਜਧਾਨੀ 'ਦਮਸ਼ਕਤ ਵੱਲ ਵਧੇ ਕਿ ਉਨਾ ਦੇ ਦੋਸਤਾਂ/ਦੁਸ਼ਮਣਾ ਲਈ ਇਹ ਕਿਸੇ ਅਚੰਭੇ ਤੋਂ ਘੱਟ ਨਹੀਂ ਸੀ! ਤੇਰਾਂ ਸਾਲ ਪਹਿਲਾਂ 2011 'ਚ ਸ਼ੁਰੂ ਹੋਈ ਸੀਰੀਅਨ ਸਿਵਲ ਵਾਰ ਦੇ ਇਸ ਤਰਾਂ ਅਚਾਣਕ ਜੇਤੂ-ਮੋੜ ਕੱਟ ਲੈਣ ਨੇ, ਅਸਿੱਧੇ ਢੰਗ ਨਾਲ ਸੀਰੀਆ ਦੀ ਸਿਵਲ-ਵਾਰ 'ਚ ਉਲਝੀਆਂ ਸਾਮਰਾਜੀ ਤੇ ਰੀਜ਼ਨਲ ਪਿਛਾਖੜੀ ਸਰਕਾਰਾਂ ਦੇ ਮੁਖੀਆਂ ਲਈ ਲਈ ਭੰਬਲਭੂਸਾ ਖੜਾ ਕਰ ਦਿੱਤਾ ਕਿ ਉਹ ਇਸ ਇਤਿਹਾਸਕ ਘਟਨਾ ਸਬੰਧੀ ਮੀਡੀਏ 'ਚ ਕਿਹੋ ਜਿਹਾ ਬਿਆਨ ਦੇਣ ਅਤੇ ਕੀ ਪੁਜੀਸ਼ਨ ਲੈਣ!

ਗੱਲ ਸਿਰਫ ਸੀਰੀਆ ਦੀ ਨਹੀਂ ਸਮੁੱਚੇ ਮੱਧ ਪੂਰਬ ਖਿੱਤੇ ਦੀ ਹੈ। ਇਸਦੇ ਆਰਥਕ ਸੋਮਿਆਂ ਅਤੇ ਟਰੇਡ ਰੁਟਾਂ 'ਤੇ ਕਿਹੜੀ ਸਾਮਰਾਜੀ ਤਾਕਤ/ਧਿਰ ਦਾ ਕਬਜ਼ਾ ਹੋਵੇ? ਇਹ ਕਬਜ਼ਾ ਕਰਨ ਤੇ ਬਣਾਈ ਰੱਖਣ ਲਈ ਖਿੱਤੇ ਦੇ ਕਿਹੜੇ ਦੇਸ਼ 'ਚ ਕਿਹੋ ਜਿਹੀ ਪਿਛਾਖੜੀ ਸਰਕਾਰ ਹੋਵੇ? ਅਪਣੇ ਇੰਨਾ ਬੁਰੇ/ਲੋਕ-ਦੋਖੀ ਇਰਾਦਿਆਂ ਦੀ ਪੂਰਤੀ ਲਈ ਕਿਹੋ ਜਿਹੇ ਹੱਥ-ਕੰਡੇ ਅਤੇ ਕਿਹੋ ਜਿਹੀਆਂ ਚਾਲਾਂ ਚੱਲੀਆਂ ਜਾਣ? ਇਹ ਹੈ ਇੰਨਾ ਤਾਕਤਾਂ ਦੇ ਬੁਰੇ ਇਰਾਦਿਆਂ ਦਾ ਪਰਸੰਗ ਜੀਹਦੇ 'ਚ ਰੱਖਕੇ ਸਾਨੂੰ ਦੇਸ ਸੀਰੀਆ ਦੀਆਂ ਘਟਨਾਵਾਂ ਤੇ ਇਸਦੀ ਹੋਣੀ ਨੂੰ ਵਿਚਾਰਣਾ/ਸਮਝਣਾ ਚਾਹੀਦਾ ਹੈ।

ਮੱਧਪੂਰਬ ਦੇ ਕੇਂਦਰ 'ਚ ਸਥਿਤ, ਮੈਡੀਟੇਰੀਅਨ ਸਮੁੰਦਰ ਦੇ ਕੰਢੇ ਤੇ ਵਸਿਆ ਅਤੇ 24 ਮਿਲੀਅਨ ਦੀ ਅਬਾਦੀ ਵਾਲਾ ਦੇਸ ਸੀਰੀਆ; ਤੁਰਕੀ, ਇਰਾਕ, ਜਾਰਡਨ, ਲਿਬਨਾਨ ਤੇ ਇਜ਼ਰਾਈਲ/ਫਲਸਤੀਨ ਦੇਸ਼ਾ 'ਚ ਘਿਰਿਆ ਹੋਇਆ ਹੈ। ਵਿਆਪਕ ਪੇਟਰੋਲੀਅਮ ਰੀਜ਼ਰਵਜ ਦਾ ਮਾਲਕ, ਲੁਭਾਉਣਾ ਵਪਾਰਕ ਰੂਟ, ਏਸੀਆ-ਯੂਰਪ-ਅਫਰੀਕਾ ਦੇ ਚੌਰਾਹੇ 'ਤੇ ਸਥਾਪਤ ਅਤੇ ਫੌਜੀ-ਯੁਧਨੀਤੀ ਪੱਖੋਂ ਕੁੰਜੀਵਤ ਮਹੱਤਤਾ ਰੱਖਦਾ ਹੋਣ ਕਰਕੇ ਸੀਰੀਆ ਸਾਮਰਾਜੀ ਲੁਟੇਰਿਆਂ/ਧਾੜਵੀਆਂ ਅਤੇ ਉਨ੍ਹਾਂ ਦੇ ਪਿੱਛਲਗਾਂ/ਭਾਈਵਾਲਾਂ ਲਈ ਕਿਸੇ ਵੀ ਹਾਲਤ 'ਚ ਬਖਸ਼ਣਯੋਗ ਨਹੀਂ। ਸੀਰੀਆ ਨੂੰ ਦਬਾਉਣ, ਡਰਾਉਣ ਅਤੇ ਆਪਣੀ ਚੁੰਗਲ 'ਚ ਫਸਾਈ ਰੱਖਣ ਲਈ ਇਹ ਦੇਸ਼ ਕੁੱਛ ਵੀ ਕਰ ਸਕਦੇ ਹਨ। ਇਸੇ ਹਵਸ ਨੂੰ ਪੂਰਾ ਕਰਨ ਲਈ ਪਹਿਲੀ ਸੰਸਾਰ ਜੰਗ ਤੋਂ ਬਾਅਦ ਮੱਧਪੂਰਬ ਦੇ ਦੇਸ਼ਾ 'ਤੇ ਕਬਜ਼ਾ ਕਰਨ ਲਈ ਬਰਤਾਨੀਆਂ ਤੇ ਫਰਾਂਸ 'ਚ ਚੱਲੇ ਖਹਿ-ਭੇੜ 'ਚ, ਸੀਰੀਆ 'ਤੇ ਫਰਾਂਸ ਨੇ ਕਬਜ਼ਾ ਕਰ ਲਿਆ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਇਸ ਲੁੱਟ-ਖੋਹ 'ਚ ਇਕ ਹੋਰ ਜੋਰਾਵਰ ਧਾੜਵੀ ਅਮਰੀਕਾ ਸ਼ਾਮਲ ਹੋ ਗਿਆ ਜੀਹਣੇ ਹੌਲੀ-ਹੌਲੀ ਮੱਧ ਪੂਰਬ 'ਚੋ ਬਾਕੀ ਦੋਨੋ ਧਾੜਵੀ; ਫਰਾਂਸ ਤੇ ਬਰਤਾਨੀਆਂ ਪਿੱਛੇ ਧੱਕ ਦਿੱਤੇ। 2011 'ਚ ਸੁਰੁ ਹੋਈ ਸੀਰੀਆ ਦੀ ਸਿਵਲ-ਵਾਰ ਦੇ ਦੌਰਾਨ ਇਕ ਹੋਰ ਖਤਰਨਾਕ ਬਦਮਾਸ਼ ਰੂਸ ਅਤੇ ਤਿੰਨ ਰੀਜ਼ਨਲ ਵੈਲੀ; ਇਜ਼ਰਾਈਲ, ਇਰਾਨ ਤੇ ਤੁਰਕੀ ਇਸ ਧੱਕੜ ਖੇਡ 'ਚ ਸ਼ਾਮਲ ਹੋ ਗਏ।

ਸੀਰੀਆ ਦੀ ਮੌਜੂਦਾ ਸਿਵਲ-ਵਾਰ ਦੀ ਸੁਰੂਆਤ 2011 'ਚ ਮੱਧ ਪੂਰਬ ਦੇ ਬਹੁਤ ਸਾਰੇ ਦੇਸ਼ਾ 'ਚ ਆਏ 'ਅਰਬ ਸਪਰਿੰਗ' ਨਾਮ ਦੇ ਉਭਾਰ ਨਾਲ ਸੁਰੂ ਹੋਈ ਸੀ! ਪਰ ਪਿਛਾਖੜੀ ਤਾਕਤਾਂ ਬਹੁਤ ਜ਼ਲਦ ਇਸਨੂੰ ਗਲਤ ਮੋੜਾ ਦੇਣ 'ਚ ਸਫਲ ਹੋ ਗਈਆਂ।

ਰਾਸਟਰਪਤੀ 'ਅਸਾਦ' ਦੇ ਕਈ ਵਿਰੋਧੀ ਗਰੁੱਪਾਂ, ਫੌਜ 'ਚੋਂ ਭੱਜੇ ਅਫੀਸਰਾਂ ਅਤੇ 'ਫਰੀ ਸੀਰੀਅਨ ਆਰਮੀ' ਨਾਮ ਦੇ ਇਸਲਾਮਿਕ ਹਥਿਆਰਬੰਦ ਗਰੁੱਪ ਆਦਿ ਨੇ ਮਿਲਕੇ 2012 'ਚ 'ਅਲ-ਨੁਸਰਾ ਫਰੰਟ' ਬਣਾ ਲਿਆ ਜੀਹਦਾ ਕਰਤਾ-ਧਰਤਾ 'ਇਸਲਾਮਿਕ ਸਟੇਟ ਆਫ ਇਰਾਕ' ਸੀ! ਅਸਲ 'ਚ ਇਹ ਅਲ-ਕਾਇਦਾ ਦੀ ਸੀਰੀਅਨ ਬਰਾਂਚ ਦਾ ਹੀ ਦੂਜਾ ਨਾਮ ਹੀ ਸੀ। 8 ਦਸੰਬਰ ਨੂੰ ਰਾਸਟਰਪਤੀ ਅਸਾਦ ਦਾ ਤਖਤਾ ਪਲਟਣ ਵਾਲੀ ਲੀਡਰਸਿਪ ਦੀ ਪਰਵਰਿਸ਼ ਇਸ ਜੱਥੇਬੰਦੀ 'ਚ ਹੀ ਹੋਈ ਸੀ। 2016 'ਚ ਇਸ ਜੱਥੇਬੰਦੀ ਨੇ ਅਲ-ਕਾਇਦਾ ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਜੱਥੇਬੰਦੀ ਦਾ ਨਾਮ ਬਦਲਕੇ 'ਹੇਅਤ ਤਾਹੀਰ ਅਲ ਸ਼ਾਮ' ਰੱਖ ਲਿਆ!

ਸੀਰੀਆ ਦੀ ਤਾਜ਼ਾ ਸਿਵਲ-ਜੰਗ ਦੇ ਨੇੜ ਇਤਿਹਾਸ 'ਤੇ ਝਾਤ ਮਾਰੀਏ ਤਾਂ ਦੇਖ ਸਕਦੇ ਹਾਂ ਕਿ ਅਮਰੀਕਾ ਅਤੇ ਉਸਦੇ ਸੰਗੀਆਂ ਨੇ 'ਸੀਰੀਅਨ ਡੈਮੋਕਰੇਟਿਕ ਫੋਰਸ' ਨਾਮ ਦਾ ਅਪੋਜੀਸ਼ਨ ਖੜ੍ਹਾ ਕਰਕੇ, ਸੀਰੀਆ 'ਚ ਅਸਿੱਧਾ ਦਖਲ ਦੇਣਾ ਤਾਂ ਪਹਿਲਾਂ ਹੀ ਸੁਰੂ ਕਰ ਦਿਤਾ ਸੀ ਪਰ 22 ਸਤੰਬਰ 2014 'ਚ ਸੀਰੀਆ 'ਤੇ ਫਾਈਟਰਜ਼, ਬੰਬਰਜ਼ ਅਤੇ ਟੋਮਹਾਕ-ਮਿਜ਼ਾਇਲਾਂ ਨਾਲ ਹਮਲਾ ਕਰਕੇ, ਸੀਰੀਆ ਦੀ ਸਿਆਸਤ 'ਚ ਸਿੱਧੇ ਦਖਲ ਦਾ ਐਲਾਨ ਕਰ ਦਿੱਤਾ। ਰਾਸਟਰਪਤੀ ਬਰਾਕ ਓਬਾਮਾ ਦੇ ਪਰੈਸ ਸੈਕਟਰੀ ਜੌਹਨ ਕਿਰਬੀ ਨੇ ਉਸੇ ਦਿਨ ਤਸਦੀਕ ਕਰ ਦਿਤਾ ਕਿ ਇਹ ਹਮਲਾ ਉਨ੍ਹਾਂ ਨੇ ਕੀਤਾ ਹੈ। ਇਸ ਤੋਂ ਇਕ ਸਾਲ ਬਾਅਦ ਸਤੰਬਰ 2015 'ਚ ਰਾਸਟਰਪਤੀ ਅਸਾਦ ਦੇ ਸੱਦੇ 'ਤੇ ਰੁਸ ਵੀ ਆ ਗਿਆ। ਸੀਰੀਆ 'ਚ ਆਪਣੇ ਏਅਰ-ਬੇਸ ਸਥਾਪਤ ਕਰਕੇ ਰੂਸ ਨੇ ਸੀਰੀਆ ਦੀ ਸਰਕਾਰ ਨਾਲ 49 ਸਾਲ ਦਾ ਸਮਝੌਤਾ ਕਰ ਲਿਆ ਕਿ ਸੀਰੀਆ 'ਚ ਰੂਸ ਦੇ ਏਅਰ-ਬੇਸ ਹੋਰ 49 ਸਾਲ ਰਹਿਣਗੇ। ਇੰਨਾ ਦੋਨੋ ਦੇਸ਼ਾ, ਰੂਸ ਤੇ ਅਮਰੀਕਾ ਦੀਆਂ ਫੌਜਾਂ ਨੇ ਅਜੇ ਵੀ ਸੀਰੀਆ 'ਚ ਡੇਰੇ ਲਾਏ ਹੋਏ ਹੈ।

ਹੁਣ 8 ਦਸੰਬਰ ਨੂੰ ਜਦੋ ਬਾਗੀ ਇਸਲਾਮਿਕ ਲੜਾਕਿਆਂ ਨੇ ਰਾਜਧਾਨੀ ਦਮਸ਼ਕਤ 'ਤੇ ਕਬਜ਼ਾ ਕਰ ਲਿਆ ਤਾਂ ਸੀਰੀਆ ਦੀ ਸਿਆਸਤ 'ਚ ਸਿੱਧੇ/ਅਸਿੱਧੇ ਉਲਝੀਆਂ ਬਾਹਰੀ ਤਾਕਤਾਂ, ਇਕ ਦਿਨ ਭੰਬਲਭੂਸੇ 'ਚ ਰਹਿਣ ਤੋਂ ਬਾਅਦ ਆਪੋ-ਆਪਣੇ ਹਿਤਾਂ ਮੁਤਾਬਕ ਸਰਗਰਮ ਹੋ ਗਈਆਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨਿਤਨਯਾਹੂ ਨੇ ਪਹਿਲੇ ਦਿਨ ਤਾਂ ਕਿਹਾ ਕਿ ਇਸਲਾਮਿਕ ਬਾਗੀਆਂ ਦੀ ਜਿੱਤ ਦਾ ਕਾਰਨ, ਹਮਾਸ ਅਤੇ ਹਿਜ਼ਬਉਲਾ ਖਿਲਾਫ ਸਾਡੇ ਵਲੋ ਕੀਤੀਆਂ ਕਾਰਵਾਈਆਂ ਹਨ। ਫਿਰ ਉਸੀ ਦਿਨ ਸੀਰੀਆ 'ਤੇ ਹਵਾਈ 'ਤੇ ਜ਼ਮੀਨੀ ਹਮਲਾ ਕਰਕੇ ਦੋਹਾਂ ਦੇਸ਼ਾ ਵਿਚਕਾਰ ਬਾਫਰ ਬਾਰਡਰ ਜੋਨ ਵਜੋਂ ਜਾਣੇ ਜਾਂਦੇ 'ਗੋਲਡਨ ਹਾਈਟਸ' ਨਾਮ ਦੇ ਸੀਰੀਅਨ ਇਲਾਕੇ 'ਤੇ ਕਬਜ਼ਾ ਕਰ ਲਿਆ। ਉਸਤੋਂ ਬਾਅਦ ਕਿਹਾ ਕਿ ਇਹ ਇਲਾਕਾ ਹੈ ਤਾਂ ਸੀਰੀਆ ਦਾ ਹੀ ਹਿੱਸਾ ਪਰ ਅਸੀਂ ਇਜ਼ਰਾਈਲ ਦੀ ਸਕਿਓਰਿਟੀ ਦੀਆਂ ਲੋੜਾਂ ਤਹਿਤ ਇਸ 'ਤੇ ਆਰਜ਼ੀ ਤੌਰ 'ਤੇ ਕਬਜ਼ਾ ਕੀਤਾ ਹੈ। ਇਸਤੋਂ ਅਗਲੇ ਦਿਨ ਮੀਡੀਏ 'ਚ ਚਰਚਾ ਚਲਾ ਦਿਤੀ ਕਿ ਡੋਨਲਡ ਟਰੰਪ ਨੇ ਆਪਣੇ ਪਹਿਲੇ ਰਾਜਕਾਲ ਦੌਰਾਨ ਕਿਹਾ ਸੀ ਕਿ 'ਗੋਲਡਨ ਹਾਈਟਸ' ਇਜ਼ਰਾਈਲ ਦਾ ਹਿੱਸਾ ਹੈ! ਪਰ ਇਸ ਤੋਂ ਬਾਅਦ ਇਜ਼ਰਾਈਲ ਨੇ ਆਪਣੇ ਹਮਲੇ ਦਾ ਘੇਰਾ ਵਧਾਕੇ ਸੀਰੀਆ ਦੀ ਮਿਲਟਰੀ ਦੇ ਠਿਕਾਣੀਆਂ 'ਤੇ ਹਮਲੇ ਕਰਕੇ, ਉਸਦੀ ਏਅਰਕਰਾਫਟ ਤੇ ਨੇਵੀ ਫਲੀਟਸ ਨੂੰ ਤਬਾਹ ਕਰ ਦਿੱਤਾ। ਇਜ਼ਰਾਈਲ ਦਾ ਇਹ ਹਮਲਾ ਇੱਥੇ ਹੀ ਨਹੀਂ ਰੁਕਿਆ, ਉਸਨੇ ਸੀਰੀਆ ਦੀ ਰਾਜਧਾਨੀ ਦਮਸ਼ਕਤ 'ਤੇ ਵੀ ਬੰਬਾਰਮੈਂਟ ਸੁਰੂ ਕਰ ਦਿੱਤੀ ਹੈ। ਇਸ ਮਾਮਲੇ 'ਚ ਕੋਈ ਸ਼ੱਕ ਨਹੀਂ ਕਿ ਇਜ਼ਰਾਈਲ ਦੀ ਨੀਅਤ ਸੀਰੀਆ ਨੂੰ ਦੂਜਾ ਫਲਸਤੀਨ ਬਨਾਉਣ ਦੀ ਹੈ।

ਓਧਰ ਅਮਰੀਕਾ ਨੇ ਵੀ ਅਗਲੇ ਹੀ ਦਿਨ ਆਈਐਸਐਸ ਠਿਕਾਣਿਆਂ ਦੀ ਗੱਲ ਕਰਕੇ 75 ਥਾਵਾਂ 'ਤੇ ਬੰਬਾਰਮੈਂਟ ਕੀਤੀ ਅਤੇ ਆਪਣੇ ਤੌਰ 'ਤੇ ਹੀ ਫੈਸਲਾ ਸੁਣਾ ਦਿੱਤਾ ਕਿ ਆਈਐਸਐਸ ਨੂੰ ਭਾਂਜ ਦੇਣ ਲਈ ਅਮਰੀਕੀ ਫੌਜ ਨੂੰ ਥੋੜ੍ਹੇ ਹੋਰ ਸਮੇਂ ਲਈ ਸੀਰੀਆ 'ਚ ਰਹਿਣਾ ਪਏਗਾ। ਪਰ ਦੇਸ਼ ਸੀਰੀਆ ਦੀ ਪ੍ਰੱਭੂਸਤਾ ਦਾ ਕੀ ਬਣੂ? ਇਸਦਾ ਕੋਈ ਜਵਾਬ ਨਹੀਂ। ਇਕ ਹੋਰ ਗੱਲ, ਇਜ਼ਰਾਈਲ ਵਲੋਂ ਸੀਰੀਆ ਦੇ ਇਲਾਕੇ 'ਗੋਲਡਨ ਹਾਈਟਸ' 'ਤੇ ਤਾਜ਼ਾ ਕਬਜ਼ੇ ਦੀ ਰਾਸ਼ਟਰਪਤੀ ਬਾਈਡਨ ਨੇ ਹਮਾਇਤ ਕੀਤੀ ਹੈ। ਆਪਣੀ ਨਾਪਾਕ ਹਮਾਇਤ ਨੂੰ ਠੀਕ ਦਰਸਾਉਣ ਲਈ ਉਸਨੇ ਕਿਹਾ 'ਇਹ ਜ਼ਮੀਨ ਹਥਿਆਉਣਾ ਨਹੀਂ, ਸਕਿਓਰਟੀ ਚੋਣ ਹੈ।' ਬਾਈਡਨ ਤੋਂ ਪੁੱਛਿਆ ਜਾ ਸਕਦਾ ਹੈ ਕਿ ਯੂਕਰੇਨ 'ਤੇ ਹਮਲਾ ਕਰਨ ਮੌਕੇ ਰੂਸ ਦੀ ਵੀ ਇਕ ਦਲੀਲ ਇਹੋ ਸੀ ਕਿ 'ਨਾਟੋ' ਨਾਲ ਯੂਕਰੇਨ ਦੇ ਸਬੰਧਾਂ ਕਰਕੇ ਰੂਸ ਦੀ ਸਕਿਓਰਟੀ ਨੂੰ ਖਤਰਾ ਹੈ ਅਤੇ ਇਹ ਹਮਲਾ ਉਸਦੀ 'ਸੁਰੱਖਿਆ' ਚੋਣ ਹੈ! ਜੇ ਬਾਈਡਨ ਦੀ ਦਲੀਲ ਨੂੰ ਠੀਕ ਮੰਨ ਲਿਆ ਜਾਏ ਤਾਂ ਫਿਰ ਰੂਸ ਦਾ ਯੂਕਰੇਨ 'ਤੇ ਹਮਲਾ ਗਲਤ ਕਿਵੇਂ ਹੋਇਆ? ਜੇ ਉਹ ਠੀਕ ਹੈ ਤਾਂ ਅਮਰੀਕਾ ਯੂਕਰੇਨ ਨੂੰ ਟਨਾ-ਮੂੰਹੀ ਮਾਰੂ ਹਥਿਆਰ ਕਿਓਂ ਦੇ ਰਿਹਾ ਹੈ? ਜੇ ਇਜ਼ਰਾਈਲ ਨੇ ਆਪਣੀ ਸੁਰੱਖਿਆ ਕਰਨੀ ਐ ਤਾਂ ਆਪਦੇ ਬਾਰਡਰ 'ਤੇ ਫੌਜਾਂ ਲਾਕੇ ਕਰੇ, ਦੂਸਰੇ ਦੇਸ 'ਤੇ ਹਮਲਾ ਕਰਨ ਦਾ ਹੱਕ ਉਸਨੂੰ ਕਿਸਨੇ ਦਿੱਤਾ ਹੈ?

'ਸਕਿਓਰਟੀ ਚੋਣ' ਦੀ ਦਲੀਲ ਦੇਣ ਵਾਲਾ ਇਕ ਹੋਰ ਦੇਸ 'ਤੁਰਕੀ' ਵੀ ਹੈ ਜਿਸ ਦੀ ਫੌਜ਼ ਨੇ ਇਕ ਪਾਸੇ ਤਾਂ 'ਅਸਾਦ' ਦਾ ਤਖਤਾ ਪਲਟਣ 'ਚ ਸੀਰੀਆ ਦੇ ਬਾਗੀਆਂ ਦੀ ਮੱਦਤ ਕੀਤੀ ਅਤੇ ਦੂਜੇ ਪਾਸੇ ਸੀਰੀਆ ਦੀ 'ਕੁਰਦ' ਘੱਟਗਿਣਤੀ 'ਤੇ ਹਮਲਾ ਵਿੱਢਿਆ ਹੋਇਆ ਹੈ। ਬਹਾਦਰ ਕੁਰਦ ਕੌਮ ਚਾਰ ਦੇਸ਼ਾ 'ਚ ਵੰਡੀ ਹੋਈ ਹੋਈ ਹੈ! ਇੰਨਾ ਚਾਰ ਦੇਸ਼ਾਂ; ਤੁਰਕੀ, ਸੀਰੀਆ, ਇਰਾਕ ਅਤੇ ਇਰਾਨ ਦੇ ਸਾਂਝੇ ਬਾਰਡਰ 'ਤੇ ਵਸੀ/ਖਿੰਡੀ ਇਹ ਕੌਮ, ਵੰਡ ਦੀਆਂ ਲਕੀਰਾਂ ਮੇਟਕੇ ਆਪਣਾ ਵੱਖਰਾ ਦੇਸ਼ 'ਕੁਰਦਸਤਾਨ' ਬਣਾਉਣ ਲਈ ਸੰਘਰਸ਼ਸ਼ੀਲ ਹੈ। ਤੁਰਕੀ ਨੂੰ ਇਤਰਾਜ਼ ਹੈ ਕਿ ਬਾਰਡਰ ਦੇ ਸੀਰੀਆ ਵਾਲੇ ਪਾਸੇ ਰਹਿੰਦੇ ਕੁਰਦ, ਤੁਰਕੀ ਵਾਲੇ ਪਾਸੇ ਰਹਿੰਦੇ ਕੁਰਦਾਂ ਨੂੰ ਤੁਰਕੀ ਦੀ ਸਰਕਾਰ ਖਿਲਾਫ ਜੰਗ ਲਈ ਪ੍ਰੇਰਦੇ ਹਨ। ਹੋ ਸਕਦਾ ਐ ਇਹ ਸੱਚ ਹੋਵੇ ਪਰ ਤੁਰਕੀ ਦੀ ਸਰਕਾਰ ਨੂੰ ਇਹ ਹੱਕ ਕੀਹਨੇ ਦਿੱਤਾ ਹੈ ਕਿ ਉਹ ਦੂਜੇ ਦੇਸ਼ 'ਸੀਰੀਆ' ਦੀ ਹੱਦ ਟੱਪਕੇ ਉਸਦੇ ਕੁਰਦ ਸ਼ਹਿਰੀਆਂ ਦਾ ਕਤਲੇਆਮ ਕਰੇ?

ਸੀਰੀਆ ਇਕ ਗਰੀਬ ਦੇਸ਼ ਐ ਜੀਹਦੀ 90% ਜਨਤਾ ਗਰੀਬੀ ਦੀ ਰੇਖਾ ਤੋਂ ਹੇਠਾਂ ਜਿੰਦਗੀ ਬਸਰ ਕਰ ਰਹੀ ਹੈ। ਇਨ੍ਹਾਂ 'ਚੋਂ 17 ਮਿਲੀਅਨ ਲੋਕਾਂ ਨੂੰ ਫੌਰੀ ਮਨੁੱਖੀ ਸਹਾਇਤਾ ਦੀ ਲੋੜ ਹੈ। 13 ਸਾਲ ਚੱਲੀ ਇਸ ਸਿਵਲ-ਵਾਰ 'ਚ ਇਕ ਲੱਖ ਸੱਤਰ ਹਜ਼ਾਰ ਸੀਰੀਆ ਦੇ ਸਿਟੀਜ਼ਨ ਮਾਰੇ ਗਏ ਅਤੇ 5.4 ਮਿਲੀਅਨ ਲੋਕਾਂ ਨੇ ਭੱਜਕੇ ਹੋਰਨਾਂ ਦੇਸ਼ਾ 'ਚ ਪਨਾਹ ਲਈ ਹੋਈ ਹੈ। ਪਿਛਲੇ ਦਿਨਾਂ 'ਚ ਹੀ 4 ਲੱਖ ਤੋਂ ਵੱਧ ਲੋਕ ਘਰੋਂ ਬੇਘਰ ਹੋ ਗਏ ਹਨ! ਇਜ਼ਰਾਈਲ, ਅਮਰੀਕਾ ਅਤੇ ਤੁਰਕੀ ਵਲੋਂ ਵਿੱਢੇ ਹਮਲੇ, ਖਾਸ ਕਰਕੇ ਇਜ਼ਰਿਈਲ ਵਲੋਂ ਕੀਤੀ ਜਾ ਰਹੀ ਸੀਰੀਆ ਦੀ ਤਬਾਹੀ ਦਾ ਲੋਕਾਂ ਦੀ ਜਿੰਦਗੀ 'ਤੇ ਕਿਹੋ ਜਿਹਾ ਪ੍ਰਭਾਵ ਪਏਗਾ? ਇਸਦਾ ਅੰਦਾਜ਼ਾ ਲਾਉਣਾ ਅਜੇ ਬਾਕੀ ਹੈ!

ਲੋਕਾਂ ਨੂੰ ਇਸ ਗੁਰਬਤ ਤੇ ਦੋਜ਼ਖ ਭਰੀ ਜ਼ਿੰਦਗੀ ਤੋਂ ਨਿਜ਼ਾਤ ਦੁਆਉਣ ਦੀ ਜ਼ੁੰਮੇਵਾਰੀ, ਸੀਰੀਆ ਦੀ ਬਣਨ ਜਾ ਰਹੀ ਨਵੀਂ ਸਰਕਾਰ ਦੀ ਹੈ। ਰਾਸ਼ਟਰਪਤੀ ਅਸਾਦ ਦੇ ਦੇਸ਼ ਛੱਡਕੇ ਭੱਜਣ ਤੋਂ ਬਾਅਦ ਰਾਜਸਤਾ 'ਤੇ ਕਬਜ਼ਾ ਕਰਨ ਵਾਲੇ ਇਸਲਾਮਿਕ ਲੜਾਕੂਆਂ ਦੀ ਲੀਡਰਸ਼ਿਪ ਨੇ, 2016 'ਚ ਅਲ-ਕਾਇਦਾ ਨਾਲੋਂ ਨਾਤਾ ਤੋੜਨ ਤੋਂ ਬਾਅਦ ਅੱਠ ਸਾਲ 'ਅਸਾਦ' ਸਰਕਾਰ ਦੇ ਖਿਲਾਫ ਲੜਨ ਦੇ ਨਾਲੋ-ਨਾਲ ਲੋਕਾਂ 'ਚ ਕਾਫੀ ਸੋਸ਼ਲ ਵਰਕ ਵੀ ਕੀਤਾ ਹੈ। ਇਨ੍ਹਾਂ ਦਾ ਸਭ ਤੋਂ ਵੱਧ ਚਮਕਿਆ ਲੀਡਰ 'ਅਹਿਮਦ ਹੁਸੈਨ ਅਲ-ਸ਼ਾਰਾ (ਅੱਬੂ ਮੁਹੰਮਦ ਅਲ-ਜੁਲਾਨੀ) ਜਿਹੜਾ ਅਮਰੀਕਾ ਦੀ ਖੂੰਖਾਰ ਅੱਤਵਾਦੀਆਂ ਦੀ ਲਿਸਟ 'ਚ ਸ਼ਮਲ ਸੀ ਅਤੇ ਜੀਹਦੇ ਸਿਰ 'ਤੇ ਅਮਰੀਕਾ ਨੇ 10 ਮਿਲੀਅਨ ਡਾਲਰ ਦਾ ਇਨਾਮ ਰੱਖਿਆ ਹੋਇਆ ਸੀ। ਉਹ ਅਲ-ਕਾਇਦਾ ਨਾਲੋਂ ਨਾਤਾ ਤੋੜਨ ਤੋਂ ਬਾਅਦ ਆਪਣੇ ਆਪ ਨੂੰ ਇਸਲਾਮਿਕ ਇਨਕਲਾਬੀ ਵਜੋਂ ਪੇਸ਼ ਕਰਦਾ ਰਿਹਾ ਹੈ ਅਤੇ ਲੋਕਾਂ 'ਚ ਤਿੰਨ ਮੁੱਦੇ ਉਭਾਰਦਾ ਰਿਹਾ ਹੈ। 1) ਲੋਕਲ ਸਰਕਾਰ, 2) ਆਰਥਕ ਮੁੱਦੇ, 3) ਮਨੁੱਖੀ ਸਹਾਇਤਾ। ਇਸਦੇ ਨਾਲ ਹੀ ਉਹ ਖੁਦ ਨੂੰ ਬਹੁਵਾਦੀ ਅਤੇ ਸਹਿਣਸ਼ੀਲਤਾ ਦੇ ਚੈਂਪੀਅਨ ਵਜੋਂ ਵੀ ਉਭਾਰਦਾ ਰਿਹਾ ਹੈ।

ਅਹਿਮਦ ਹੁਸੈਨ ਅਲ-ਸ਼ਾਰਾ ਦੇ ਇਰਾਦੇ ਸੁਭ ਲਗਦੇ ਐ। ਪਰ ਸੁਣਿਆਂ ਹੈ ਕਿ ਉਹ ਅਤੇ ਬਾਕੀ ਲੀਡਰਸ਼ਿਪ ਸੀਰੀਆ ਨੂੰ 'ਇਸਲਾਮਿਕ ਸਟੇਟ' ਐਲਾਨਣ ਨੂੰ ਫਿਰਦੀ ਹੈ, ਇਸ ਲਈ ਜੇ ਇਰਾਦੇ ਸੱਚਮੁੱਚ ਸੁਭ ਵੀ ਹੋਣ ਤਾਂ ਉਨ੍ਹਾਂ ਨੂੰ ਬੂਰ ਪੈਣਾ ਫਿਰ ਵੀ ਮੁਸ਼ਕਲ ਹੈ। ਕਿਉਂਕਿ ਧਰਮ ਅਤੇ ਸਿਆਸਤ ਨੂੰ ਵੱਖ ਕਰਨਾ, ਸਮਾਜਿਕ ਵਿਕਾਸ ਲਈ ਅੱਜ ਦੇ ਯੁੱਗ ਦੀ ਮੁਢਲੀ ਸ਼ਰਤ ਹੈ। ਧਾਰਮਕ ਵਿਚਾਰਧਾਰਾ, ਇਤਿਹਾਸਕ ਤੌਰ 'ਤੇ ਵੇਲਾ ਵਿਹਾ ਚੁੱਕੀ ਵਿਚਾਰਧਾਰਾ ਹੈ। ਕੋਈ ਸਮਾਜ ਕਿਹੜੇ ਰੁਖ ਅਤੇ ਕਿਸ ਗਤੀ ਨਾਲ ਵਿਕਾਸ ਕਰੇ? ਇਸ ਦਾ ਨਿਰਣਾ ਸਬੰਧਤ ਸਿਆਸਤ ਦੇ ਹੱਥ ਹੋਣਾ ਚਾਹੀਦਾ ਹੈ ਨਾ ਕਿ ਕਿਸੇ ਧਰਮ ਦੇ।


BAINS VISION CENTRE




New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings

ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।

Services Available in Punjabi, Hindi, Urdu & English

403-274-4514

deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਬੁੱਧ ਸਿੰਘ ਨੀਲੋਂ
94643 70823

# ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥

ਜੋਂ ਮਨੁੱਖ ਲੋਕਾਂ ਦੇ ਦਰਦ ਦੀ ਗੱਲ ਕਰਦਾ ਹੈ, ਉਹ ਲੋਕਾਂ ਦੇ ਮਨਾਂ ਵਿੱਚ ਵਸਦਾ ਹੈ। ਜੋਂ ਲੋਕਾਂ ਦੇ ਨਾਲ ਧੋਖਾ ਕਰਦਾ ਹੈ, ਉਸਨੂੰ ਲੋਕ ਲਾਹਨਤਾਂ ਪਾਉਂਦੇ ਹਨ। ਪੰਜਾਬ ਵਿੱਚ ਅੱਜਕਲ੍ਹ ਲਾਹਨਤਾਂ ਪਾਉਣ ਤੇ ਲੈਣ ਵਾਲਿਆਂ ਦਾ ਹੜ੍ਹ ਆਇਆ ਹੋਇਆ ਹੈ। ਲੋਕ ਦਰਦੀ ਤੇ ਲੋਕਾਂ ਦਾ ਦਰਦੀ ਅਖਵਾਉਣ ਵਾਲਿਆਂ ਵਿੱਚ ਵੱਡਾ ਅੰਤਰ ਹੁੰਦਾ ਹੈ। ਪਰਾਇਆ ਦਰਦ ਕੋਈ ਕੋਈ ਮਹਿਸੂਸ ਕਰਦਾ ਹੈ। ਜੇ ਜ਼ਿੰਦਗੀ ਵਿੱਚ ਪਰਾਇਆ ਦਰਦ ਮਹਿਸੂਸ ਕਰਨ ਦਾ ਗੁਣ ਨਾ ਹੁੰਦਾ ਤਾਂ ਬੰਦਾ ਵੀ ਬੰਦਾ ਨਹੀਂ, ਸਗੋਂ ਕੁੱਝ ਹੋਰ ਹੋਣਾ ਸੀ। ਧੁੱਪ ਤੇ ਛਾਂ, ਦਿਨ ਤੇ ਰਾਤ, ਦੁੱਖ ਤੇ ਸੁੱਖ, ਚੁੱਪ ਤੇ ਸ਼ੋਰ, ਖ਼ੁਸ਼ੀ ਤੇ ਗਮੀ, ਨੇੜੇ ਤੇ ਦੂਰ, ਸਰਦੀ ਤੇ ਗਰਮੀ, ਜੀਵਨ ਤੇ ਮੌਤ, ਇਹ ਪਉੜੀ ਚੜ੍ਹਦਿਆਂ ਜ਼ਿੰਦਗੀ ਦਾ ਪ੍ਰਵਾਹ ਚੱਲਦਾ ਆਇਆ ਹੈ ਤੇ ਚੱਲਦਾ ਰਹੇਗਾ? ਹੁਣ ਜਿਸ ਤਰ੍ਹਾਂ ਦਾ ਕੁਹਿਲਣਾ ਸਮਾਂ ਚੱਲ ਰਿਹਾ ਹੈ ਉਸਨੇ ਲੋਕਾਂ ਦੇ ਮਨਾਂ ਅੰਦਰ ਪਦਾਰਥ ਇਕੱਠੇ ਕਰਨ ਦੀ ਹੋੜ ਪੈਦਾ ਕਰ ਦਿੱਤੀ ਹੈ। ਕੁਦਰਤੀ ਸੋਮਿਆਂ ਦੀ ਦੁਰਵਰਤੋਂ ਹੋ ਰਹੀ ਹੈ। ਲਾਲਚੀ ਬਿਰਤੀ ਵਾਲਿਆਂ ਵੱਲੋਂ ਆਪਣੀਆਂ ਕਈ ਕਈ ਪੁਸ਼ਤਾਂ ਦੇ ਵਿਹਲੇ ਬਹਿ ਕੇ ਖਾਣ ਦਾ ਸਾਜ਼ੋ ਸਾਮਾਨ ਇਕੱਠਾ ਕਰਨ ਲਈ ਧਰਤੀ ਦੀ ਹਿੱਕ ਪਾੜੀ ਜਾ ਰਹੀ ਹੈ। ਇਸ ਨਾਲ ਵਧ ਰਹੀ ਗਰਮਾਇਸ਼ ਕਾਰਨ ਪਾਣੀ ਦਾ ਠੋਸ ਰੂਪ ਤੇਜ਼ੀ ਨਾਲ ਤਰਲ ਰੂਪ ਵਿੱਚ ਬਦਲ ਰਿਹਾ ਹੈ ਜੋ ਮੌਸਮ ਦੇ ਵਿਗਾੜ ਦਾ ਕਾਰਨ ਬਣ ਰਿਹਾ ਹੈ। ਇੰਞ ਲਗਦਾ ਹੈ ਕਿ ਜਿਸ ਪਾਣੀ ਵਿੱਚੋਂ ਜੀਵਨ ਉਗਮਿਆ ਸੀ, ਉਹ ਪਾਣੀ ਹੀ ਇਸ ਜੀਵਨ ਦੇ ਖ਼ਤਮ ਹੋਣ ਦਾ ਕਾਰਨ ਬਣੇਗਾ। ਕੀ ਮਨੁੱਖ ਕੁਦਰਤ ਦੇ ਕਹਿਰ ਤੋਂ ਬੇਖ਼ਬਰ ਹੈ? ਧਰਤੀ ਦੀ ਅੱਠ ਅਰਬ ਦੀ ਆਬਾਦੀ ਵਿੱਚੋਂ ਕੁਦਰਤੀ ਸੋਮਿਆਂ ਨੂੰ ਤਹਿਸ ਨਹਿਸ ਕਰਨ ਵਾਲੇ ਬਹੁਤੇ ਨਹੀਂ, ਬਸ ਮੁੱਠੀ ਕੁ ਭਰ ਲੋਕ ਹੀ ਹਨ। ਬਹੁਗਿਣਤੀ ਤਾਂ ਅਜੇ ਵੀ ਕੁਦਰਤ ਦੇ ਅੰਗ ਸੰਗ ਵੱਸਦੀ ਹੈ ਪਰ ਕੁਝ ਬਦਬਖ਼ਤਾਂ ਦੀਆਂ ਗਲਤੀਆਂ ਦਾ ਖਮਿਆਜ਼ਾ ਪੂਰੀ ਲੋਕਾਈ ਭੁਗਤ ਰਹੀ ਹੈ। ਧਰਤੀ ਦੇ ਕੁਝ ਘਰਾਣਿਆਂ ਨੇ ਆਮ ਲੋਕਾਂ ਨੂੰ ਰੰਡੀ ਤੇ ਮੰਡੀ ਸਮਝਿਆ ਹੋਇਆ ਹੈ। ਉਹ ਆਪਣੀ ਇਜਾਰੇਦਾਰੀ ਦੀ ਸਦਾ ਹੀ ਦੁਰਵਰਤੋਂ ਕਰਦੇ ਹਨ। ਪਹਿਲਾਂ ਜਦੋਂ ਦੁਨੀਆਂ ਵਿੱਚ ਕੋਈ ਲਾਗ ਵਾਲੀ ਮਹਾਂਮਾਰੀ ਫੈਲਦੀ ਸੀ ਤਾਂ ਉਸਦੀ ਰੋਕਥਾਮ ਲਈ ਸਾਲਾਂਬੱਧੀ ਖੋਜ ਪੜਤਾਲ ਤੋਂ ਬਾਅਦ ਨਵੀਂ ਵੈਕਸੀਨ ਬਣਾਈ ਜਾਂਦੀ ਸੀ। ਪਰ ਹੁਣ ਵੈਕਸੀਨਾਂ ਪਹਿਲਾਂ ਤੇ ਬਿਮਾਰੀਆਂ ਬਾਅਦ 'ਚ ਪੈਦਾ ਕੀਤੀਆਂ ਜਾਂਦੀਆਂ ਹਨ। ਹੁਣ ਇਸ ਗੱਲ ਦਾ ਕੋਈ ਅਤਾ ਪਤਾ ਨਹੀਂ ਹੈ ਕਿ ਭਵਿੱਖ ਵਿੱਚ ਕਿਸ ਮੰਡੀ ਵਿੱਚ ਕਿਹੜੀ ਚੀਜ਼ ਕਿਸ ਭਾਅ ਵਿਕਣੀ ਹੈ। ਹਰਾ ਇਨਕਲਾਬ ਆਉਣ ਤੇ ਖੇਤੀਬਾੜੀ ਦਾ ਮਸ਼ੀਨੀਕਰਨ ਹੋ ਗਿਆ ਜਿਸ ਨਾਲ ਜ਼ਿਆਦਾਤਰ ਗਰੀਬ ਤੇ ਅਨਪੜ੍ਹ ਲੋਕਾਂ ਦੇ ਹੱਥਾਂ ਦੀ ਕਿਰਤ ਖੁਸ ਗਈ। ਖੇਤੀਬਾੜੀ ਦੇ ਜਿੰਨੇ ਵੀ ਆਧੁਨਿਕ ਸੰਦ ਹਨ, ਇਹ ਕਿਰਤੀਆਂ ਦੀ ਰੋਜ਼ੀ ਰੋਟੀ ਖੋਹਣ ਵਾਲੀ ਹਥਿਆਰਬੰਦ ਸੈਨਾ ਹੈ। ਟਰੈਕਟਰ ਨੂੰ ਜੇ ਮਸ਼ੀਨਗੰਨ ਮੰਨ ਲਿਆ ਜਾਵੇ ਤਾਂ ਕੰਬਾਈਨ ਤੋਪ ਦੇ ਗੋਲੇ ਜਾਂ ਮਿਜ਼ਾਇਲ ਦੇ ਬਰਾਬਰ ਦਾ ਹਥਿਆਰ ਹੈ। ਹੁਣ ਇਹ ਪੁੱਠੇ ਅਰਥਾਂ ਵਾਲੀਆਂ ਗੱਲਾਂ ਸਿੱਧ ਪੱਧਰੇ ਦਿਮਾਗ਼ ਵਾਲਿਆਂ ਦੇ ਸਮਝ




ਨਹੀਂ ਪੈਣੀਆਂ। ਕਿਰਤ ਦੀ ਲੁੱਟ ਤੇ ਪੁਲਿਸ ਦੀ ਕੁੱਟ ਇਕ ਬਰਾਬਰ ਹੁੰਦੀ ਹੈ ਪਰ ਸਮਾਜ ਵਿੱਚ ਬਰਾਬਰੀ ਦਾ ਤਾਂ ਕਿਧਰੇ ਵੀ ਨਾਮੋ ਨਿਸ਼ਾਨ ਨਹੀਂ ਰਿਹਾ। ਪਹਿਲਾਂ ਜੱਟ ਤੇ ਸੀਰੀ ਦੋਵੇਂ ਕਿਰਤੀ ਸਨ ਪਰ ਹੁਣ ਜੱਟ ਜੱਟ ਹੈ ਤੇ ਸੀਰੀ ਤਾਂ ਖ਼ਤਮ ਹੀ ਹੈ। ਜੱਟ ਤੇ ਸੀਰੀ ਦੀ ਦਿਲੀ ਸਾਂਝ ਦੀ ਥਹੁ ਤਾਂ ਸੰਤ ਰਾਮ ਉਦਾਸੀ ਵਰਗਾ ਕੋਈ ਉਹ ਕਵੀ ਹੀ ਪਾ ਸਕਦਾ ਹੈ ਜਿਸਦੀਆਂ ਜੜ੍ਹਾਂ ਆਪਣੇ ਵਤਨ ਦੀ ਮਿੱਟੀ ਵਿੱਚ ਡੂੰਘੀਆਂ ਲੱਗੀਆਂ ਹੋਣ:

> ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
> ਬੋਹਲਾਂ ਵਿਚੋਂ ਨੀਰ ਵਗਿਆ।
> ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
> ਤੂੜੀ ਵਿਚੋਂ ਪੁੱਤ 'ਜੱਗਿਆ'।

ਹੁਣ ਤਾਂ ਸੀਰੀ ਦੀ ਥਾਂ ਮਸ਼ੀਨਰੀ ਆ ਗਈ ਹੈ। ਭਲਿਆਂ ਸਮਿਆਂ ਵਿਚ ਜੱਟ ਤੇ ਸੀਰੀ ਦੀ ਸਾਂਝ ਭਿਆਲੀ ਨੂੰ 'ਨਹੁੰ ਤੇ ਮਾਸ ਦਾ ਰਿਸ਼ਤਾ' ਕਹਿ ਕੇ ਵਡਿਆਇਆ ਜਾਂਦਾ ਸੀ। ਦੋਹਾਂ ਦੇ ਦੁੱਖ ਦਰਦ, ਹਾਸੇ ਮਜ਼ਾਕ, ਚੋਹਲ ਮੋਹਲ, ਨਾਜ਼ ਨਖਰੇ, ਸਭ ਸਾਂਝੇ ਸਨ। ਹੁਣ ਮਸ਼ੀਨਰੀ ਨਾਲ ਤਾਂ ਦੁੱਖ ਵੰਡਾਇਆ ਨਹੀਂ ਜਾ ਸਕਦਾ ਸਗੋਂ ਇਸਨੇ ਤਾਂ ਜ਼ਿਮੀਂਦਾਰ ਦੀਆਂ ਪ੍ਰੇਸ਼ਾਨੀਆਂ ਨੂੰ ਵਧਾਇਆ ਹੀ ਹੈ। ਖੇਤੀਬਾੜੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਕਿਸਾਨ ਕਿਸਾਨ ਤੇ ਸੀਰੀ ਸੀਰੀ ਸੀ ਪਰ ਜਦ ਖੇਤੀਬਾੜੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ ਤਾਂ ਹਰ ਕਿਸਾਨ ਜੱਟ ਹੋ ਗਿਆ। ਫਿਰ ਜੱਟ ਤੋਂ ਜਾਗੀਰਦਾਰ ਹੋ ਗਿਆ। ਜਾਗੀਰਦਾਰੀ ਤੇ ਸਰਮਾਏਦਾਰੀ ਦਾ ਆਪਸੀ ਰਿਸ਼ਤਾ ਵੀ ਨਹੁੰ ਮਾਸ ਵਾਲਾ ਹੀ ਹੈ। ਇਨ੍ਹਾਂ ਦੋਹਾਂ ਨੇ ਰਲ ਕੇ ਕਿਰਤੀ ਵਰਗ ਨੂੰ ਲੁੱਟਿਆ ਤੇ ਕੁੱਟਿਆ ਹੈ। ਗੀਤਾਂ ਤੇ ਫਿਲਮਾਂ ਰਾਹੀ ਚਾਰੇ ਪਾਸੇ ਜੱਟਵਾਦ ਦਾ ਬੋਲਬਾਲਾ ਏਨਾ ਵਧਿਆ ਕਿ ਪੰਜਾਬ ਦੀ ਧਰਤੀ ਤੇ ਰਚੇ ਜਾਂਦੇ ਸਾਹਿਤ ਵਿੱਚੋਂ ਬਾਕੀ ਬਰਾਦਰੀਆਂ ਦੀ ਫੱਟੀ ਪੋਚ ਦਿੱਤੀ ਗਈ। ਨਾ ਕੋਈ ਜੀਵ, ਨਾ ਜੰਤੂ ਤੇ ਨਾ ਕੋਈ ਚਿੜੀ ਜਨੌਰ, ਸਭ ਨਿਗੂਣੇ ਹੋ ਗਏ। ਹੁਣ ਤਾਂ ਚਾਰੇ ਪਾਸੇ ਮਸ਼ੀਨਰੀ ਦਾ ਬੋਲਬਾਲਾ ਹੈ। ਹੁਣ ਇਨ੍ਹਾਂ ਕੁ ਸਾਲਾਂ ਦੀ ਉਮਰ ਹੰਢਾਉਣ ਵਾਲੀਆਂ ਮਸ਼ੀਨਾਂ ਨਾਲ ਰਿਸ਼ਤਿਆਂ ਦੀ ਪੱਕੀ ਪੀਡੀ ਸਾਂਝ ਭਲਾ ਕੌਣ ਪਾਉਣੀ ਚਾਹੇਗਾ? ਹੁਣ ਧਰਤੀ ਤੇ ਕਿਰਤੀਆਂ ਦੇ ਦਰਦ ਕੌਣ ਸੁਣੇਗਾ? ਕੌਣ ਸੱਥ ਵਿੱਚ ਬੈਠ ਕੇ ਵਾਰਿਸ ਸ਼ਾਹ ਦੀ ਹੀਰ ਸੁਣੇਗਾ? ਬਾਬਾ ਨਾਨਕ ਜੀ ਦੀ ਬਾਣੀ ਸੁਣ ਕੌਣ ਸੁਣੇਗਾ ਤੇ ਉਸ ਤੇ ਅਮਲ ਕਰੇਗਾ:

> ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ਬਾਬਾ ਮਾਇਆ ਸਾਥਿ ਨ ਹੋਇ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥

ਜਗਤ ਗੁਰ ਬਾਬੇ ਨੇ ਸਿੱਧਾਂ ਦੇ ਵਲ ਵਿੰਗ ਕੱਢਦਿਆਂ ਕਿਹਾ ਸੀ:

> ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
> ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

ਪਰ ਨਾ ਹੁਣ ਕਿਸੇ ਨੂੰ ਸ਼ਬਦ ਗੁਰੂ ਦੇ ਸਿਧਾਂਤ ਤੇ ਨਾ ਧੁਨੀ ਦਾ ਗਿਆਨ ਹੈ। ਉਂਞ ਗੁਰੂ ਸਾਡਾ ਅੱਜ ਵੀ ਸ਼ਬਦ ਹੀ ਹੈ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸਾਡੇ ਕੋਲ? ਸਿੱਖੀ ਵਾਲ ?ਾ ਬਾਣਾ ਤਾਂ ਹੈ, ਪਰ ਗੁਰਮਤਿ ਆਸ਼ੇ ਤੇ ਪੂਰੀ ਤਰ੍ਹਾਂ ਢੁੱਕਦੀ ਗੁਰਬਾਣੀ ਦੀ ਵਿਚਾਰ ਨਹੀਂ ਹੈ। ਭੇਖਧਾਰੀ ਤਾਂ ਬਥੇਰੇ ਹਨ ਪਰ ਗਿਆਨਵਾਨ ਕੋਈ ਵਿਰਲਾ ਟਾਵਾਂ ਵੀ ਨਹੀਂ ਲੱਭਦਾ। ਗਿਆਨ ਹਾਸਲ ਕਰਨ ਲਈ 'ਸ਼ਬਦ ਤੇ ਧੁਨਿ' ਸੰਗ ਜੁੜਨਾ ਪਵੇਗਾ। ਪਰ ਇਹ ਤਰੱਦਦ ਕੌਣ ਕਰੇਗਾ? ਕੌਣ ਇਹ ਹਾਅ ਦਾ ਨਾਹਰਾ ਮਾਰੇਗਾ:

> ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦੁ ਨਾ ਆਇਆ ॥ (ਪੰਨਾ ???)

ਬਾਬਰ ਬਾਣੀ ਕੌਣ ਪੜ੍ਹੇਗਾ ਤੇ ਪੜ੍ਹ ਕੇ ਅਮਲ ਕੌਣ ਕਰੇਗਾ। ਅਮਲਾਂ ਬਾਝੋਂ ਰਵਾਇਤੀ ਬਾਣਾ ਤੇ ਗਿਆਨ ਦੀ ਬੱਧੀ ਪੰਡ, ਦੋਵੇਂ ਬੇਕਾਰ ਹਨ। ਇਹ ਕੇਹੀ ਰੁੱਤ ਆ ਗਈ ਹੈ? ਅੰਦਰ ਤੇ ਬਾਹਰ ਦੋਵੇਂ ਪਾਸੇ ਸਾੜਾ ਹੈ। ਬਸ ਮੈਂ ਇੱਕਲਾ ਹੀ ਚੰਗਾ ਤੇ ਬਾਕੀ ਸਭ ਜਗ ਮੰਦਾ। ਜਦ ਕਿ ਮਾੜਾ ਬੰਦਾ ਨਹੀਂ, ਉਸਦੇ ਕੰਮ ਮਾੜੇ ਹੁੰਦੇ ਹਨ। ਪਰ ਚੰਗੇ ਕੰਮ ਕੌਣ ਕਰੇਗਾ? ਮਨੁੱਖ ਨੂੰ ਮਨੁੱਖ ਕੌਣ ਸਮਝੇਗਾ? ਕੌਣ ਬਰਾਬਰੀ ਦੀ ਬਾਤ ਪਾਵੇਗਾ? ਕੌਣ ਕਿਰਤੀਆਂ ਦੇ ਦਰਦ ਸੁਣੇਗਾ?

# ਪ੍ਰਤਿਬੱਧ ਲੇਖਕ ਤੇ ਪੱਤਰਕਾਰ ਬੁੱਧ ਸਿੰਘ ਨੀਲੋਂ ਦਾ ਸਨਮਾਨ



ਦੋਰਾਹਾ ਮੰਡੀ, (ਬਲਜਿੰਦਰ ਸਿੰਘ ਪਟਿਆਲਾ) : ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਪੰਜਾਬੀ ਦੇ ਪ੍ਰਤੀਬੱਧ ਲੇਖਕ ਤੇ ਪੱਤਰਕਾਰ ਬੁੱਧ ਸਿੰਘ ਨੀਲੋ ਨੂੰ ਨਰੰਗ ਸਿੰਘ ਝੱਜ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਮਿੱਤਰ ਸੈਨ ਮੀਤ ਨੇ ਕੀਤੀ। ਬੁੱਧ ਸਿੰਘ ਨੀਲੋਂ ਦੀਆਂ ਲਿਖਤਾਂ ਅਤੇ ਜੀਵਨ ਬਾਰੇ ਡਾ. ਪਰਮਿੰਦਰ ਸਿੰਘ, ਡਾ. ਕੁਲਦੀਪ ਸਿੰਘ, ਸਵਰਨ ਸਿੰਘ ਭੰਗੂ, ਕਮਲਜੀਤ ਸਿੰਘ ਨੀਲੋਂ, ਗੁਰਸੇਵਕ ਸਿੰਘ ਢਿੱਲੋ, ਬਲਵੀਰ ਸਿੰਘ ਬੱਬੀ, ਸਰਪੰਚ ਬਲਦੇਵ ਸਿੰਘ ਝੱਜ ਆਦਿ ਨੇ ਗੱਲਬਾਤ ਕੀਤੀ। ਇਸ ਮੌਕੇ ਬਲਦੇਵ ਸਿੰਘ ਝੱਜ ਦੇ ਪਰਿਵਾਰ ਵੱਲੋਂ ਬੁੱਧ ਸਿੰਘ ਨੂੰ ਨਕਦ ਰਾਸ਼ੀ, ਸਨਮਾਨ ਪੱਤਰ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ। ਡਾਕਟਰ ਪਰਮਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਬੁੱਧ ਸਿੰਘ ਨੀਲੋਂ ਲੋਕ ਧਾਰਾ ਦੇ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਲਿਖਤਾਂ ਕਿਸੇ ਇੱਕ ਵਿਚਾਰਧਾਰਾ ਜਾਂ ਵਿਸ਼ੇ ਦੇ ਨਾਲ ਸੰਬੰਧਿਤ ਨਹੀਂ ਬਲਕਿ ਉਸ ਨੇ ਹਰ ਸਮਾਜਿਕ ਮਸਲੇ ਨੂੰ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਇਆ। ਪੰਜਾਬੀ ਯੂਨੀਵਰਸਿਟੀ ਤੋਂ ਪੁੱਜੇ ਡਾਕਟਰ ਕੁਲਦੀਪ ਸਿੰਘ ਨੇ ਆਖਿਆ ਕਿ ਨੀਲੋ ਦੀਆਂ ਰਚਨਾਵਾਂ ਦੇ ਵਿੱਚ ਸਮਾਜ ਦੇ ਉਹਨਾਂ ਵਰਗਾਂ ਦੀ ਵਿਚਾਰਧਾਰਾ ਪੇਸ਼ ਹੁੰਦੀ ਹੈ ਜਿਨਾਂ ਨੂੰ ਸਮਾਜ ਨੇ ਅਣਗੌਲਿਆ ਕੀਤਾ ਹੋਇਆ ਉਹਨਾਂ ਕਿਹਾ ਕਿ ਜਿਹੜੇ ਸਮਿਆਂ ਦੇ ਵਿੱਚ ਅਸੀਂ ਲੰਘ ਰਹੇ ਹਾਂ ਉਸ ਸਮੇਂ ਬੜੇ ਖਤਰਨਾਕ ਹਨ ਇਹਨਾਂ ਸਮਿਆਂ ਬਾਰੇ ਬੁੱਧ ਸਿੰਘ ਨੀਲੋ ਸਾਨੂੰ ਸੁਚੇਤ ਹੀ ਨਹੀਂ ਕਰਦਾ ਬਲਕਿ ਲਿਖਣ ਤੇ ਬੋਲਣ ਦੀ ਪ੍ਰੇਰਨਾ ਵੀ ਦਿੰਦਾ ਹੈ। ਸਵਰਨ ਸਿੰਘ ਭੰਗੂ ਨੇ ਬੋਲਦਿਆਂ ਕਿਹਾ ਕਿ ਨੀਲੋ ਦੀਆਂ ਲਿਖਤਾਂ ਨੂੰ ਪੜਨਾ ਇਹਨਾਂ ਸਮਿਆਂ ਵਿੱਚ ਜਰੂਰੀ ਹੈ ਉਹਨਾਂ ਕਿਹਾ ਕਿ ਉਹ ਸਾਡੇ ਸਮਿਆਂ ਦਾ ਉਹ ਲੇਖਕ ਹੈ ਜਿਸ ਨੇ ਸਮਾਜ ਦੀ ਵਿੱਚ ਫੈਲੇ ਭਰਿਸ਼ਟਾਚਾਰ ਨੂੰ ਆਪਣੀਆਂ ਲਿਖਤਾਂ ਵਿੱਚ ਨੰਗਾ ਕੀਤਾ। ਭਾਜਪਾ ਦੇ ਕਿਸਾਨ ਵਿੰਗ ਦੀ ਕੌਮੀ ਆਗੂ ਸੁਖਮਿੰਦਰ ਪਾਲ ਸਿੰਘ ਗਰੇਵਾਲ ਨੇ ਇਸ ਮੌਕੇ ਜਿੱਥੇ ਬੁੱਧ ਸਿੰਘ ਦੀਆਂ ਲਿਖਤਾਂ ਦੀ ਗੱਲ ਕੀਤੀ ਉਥੇ ਉਹਨਾਂ ਆਪਣੇ ਪਿਤਾ ਸਰਦਾਰ ਕੇਸਰ ਸਿੰਘ ਗਰੇਵਾਲ ਦੀ ਯਾਦ ਵਿੱਚ ਬੁੱਧ ਸਿੰਘ ਨੂੰ ਪੁਰਸਕਾਰ ਵੀ ਦਿੱਤਾ। ਗੁਰਸੇਵਕ ਸਿੰਘ ਢਿੱਲੋਂ ਨੇ ਬੁੱਧ ਸਿੰਘ ਦੀਆਂ ਲਿਖਤਾਂ ਦੇ ਮੁਖੜਿਆਂ ਨੂੰ ਮੁੱਖ ਰੱਖ ਕੇ ਸਮਾਜ ਦੇ ਸਰੋਕਾਰਾਂ ਨਾਲ ਜੋੜਦੇ ਆਂ ਉਹਨਾਂ ਹਵਾਲੇ ਦੇ ਕੀ ਗੱਲ ਕੀਤੀ। ਇਹ ਸਮਾਗਮ ਰੂਬਰੂ ਤੇ ਸਨਮਾਨ ਸਮਾਰੋਹ ਸਭਾ ਦੇ ਪ੍ਰਧਾਨ ਅਨਿਲ ਫਤਿਹਗੜ੍ਹ ਜੱਟਾਂ ਨੇ ਹਾਜ਼ਰ ਸਰੋਤਿਆਂ ਨੂੰ ਜੀ ਆਇਆ ਕਿਹਾ। ਮੰਚ ਦੀ ਸੰਚਾਲਨਾ ਸਭਾ ਦੇ ਜਨ ਸਕੱਤਰ ਬਲਵੰਤ ਮਾਂਗਟ ਨੇ ਕੀਤੀ। ਇਸ ਮੌਕੇ ਹੋਰਨਾ ਤੋਂ ਇਲਾਵਾ ਕਮਲਜੀਤ ਨੀਲੋਂ ਗੁਰਦਿਆਲ ਦਲਾਲ ਨੇਤਰ ਸਿੰਘ ਮੁੱਤਿਓਂ ਬਲਵੰਤ ਸਿੰਘ ਵਿਰਕ, ਤਰਨਜੀਤ ਕੌਰ ਗਰੇਵਾਲ ਨੀਤੂ ਰਾਮਪੁਰੀ, ਗੌਰਵਦੀਪ ਸਿੰਘ ਆਦਿ ਹਾਜ਼ਰ ਸਨ।





# ਕਲਾ ਅਤੇ ਸਾਹਿਤ ਲੋਕਾਂ ਦੇ ਨਜ਼ਰੀਏ ਤੋਂ

*ਸਾਹਿਤ ਅਤੇ ਕਲਾ ਵੱਖ-ਵੱਖ ਸਮਾਜਾਂ 'ਚ ਅਕਸਰ ਲੋਕਪੱਖੀ ਅਤੇ ਲੋਕ ਵਿਰੋਧੀ ਰੋਲ ਅਦਾ ਕਰਦੀ ਹੈ। ਲੋਕਪੱਖੀ ਸਾਹਿਤਕਾਰ ਆਪਣੀਆਂ ਲਿਖਤਾਂ ਰਾਹੀਂ ਸਮਾਜ ਨੂੰ ਸੇਧ ਦਿੰਦੇ ਹਨ। ਉਸ ਸੇਧ ਬਾਰੇ ਦ੍ਰਿਸ਼ਟੀਕੋਣ ਵਿਕਸਿਤ ਕਰਨ ਹਿਤ ਇਹ ਲਿਖਤ ਦੇ ਰਹੇ ਹਾਂ। - ਸੰਪਾਦਕ*



ਗੁਰਦੀਪ, ਵਿਨੀਪੈਗ

ਢੇਰ ਸਮਾਂ ਪਹਿਲਾਂ ਓਂਕਾਰਪ੍ਰੀਤ ਦਾ ਲੇਖ 'ਸਾਹਿਤ ਅਤੇ ਕਲਾ ਲੋਕਾਂ ਲਈ ਜਾਂ ਜੋਕਾਂ ਲਈ' ਪੜ੍ਹਿਆ। ਮਨ ਸਰਜਾਰ ਹੋ ਉਠਿਆ। ਮਹਾਂ ਅੰਧਕਾਰ ਜਾਂ ਘੁੱਪ ਹਨੇਰੇ ਵਿੱਚੋਂ ਚਾਨਣ ਦੀ ਇੱਕ ਸੂਹੀ ਕਿਰਨ ਜਗ-ਮਗਾਈ। ਮੈਂ ਓਂਕਾਰਪ੍ਰੀਤ ਨੂੰ ਵਧਾਈ ਦੇਣੋ ਨਾ ਰਹਿ ਸਕਿਆ। ਮੈਂ ਵੀ ਕਈ ਸਾਲਾਂ ਤੋਂ ਲਗਭਗ ਅਜਿਹਾ ਹੀ ਸੋਚਦਾ ਰਿਹਾ ਹਾਂ, ਪਰ ਅਜਿਹੇ ਵਿਸ਼ੇ ਬਾਰੇ ਲਿਖਣਾ ਤਾਂ ਕਿਸੇ ਵਿਦਵਾਨ ਜਾਂ ਪ੍ਰਤਿਭਾਵਨ ਦਾ ਹੀ ਕੰਮ ਹੋ ਸਕਦਾ ਹੈ ਜਾਂ ਲੇਖਕ ਬਰਾਦਰੀ ਇਸ ਬਾਰੇ ਕੋਈ ਸੋਚੇ, ਤਾਂ ਕੀ ਗੱਲ ਅੱਗੇ ਤੁਰ ਸਕੇ। ਪਰ ਲੇਖਕ ਬਰਾਦਰੀ ਤਾਂ....। ਖੈਰ, ਇੱਕ ਪਾਠਕ ਹੋਣ ਦੇ ਨਾਤੇ ਮੈਂ ਆਪਣੇ ਮਨ ਦੇ ਵਲਵਲੇ ਅਤੇ ਵਿਚਾਰ ਜਰੂਰ ਸਾਂਝੇ ਕਰਨੇ ਚਾਹਾਂਗਾ।

ਵਿਦਵਾਨਾਂ ਨੇ ਸ਼ੁਰੂ ਸ਼ੁਰੂ ਵਿੱਚ ਸਹਿਤ ਦੇ ਤਿੰਨ ਪੜਾਅ ਮਿਥੇ। (ੳ) ਸੁੰਦਰਮ, (ਅ) ਸਤਿਯਮ, (ੲ) ਸ਼ਿਵਮ। ਮੁਢਲਾ ਸਹਿਤ ਵਧੇਰੇ ਕਰਕੇ ਕਵਿਤਾ ਦੀ ਰੂਪ ਵਿੱਚ ਹੀ ਮਿਲਦਾ ਹੈ। ਰਾਜਿਆਂ, ਮਹਾਰਾਜਿਆਂ ਦੇ ਦਰਬਾਰੀ ਕਵੀ ਸ਼ਿੰਗਾਰ ਰਸ ਦੀ ਕਵਿਤਾ ਰਚਦੇ ਤੇ ਇਨਾਮ ਪ੍ਰਾਪਤ ਕਰਦੇ। ਇਹ ਕਵਿਤਾ ਕੁਦਰਤ ਦੀ ਸੁੰਦਰਤਾ ਤੋਂ ਤੁਰਦੀ ਤੁਰਦੀ ਔਰਤ ਦੀ ਸੁੰਦਰਤਾ ਤੱਕ ਆਣ ਪਹੁੰਚੀ। ਕਵੀਆਂ ਨੇ ਔਰਤ ਦੇ ਕੱਲੇ ਕੱਲੇ ਅੰਗ ਤੋਂ ਲੈ ਕੇ ਉਸਦੇ ਸਮੁੱਚੇ ਰੂਪ ਨੂੰ ਬਿਆਨ ਕਰਨ ਲੱਗਿਆਂ ਸਾਰਾ ਜ਼ੋਰ ਲਾ ਦਿੱਤਾ। ਇਸੇ ਸੰਬੰਧ ਚ ਮਹਾਂਕਵੀ ਕਾਲੀਦਾਸ ਦੇ ਇਕ ਸ਼ੇਅਰ ਦਾ ਭਾਵਅਰਥ ਕੁਝ ਇੰਜ ਹੈ, ਕਿ ਸੁੰਦਰਤਾ ਦੇ ਮੁਕਾਬਲੇ ਵਿੱਚ ਸੀਤਾ ਅਤੇ ਚੰਦਰਮਾ ਦੀ ਤੁਲਨਾ ਹੋਣ ਲੱਗੀ ਅਤੇ ਦੋਵਾਂ ਨੂੰ ਤੱਕੜੀ ਦੇ ਇੱਕ ਇੱਕ ਛਾਬੇ 'ਚ ਬਿਠਾ ਦਿੱਤਾ। ਸੀਤਾ ਸੁੰਦਰਤਾ 'ਚ ਏਨੀ ਭਾਰੀ ਸੀ ਕੀ ਉਸਦੇ ਵਾਲਾ ਛਾਬਾ ਸੁੰਦਰਤਾ ਦੇ ਭਾਰ ਨਾਲ ਹੇਠਾਂ ਧਰਤੀ ਉੱਤੇ ਆ ਗਿਆ। ਦੂਜੇ ਪਾਸੇ ਚੰਦਰਮਾ, ਸੀਤਾ ਦੇ ਮੁਕਾਬਲੇ ਵਿੱਚ ਇੰਨਾ ਹੌਲਾ ਸੀ ਕਿ ਉਹ ਅਸਮਾਨ ਤੇ ਜਾ ਠਹਿਰਿਆ। ਇਸ ਤਰ੍ਹਾਂ ਦੇ ਸਹਿਤ ਜਾਂ ਕਵਿਤਾ ਦਾ ਬੜਾ ਚਿਰ ਬੋਲਬਾਲਾ ਰਿਹਾ। ਵਿਦਵਾਨਾਂ ਵੱਲੋਂ ਇਸ ਨੂੰ ਅਤੀ ਸੁੰਦਰਮ ਕਹਿ ਕੇ ਨਿਵਾਜਿਆ ਗਿਆ।

ਸਮੇਂ ਦੇ ਬਦਲਣ ਨਾਲ ਸਮਾਜਿਕ ਕਦਰਾਂ ਕੀਮਤਾਂ ਚ ਫਰਕ ਆਇਆ। ਸੁੰਦਰਤਾ ਦੇ ਮੁਕਾਬਲੇ ਵਿੱਚ ਸੱਚਾਈ ਨੂੰ ਪ੍ਰਥਮ ਮੰਨਿਆ ਜਾਣ ਲੱਗਾ। ਪਰ ਸਚਾਈ ਦੀ ਕੋਈ ਪਰਿਭਾਸ਼ਾ ਨਹੀਂ ਹੈ। ਸੱਚਾਈ ਦੀ ਪਰਿਭਾਸ਼ਾ ਤਾਂ ਉਸਦੇ ਸੰਦਰਭ ਵਿੱਚ ਹੈ। ਫਿਰ ਵੀ ਇਸ ਕਾਲ ਵਿੱਚ ਸਿਰਫ ਉਸੇ ਸਹਿਤ ਨੂੰ ਹੀ ਵਡਿਆਇਆ ਜਾਣ ਲੱਗਾ ਜਿਹੜਾ ਸੱਤਿਅਮ ਦੇ ਵਿਸ਼ੇਸ਼ਣ ਨੂੰ ਉਜਾਗਰ ਕਰਦਾ ਹੋਵੇ। ਸੱਚ ਉੱਤੇ ਪਹਿਰਾ ਦਿੰਦਾ ਹੋਵੇ। ਆਓ ਏਸ ਸੱਚ ਨੂੰ ਇਕ ਉਦਾਹਰਨ ਵਿੱਚੋਂ ਲੱਭੀਏ।

ਕਿਸੇ ਜੰਗਲ ਵਿੱਚ ਇਕ ਰਿਸ਼ੀ ਰਹਿੰਦਾ ਹੈ। ਤਪ ਕਰਦਾ ਹੈ, ਜੰਗਲ ਦੇ ਛੋਟੇ ਛੋਟੇ ਜਾਨਵਰਾਂ, ਹਿਰਨਾਂ ਦੇ ਬੱਚੇ, ਸਹੇ ਅਤੇ ਕੁਝ ਹੋਰ ਜਾਨਵਰ ਉਸਦੀ ਕੁਟੀਆ ਦੁਆਲੇ ਬਿਨਾਂ ਕਿਸੇ ਡਰ ਤੋਂ ਘੁੰਮਦੇ ਰਹਿੰਦੇ ਹਨ। ਰਿਸ਼ੀ ਦਾ ਵੀ ਉਹਨਾਂ ਨਾਲ ਮੋਹ ਜੁੜ ਗਿਆ ਹੈ। ਉਹ ਰਿਸ਼ੀ ਦੀ ਗੋਦ ਵਿੱਚ ਆ ਬੈਠਦੇ ਹਨ। ਆਪਣੇ ਖਾਣ ਲਈ, ਜੰਗਲ ਵਿੱਚੋਂ ਇਕੱਠੇ ਕੀਤੇ ਫਲਾਂ 'ਚੋਂ ਰਿਸ਼ੀ ਉਹਨਾਂ ਨੂੰ ਵੀ ਖਾਣ ਲਈ ਦਿੰਦਾ ਹੈ। ਉਹ ਵੀ ਰਿਸ਼ੀ ਨਾਲ ਮੋਹ ਕਰਦੇ ਹਨ। ਇਕ ਦਿਨ ਰਿਸ਼ੀ ਕਿਸੇ ਸਮਾਧੀ ਵਿੱਚ ਲੀਨ ਸੀ ਕਿ ਕਿਸੇ ਅਣਜਾਣ ਖੜਾਕ ਨਾਲ ਉਸਦੀ ਖੁੱਲ ਗਈ। ਕੁਝ ਹਿਰਨ ਤੇ ਹੋਰ ਛੋਟੇ ਛੋਟੇ ਜਾਨਵਰ ਬੇ-ਤਹਾਸ਼ਾ ਦੌੜਦੇ ਹੋਏ ਉਸਦੇ ਕੋਲੋਂ ਦੀ ਲੰਘੇ। ਰਿਸ਼ੀ ਹੈਰਾਨੀ 'ਚ ਸੋਚ ਹੀ ਰਿਹਾ ਸੀ ਕਿ ਕੁਝ ਸ਼ਿਕਾਰੀ ਕੁੱਤੇ ਦੌੜਦੇ ਹੋਏ ਆਏ ਤੇ ਉਧਰ ਨੂੰ ਹੀ ਲੰਘ ਗਏ। ਬਸਤੀ ਤੋਂ ਕੋਹਾਂ ਦੂਰ ਘਣੇ ਜੰਗਲਾਂ 'ਚ ਇਹ ਕੁਝ ਹੋਣਾ ਰਿਸ਼ੀ ਨੂੰ ਚੰਗਾ ਨਾ ਲੱਗਾ। ਏਨੇ ਨੂੰ ਦੋ ਘੋੜ ਸਵਾਰ ਮੋਢਿਆਂ ਤੇ ਬੰਦੂਕਾਂ ਲਟਕਾਈ ਆਣ ਪਹੁੰਚੇ। ਉਹਨਾਂ ਪੁੱਛਿਆ, 'ਬਾਬਾ! ਇਧਰ ਕੁਝ ਹਿਰਨ ਆਏ ਸਨ, ਸਾਨੂੰ ਦੱਸ, ਉਹ ਕਿਸ ਦਿਸ਼ਾ ਨੂੰ ਗਏ ਹਨ'? ਇਥੇ ਰਿਸ਼ੀ ਲਈ ਬਹੁਤ ਵੱਡੀ ਅਡੰਬਣ ਬਣ ਗਈ। ਰਿਸ਼ੀ ਕੀ ਦੱਸੇ? ਸੱਚ ਦੱਸੇ, ਕਿ ਝੂਠ ਬੋਲੇ? ਇਥੇ ਸੱਚ ਉਹ ਹੈ ਜੋ ਉਸਨੇ ਦੇਖਿਆ ਹੈ, ਤੇ ਝੂਠ ਉਹ ਹੈ ਜੋ ਉਸਨੂੰ ਕਿਸੇ ਵੀ ਸੱਚ ਤੋਂ ਵਧੇਰੇ ਪਿਆਰਾ ਹੈ। ਉਹ ਜਾਨਵਰ ਉਸਦਾ ਸਮਾਜ ਹਨ ਜਿਹਨਾ ਦੇ ਸਾਥ ਵਿਚ ਉਹ ਰਹਿ ਰਿਹਾ ਹੈ। ਕਿ ਉਸਨੂੰ ਸੱਚ ਬੋਲਣਾ ਚਾਹੀਦਾ ਹੈ, ਜਾਂ ਆਪਣੇ ਸਮਾਜ ਦੇ ਹਿੱਤ ਦੀ ਗੱਲ ਕਰਨੀ ਚਾਹੀਦੀ ਹੈ? ਇਹ ਸਮੱਸਿਆ ਕਈਆਂ ਰੂਪਾਂ ਵਿੱਚ ਅੱਜ ਵੀ ਸਾਡੇ ਸਾਹਮਣੇ ਹੈ। ਆਮ ਸੱਚ ਅਤੇ ਸਹਿਤਕ ਸੱਚ ਵਿੱਚ ਬੜਾ ਫਰਕ ਹੈ।

ਨਿੱਜੀ ਸੰਪਤੀ ਨੇ ਮਨੁੱਖੀ ਜ਼ਿੰਦਗੀ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਹੈ। ਮਨੁੱਖ, ਸਮਾਜੀ ਹਿੱਤਾਂ ਤੋਂ ਤਿਲਕਦਾ ਤਿਲਕਦਾ, ਨਿੱਜੀ ਹਿੱਤਾਂ ਦੀ ਗਿਰਾਵਟ ਤੱਕ ਪਹੁੰਚ ਗਿਆ ਹੈ। ਇਹ ਨਿਘਾਰ ਇਨਾ ਵੱਧ ਗਿਆ ਹੈ, ਕਿ ਮਨੁੱਖ ਸਥਾਪਤੀ ਦੀ ਭਾਲ ਵਿੱਚ ਆਪਣੀ ਕਬਰ ਆਪ ਹੀ ਪੱਟਣ ਲੱਗ ਪਿਆ ਹੈ। ਸਥਾਪਤੀ ਵੱਲੋਂ ਮਨੁੱਖ ਦੀ ਲੁੱਟ-ਖਸੁੱਟ ਇਨੀ ਵੱਧ ਗਈ ਹੈ ਕਿ ਜਿਉਣਾ ਮੁਹਾਲ ਹੋ ਗਿਆ ਹੈ। ਇਸ ਹੜ ਨੂੰ 20ਵੀਂ ਸਦੀ ਤੇ ਸ਼ੁਰੂ ਵਿੱਚ ਸੋਵੀਅਤ ਕ੍ਰਾਂਤੀ ਨੇ ਠਲ ਪਾਈ। ਏਸ ਕ੍ਰਾਂਤੀ ਨੇ ਮਨੁੱਖੀ ਸੋਚ ਨੂੰ ਇੱਕ ਵਾਰ ਫਿਰ ਸਮਾਜਿਕ ਹਿੱਤਾਂ ਵੱਲ ਮੋੜ ਦਿੱਤਾ। ਇਸ ਵਿਚਾਰਧਾਰਾ ਨੇ ਸਹਿਤ ਤੇ ਵੀ ਆਪਣਾ ਅਸਰ ਪਾਇਆ। ਜਿਸ ਵਿੱਚੋਂ ਅਜਿਹੇ ਸਹਿਤ ਨੇ ਜਨਮ ਲਿਆ ਕਿ ਜਿਸ ਨੂੰ ਕਲਿਆਣਕਾਰੀ ਭਾਵ 'ਸ਼ਿਵਮ' ਕਰਕੇ ਜਾਣਿਆ ਜਾਣ ਲੱਗਾ। ਖੂਬਸੂਰਤ ਜਾਂ ਸੁੰਦਰਮ ਸਹਿਤ ਉਸੇ ਸਹਿਤ ਨੂੰ ਮੰਨਿਆ ਗਿਆ ਜਿਹੜਾ ਮਨੁੱਖ ਦੇ ਭਲੇ ਲਈ ਰਚਿਆ ਜਾਵੇ ਅਤੇ ਉਹੋ ਸਹਿਤ ਹੀ ਸਭ ਤੋਂ ਵੱਧ ਸੱਚਾ ਮੰਨਿਆ ਗਿਆ ਜਿਹੜਾ ਮਨੁੱਖ ਦੀ ਕਲਿਆਣਕਾਰੀ ਸੋਚ ਨਾਲ ਪਰਨਾਇਆ ਹੋਵੇ।


ਇਹ ਵਿਚਾਰਧਾਰਾ ਸਹਿਤ ਵਿੱਚ ਇੱਕ ਅਜਿਹਾ ਨਾਅਰਾ ਬਣ ਕੇ ਉਭਰੀ ਕਿ ਸਮਾਜਵਾਦੀ ਸੋਚ ਰੱਖਣ ਵਾਲਿਆਂ ਦੇ ਦਿਲਾਂ ਤੇ ਦਿਮਾਗਾਂ ਉੱਤੇ ਛਾ ਗਈ। ਉਹ ਨਾਅਰਾ ਸੀ, "ਸਹਿਤਕ ਪ੍ਰਤੀਬਧਤਾ" ਦਾ। ਜਿਸ ਦੇ ਹੱਕ ਵਿੱਚ ਅਤੇ ਵਿਰੋਧ ਵਿੱਚ ਬੜਾ ਕੁਝ ਕਿਹਾ ਗਿਆ। ਦੁਨੀਆ ਭਰ ਵਿੱਚ ਇਸ ਵਿਸ਼ੇ ਤੇ ਕਾਨਫਰੰਸਾਂ ਕੀਤੀਆਂ ਗਈਆਂ। ਸਾਲ 1935-36 ਵਿੱਚ, ਮੁਨਸ਼ੀ ਪ੍ਰੇਮ ਚੰਦ ਦੀ ਪ੍ਰਧਾਨਗੀ ਹੇਠ ਭਾਰਤ ਵਿੱਚ ਵੀ ਕਾਨਫਰੰਸ ਹੋਈ। ਵੱਖ-ਵੱਖ ਬੋਲੀਆਂ ਦੇ ਲੇਖਕਾਂ ਨੇ ਹਿੱਸਾ ਲਿਆ। ਇਸ ਵਿਚਾਰਧਾਰਾ ਦੀ ਚੜ੍ਹਤ ਵੇਖ ਕੇ ਕੁਝ ਲੋਕ ਫੈਸ਼ਨ ਵਜੋਂ ਜਾਂ ਭਾਵਕ ਹੋ ਕੇ ਵੀ ਇਸ ਵਿਚਾਰਧਾਰਾ ਤੇ ਅਨੁਯਾਈ ਬਣ ਗਏ। ਸਹਿਤ ਨੇ ਵੀ ਇਸ ਵਿੱਚ ਆਪਣਾ ਰੋਲ ਨਿਭਾਇਆ ਬਹੁਤੇ ਲੇਖਕ ਸਮਾਜਵਾਦੀ ਸਹਿਤ ਦੀ ਚਰਚਾ ਕਰਨ ਲੱਗ ਪਏ। ਇਸੇ ਅਧੀਨ ਹੀ ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ ਦਾ ਜਨਮ ਹੋਇਆ, ਜਿਸ ਦਾ ਉਂਕਾਰਪ੍ਰੀਤ ਜ਼ਿਕਰ ਕਰਦਾ ਹੈ:

**"ਦੋ ਹਿੱਸਿਆਂ ਵਿੱਚ ਧਰਤੀ ਵੰਡੀ**
**ਇੱਕ ਮਹਿਲਾਂ ਦਾ ਇੱਕ ਢੋਕਾਂ ਦਾ,**
**ਦੋ ਧੜਿਆਂ ਵਿੱਚ ਖਲਕਤ ਵੰਡੀ**
**ਇਕ ਲੋਕਾਂ ਦਾ ਇਕ ਜੋਕਾਂ ਦਾ।"**

ਇਹ ਵੰਡ, ਇਹ ਧੜਿਆਂ ਦੀ ਲੜਾਈ, ਇੱਕ ਜਦੋਜਹਿਦ ਦਾ ਰੂਪ ਧਾਰ ਕੇ ਸਾਰੇ ਦੇਸ਼ਾਂ ਵਿੱਚ ਫੈਲ ਗਈ। ਮੁੱਖ ਤੌਰ 'ਤੇ ਇਸ ਵੰਡ ਦੇ ਸਿਰਫ ਦੋ ਧੜੇ ਹਨ ਇਕ ਲੁੱਟਣ ਵਾਲਿਆਂ ਦਾ ਦੂਜਾ ਲੁੱਟ ਹੋਣ ਵਾਲਿਆਂ ਦਾ। ਇਸੇ ਹੀ ਸੰਦਰਭ ਵਿੱਚ ਇੱਕ ਹੋਰ ਬਹੁਤ ਜ਼ਰੂਰੀ ਗੱਲ ਸਮਝਣ ਦੀ ਲੋੜ ਹੈ। ਸਰਮਾਏਦਾਰੀ ਦਾ ਇੱਕ ਪਰਪੰਚ ਹੈ "ਤੀਜੀ ਦੁਨੀਆ"। ਇਸ ਪਰਪੰਚ ਨੂੰ ਲੋਕਾਂ ਦੀਆਂ ਜਦੋਜਾਹਿਦਾਂ ਨੂੰ ਖੁੰਡਿਆਂ ਕਰਨ ਲਈ ਵਰਤਿਆ ਜਾਂਦਾ ਹੈ। ਅਸਲ ਵਿੱਚ ਦੁਨੀਆ ਸਿਰਫ ਦੋ ਹੀ ਹਨ। ਇਹ ਦੋ ਕੈਂਪ ਹਰ ਇਕ ਦੇਸ਼ ਵਿੱਚ ਵਿਆਪਕ ਹਨ। ਇਕ ਦੁਨੀਆ ਹੈ ਲੁੱਟਣ ਵਾਲਿਆਂ ਦੀ ਤੇ ਦੂਜੀ ਹੈ ਲੁੱਟ ਹੋਣ ਵਾਲਿਆਂ ਦੀ। ਮਿਸਾਲ ਦੇ ਤੌਰ 'ਤੇ ਇਹ ਹਿੰਦੁਸਤਾਨ ਨੂੰ ਤੀਜੀ ਦੁਨੀਆਂ ਦਾ ਦੇਸ਼ ਕਹਿੰਦੇ ਹਨ ਕਿ ਉਥੋਂ ਦੇ ਅਦਾਨੀ, ਅੰਬਾਨੀ ਤੇ ਹੋਰ ਅਰਬਾਂ ਖਰਬਾਂਪਤੀ ਤੁਹਾਨੂੰ ਲੱਗਦੇ ਹਨ ਕਿ ਤੀਜੀ ਦੁਨੀਆਂ ਦੇ ਵਸਨੀਕ ਹਨ? ਇਸੇ ਤਰ੍ਹਾਂ ਉੱਤਰੀ ਅਮਰੀਕਾ ਵਿੱਚ ਕਾਲੇ ਲੋਕਾਂ ਦੀ ਦਸ਼ਾ ਅਤੇ ਨੇਟਿਵ ਲੋਕਾਂ (ਮੂਲ ਨਿਵਾਸੀ) ਦੀ ਹਾਲਤ, ਕੀ ਤੁਹਾਨੂੰ ਲੱਗਦੀ ਹੈ ਕਿ ਇਹ ਲੋਕ ਪਹਿਲੀ ਦੁਨੀਆ ਦੇ ਬਸ਼ਿੰਦੇ ਹਨ?

ਇਥੇ ਇਕ ਹੋਰ ਗੱਲ ਵੀ ਧਿਆਨ ਮੰਗਦੀ ਹੈ। ਸਾਹਿਤ ਅਤੇ ਰਾਜਨੀਤੀ ਦਾ ਆਪਸ ਵਿੱਚ ਚੋਲੀ ਤੇ ਦਾਮਨ ਵਾਲਾ ਰਿਸ਼ਤਾ ਹੈ। ਨਹੁੰ ਤੇ ਮਾਸ ਵਾਲਾ ਰਿਸ਼ਤਾ ਹੈ। ਇਹ ਇੱਕ ਦੂਜੇ ਤੋਂ ਅੱਡ ਨਹੀਂ ਹੋ ਸਕਦੇ ਅਤੇ ਨਾ ਹੀ ਇਹਨਾਂ ਨੂੰ ਇੱਕ ਦੂਜੇ ਤੋਂ ਅੱਡ ਕਰਕੇ ਵੇਖਣਾ ਚਾਹੀਦਾ ਹੈ। ਮੇਰੀ ਸਮਝ ਵਿੱਚ, ਜਿਹੜੇ ਲੋਕ ਇਸ ਗੱਲ ਦੀ ਵਕਾਲਤ ਕਰਦੇ ਹਨ ਕਿ ਸਹਿਤ ਵਿੱਚ ਰਾਜਨੀਤਿਕ ਦਖਲ ਨਹੀਂ ਹੋਣਾ ਚਾਹੀਦਾ, ਉਹ ਲੋਕ ਜਾਂ ਤਾਂ ਇਸ ਮਸਲੇ ਬਾਰੇ ਬੇਸਮਝ ਹਨ ਜਾਂ ਦੂਸਰਿਆਂ ਨੂੰ ਬੇਵਕੂਫ ਬਣਾ ਰਹੇ ਹਨ। ਮੇਰੀ ਧਾਰਨਾ ਹੈ ਕਿ ਜੇ ਕਿਸੇ ਸਿਆਸੀ ਬੰਦੇ ਨੂੰ ਸਹਿਤ ਦੀ ਸਮਝ ਨਹੀਂ ਤਾਂ ਉਸਦਾ ਤਾਂ ਗੁਜ਼ਾਰਾ ਹੋ ਸਕਦਾ ਹੈ ਪਰ ਜੇ ਕਿਸੇ ਸਾਹਿਤਕਾਰ ਨੂੰ ਉਸ ਦੀ ਸਮਕਾਲੀ ਸਿਆਸਤ ਦੀ ਸਮਝ ਨਹੀਂ ਤਾਂ ਉਸਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੈ। ਇਥੇ ਇਕ ਹੋਰ ਗਲ ਵੀ ਧਿਆਨ ਮੰਗਦੀ ਹੈ। ਅੱਜ ਕੱਲ ਦੀ ਸਿਆਸਤ ਵਿੱਚ ਸਿਆਸੀ ਨੇਤਾ ਆਮ ਘਟੀਆ ਕਦਰਾਂ ਕੀਮਤਾਂ ਨਾਲ ਸਮਝੌਤਾ ਕਰ ਰਿਹਾ ਹੈ (ਜੋ ਕਿ ਨਹੀਂ ਹੋਣਾ ਚਾਹੀਦਾ), ਪਰ ਇੱਕ ਸੱਚਾ ਸੁੱਚਾ ਸਾਹਿਤਕਾਰ ਅਜਿਹਾ ਨਹੀਂ ਕਰ ਸਕਦਾ। ਸਾਹਿਤ ਰਚਨਾ ਸੂਰਮਗਤੀ ਹੈ, ਕੋਈ ਸੂਰਮਾ ਹੀ ਵਧੀਆ ਸਹਿਤ ਰਚ ਸਕਦਾ ਹੈ।

ਸੰਤ ਸਿੰਘ ਸੇਖੋਂ ਪੰਜਾਬੀ ਵਿੱਚ ਪਹਿਲਾ ਸਹਿਤਕਾਰ ਸੀ ਜਿਸਨੇ ਪੰਜਾਬੀ ਸਾਹਿਤ ਵਿੱਚ ਮਾਰਕਸੀ ਚਿੰਤਨ ਪੇਸ਼ ਕੀਤਾ। ਅਜੇ ਤੱਕ ਤਾਂ ਇਹੀ ਚਿੰਤਨ ਸਭ ਤੋਂ ਸਿਰਮੌਰ ਤੇ ਵਿਗਿਆਨਿਕ ਮੰਨਿਆ ਜਾਂਦਾ ਹੈ। ਹੋ ਸਕਦਾ ਹੈ ਸਮਾਂ ਪਾ ਕੇ ਕੋਈ ਨਵਾਂ ਚਿੰਤਨ ਆਪਣੇ ਲਈ ਜਮੀਨ ਬਣਾ ਲਵੇ। ਪਰ ਹਾਲ ਦੀ ਘੜੀ ਤਾਂ ਇਸੇ ਨੂੰ ਹੀ ਮੰਨਣਾ ਪਵੇਗਾ। ਸੇਖੋਂ ਨੇ ਇਸਨੂੰ ਕਾਫੀ ਵਿਸਥਾਰਤ ਕੀਤਾ ਹੈ। ਪ੍ਰੋਫੈਸਰ ਕਿਸ਼ਨ ਸਿੰਘ ਨੇ ਵੀ ਸਹਿਤ ਨੂੰ ਇਸੇ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਪਰਖਿਆ ਤੇ ਸਮਝਿਆ ਹੈ। ਡਾਕਟਰ ਕੇਸਰ ਸਿੰਘ ਕੇਸਰ ਦੀ ਪਰਖ ਪੜਚੋਲ ਵੀ ਇਸੇ ਤੇ ਅਧਾਰਤ ਹੈ। ਅਨੇਕਾਂ ਹੀ ਨਾਮ ਹਨ ਜਿਹੜੇ ਇਸ ਪੱਧਰ ਤੇ ਆਉਂਦੇ ਹਨ, ਪਰ ਉਹਨਾਂ ਨਾਵਾਂ 'ਚ ਸਤਿੰਦਰ ਸਿੰਘ ਨੂਰ ਦਾ ਨਹੀਂ ਆਉਂਦਾ। ਸੰਤ ਸਿੰਘ ਸੇਖੋਂ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ "ਮੰਗਤੇ, ਵੇਸਵਾਵਾਂ ਤੇ ਦਲਿੱਦਰੀ ਸਹਿਤ ਦੇ ਮੁੱਖ ਪਾਤਰ ਨਹੀਂ ਹੋ ਸਕਦੇ"। ਪਰ ਇੱਕ ਗੱਲ ਜਿਹੜੀ ਸੇਖੋਂ ਸਾਹਿਬ ਨੂੰ ਸਪਸ਼ਟ ਕਰਨੀ ਚਾਹੀਦੀ ਸੀ ਉਹ ਇਹ ਹੈ, ਕਿ ਮੰਗਤੇ, ਵੇਸਵਾਵਾਂ ਤੇ ਦਲਿਦਰੀ ਉਨਾ ਚਿਰ ਸਹਿਤ ਦੇ ਮੁੱਖ ਪਾਤਰ ਨਹੀਂ ਹੋ ਸਕਦੇ ਜਿਨਾਂ ਚਿਰ ਉਹ ਆਪਣੇ ਆਪ ਨੂੰ ਇਸ ਘਿਨਿਆਉਣੀ ਹਾਲਤ ਵਿਚੋਂ ਕੱਢਣ ਲਈ ਯਤਨਸ਼ੀਲ ਨਹੀਂ ਹੁੰਦੇ। ਅੱਗੇ ਜਾ ਕੇ ਇਹਨੂੰ ਹੋਰ ਵੀ ਸਪਸ਼ਟਤਾ ਨਾਲ ਦੇਖਾਂਗੇ। ਇਹ ਵਿਚਾਰ ਲੇਖਕਾਂ ਵਿਦਵਾਨਾਂ ਨੂੰ ਸਪਸ਼ਟ ਕਰਨਾ ਚਾਹੀਦਾ ਸੀ, ਪਰ ਉਹਨਾਂ ਨੇ ਡੂੰਘੀ ਚੁੱਪ ਧਾਰੀ ਹੋਈ ਹੈ। ਖੁਸ਼ਕਿਸਮਤੀ ਨਾਲ ਓਂਕਾਰਪ੍ਰੀਤ ਨੇ ਉਸ ਬਣੀ ਹੋਈ ਚੁੱਪ ਨੂੰ, ਉਸ ਜਮੂਦ ਨੂੰ ਤੋੜਿਆ ਹੈ। ਪਰ ਅਜੇ ਤਕ ਕਿਸੇ ਵੀ ਵਿਦਵਾਨ ਨੇ ਉਸਦਾ ਹੁੰਗਾਰਾ ਨਹੀਂ ਭਰਿਆ। ਮੈਂ ਲੇਖਕ ਨਹੀਂ। ਇੱਕ ਪਾਠਕ ਤੇ ਨਾਤੇ ਹੀ ਆਪਣਾ ਫਰਜ ਪੂਰਾ ਕਰ ਰਿਹਾ ਹਾਂ। ਮੇਰੇ ਵਿੱਚ ਉਹ ਹਿੰਮਤ ਦੇ ਸੂਝ ਤਾਂ ਨਹੀਂ ਜਿਸ ਨਾਲ ਚੰਡੀਗੜ੍ਹ ਵਾਲੇ ਪ੍ਰੀਤਮ ਸਿੰਘ ਜੀ ਨੇ "ਤਲਖ ਤੁਰਸ਼ ਤੇ ਸ਼ੀਰੀ" ਨਾਂ ਦੀ ਕਿਤਾਬ ਸਾਨੂੰ ਦਿੱਤੀ ਸੀ। ਨਾ ਹੀ ਮੇਰੇ ਵਿੱਚ ਡਾਕਟਰ ਕੇਸਰ ਸਿੰਘ ਕੇਸਰ ਵਰਗੀ ਵਿਦਵਤਾ ਹੈ, ਜਿਸਨੇ ਮੋਹਨ ਸਿੰਘ ਦੀ ਕਵਿਤਾ "ਤਾਜ ਮਹੱਲ" ਦਾ ਸਾਹਿਤਕ ਮੁਲਾਂਕਣ ਕੀਤਾ ਸੀ। ਫਿਰ ਵੀ ਮੈਂ ਆਪਣੀ ਮੰਦਬੁੱਧੀ ਨਾਲ ਕੁਝ ਗੱਲਾਂ ਸਾਂਝੀਆਂ ਕਰਨੀ ਕਰਨੀਆਂ ਚਾਹਾਂਗਾ।



ਸਭ ਤੋਂ ਪਹਿਲਾਂ ਪੁਰਾਣੀ ਕਵਿਤਾ ਵਿੱਚੋਂ ਸ਼ੇਖ ਫਰੀਦ ਜੀ ਦੀ ਕਵਿਤਾ, ਜਿਸ ਨੂੰ ਅਸੀਂ ਬਾਣੀ ਵੀ ਕਹਿੰਦੇ ਹਾਂ, ਬੜੀ ਰਾਗਮਈ ਤੇ ਸੁਰਮਈ ਹੈ, ਆਨੰਦ ਵੀਭੋਰ ਹੈ। ਪਰ ਜਦੋਂ ਉਹ ਕਹਿੰਦੇ ਹਨ;

**ਜੋ ਤੈ ਮਾਰੇ ਮੁਕੀਆਂ ਤਿਨਾ ਨਾ ਮਾਰੇ ਘੁੰਮ**
**ਆਪਨੜੈ ਘਰ ਜਾਈਐ ਪੈਰ ਤਿਨਾ ਦੇ ਚੁੰਮ**

ਤਾਂ ਮੈਨੂੰ ਅੱਜ ਦੇ ਜੀਵ ਨੂੰ ਇਹ ਹਜਮ ਨਹੀਂ ਹੁੰਦੀ। ਹੋ ਸਕਦੈ ਉਦੋਂ, ਅੱਜ ਤੋਂ ਬਾਰਾਂ ਤੇਰਾਂ ਸੌ ਸਾਲ ਪਹਿਲਾਂ, ਇਹ ਗੱਲ ਸਰਬ-ਵਿਆਪਕ ਤੇ ਸਰਬ-ਪ੍ਰਵਾਣਤ ਹੋਵੇ, ਪਰ ਅੱਜ ਇਸ ਦਾ ਪਾਠ ਕਰਨ ਨਾਲੋਂ ਇਸਦੀ ਪੁਨਰ ਵਿਆਖਿਆ ਕਰਨੀ ਵਧੇਰੇ ਬਣਦੀ ਹੈ। ਜੰਗਲ ਵਰਗੇ ਰਾਜ ਵਿੱਚ ਸਰਵਾਈਵਲ ਆਫ ਦ ਫਿਟੈਸਟ (Survival of the Fittest) ਦੇ ਕੁਦਰਤੀ ਕਾਨੂੰਨ ਅਨੁਸਾਰ ਸੰਘਰਸ਼ ਕੀਤੇ ਬਿਨਾਂ ਗੁਜ਼ਾਰਾ ਨਹੀਂ ਹੋਣਾ। ਨਾਲੇ ਸ਼ੇਖ ਫਰੀਦ ਜੀ ਤੋਂ ਪਹਿਲਾਂ ਵੀ ਤੇ ਬਾਅਦ ਵਿੱਚ ਵੀ ਅਨੇਕਾਂ ਰਾਜਿਆਂ, ਡਾਕੂਆਂ, ਧੜਵੀਆਂ ਤੇ ਲੁਟੇਰਿਆਂ ਨੇ ਭਾਰਤ ਉੱਤੇ ਹਮਲੇ ਕੀਤੇ। ਕੀ ਉਹਨਾਂ ਦੇ ਹਮਲਿਆਂ ਦਾ ਜਵਾਬ ਉਹਨਾਂ ਦੇ ਪੈਰ ਚੁੰਮ ਕੇ ਦਿੱਤਾ ਜਾਣਾ ਚਾਹੀਦਾ ਸੀ? ਜਾਂ ਪੋਰਸ ਵਾਂਗੂ ਸਿਕੰਦਰ ਦਾ ਮੁਕਾਬਲਾ ਕਰਕੇ? ਜਾਂ ਭਗਤ ਕਬੀਰ ਜੀ ਦੇ ਕਥਨ ਅਨੁਸਾਰ ਸੂਰਮੇ ਵਾਂਗੂ ਜੂਝ ਕੇ:

**ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡਿ ਖੇਤ**

ਹੈਰਾਨੀ ਦੀ ਗੱਲ ਇਹ ਹੈ ਕਿ ਇਹ ਦੋਵੇਂ ਕਵੀ ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਵਿੱਚ ਦਰਜ ਸਾਰੇ ਕਵੀ ਇਕੋ ਹੀ ਦ੍ਰਿਸ਼ਟੀਕੋਣ ਤੋਂ, ਇੱਕੋ ਹੀ ਸਿਧਾਂਤ ਦੀ ਕਸਵੱਟੀ ਉੱਪਰ ਪੂਰੇ ਉਤਰਦੇ ਹਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਤੁਕ ਹੈ

**ਰਾਜੇ ਸ਼ੀਹ ਮੁਕੱਦਮ ਕੁੱਤੇ**

ਇਸ ਤੁਕ ਵਿੱਚ ਰਾਜਿਆਂ ਨੂੰ ਸ਼ੇਰ ਤੇ ਉਹਨਾਂ ਦੇ ਨੌਕਰਾਂ ਚਾਕਰਾਂ ਨੂੰ ਕੁੱਤੇ ਕਿਹਾ ਗਿਆ ਹੈ। ਇਹ ਬਿਲਕੁਲ ਠੀਕ ਹੈ। ਬਾਬੇ ਨਾਨਕ ਤੋਂ ਪਹਿਲਾਂ, ਉਹਦੇ ਸਮੇਂ ਵਿੱਚ ਤੇ ਉਸ ਤੋਂ ਬਾਅਦ ਵੀ ਰਾਜਿਆਂ ਦਾ ਕਿਰਦਾਰ ਉਹੋ ਹੀ ਰਿਹਾ ਹੈ ਜਿਹੜਾ ਬਾਬੇ ਨੇ ਕਿਹਾ ਹੈ। ਇਹ ਬਿਲਕੁਲ ਠੀਕ ਹੈ। ਸਰਬ ਵਿਆਪਕ ਹੈ। ਜੇ ਹੈ, ਤਾਂ ਫਿਰ ਇਹ ਗੱਲ ਕਿਥੋਂ ਆ ਗਈ:

**ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ**

ਇਥੇ ਰਾਜਾਨ ਦਾ ਅਰਥ, ਜੋ ਮੈਨੂੰ ਬਚਪਨ ਤੋਂ ਲੈ ਕੇ ਹੁਣ ਤੱਕ ਦੱਸਿਆ ਗਿਆ ਹੈ, ਉਹ ਹੈ ਕਿ ਜੋ ਇਸਤਰੀ ਰਾਜਿਆਂ ਨੂੰ ਜਨਮ ਦਿੰਦੀ ਹੈ ਉਸਨੂੰ ਮੰਦਾ ਕਹਿਣਾ ਉਚਿਤ ਨਹੀਂ। ਦੂਜੇ ਸ਼ਬਦਾਂ 'ਚ ਇਸਤਰੀ ਨੂੰ ਇਸ ਕਰਕੇ ਮਾੜਾ ਨਾ ਆਖੋ ਕਿਉਂਕਿ ਉਹ ਰਾਜਿਆਂ (ਖੂੰਖਾਰ ਜਾਲਮਾਂ) ਨੂੰ ਜਨਮ ਦਿੰਦੀ ਹੈ। ਇਹ ਗੱਲ ਮੇਰੀ ਸਮਝ ਵਿੱਚ ਨਹੀਂ ਆ ਸਕੀ। ਜੇ ਕੋਈ ਸਮਝਾ ਸਕੇ ਤਾਂ ਮੈਂ ਦੋਵੇਂ ਹੱਥ ਜੋੜ ਕੇ ਖਿਮਾ ਦਾ ਜਾਚਕ ਹਾਂ। ਮੇਰੇ ਲਈ ਤਾਂ ਬਾਬਾ ਸਿਰਫ ਇੱਕੋ ਹੀ ਤੁੱਕ ਵਿੱਚ ਵੱਸਦੈ:

**ਕਿਵੁ ਸਚਿਆਰਾ ਹੋਵੀਐ**
**ਕਿਵੁ ਕੂੜੈ ਤੁਟੈ ਪਾਲ**

ਇਸ ਤੁਕ ਵਿਚ ਸਹਿਤ ਦੇ ਤਿੰਨੋ ਹੀ ਗੁਣ, ਸਤਿਅਮ, ਸ਼ਿਵਮ, ਸੁੰਦਰਮ ਆ ਜਾਂਦੇ ਹਨ ਪਰ ਲੁਪਤ ਰਹਿੰਦੇ ਹਨ। ਇਹ ਤੁਕ ਮਨੁੱਖ ਦੇ ਆਦ ਤੋਂ ਲੈ ਕੇ ਅੰਤ ਤੋਂ ਵੀ ਅਗਾਂਹ ਲੰਘ ਜਾਂਦੀ ਹੈ। ਅਥਾਹ ਧਰਤੀ ਤੇ ਅਸਗਾਹ ਅਸਮਾਨਾਂ ਤੋਂ ਵੀ ਅਗੇਰੇ ਤੱਕ ਫੈਲੀ ਹੋਈ ਹੈ। ਮਨੁੱਖੀ ਤੇ ਸਮਾਜਿਕ ਵਿਕਾਸ ਦਾ ਰਾਹ ਖੋਲਦੀ ਇਹ ਤੁਕ, ਸਾਰੇ ਬ੍ਰਹਿਮੰਡ ਵਿੱਚ ਫੈਲੀ ਹੋਈ ਹੈ। ਇਸਦਾ ਵਿਸਥਾਰ ਕਿਸੇ ਵੱਖਰੇ ਮਾਹੌਲ ਵਿਚ ਹੀ ਹੋ ਸਕਦਾ ਹੈ।

ਜਦੋਂ ਅਸੀਂ ਆਧੁਨਿਕ ਸਹਿਤ ਦੀ ਗੱਲ ਕਰਦੇ ਹਾਂ, ਤਾਂ ਮੁੱਖ ਤੌਰ ਤੇ ਭਾਈ ਵੀਰ ਸਿੰਘ ਜੀ ਦਾ ਜਾਂ ਪ੍ਰੋਫੈਸਰ ਪੂਰਨ ਸਿੰਘ ਜੀ ਦਾ ਨਾਂ ਲਿਆ ਜਾਂਦਾ ਹੈ। ਭਾਈ ਵੀਰ ਸਿੰਘ ਜੀ ਬਾਰੇ ਕਈ ਵਿਦਵਾਨ ਦੱਸ ਚੁੱਕੇ ਹਨ ਕਿ ਭਾਈ ਸਾਹਿਬ ਸਿਆਸੀ ਤੌਰ 'ਤੇ ਅੰਗਰੇਜ਼ ਸਰਕਾਰ ਦੇ ਪਿੱਠੂ ਤੇ ਝੋਲੀਚੁੱਕ ਸਨ।

ਸਹਿਤਕਾਰ ਵਜੋਂ ਉਹ ਵਧੀਆ ਸਾਹਿਤਕਾਰ ਨਹੀਂ ਸਨ। ਉਹਨਾਂ ਦੇ ਨਾਵਲਾਂ ਚ ਸਿਰਫ ਸਿੱਖ ਹੀ ਬਹਾਦਰ ਦਿਆਲੂ "ਕੌਮ" ਹਨ। ਸਾਰੇ ਹਿੰਦੂ ਡਰਪੋਕ ਤੇ ਖੁਦਗਰਜ ਹਨ। ਸਾਰੇ ਮੁਸਲਮਾਨ ਜਾਹਿਲ, ਜਾਲਮ ਤੇ ਘਿਰਨਾਯੋਗ ਹਨ। ਉਹਨਾਂ ਦੀ ਇਸ ਧਾਰਨਾ ਕਰਕੇ ਅਸੀਂ ਉਹਨਾਂ ਨੂੰ ਦੋਸ਼ ਨਹੀਂ ਦਿੰਦੇ ਕਿਉਂਕਿ ਸੰਪਰਦਾਇਕ ਹੋਣ ਕਰਕੇ ਉਹਨਾਂ ਦੀ ਸੂਝ ਤੇ ਸਮਰੱਥਾ ਬੜੀ ਸੀਮਤ ਸੀ। ਪਰ ਉਹਨਾਂ ਦੇ ਕੁਝ ਟੋਟਕੇ ਬੜੇ ਕਮਾਲ ਦੇ ਹਨ।

ਪ੍ਰੋਫੈਸਰ ਪੂਰਨ ਸਿੰਘ ਜੀ ਖੁਲੀ ਕਵਿਤਾ ਤੇ ਵਲੇਲ ਦੀ ਕਵਿਤਾ ਕਰਕੇ ਜਾਣੇ ਜਾਂਦੇ ਹਨ। ਉਹ ਜ਼ਜਬੇ ਭਰਪੂਰ ਵਿਲੱਖਣਤਾ ਰੱਖਦੇ ਸਨ। ਪਰ ਉਹਨਾਂ ਦੀ ਸਮੁੱਚੀ ਸੋਚ ਜਜ਼ਬਾਤੀ ਕਿਸਮ ਦੀ ਸੀ। ਉਹ ਦਸਾਂ ਗੁਰੂਆਂ ਦੇ ਬੜੇ ਮਾਣਮਤੇ ਸ਼ਰਧਾਲੂ ਸਨ। ਇਹ ਉਹਨਾਂ ਦਾ ਆਪਣਾ ਜਾਤੀ ਮਸਲਾ ਸੀ। ਪਰ ਜਦੋਂ ਉਹ ਸਾਹਿਤਕ ਰੂਪ ਵਿੱਚ ਕਹਿੰਦੇ ਹਨ:

**ਪੰਜਾਬ ਵਸਦਾ (ਜਿਉਂਦਾ) ਗੁਰਾਂ ਦੇ ਨਾਂ ਤੇ**

ਤਾਂ ਗੱਲ ਜੱਚਦੀ ਨਹੀਂ। ਕਿਉਂਕਿ ਗੁਰੂ ਤਾਂ ਆਉਣੇ ਸ਼ੁਰੂ ਹੋਏ 15ਵੀਂ ਸਦੀ ਵਿੱਚ। ਕੀ ਉਸ ਤੋਂ ਪਹਿਲਾਂ ਪੰਜਾਬ ਦੀ ਹੋਂਦ ਹੈ ਨਹੀਂ ਸੀ? ਪੰਜਾਬ ਤਾਂ ਗੁਰੂਆਂ ਤੋਂ ਅਨੇਕਾਂ ਸਦੀਆਂ ਪਹਿਲਾਂ ਤੋਂ ਵਸਦਾ ਰਸਦਾ ਤੁਰਿਆ ਆ ਰਿਹਾ ਸੀ। ਉਸ ਵੱਸਦੇ, ਰਸਦੇ, ਜਿਉਂਦੇ ਪੰਜਾਬ ਨੇ ਹੀ ਆਪਣੇ ਗੁਰੂਆਂ ਨੂੰ ਜਨਮ ਦਿੱਤਾ। ਪੰਜਾਬ ਦੀ ਆਪਣੀ ਸੰਸਕ੍ਰਿਤੀ, ਆਪਣਾ ਦਰਸ਼ਨ ਤੇ ਆਪਣੀ ਪਹਿਚਾਣ ਸੀ। ਗੁਰੂਆਂ ਨੇ ਇਸ ਸੰਸਕ੍ਰਿਤ ਤੇ ਦਰਸ਼ਨ ਵਿੱਚ ਆਪਣੇ ਵਿਚਾਰਾਂ ਨਾਲ ਵਾਧਾ ਕਰਕੇ ਇਸਨੂੰ ਹੋਰ ਵਧੇਰੇ ਦਾਰਸ਼ਨਿਕ ਤੇ ਅਮੀਰ ਬਣਾਇਆ।

ਉੱਪਰ ਦਿੱਤੀ ਕਸਵੱਟੀ ਦੇ ਆਧਾਰ ਤੇ, ਆਓ ਪੰਜਾਬੀ ਸਾਹਿਤ ਦੇ ਗਿਣੇ ਚੁਣੇ ਮਹਾਂਰਥੀਆਂ ਨੂੰ ਮਿਲੀਏ। ਨਾਵਲਕਾਰਾਂ 'ਚੋਂ

ਨਾਨਕ ਸਿੰਘ ਤੋਂ ਬਾਅਦ ਜਸਵੰਤ ਸਿੰਘ ਕਵੰਲ ਨੇ ਪੰਜਾਬੀ ਸਹਿਤ ਵਿੱਚ ਵਧੇਰੇ ਪਾਠਕ ਪੈਦਾ ਕੀਤੇ। ਇਹ ਗੁਣ ਉਹਨਾਂ ਦਾ ਸਭ ਤੋਂ ਵੱਡਾ ਗੁਣ ਹੈ। ਉਹਨਾਂ ਦੀ ਮਲਵਈ ਸ਼ੈਲੀ, ਪੇਂਡੂ ਸੂਝਾ ਦੀ ਸ਼ਬਦਾਵਲੀ ਪਾਠਕਾਂ ਨੂੰ ਮੋਹ ਲੈਂਦੀ ਹੈ। ਇਸ ਤੋਂ ਪਹਿਲਾਂ ਵਧੇਰੇ ਨਾਵਲ ਸ਼ਹਿਰੀ ਸੁਭਾਅ ਦੇ ਜਾਂ ਮੱਧ ਸ਼੍ਰੇਣੀ ਨਾਲ ਹੀ ਸੰਬੰਧਿਤ ਰਹੇ। ਕੰਵਲ ਸਾਹਿਬ ਦਾ ਲਿਖਿਆ ਨਾਵਲ "ਰਾਤ ਬਾਕੀ ਹੈ" ਸਭ ਤੋਂ ਵੱਧ ਪੜ੍ਹਿਆ ਗਿਆ। ਇਸ ਨਾਵਲ ਦੀ ਤਾਰੀਫ਼ ਵਿੱਚ ਅੰਮ੍ਰਿਤਾ ਪ੍ਰੀਤਮ ਤੋਂ ਲੈ ਕੇ ਸੋਹਣ ਸਿੰਘ ਜੋਸ਼ ਤੱਕ ਅਨੇਕਾਂ ਨੇ ਸਿਫਤੀ ਪੁੱਲ ਬੰਨ੍ਹੇ। ਵੇਖਣਾ ਇਹ ਹੈ ਕਿ ਇਹ ਪੁਲ ਕਿੰਨੇ ਕੁ ਮਜਬੂਤ ਹਨ।

"ਰਾਤ ਬਾਕੀ ਹੈ" ਦੀ ਕਹਾਣੀ ਇੱਕ ਪਿਆਰ ਕਹਾਣੀ ਹੈ। 'ਚਰਨ' ਨਾਂ ਦਾ ਇਕ ਹੋਣਹਾਰ ਮੁੰਡਾ, ਇੱਕ ਬਹੁਤ ਖੂਬਸੂਰਤ, 'ਰਾਜ' ਨਾਂ ਦੀ ਕੁੜੀ ਨੂੰ ਪਿਆਰ ਕਰਦਾ ਹੈ। ਦੋਹਾਂ ਦਾ ਪਿਆਰ ਸਿਖਰਾਂ ਛੂੰਹਦਾ ਹੈ। ਲੇਖਕ 'ਚਰਨ' ਨੂੰ ਕਮਿਊਨਿਸਟ ਬਣਾਉਂਦਾ ਹੈ। ਕਿਉਂਕਿ ਲੇਖਕ ਆਪ ਵੀ ਸਮਾਜ ਵਿੱਚ ਕਮਿਊਨਿਸਟ ਹੋਣ ਦੇ ਨਾਤੇ ਜਾਣਿਆ ਜਾਂਦਾ ਹੈ। ਬਿਲਕੁਲ ਆਪਣੇ ਵਰਗਾ ਕਮਿਊਨਿਸਟ ਬਣਨ ਲਈ ਉਸਦੇ ਲਈ ਧਰਤੀ ਤਿਆਰ ਕਰਦਾ ਹੈ। ਹਰ ਲੇਖਕ ਦੇ ਅੰਦਰ ਕੋਈ ਨਾ ਕੋਈ 'ਹੀਰੋ' ਥਾਂ ਮੱਲੀ ਬੈਠਾ ਹੁੰਦਾ ਹੈ। ਸੋ ਕੰਵਲ ਸਾਹਿਬ ਨੇ ਆਪਣੇ ਆਪ ਦੇ 'ਹੀਰੋ' ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਮੁਜਾਰਿਆਂ ਅਤੇ ਜਗੀਰਦਾਰਾਂ ਦੀ ਟੱਕਰ ਵਿੱਚ ਮੁਜਾਰਿਆਂ ਦੀ ਹੋ ਰਹੀ ਜਿੱਤ ਵਿਖਾਈ ਜਾਂਦੀ ਹੈ। ਚੰਗੀ ਗੱਲ ਹੈ। ਉਧਰ ਪਿਆਰ ਕਹਾਣੀ ਨਵਾਂ ਮੋੜ ਕਟਦੀ ਹੈ। ਜਗੀਰਦਾਰਾਂ ਦਾ ਕਾਕਾ 'ਪਾਲ' ਰਾਜ ਤੇ ਅੱਖ ਰੱਖਦਾ ਹੈ ਤੇ ਜਬਰਦਸਤੀ ਵਿਆਹ ਕਰਵਾਉਣਾ ਚਾਹੁੰਦਾ ਹੈ। ਰਾਜ ਹੋਣੀ ਦੇ ਇਸ ਵਰਤਾਰੇ ਤੋਂ ਡਰਦੀ ਹੋਈ ਚਰਨ (ਕੰਵਲ) ਨੂੰ ਕਹਿੰਦੀ ਹੈ ਕਿ ਆਪਾਂ ਕੋਰਟ ਵਿੱਚ ਜਾ ਕੇ ਵਿਆਹ ਕਰਵਾ ਲਈਏ। ਉਸਦੇ ਇਸ ਸੁਝਾਅ ਉੱਪਰ, ਦੇਖੋ ਕਵੰਲ (ਚਰਨ) ਕੀ ਕਹਿੰਦਾ ਹੈ:-

"ਦੇਖ ਰਾਜ ! ਜੇ ਮੈਂ ਤੈਨੂੰ ਲੈ ਕੇ ਨਿਕਲ ਤੁਰਾਂ, ਲੋਕ ਮੈਨੂੰ ਗੁੰਡਾ ਕਹਿਣਗੇ ।

ਸਰਮਾਏਦਾਰ ਪ੍ਰੈਸ ਲਿਖੇਗਾ "ਇਕ ਕਮਿਊਨਿਸਟ ਕੁਆਰੀ ਕੁੜੀ ਲੈ ਕੇ ਭੱਜ ਗਿਆ

ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ" .....(ਸਫਾ 174)

ਚਰਨ ਨੂੰ ਇਕ ਪੜ੍ਹੀ ਲਿਖੀ ਖੂਬਸੂਰਤ ਕੁੜੀ ਨਾਲ ਪਿਆਰ ਤਾਂ ਹੈ ਪਰ ਉਹਨਾਂ ਦੀ ਸਭਾ (ਪਾਰਟੀ) ਦੇ ਅਸੂਲਾਂ ਅਨੁਸਾਰ ਇਸ ਤਰਾਂ ਵਿਆਹ ਕਰਨਾ ਠੀਕ ਨਹੀਂ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਨਾਵਲ ਦੀ ਕਹਾਣੀ 'ਚ ਅੱਗੇ ਜਾ ਕੇ ਜਦੋਂ ਚਰਨ ਵਿਆਹਿਆ ਹੋਇਆ ਇੱਕ ਬੱਚੇ ਦਾ ਬਾਪ ਬਣਨ ਵਾਲਾ ਹੈ, ਤੇ ਰਾਜ ਵੀ ਜਗੀਰਦਾਰਾਂ ਦੇ ਪੁੱਤਰ ਲਈ ਇੱਕ ਬੱਚਾ ਜੰਮਣ ਦੀ ਤਿਆਰੀ ਵਿੱਚ ਹੈ, ਚਰਨ ਉਦੋਂ ਰਾਜ ਨੂੰ ਮਿਲਣਾ ਚਾਹੁੰਦਾ ਹੈ? ਕੰਵਲ ਸਾਹਿਬ ਦਾ ਕਮਿਊਨਿਜ਼ਮ, ਰਾਜ ਤੇ ਚਰਨ ਨੂੰ ਮਿਲਣ ਦਾ ਰਾਹ ਦੱਸਦਾ ਹੈ। ਰਾਜ ਆਪਣੀ ਚੁਬਾਰੇ ਚੋਂ ਰੱਸਾ ਲਮਕਾਏਗੀ, ਤੇ ਚਰਨ ਉਸ ਰੱਸੇ ਰਾਹੀਂ ਉੱਪਰ ਜਾ ਕੇ ਰਾਜ ਨੂੰ ਮਿਲ ਸਕੇਗਾ। ਇਹ ਸਕੀਮ ਨਾਲ ਕੰਵਲ ਸਾਹਿਬ ਦੀ ਸਿਰਜੀ ਹੋਈ ਸਭਾ ਜਾਂ ਪਾਰਟੀ ਨੂੰ ਕੋਈ ਇਤਰਾਜ ਨਹੀਂ ਜਾਗਦਾ। ਫਿਰ ਇਹੋ ਸਕੀਮ ਚਰਨ ਨੂੰ ਪੁਲਿਸ ਦੇ ਹਵਾਲੇ ਕਰਦੀ ਹੈ, ਕਿਉਂਕਿ ਚਰਨ ਇੱਕ ਇਸ਼ਤਿਹਾਰੀ ਬਾਗੀ ਹੈ। ਰਾਜ ਤਪਦਿਕ ਦੀ ਨਾਮੁਰਾਦ ਬਿਮਾਰੀ ਨਾਲ ਮਰ ਰਹੀ ਹੈ ਤੇ ਚਰਨ ਨੂੰ ਪੁਲਸ ਕੁੱਟ ਕੁੱਟ ਕੇ ਮਾਰ ਦਿੰਦੀ ਹੈ। ਕ੍ਰਾਂਤੀ ਤੇ ਜ਼ਿੰਦਗੀ ਦਾ ਭੋਗ ਪਾ ਕੇ ਨਾਵਲ ਖਤਮ ਹੋ ਜਾਂਦਾ ਹੈ। ਹੁਣ ਵਿਡੰਬਣਾ ਇਹ ਹੈ ਕਿ ਸਹਿਤ ਰਾਹੀਂ ਉਸਾਰਿਆ ਪਾਤਰ 'ਚਰਨ' ਇਨਕਲਾਬ ਜਾਂ ਜਿੰਦਗੀ ਦਾ ਕਿੰਨਾ ਕੁ ਰਖਵਾਲਾ ਬਣ ਸਕਦਾ ਹੈ? ਪਾਠਕ ਜਨ ਇਸ ਤੋਂ ਕੀ ਧਾਰਨਾ ਬਣਾਉਣ? ਇਹ ਸਵਾਲ ਸਦਾ ਹੀ ਪ੍ਰਸ਼ਨ ਚਿੰਨ ਬਣ ਕੇ ਸਹਿਤ ਦੇ ਅਸਮਾਨ ਵਿੱਚ ਲਟਕਦਾ ਰਹੇਗਾ। ਕੰਵਲ ਸਾਹਿਬ ਨੇ ਇਹ ਨਾਵਲ, ਜ਼ਹਿਰ ਉੱਤੇ ਖੰਡ ਲਪੇਟ ਕੇ ਪੇਸ਼ ਕੀਤਾ ਹੈ।

ਕਵਿਤਾ ਖੇਤਰ ਵਿੱਚ ਸ਼ਿਵ ਕੁਮਾਰ ਜਿੰਨੀ ਪ੍ਰਸਿੱਧੀ ਸ਼ਾਇਦ ਹੀ ਕਿਸੇ ਹੋਰ ਨੂੰ ਮਿਲੀ ਹੋਵੇ। ਉਸਨੇ ਪੰਜਾਬੀ ਕਵਿਤਾ ਵਿੱਚ ਪੇਂਡੂ ਸ਼ਬਦਾਵਲੀ ਅਤੇ ਤਸ਼ਬੀਹਾਂ ਇੰਜ ਪੇਸ਼ ਕੀਤੀਆਂ ਹਨ ਕਿ ਕਵਿਤਾ ਬਿਲਕੁਲ ਸੱਜਰੀ ਜਾਪਣ ਲੱਗ ਪਈ। ਉਹਨੇ ਗੁਆਚ ਰਹੇ ਸ਼ਬਦਾਂ ਨੂੰ ਮੁੜ ਸੁਰਜੀਤ ਕਰਕੇ ਪੰਜਾਬੀਆਂ ਦੇ ਦਿਲਾਂ ਵਿੱਚ ਇੱਕ ਵੱਡਾ ਸਥਾਨ ਕਾਇਮ ਕਰ ਲਿਆ। ਪਰ ਵਿਚਾਰਧਾਰਕ ਤੌਰ 'ਤੇ ਉਹ ਆਪਣੇ ਆਪ ਨੂੰ ਬੌਣਾ ਹੀ ਸਿੱਧ ਕਰਦਾ ਹੈ। ਉਸਦਾ ਇੱਕ ਗੀਤ ਹੈ:-

**ਕਾਲੀ ਦਾਤਰੀ ਚੰਨਣ ਦਾ ਦਸਤਾ**
**ਲੱਛੀ ਕੁੜੀ ਵਾਢੀਆਂ ਕਰੇ........**

ਸੋਚਣ ਵਾਲੀ ਗੱਲ ਹੈ ਕਿ ਵਾਢੀ ਕਰਨਾ ਸੌਖਾ ਕੰਮ ਨਹੀਂ। ਸ਼ਿਵ ਕੁਮਾਰ ਨੇ ਕਦੀ ਵਾਢੀ ਨਹੀਂ ਕੀਤੀ। ਇਹ ਕੰਮ ਮਿਹਨਤਕਸ਼ ਵਰਗ ਦਾ ਹੈ। ਫਿਰ ਜਿਹੜਾ ਬੰਦਾ ਆਪਣੀ ਦਾਤਰੀ ਨੂੰ ਚੰਨਣ ਦਾ ਦਸਤਾ ਲਵਾ ਸਕਦਾ ਹੈ, ਉਸਨੂੰ ਵਾਢੀ ਕਰਨ ਦੀ ਲੋੜ ਨਹੀਂ ਰਹਿੰਦੀ। ਚੰਨਣ ਦੇ ਦਸਤੇ ਦੀ ਪਹੁੰਚ ਰੱਖਣ ਵਾਲੇ ਆਪ ਵਾਢੀਆਂ ਨਹੀਂ ਕਰਦੇ। ਇਹ ਗਰੀਬ ਮਹਿਨਤਕਸ਼ ਲੋਕਾਂ ਦਾ ਮਖੌਲ ਉਡਾਉਣ ਵਾਲੀ ਗੱਲ ਹੈ। ਇਸੇ ਤਰ੍ਹਾਂ:-

**ਭੱਠੀ ਵਾਲੀਏ, ਚੰਬੇ ਦੀਏ ਡਾਲੀਏ**
**ਪੀੜਾਂ ਦਾ ਪਰਾਗਾ ਭੁੰਨਦੇ......**

ਇਥੇ ਸ਼ਿਵ ਕੁਮਾਰ ਨੇ ਭੱਠੀ ਵਾਲੀ ਨੂੰ ਚੰਬੇ ਦੀ ਡਾਲੀ ਨਾਲ ਤਸ਼ਬੀਹ ਦਿੱਤੀ ਹੈ। ਭੱਠੀ ਵਾਲੀ ਸਮਾਜ ਦੇ ਉਸ ਹਿੱਸੇ ਵਿੱਚੋਂ ਹੈ, ਜਿਹੜਾ ਸਭ ਤੋਂ ਵੱਧ ਦਬਿਆ ਹੋਇਆ ਹੈ। ਮਿਹਨਤ ਕਰਨਾ ਇਸਦਾ ਕਰਮ ਹੈ। ਸਾਰਾ ਦਿਨ ਭੱਠੀ ਵਾਸਤੇ ਬਾਲਣ ਚੁਗਦੀ, ਲੱਭਦੀ ਹੈ। ਸ਼ਾਮ ਨੂੰ ਭੱਠੀ ਤਾਉਂਦੀ ਹੈ। ਪਾਟੀ ਹੋਈ ਚੁੰਨੀ, ਘਸਮੈਲੇ ਕੱਪੜੇ, ਭੱਠੀ ਦੇ ਸੇਕ ਨਾਲ ਧੁਆਂਖਿਆ ਹੋਇਆ ਚਿਹਰਾ, ਮੁੜਕੋ ਮੁੜਕੀ ਤੇ ਮੁੜਕੇ ਦੀ ਬੋ ਵਾਲਾ ਸਰੀਰ। ਤੇ ਸ਼ਿਵ ਕੁਮਾਰ ਨੂੰ ਉਹ ਔਰਤ ਚੰਬੇ ਦੀ ਡਾਲੀ ਲੱਗਦੀ ਹੈ? ਇਹ ਜ਼ਿਕਰ ਉਸ ਵਿਚਾਰੀ ਨਾਲ ਕੋਝਾ ਮਜ਼ਾਕ ਹੈ। ਸ਼ਿਵ ਕੁਮਾਰ ਨੂੰ ਸਮਾਜ ਦੇ ਮਿਹਨਤੀ ਤੇ ਦੱਬੇ ਕੁਚਲੇ ਲੋਕਾਂ ਦੀ ਖ਼ਬਰ ਹੀ ਨਹੀਂ? ਹੋਰ ਅੱਗੇ:-

**ਮੈਂ ਉਹ ਤਤੜੀ ਜਿਸ ਦੀ ਡੋਲੀ**
**ਲੁੱਟ ਲਈ ਆਪ ਕਹਾਰਾਂ**
**ਬੰਨਣ ਦੀ ਥਾਂ ਬਾਬਲ ਜਿਸਦੇ**
**ਆਪ ਕਲੀਰੇ ਲਾਹੇ।**

ਇਥੇ ਵੀ ਸ਼ਿਵ ਕੁਮਾਰ ਇਕ ਸੁਚੱਜੇ ਸਹਿਤਕਾਰ ਦਾ ਰੋਲ ਨਹੀਂ ਨਿਭਾ ਰਿਹਾ। ਉਹ ਉਹਨਾਂ ਲੋਕਾਂ ਨੂੰ ਲੁਟੇਰੇ ਦੱਸ ਰਿਹਾ ਜਿਹੜੇ ਇਸ ਸਮਾਜਿਕ ਢਾਂਚੇ ਵਿੱਚ ਖੁਦ ਲੁੱਟ ਹੋ ਰਹੇ ਹਨ। ਤੇ ਫਿਰ ਬਾਬਲ? ਕੀ ਕਲੀਰੇ ਲਾਹੁਣ ਵਾਲਾ ਬਾਬਲ ਹੁੰਦਾ ਹੈ? ਜਿਹੜਾ ਬਾਬਲ ਵਰਗਾ ਵਿਹਾਰ ਨਹੀਂ ਕਰਦਾ ਉਹ ਬਾਬਲ ਕਿਵੇਂ ਹੋਇਆ? ਸਾਹਿਤਕਾਰ ਇਹਨਾਂ ਪੇਚੀਦਗੀਆਂ ਦੀਆਂ ਗੰਢਾਂ ਖੋਲਣ ਵਾਲਾ ਹੁੰਦਾ ਹੈ, ਨਾ ਕਿ ਇਹਨਾਂ ਗੰਢਾਂ ਨੂੰ ਹੋਰ ਪੱਕੀਆਂ ਕਰਨ ਵਾਲਾ। ਇਕ ਸਾਹਿਤਕਾਰ ਦੇ ਨਾਤੇ ਸ਼ਿਵ ਦਾ ਗੁੱਸਾ ਇੱਕ ਸਮਾਜਿਕ ਤਾਣੇ ਬਾਣੇ ਦੇ ਵਿਰੋਧ ਵਿੱਚ ਹੋਣਾ ਚਾਹੀਦਾ ਸੀ। ਪਰ ਉਹ ਬਸ ਰੋ ਧੋ ਕੇ ਹੀ ਕੰਮ ਸਾਰ ਲੈਣਾ ਚਾਹੁੰਦਾ ਹੈ। ਅਜਿਹਾ ਸਾਹਿਤ ਕੀ ਕਰੇਗਾ? ਇਹੋ ਜਿਹੇ ਭੰਬਲਭੂਸੇ ਬਾਰੇ ਸ਼ਿਵ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਇਸੇ ਤਰ੍ਹਾਂ ਜਦੋਂ ਉਹ 'ਲੂਣਾ' ਦਾ ਜ਼ਿਕਰ ਕਰਦਾ ਹੈ ਤਾਂ ਉਸਨੂੰ ਸੈਕਸ ਦਾ ਪ੍ਰਤੀਕ ਬਣਾ ਕੇ ਪੇਸ਼ ਕਰਦਾ ਹੈ। ਉਸਦੀ ਕਹਾਣੀ ਦਾ ਮੂਲ ਉਹ ਹੀ ਹੈ ਜਿਹੜਾ ਕਾਦਰਯਾਰ ਦੀ ਕਹਾਣੀ ਦਾ ਹੈ। ਫਰਕ ਸਿਰਫ ਇਹ ਹੈ ਕਿ ਕਾਦਰਯਾਰ ਉਸਨੂੰ ਦੋਸ਼ੀ ਠਹਿਰਾਉਂਦਾ ਹੈ ਤੇ ਸ਼ਿਵ ਉਸਨੂੰ ਨਿਰਦੋਸ਼ ਦੱਸਦਾ ਹੈ। ਪਰ ਦੋਹਾਂ 'ਚੋਂ ਇਸ ਵਰਤਾਰੇ ਦੀ ਜੜ ਨੂੰ ਕੋਈ ਨਹੀਂ ਫੜਦਾ। ਸ਼ਿਵ ਕੁਮਾਰ ਨੂੰ ਖੁਸ਼ ਕਰਨ ਲਈ ਜੇ ਪੂਰਨ ਲੂਣਾ ਨੂੰ ਉਧਾਲ ਕੇ ਲੈ ਜਾਵੇ, ਕਿ ਫੇਰ ਇਹ ਵਰਤਾਰਾ ਬੰਦ ਹੋ ਜਾਵੇਗਾ? ਨਹੀਂ ਬਿਲਕੁਲ ਨਹੀਂ। ਜੇ ਨਹੀਂ, ਤਾਂ ਫਿਰ ਸ਼ਿਵ ਕਾਹਦੇ ਵਾਸਤੇ ਏਨਾ ਤਰੱਦਦ ਕਰ ਰਿਹਾ ਹੈ? ਅਨੇਕਾਂ ਹੀ ਨੌਜਵਾਨ ਤੇ ਨਾ-ਬਾਲਗ ਕੁੜੀਆਂ ਇਸ ਢਾਂਚੇ ਦੀ ਚੱਕੀ ਵਿਚ ਪਿਸੀਆਂ, ਪਰ ਸਾਡੇ ਲੇਖਕਾਂ ਨੇ ਅਸਲ ਨਬਜ਼ ਨਹੀਂ ਫੜੀ। ਸ਼ਿਵ ਦੀ ਲੂਣਾ ਛਾਪਣ ਤੇ ਜਦੋਂ ਮੀਡੀਏ ਅਤੇ ਮਹਾਂਰਥੀ ਆਲੋਚਕਾਂ ਨੇ ਸ਼ਿਵ ਗੁਣ ਗਾਇਨ ਕੀਤਾ ਕੀ ਕਿਸੇ ਲੇਖਕ ਨੇ ਵਿਚਾਰੀ ਲੂਣਾ ਦੀ ਬਾਂਹ ਫੜੀ ਹੈ ਅਤੇ ਉਸਦੀ ਵਕਾਲਤ ਕੀਤੀ ਹੈ? ਉਦੋਂ ਡਾਕਟਰ ਜਗਤਾਰ ਨੇ ਲਿਖਿਆ ਸੀ ਕਿ ਸ਼ਿਵ ਤੋਂ 13 ਸਾਲ ਪਹਿਲਾਂ, 1953 ਵਿੱਚ ਦੀਦਾਰ ਸਿੰਘ ਨੇ "ਲੂਣਾ ਦੀ ਵਾਰ" ਲਿਖ ਕੇ ਇਕ ਚੰਗਾ ਤੇ ਸਲਾਹੁਣ ਯੋਗ ਸਹਿਤ ਦਾ ਸਾਰਥਕ ਕੰਮ ਕੀਤਾ। ਇਹ ਰਾਜੇ, ਚਾਹੇ ਸਲਵਾਨ ਹੋਣ ਤੇ ਚਾਹੇ ਉਹ ਪਟਿਆਲੀਏ ਹੋਣ, ਆਪਣੀ ਮਨਚਾਹੀ ਕੁੜੀ ਨੂੰ ਭੋਗਣਾ ਉਹ ਆਪਣਾ ਹੱਕ ਸਮਝਦੇ ਹਨ। ਇਹਨਾਂ ਵਿਰੁੱਧ ਲੋਕਾਂ ਨੂੰ ਤਿਆਰ ਕਰਨਾ ਵੀ ਸਹਿਤਕਾਰ ਦਾ ਆਪਣਾ ਰੋਲ ਹੋਣਾ ਚਾਹੀਦਾ ਹੈ। ਪਰ ਸ਼ਿਵ ਕੁਮਾਰ ਵਿਚਾਰਾ ਕੀ ਕਰਦਾ, ਉਸ ਨੂੰ ਇਸ ਪਾਸੇ ਦੀ ਸੂਝ ਹੀ ਨਹੀਂ ਆਉਣ ਦਿੱਤੀ। ਉਹ ਪ੍ਰਤਿਭਾ ਵਾਲਾ ਲੇਖਕ ਤਾਂ ਸੀ ਪਰ ਜਿਨ੍ਹਾਂ ਨੇ ਉਸਦੀ ਸਰਪ੍ਰਸਤੀ ਕੀਤੀ ਉਹ ਹੀ ਉਸਨੂੰ ਲੈ ਬੈਠੇ। ਧਨ ਦੇ ਜ਼ੋਰ ਨਾਲ ਅੱਜ ਵੀ, ਕੰਜਕਾਂ ਵਰਗੀਆਂ ਕੁੜੀਆਂ ਪੈਸੇ ਦੇ ਪੈਰਾਂ ਹੇਠ ਰੁਲ ਰਹੀਆਂ ਨੇ। ਸ਼ਿਵ ਦੀ ਲਿਖੀ ਲੂਣਾ ਦਾ ਉਹਨਾਂ ਨੂੰ ਕੀ ਭਾਅ।

ਨਾਵਲ ਦੇ ਖੇਤਰ ਵਿੱਚ ਇੱਕ ਹੋਰ ਮਹਾਨ ਹਸਤੀ ਹਨ ਦਲੀਪ ਕੌਰ ਟਿਵਾਣਾ। ਉਹਨਾਂ ਦਾ ਬਹੁਤ ਚਿਰਚਿਤ ਤੇ ਸ਼ਾਇਦ ਫਿਲਮਾਇਆ ਵੀ ਗਿਆ ਨਾਵਲ ਹੈ "ਇਹੁ ਹਮਾਰਾ ਜੀਵਣਾ"। ਇਸ ਨਾਵਲ ਦੀ ਨਾਇਕਾ ਇੰਨੀ ਸਿੱਧ-ਪੱਧਰੀ ਹੈ ਕਿ ਨਾਇਕਾ ਬਣਨ ਵਾਲੀ ਉਸ ਵਿੱਚ ਕੋਈ ਵੀ ਖੂਬੀ ਨਹੀਂ। ਉਹ ਇਕ ਇਸਤਰੀ ਹੋ ਕੇ ਪਸ਼ੂ ਵਰਗਾ ਜੀਵਨ ਜਿਉਂ ਰਹੀ ਹੈ। ਉਸਨੂੰ ਇੱਕ ਗਾਂ ਬਣਾ ਕੇ ਪੇਸ਼ ਕੀਤਾ ਗਿਆ ਹੈ। ਜਿਸ ਦੇ ਵੀ ਹੱਥ ਉਸ ਦਾ ਰੱਸਾ ਫੜਾਇਆ, ਉਸੇ ਨਾਲ ਹੀ ਟੁਰ ਪੈਂਦੀ ਹੈ। ਪੰਜਾਲੀ ਦੇਣ ਲੱਗਿਆਂ ਕਈ ਵਾਰ ਡੰਗਰ ਵੀ ਸਿਰ ਹਿਲਾ ਦਿੰਦਾ ਹੈ। ਪਰ ਮਨੁੱਖ ਹੁੰਦੀ ਹੋਈ ਉਹ ਇਨਾ ਵੀ ਨਹੀਂ ਕਰਦੀ। ਸ਼ਾਇਦ ਦਲੀਪ ਕੌਰ ਟਿਵਾਣਾ ਨਹੀਂ ਚਾਹੁੰਦੀ ਕਿ ਉਹ ਕੋਈ ਹੀਲ ਹੁਜਤ ਕਰੇ। ਪਰ ਸਹਿਤ ਵਿੱਚ ਅਜਿਹੇ ਪਾਤਰ ਮੁੱਖ ਪਾਤਰ ਨਹੀਂ ਹੋ ਸਕਦੇ ।

ਕਹਿੰਦੇ ਨੇ ਪੰਜਾਬੀ ਕਹਾਣੀ ਦਾ ਅੱਧਾ ਅਸਮਾਨ ਪ੍ਰੇਮ ਪ੍ਰਕਾਸ਼ ਜੀ ਨੇ ਮੱਲਿਆ ਹੋਇਆ ਹੈ। ਇਸ ਵਿਧਾ ਵਿੱਚ ਉਹਨਾਂ ਨੂੰ ਕਮਾਲ ਹਾਸਲ ਹੈ। ਪਾਠਕ ਨੂੰ ਬਹੁਤ ਪਸੰਦ ਹੈ। 60ਵਿਆਂ ਦੇ ਅੰਤ ਵਿੱਚ ਉਹਨਾਂ ਨੇ "ਲਕੀਰ" ਨਾਂ ਦਾ ਇੱਕ ਰਸਾਲਾ ਸ਼ੁਰੂ ਕੀਤਾ ਸੀ, ਜਿਹੜਾ ਨਕਸਲਬਾੜੀ ਲਹਿਰ ਦਾ ਸਮਰਥਕ ਸੀ। ਬਾਅਦ ਵਿੱਚ ਪ੍ਰੇਮ ਪ੍ਰਕਾਸ਼ ਜੀ ਨੇ ਸੋਚਿਆ, ਕਿ ਇਸ ਲਾਈਨ ਵਿੱਚ ਕੁਝ ਨਹੀਂ ਹੋ ਸਕਦਾ। ਸੋ ਉਹਨਾਂ ਖੜ੍ਹੇ ਪੈਰ 360 ਡਿਗਰੀ ਦਾ ਮੋੜ ਕੱਟਿਆ ਤੇ ਦੇਹੀਵਾਦ ਵਿੱਚ ਵੜ ਗਏ। ਸੈਕਸ ਦੇ ਸੰਬੰਧ ਵਿੱਚ ਕਹਾਣੀਆਂ ਲਿਖਣ ਲੱਗ ਪਏ। ਪੰਜਾਬੀ ਸਾਹਿਤ ਵਿੱਚ ਇਹ ਨਵਾਂ ਵਰਤਾਰਾ ਇਸ ਪੱਧਰ ਤੇ ਪਹਿਲਾਂ ਨਹੀਂ ਸੀ। ਇਹ ਸਹਿਤ ਖਪਤ ਵਾਂਗ ਵਿਕਣ ਲੱਗਾ। ਕਈ ਨਵੇਂ ਮੁੰਡੇ ਪ੍ਰੇਮ ਪ੍ਰਕਾਸ਼ ਦੀ ਰੀਸ ਕਰਨ ਲੱਗੇ। ਪ੍ਰੇਮ ਪ੍ਰਕਾਸ਼ ਨੇ ਇਸ ਵਰਤਾਰੇ ਨੂੰ ਚੌਥੀ ਕੂੰਟ ਦੀ ਕਹਾਣੀ ਕਿਹਾ। ਲਕੀਰ ਦੀ ਵਿਕਰੀ ਵਧ ਗਈ।

ਪ੍ਰੇਮ ਪ੍ਰਕਾਸ਼ ਨੇ ਇੱਕ ਕਹਾਣੀ "ਡੈਡ ਲਾਈਨ" ਲਿਖੀ। ਇਸ ਕਹਾਣੀ ਨਾਲ ਪ੍ਰੇਮ ਪ੍ਰਕਾਸ਼ ਨੂੰ ਮੀਡੀਏ ਤੇ ਵਿਦਵਾਨ ਆਲੋਚਕਾਂ ਨੇ ਅਸਮਾਨ ਤੇ ਚੜ੍ਹਾ ਦਿੱਤਾ। ਲੋੜੋਂ ਵੱਧ ਬੱਲੇ ਬੱਲੇ ਹੋਈ। ਪ੍ਰੇਮ ਪ੍ਰਕਾਸ਼ ਨੇ ਇਸ ਕਹਾਣੀ ਨਾਲ ਇੱਕ ਸਮਾਜੀ ਟੈਬੂ (Taboo) ਤੋੜਿਆ। ਕਿਸੇ ਵੀ ਸਮਾਜਿਕ ਟੈਬੂ ਨੂੰ ਬਣਾਉਣ ਪਿੱਛੇ ਉਸ ਸਮਾਜ ਦਾ ਸਦੀਆਂ ਦਾ ਦਰਸ਼ਨ ਕੰਮ ਕਰ ਰਿਹਾ ਹੁੰਦਾ ਹੈ। ਕਹਾਣੀ ਵਿੱਚ ਇਕ ਔਰਤ ਦਾ ਜਵਾਨ ਦਿਓਰ ਕੈਂਸਰ ਦਾ ਮਰੀਜ਼ ਹੈ। ਉਹ ਆਪਣੇ ਦਿਓਰ ਦਾ ਇਲਾਜ ਕਰਾਉਣ ਲਈ ਸ਼ਹਿਰ ਵਿੱਚ ਉਸ ਨਾਲ ਕੁਝ ਦਿਨ ਰਹਿੰਦੀ ਹੈ। ਡਾਕਟਰ ਕਹਿੰਦਾ ਹੈ, ਇਸਨੇ ਬਚਣਾ ਨਹੀ ਸੋ ਇਸਦੀ ਜੋ ਵੀ ਖਾਹਸ਼ ਹੈ ਉਹ ਪੂਰੀ ਕਰੋ। ਬਸ ਇਸੇ ਗੱਲ ਦਾ ਆਸਰਾ ਲੈ ਕੇ ਪ੍ਰੇਮ ਪ੍ਰਕਾਸ਼, ਮਾਂਵਾਂ ਵਰਗੀ ਭਰਜਾਈ ਨੂੰ ਪੁਤਰਾਂ ਵਰਗੇ ਦਿਓਰ ਨਾਲ ਹਮ-ਬਿਸਤਰ ਕਰ ਦੇਂਦਾ ਹੈ। ਸਾਡੀ ਰਹਿਣੀ ਸਹਿਣੀ ਅਤੇ ਸਭਿਆਚਾਰ ਏਸ ਘਣਿਤ ਵਿਹਾਰ ਦੀ ਆਗਿਆ ਨਹੀਂ ਦਿੰਦਾ। ਜਦੋਂ ਕੁੜੀ ਵਿਆਹੀ ਆਉਂਦੀ ਹੈ ਤਾਂ ਛੋਟੇ ਦਿਓਰ ਨੂੰ ਉਸਦੀ ਗੋਦ ਨੂੰ ਬਿਠਾਇਆ ਜਾਂਦਾ ਹੈ। ਵੱਡੀ ਭਰਜਾਈ ਮਾਂਵਾਂ ਬਰਾਬਰ ਸਮਝੀ ਜਾਂਦੀ ਹੈ। ਬਿਲਕੁਲ ਉਸੇ ਰਿਸ਼ਤੇ ਵਾਂਗ ਜਿਹੜਾ ਸੀਤਾ ਅਤੇ ਲਛਮਣ ਦਾ ਸੀ। ਪਰ ਸਾਡੇ ਬੁੱਧੀਜੀਵੀਆਂ ਨੂੰ ਪਤਾ ਨਹੀਂ ਕੀ ਮਾਰ ਵਗ ਗਈ ਹੈ ਕਿ ਉਹ, ਉਹਨਾਂ ਸਾਰੇ ਹੀ ਆਸਰਿਆਂ, ਸਹਾਰਿਆਂ ਨੂੰ ਤੋੜ ਕੇ ਖੰਡਾ ਦੇਣਾ ਚਾਹੁੰਦੇ ਹਨ ਜਿਨ੍ਹਾਂ ਨਾਲ ਸਮਾਜੀ ਬਣਤਰ ਤਾਕਤਵਰ ਦੇ ਸਿਹਤਮੰਦ ਰਹਿੰਦੀ ਹੈ। ਇਹਨਾਂ ਰਿਸ਼ਤਿਆਂ ਨਾਲ ਮਨੋਬਲ ਉੱਚਾ ਹੁੰਦਾ ਹੈ। ਪ੍ਰੰਤੂ ਪ੍ਰੇਮ ਪ੍ਰਕਾਸ਼ ਦੀ ਇਸ ਚੌਥੀ ਕੂੰਟ ਨੇ ਸਾਹਿਤ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਇਸ ਵਰਤਾਰੇ ਨੇ ਪਾਠਕਾਂ ਦੇ ਸੁਹਜ-ਸੁਆਦ ਨੂੰ ਵੀ ਵਿਗਾੜਿਆ ਹੈ। ਇਸ ਨੂੰ ਠੱਲ ਪਾਉਣ ਲਈ ਸੰਵਾਦ ਛਿੜਨਾ ਚਾਹੀਦਾ ਹੈ।

ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿ ਰਹੇ ਕਹਾਣੀਕਾਰ ਅਮਨਪਾਲ ਸਾਰਾ ਦੀ ਕਈ ਸਾਲ ਹੋਏ ਇਕ ਕਹਾਣੀ ਛਪੀ ਸੀ "ਵੀਹਾਂ ਦਾ ਨੋਟ"। ਬਸ ਜੀ, ਸਹਿਤ ਸੰਸਾਰ ਵਿੱਚ ਚਕਲੋ ਚਕਲੋ ਹੋ ਗਈ। ਉਸਦੇ ਉਤੇ ਅਨੇਕਾਂ ਵਿਦਵਾਨਾ ਨੇ ਉਸਤਤੀ ਲੇਖ ਲਿਖ ਕੇ ਕਹਾਣੀ ਨੂੰ ਪ੍ਰਮੋਟ ਕੀਤਾ। ਉਸੇ ਕਹਾਣੀ ਦੇ ਆਸਰੇ ਅਮਨਪਾਲ ਸਾਰਾ ਪੰਜਾਬੀ ਕਹਾਣੀ ਦੇ ਜਗਤ ਵਿੱਚ ਜਾਣਿਆ ਗਿਆ। ਪਰ ਕਿਸੇ ਨੇ ਵੀ ਉਸ ਕਹਾਣੀ ਦੀ ਤਹਿ ਨਾ ਪਾਈ, ਜਾਂ ਕਿਸੇ ਨੇ ਵੀ ਮੂੰਹ ਨਾ ਖੋਲਿਆ। ਇੱਕ ਪਾਠਕ ਹੋਣ ਦੇ ਨਾਤੇ ਮੈਂ ਆਪਣੀ ਤੁਛ ਬੁੱਧੀ ਅਨੁਸਾਰ ਕਹਿ ਸਕਦਾ ਹਾਂ ਕਿ ਉਹ ਕਹਾਣੀ ਘਟੀਆ ਕਹਾਣੀ ਸੀ।

ਕਹਾਣੀ ਵਿੱਚ ਦੋ ਪਾਤਰ ਹਨ। ਇਕ ਸ਼ਰਾਬੀ (ਅਲਕੋਹਲਿਕ) ਹੈ ਜੋ ਵੈਲਫੇਅਰ ਤੇ ਰਹਿ ਰਿਹਾ ਹੈ ਤੇ ਆਪਣੀ ਪੀਣ ਦੀ ਆਦਤ ਨੂੰ ਕਈ ਵਾਰ ਉਧਾਰ ਮੰਗ ਕੇ ਪੂਰਿਆਂ ਕਰਦਾ ਹੈ। ਦੂਜੇ ਪਾਸੇ ਇੱਕ ਧਾਰਮਿਕ ਸਰਦਾਰ ਹੈ ਜਿਸ ਨੂੰ ਗੁਰਦੁਆਰੀਆ ਬਣਾ ਕੇ ਪੇਸ਼ ਕੀਤਾ ਗਿਆ ਹੈ। ਦੋਹਾਂ ਪਾਤਰਾਂ ਦੇ ਅੱਡੋ ਅੱਡ ਸਰੋਕਾਰ ਹਨ। ਦੋਹਾਂ ਦਾ ਇੱਕ ਦੂਜੇ ਨਾਲ ਕੋਈ ਸਿਧਾ ਵਾਸਤਾ ਨਹੀਂ। ਕਹਾਣੀਕਾਰ ਨੇ ਦੋਹਾਂ ਨੂੰ ਆਚਰਨਕ ਪੱਖ ਤੋਂ ਟਕਰਾਓ ਵਿੱਚ ਲਿਆਂਦਾ ਹੈ।

ਗੁਰਦੁਆਰੀਏ ਬਾਰੇ ਦੱਸਿਆ ਗਿਆ ਹੈ ਕਿ ਉਹ ਝੂਠਾ, ਫਰੇਬੀ ਤੇ ਮਕਾਰ ਕਿਸਮ ਦਾ ਮਨੁੱਖ ਹੈ, ਜਿਸਦੇ ਆਪਣੇ ਸਾਰੇ ਐਬ ਆਪਣੀ ਦਾੜ੍ਹੀ ਤੇ ਪਹਿਰਾਵੇ ਦੇ ਬੁਰਕੇ ਹੇਠ ਢੱਕੇ ਹੋਏ ਹਨ। ਦੂਜੇ ਪਾਸੇ ਦਾ ਸ਼ਰਾਬੀ (ਅਲਕੋਹਲਿਕ) ਹੈ ਤੇ ਉਸ ਨੂੰ ਬੜਾ ਇਮਾਨਦਾਰ ਤੇ ਖਰਾ ਬੰਦਾ ਬਣਾ ਕੇ ਪੇਸ਼ ਕੀਤਾ ਗਿਆ ਹੈ। ਇੱਥੇ ਦੁਬਿਧਾ ਇਹ ਹੈ ਕਿ ਗੁਰਦੁਆਰੀਆ ਭਾਈ ਜਿਸ ਤਰ੍ਹਾਂ ਦਾ ਵੀ ਹੈ ਉਸ ਸਮਾਜ ਤੇ ਭਾਰ ਬਣਨ ਤੋਂ ਬਿਨਾਂ ਦੂਜੇ ਆਮ ਦੁਨੀਆਦਾਰਾਂ ਵਾਂਗ ਜਿਉਂ ਰਿਹਾ ਹੈ। ਕਿਸੇ ਨੂੰ ਵੀ ਦੁੱਖ ਦਿੱਤੇ ਬਗੈਰ ਰਹਿ ਰਿਹਾ ਹੈ। ਪਰ ਉਸਦਾ ਆਪਣਾ ਜੀਵਨ ਢੰਗ ਹੈ ਜੋ ਕਿ ਲੇਖਕ ਦੇ ਜੀਵਨ ਢੰਗ ਤੋਂ ਵੱਖਰਾ ਹੈ। ਦੂਜੇ ਪਾਸੇ ਅਲਕੋਹਲਿਕ ਸੱਜਣ ਸ਼ਰਾਬ ਦੀ ਆਦਤ ਕਰਕੇ ਨੌਕਰੀ ਵੱਲੋਂ ਬੇਰੁਜ਼ਗਾਰ ਹੈ ਤੇ ਵੈਲਫੇਅਰ ਦੇ ਰਹਿ ਰਿਹਾ ਹੈ। ਘਰ ਪ੍ਰਤੀ, ਬੱਚਿਆਂ ਪ੍ਰਤੀ ਉਹ ਆਪਣੀ ਕੋਈ ਵੀ ਜ਼ਿੰਮੇਦਾਰੀ ਨਹੀਂ ਨਿਭਾ ਰਿਹਾ।

ਇਸ ਕਹਾਣੀ ਦਾ ਅੰਤ ਇੰਝ ਹੁੰਦਾ ਹੈ ਕਿ ਇੱਕ ਵਾਰ, ਅਲਕੋਹਲਿਕ ਸੱਜਣ ਗੁਰਦੁਆਰੀਏ ਭਾਈ ਕੋਲੋਂ 20 ਡਾਲਰ ਉਧਾਰ ਲੈਂਦਾ ਹੈ। ਕੁਝ ਦਿਨਾਂ ਪਿੱਛੋਂ ਉਸਦੀ ਮੌਤ ਹੋ ਜਾਂਦੀ ਹੈ। ਹੁਣ ਗੁਰਦੁਆਰੀਆ ਭਾਈ ਬੇਚੈਨ ਹੈ ਕਿ ਉਸਦੇ 20 ਡਾਲਰ ਮਾਰੇ ਗਏ। ਕਹਾਣੀ ਵਿਚ ਇਸ ਫਿਕਰ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਸਬੱਬ ਨਾਲ, ਇੱਕ ਦਿਨ ਇਹ ਗੁਰਦੁਆਰੀਆ ਭਾਈ ਉਸ ਸ਼ਰਾਬੀ ਦੇ ਘਰ ਅੱਗੋਂ ਲੰਘ ਰਿਹਾ ਹੈ। ਜਿੱਥੇ ਉਸ ਸ਼ਰਾਬੀ ਸੱਜਣ ਦੀ ਪਤਨੀ ਨੇ ਆਪਣੇ ਪਤੀ ਦੇ ਕੱਪੜੇ ਕੱਢ ਕੇ ਬਾਹਰ ਰੱਖੇ ਹੋਏ ਹਨ, ਤਾਂ ਕਿ ਕੋਈ ਲੋੜਵੰਦ ਸੱਜਣ ਲੈ ਜਾਣ। ਉਹਨਾਂ ਕੱਪੜਿਆਂ 'ਚ ਇੱਕ ਫਰ ਵਾਲਾ ਕੋਟ ਵੀ ਹੈ ਜਿਸਨੂੰ ਗੁਰਦੁਆਰੀਆ ਭਾਈ ਚੁੱਕ ਕੇ ਲੈ ਜਾਂਦਾ ਹੈ। ਇਹ ਸੋਚ ਕੇ ਕਿ ਚਲੋ ਘੱਟੋ ਘੱਟ ਇਹ ਕੋਟ ਵੀ 20 ਡਾਲਰਾਂ ਦਾ ਤਾਂ ਜ਼ਰੂਰ ਹੋਵੇਗਾ ਹੀ। ਘਰ ਜਾ ਕੇ ਉਹ ਕੋਟ ਦੀਆਂ ਜੇਬਾਂ ਫਰੋਲਦਾ ਹੈ। ਇਕ ਜੇਬ 'ਚੋਂ ਇਕ ਲਿਫਾਫਾ ਨਿਕਲਦਾ ਹੈ ਜਿਸ ਉਪਰ ਗੁਰਦੁਆਰੀਏ ਦਾ ਨਾਮ ਲਿਖਿਆ ਹੋਇਆ ਹੈ, ਤੇ ਉਸ ਵਿੱਚ 20 ਡਾਲਰ ਦਾ ਨੋਟ ਹੈ। ਹੁਣ ਲੇਖਕ ਦਾ ਨਿਰਣਾ ਇਹ ਹੈ, ਕਿ ਸ਼ਰਾਬੀ ਸੱਜਣ ਕਿੰਨਾ ਇਮਾਨਦਾਰ ਸੀ ਤੇ ਦੂਜਾ ਧਾਰਮਿਕ ਸੱਜਣ ਕਿਨਾ ਘਟੀਆ ਸੀ। ਪਰ ਇਥੇ ਯਥਾਰਥ ਕੁਝ ਹੋਰ ਹੈ। ਧਾਰਮਿਕ ਸੱਜਣ ਨੇ ਆਪਣਾ ਘਰ, ਆਪਣੇ ਬੱਚਿਆਂ ਨੂੰ ਸਾਂਭਿਆ ਹੋਇਆ ਹੈ। ਕੰਮ ਕਰਦਾ ਹੈ, ਟੈਕਸ ਭਰਦਾ ਹੈ ਲੋੜ ਪੈਣ ਤੇ ਦੂਜਿਆਂ ਦੀ ਮਦਦ ਲਈ ਕੁਝ ਪੈਸੇ ਬਚਾ ਕੇ ਵੀ ਰੱਖਦਾ ਹੈ। ਜਦ ਕਿ ਅਲਕੋਹਲਕ ਸੱਜਣ ਸਮਾਜ 'ਚ ਆਪਣਾ ਕੋਈ ਹਿੱਸਾ ਨਹੀਂ ਪਾਉਂਦਾ ਅਤੇ ਉਸਦੀ ਘਰਵਾਲੀ ਇਕੱਲੀ ਹੀ ਘਰ ਤੇ ਬਾਲ ਬੱਚੇ ਸਾਂਭਣ ਦੇ ਨਾਲ ਨਾਲ ਸ਼ਰਾਬੀ ਦੀ ਵੀ ਸੰਭਾਲ ਕਰਦੀ ਹੈ। ਸੋ ਜ਼ਿੰਮੇਵਾਰੀਆਂ ਤੋਂ ਕੰਨੀ ਕਤਰਾਉਂਦਾ ਹੋਇਆ ਸ਼ਰਾਬੀ ਸੱਜਣ ਬਿਹਤਰ ਕਿਵੇਂ ਹੋ ਗਿਆ?

ਉਹਦੀ ਜੇਬ ਵਿੱਚ ਵੀ 20 ਡਾਲਰ ਦਾ ਨੋਟ ਅਮਨਪਾਲ ਸਾਰਾ ਨੇ ਆਪਣੇ ਕੋਲੋਂ ਹੀ ਪਾਇਆ ਹੈ। ਇਸ ਪੱਧਰ ਦੇ ਸ਼ਰਾਬੀ ਲੋਕਾਂ ਦੀ ਜੇਬ ਚ ਕਦੀ ਵੀ ਪੈਸਾ ਨਹੀਂ ਹੁੰਦਾ ।

ਇਸ ਕਹਾਣੀ ਤੋਂ ਪਿੱਛੋਂ ਅਮਨਪਾਲ ਸਾਰਾ ਨੇ ਇਕ ਕਹਾਣੀ "ਡਾਇਮੰਡ ਰਿੰਗ" ਲਿਖੀ। ਵੱਖਰੇ-ਵੱਖਰੇ ਦੋ ਸੱਭਿਆਚਾਰਾਂ ਦਾ ਟਕਰਾਅ ਸੀ। ਕਮਾਲ ਦੀ ਕਹਾਣੀ ਸੀ ਪਰ ਕਿਸੇ ਨੇ ਵੀ ਉਸਦਾ ਨੋਟਿਸ ਨਹੀਂ ਲਿਆ। ਇਹ ਸਾਡੀ ਪੰਜਾਬੀ ਸਾਹਿਤ ਦੀ ਆਲੋਚਨਾ ਦੀ ਸਥਿਤੀ ਹੈ। ਦੱਸੋ ਕੀ ਕਰੀਏ।

ਕਹਿੰਦੇ ਨੇ ਉਸ ਤੋਂ ਬਾਅਦ ਪੰਜਾਬੀ ਕਵਿਤਾ ਦੀ ਸਰਦਾਰੀ ਸੁਰਜੀਤ ਪਾਤਰ ਕੋਲ ਆ ਗਈ। ਕਵਿਤਾ ਦੀ ਝੰਡੀ ਸੁਰਜੀਤ ਪਾਤਰ ਦੇ ਹੱਥ ਚ ਸੀ, ਕਵਿਤਾ ਦਾ ਸਿਹਰਾ ਸੁਰਜੀਤ ਪਾਤਰ ਦੇ ਸਿਰ ਤੇ ਸੀ। ਮੈਂ ਤੇ ਕਹਾਂਗਾ ਕਿ ਵਾਰਤਕ ਵਿੱਚ ਵੀ ਉਸਨੂੰ ਕਮਾਲ ਹਾਸਲ ਸੀ। ਸੁਰਜੀਤ ਪਾਤਰ ਇੱਕ ਪ੍ਰਤੀਭਾਵਾਨ ਲੇਖਕ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕੀ ਪ੍ਰਤਿਭਾ ਉਸਦੀ ਕਮਾਈ ਹੋਈ ਸੀ। ਪਰ ਮੰਚ ਨੇ ਉਸਨੂੰ ਕੀਲ ਲਿਆ ਸੀ। ਉਹ ਲੋਕ ਕਵੀ ਬਣਨ ਦੀ ਥਾਂ ਸਟੇਜੀ ਕਵੀ ਬਣ ਕੇ ਰਹਿ ਗਿਆ। ਬਕੌਲ ਨਿਰਮਲ ਅਰਪਣ, ਉਹ ਮੰਚੀ ਕਵੀ ਦੇ ਪਿੰਜਰੇ 'ਚ ਕੈਦ ਹੋ ਕੇ ਰਹਿ ਗਿਆ। ਉਸਦਾ ਧਿਆਨ ਮੰਚ ਵੱਲ ਵਧੇਰੇ ਹੋ ਗਿਆ ਤੇ ਰਚਨਾ ਵੱਲ ਘਟ ਗਿਆ। ਬਸ ਇਥੋਂ ਹੀ ਤਰਾਸਦੀ ਸ਼ੁਰੂ ਹੁੰਦੀ ਹੈ:-

ਜਦੋਂ ਉਹ ਕਹਿੰਦਾ ਹੈ ਕਿ "ਲੱਗੀ ਨਜ਼ਰ ਪੰਜਾਬ ਨੂੰ ਇਸ ਦੀ ਨਜ਼ਰ ਉਤਾਰੋ.."। ਨਜ਼ਰ ਉਤਾਰਨੀ ਸਾਹਿਤਕ ਕਰਮ ਨਹੀਂ, ਭਾਵੇਂ ਇਹ ਸਿੰਬਲ ਦੇ ਤੌਰ 'ਤੇ ਹੀ ਕਿਉਂ ਨਾ ਵਰਤਿਆ ਜਾਵੇ। ਪਾਤਰ ਦੀ ਇਹ ਨਜ਼ਰ ਤਾਂ ਸਾਰੇ ਹਿੰਦੋਸਤਾਨ, ਅੱਧੇ ਅਫਰੀਕਾ, ਪਛਮੀ ਏਸ਼ੀਆ, ਲਾਤੀਨੀ ਅਮਰੀਕਾ ਨੂੰ ਵੀ ਲਗੀ ਹੋਈ ਹੈ। ਅਫਗਾਨਿਸਤਾਨ, ਇਰਾਕ ਤੇ ਫ਼ਲਸਤੀਨ ਵੀ ਐਸੀ ਹੀ ਨਜ਼ਰ ਦਾ ਸ਼ਿਕਾਰ ਹਨ। ਇਹ ਮਸਲਾ ਸਿਆਸੀ ਮਸਲਾ ਹੈ, ਇਹ ਨਜ਼ਰ ਉਤਾਰਨ ਨਾਲ ਹੱਲ ਨਹੀਂ ਹੋਣਾ। ਇਸਨੂੰ ਸਿਰਫ ਤੇ ਸਿਰਫ ਸਿਆਸੀ ਢੰਗ ਨਾਲ ਹੀ ਨਜਿੱਠਿਆ ਜਾ ਸਕਦਾ ਹੈ। ਨਜ਼ਰ ਉਤਾਰਨਾ ਲੋਕਾਂ ਨੂੰ, ਖਾਸ ਕਰਕੇ, ਸਧਾਰਨ ਲੋਕਾਂ ਨੂੰ, ਗੁਮਰਾਹ ਕਰ ਸਕਦਾ ਹੈ।

ਸਾਹਿਤ ਰਚਨਾ ਦਾ ਕੰਮ ਸੂਰਮਗਤੀ ਹੈ। ਹਰ ਲੱਲੀ-ਛੱਲੀ (ਟਾਮ, ਡਿੱਕ ਤੇ ਹੈਰੀ) ਸਾਹਿਤਕਾਰ ਨਹੀਂ ਬਣ ਸਕਦਾ। ਅਸਲੀ ਸਹਿਤਕਾਰ ਸਮਾਜ ਦਾ ਸਰਜਨ ਹੁੰਦਾ ਹੈ। ਉਹ ਸਮਾਜ ਦੇ ਬੋਅ ਮਾਰਦੇ ਰਿਸ਼ਤਿਆਂ ਨੂੰ ਚੀਰਾ ਦਿੰਦਾ ਹੈ, ਪਾਕ ਕੱਢਦਾ ਹੈ ਤੇ ਸਮਾਜ ਦੇ ਅਰੋਗ ਹੋਣ ਲਈ ਯਤਨ ਕਰਦਾ ਹੈ। ਉਸਦੀ ਇਹ ਵਿਸ਼ੇਸ਼ਤਾ ਹੈ ਕਿ ਉਸਦਾ ਸਮਾਜੀ ਵਿਸ਼ਲੇਸ਼ਣ ਸਮੁੱਚੇ ਸਮਾਜ ਨੂੰ ਜਾਗਰਿਤ ਕਰਦਾ ਹੈ। ਉਹ ਸਮਝ ਰੱਖਦਾ ਹੈ ਕਿ ਸਮਾਜ ਨੂੰ ਬਿਮਾਰੀ ਕੀ ਹੈ। ਉਹ ਇਲਾਜ ਤਾਂ ਨਹੀਂ ਕਰ ਸਕਦਾ, ਪਰ ਬਿਮਾਰੀ ਦੀ ਤਸ਼ਖ਼ੀਸ਼ ਕਰਦਾ ਹੈ। ਇਸੇ ਸੰਬੰਧ ਵਿੱਚ ਪਾਤਰ ਸਾਹਿਬ ਦੀ ਇੱਕ ਬਹੁਤ ਪ੍ਰਸਿੱਧ ਤੇ ਬਹੁਤ ਚਰਚਿਤ ਕਵਿਤਾ ਹੈ, "ਆਇਆ ਨੰਦ ਕਿਸ਼ੋਰ"। ਇਸ ਕਵਿਤਾ ਵਿੱਚ ਬਿਹਾਰ ਤੋਂ ਇਕ ਮਜ਼ਦੂਰ ਪੰਜਾਬ ਆਉਂਦਾ ਹੈ । ਉਸਦੀ ਬੇਟੀ 'ਮਾਧਵੀ' ਸਕੂਲ ਵਿੱਚ ਫੱਟੀ ਉੱਤੇ 'ੳ', 'ਅ' ਲਿਖ ਰਹੀ ਹੈ। ਲੇਖਕ ਇਸ ਗੱਲ ਨੂੰ ਸੈਲੀਬਰੇਟ ਕਰਦਾ ਹੈ। ਲੇਖਕ ਦੀ ਇਸ ਖੁਸ਼ੀ ਵਿੱਚ ਮੀਡੀਆ ਵੀ ਸ਼ਾਮਿਲ ਹੈ। ਇਹ ਗੱਲ ਇਥੋਂ ਤੱਕ ਚਲੀ ਜਾਂਦੀ ਹੈ ਕਿ ਦੇਖੋ ਬਿਹਾਰੀ ਲੋਕ ਤੇ ਦੂਜੇ ਭਈਏ ਲੋਕ ਪੰਜਾਬੀ ਸਿੱਖ ਰਹੇ ਹਨ, ਇਸ ਕਰਕੇ ਪੰਜਾਬੀ ਜੁਬਾਨ ਨਹੀਂ ਮਰ ਸਕਦੀ। ਪਰ ਇਹ ਬਿਲਕੁਲ ਨਹੀਂ ਸੋਚਿਆ ਜਾ ਰਿਹਾ ਕਿ ਜੇ ਪੰਜਾਬੀ ਜੁਬਾਨ ਨੇ ਇੰਜ ਹੀ ਜਿਊਣਾ ਹੈ ਤਾਂ ਉਸ ਨੂੰ ਕਿਸੇ ਨਾ ਕਿਸੇ ਕੀਮਤ ਉੱਤੇ ਹੀ ਜਿਊਣਾ ਪਵੇਗਾ ਤੇ ਉਹ ਕੀਮਤ ਬਿਹਾਰੀ ਲੋਕ ਆਪਣੀ ਜੁਬਾਨ ਨੂੰ ਕਤਲ ਕਰਕੇ ਚਕਾਉਣਗੇ। ਮੇਰੀ ਇਹ ਗੱਲ ਉਹ ਲੋਕ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਨ ਜਿਨਾਂ ਨੇ ਰਸੂਲ ਹਮਜ਼ਾਤੋਵ ਦੀ ਕਿਤਾਬ "ਮੇਰਾ ਦਾਗਿਸਤਾਨ" ਪੜ੍ਹੀ ਹੋਈ ਹੈ।

ਇਸ ਦੇ ਨਾਲ ਹੀ ਕਵੀ ਕਹਿੰਦਾ ਹੈ "ਕਿੰਨਾ ਗੂੜਾ ਸਾਕ ਹੈ ਅੱਖਰਾਂ ਦਾ ਤੇ ਰਿਜ਼ਕ ਦਾ"। ਮੈਨੂੰ ਕੈਨੇਡਾ 'ਚ ਰਹਿੰਦੇ ਨੂੰ 50 ਸਾਲ ਹੋ ਗਏ ਹਨ। ਮੇਰੇ ਵਰਗੇ ਅਨੇਕਾਂ ਹੋਰ ਅੱਖਰ ਹੁੰਦੇ ਹੋਏ ਵੀ ਮਜ਼ਦੂਰੀ ਕਰਦੇ ਹੀ ਰਿਟਾਇਰ ਹੋਏ ਹਾਂ। ਇਸ ਮਜ਼ਦੂਰੀ ਲਈ ਅੱਖਰਾਂ ਦੀ ਐਡੀ ਵੱਡੀ ਲੋੜ ਨਹੀਂ। ਮਾਧਵੀ ਦੀ ਮਜ਼ਦੂਰੀ ਵੀ ਉਹੋ ਜਿਹੀ ਹੀ ਹੋਣੀ ਹੈ ਜਿਹੋ ਜਿਹੀ ਉਸਦੇ ਮਾਂ ਬਾਪ ਕਰਦੇ ਹਨ। ਇਸ ਕਿਸਮ ਦੀ ਮਜ਼ਦੂਰੀ ਲਈ ਤੁਹਾਨੂੰ ੳ ਅ ਸਿੱਖਣ ਦੀ ਲੋੜ ਨਹੀਂ। ਪਰ ਉਹ ਵਿਚਾਰੀ ਤਾਂ ਮਜ਼ਲੂਮ ਹੈ। ਪੰਜਾਬ

ਵਿੱਚ ਰਹਿੰਦਿਆਂ ਉਹ ਪੰਜਾਬੀ ਹੀ ਸਿਖ ਸਕਦੀ ਹੈ। ਇਹ ਉਸਦੀ ਇੱਛਾ ਨਹੀਂ, ਸਿਰਫ ਮਜਬੂਰੀ ਹੈ। ਉਸਦੀ ਆਪਣੀ ਤੇ ਉਸਦੇ ਮਾਂ ਬਾਪ ਦੀ ਇੱਛਾ ਸ਼ਾਇਦ ਇਹ ਹੋਵੇਗੀ ਕਿ ਉਹ ਬਿਹਾਰੀ ਸਿਖੇ। ਜੇ ਤੁਸੀਂ ਹਿੰਦੁਸਤਾਨ ਦੀ ਏਕਤਾ ਅਨੇਕਤਾ ਨੂੰ ਮੰਨਦੇ ਹੋ ਤਾਂ ਮਾਧਵੀ ਨੂੰ ਉਸਦੀ ਆਪਣੀ ਭਾਸ਼ਾ ਬਿਹਾਰੀ ਸਿਖਾਉਣ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ। ਜਿਸ ਨਾਲ ਉਹ ਆਪਣੇ ਮੂਲ ਨੂੰ ਪਛਾਣ ਸਕੇ, ਆਪਣੀਆਂ ਜੜਾਂ ਨੂੰ ਜਾਣ ਸਕੇ, ਆਪਣੇ ਕਲਚਰ ਨੂੰ ਮਾਣ ਸਕੇ। ਇਹ ਬਿਲਕੁਲ ਉਹੋ ਜਿਹੀ ਗੱਲ ਹੈ ਜਿਵੇਂ ਅਸੀਂ ਹਿੰਦੁਸਤਾਨ ਤੋਂ ਬਾਹਰ ਬੈਠੇ, ਬਿਲਕੁਲ ਵੱਖਰੇ ਮੁਲਕ ਤੇ ਵੱਖਰੇ ਸਭਿਆਚਾਰ ਵਿਚ ਸੋਚਦੇ ਹਾਂ ਤੇ ਚਾਹੁੰਦੇ ਹਾਂ ਕਿ ਸਾਡੇ ਬੱਚੇ ਪੰਜਾਬੀ ਸਿੱਖਣ। ਫਿਰ ਮਾਧਵੀ ਦਾ ਕੀ ਦੋਸ਼ ਹੈ ਕਿ ਉਹ ਆਪਣੇ ਹੀ ਦੇਸ਼ ਵਿੱਚ ਰਹਿੰਦੀ ਹੋਈ ਵੀ ਆਪਣੀ ਬੋਲੀ ਆਪਣੀ ਭਾਸ਼ਾ ਨਹੀਂ ਸਿੱਖ ਸਕਦੀ? ਇਹ ਕਿੰਨੀ ਵੱਡੀ ਤਰਾਸਦੀ ਹੈ। ਇਥੇ ਮਾਧਵੀ ਪੀੜਤ (victim) ਹੈ। ਜਿਸ ਨੂੰ ਪਾਤਰ ਆਪਣੇ ਢੰਗ ਨਾਲ ਬਲੀ ਦਾ ਬਕਰਾ ਬਣਾ ਰਿਹਾ ਹੈ। ਇਸੇ ਕਵਿਤਾ 'ਚ ਲੇਖਕ ਕਹਿੰਦਾ ਹੈ

"ਪੋਤੇ ਅਛਰ ਸਿੰਘ ਦੇ 1234 ਲਿਖਦੇ :–

ਮਾਧਵੀ ਤੇ ਅੱਛਰ ਸਿੰਘ ਦੇ ਪੋਤਿਆਂ ਦੀ ਤੁਲਨਾ ਗਲਤ ਹੈ। ਬਹੁਤ ਪੁਰਾਣੀ ਗੱਲ ਚੇਤੇ ਆ ਗਈ। ਪ੍ਰੋਫੈਸਰ ਪ੍ਰੇਮ ਪ੍ਰਕਾਸ਼ ਸਿੰਘ ਜੀ ਨੂੰ ਇਕ ਦਿਨ ਕਲਾਸ ਵਿਚ ਇਕ ਮਨਚਲੇ ਮੁੰਡੇ ਨੇ ਪੁੱਛਿਆ, "ਜੀ ਅੱਜ ਕੱਲ ਕੁੜੀਆਂ ਸਿਰ ਤੇ ਚੁੰਨੀ ਕਿਉਂ ਨਹੀਂ ਲੈਂਦੀਆਂ? ਪਹਿਲਾਂ ਤਾਂ ਪ੍ਰੋਫੈਸਰ ਸਾਹਿਬ ਹੱਸੇ। ਫਿਰ ਮੁੰਡਿਆਂ ਕੁੜੀਆਂ ਵੱਲ ਵੇਖ ਕੇ ਸੀਰੀਅਸ ਹੋ ਕੇ ਬੋਲੇ:–

**"ਇਸਦੇ ਸਿਰ ਵੀ ਚੁੰਨੀ ਨਹੀਂ**
**ਔਹਦੇ ਸਿਰ ਵੀ ਚੁੰਨੀ ਨਹੀਂ**
**ਇੱਕ ਪਾਸੇ ਮਜਬੂਰੀ ਏ**
**ਤੇ ਇਕ ਪਾਸੇ ਮਗਰੂਰੀ ਏ ....:**


ਹੁਣ ਇਥੇ ਇਕ ਹੋਰ ਸਵਾਲ ਉਠਦਾ ਹੈ। ਇਹ ਸਾਰੇ ਵਾਪਰ ਰਹੇ ਵਰਤਾਰੇ ਤੋਂ ਮਾਧਵੀ ਬੇ–ਖਬਰ ਹੈ। ਅਛਰ ਸਿੰਘ ਤੇ ਉਸਦੇ ਪੋਤੇ ਵੀ ਅਣਜਾਣ ਹਨ। ਸਿਰਫ ਤੇ ਸਿਰਫ ਇਕ ਲੇਖਕ ਹੀ ਬਚਦਾ ਹੈ ਜੋ ਇਸਦਾ ਠੀਕ ਵਿਸ਼ਲੇਸ਼ਣ ਕਰ ਸਕੇ ਤੇ ਉਸ ਤੋਂ ਪਾਤਰ ਸਾਹਿਬ ਖੁੰਝ ਗਏ ਹਨ।

ਇਥੇ ਇਹ ਗੱਲ ਜ਼ਰੂਰ ਧਿਆਨ ਮੰਗਦੀ ਹੈ ਕਿ ਸਾਹਿਤਕ ਪ੍ਰਕਿਰਿਆ ਤੇ ਰਾਜਸੀ ਤਾਕਤ ਇੱਕ ਦੂਜੇ ਦੇ ਵਿਰੋਧ ਵਿੱਚ ਭੁਗਤੀਆਂ ਹਨ। ਇਹ ਗਲ ਸ਼ਇਦ ਗਲਤ ਵੀ ਹੋਵੇ ਤਾਂ ਵੀ ਇਹਨਾਂ ਸਵਾਲਾਂ ਲਈ ਸੰਵਾਦ ਦੀ ਲੋੜ ਹੈ। ਉਪਰ ਦਿੱਤੀਆਂ ਗੱਲਾਂ ਨੂੰ ਝੂਠ ਵੀ ਸਾਬਿਤ ਕੀਤਾ ਜਾ ਸਕਦਾ ਹੈ। ਲੋੜ ਨੂੰ ਮੁੱਖ ਰੱਖ ਕੇ ਜ਼ਰੂਰ ਕਰਨਾ ਚਾਹੀਦਾ ਹੈ। ਇਹ ਗੱਲ ਵੀ ਸੰਵਾਦ ਵਿੱਚੋਂ ਹੀ ਨਿਕਲ ਸਕਦੀ ਹੈ। ਇਹ ਜੋ ਸਾਹਿਤਕ ਵਰਤਾਰਾ ਚੱਲ ਰਿਹਾ ਹੈ, ਕਿ ਇਸਦਾ ਇਸੇ ਤਰ੍ਹਾਂ ਹੀ ਚਲਣਾ ਚਾਹੀਦਾ ਹੈ? ਇਸ ਦੇ ਲਈ ਵੀ ਸੰਵਾਦ ਦੀ ਲੋੜ ਹੈ। ਪਾਠਕਾਂ ਦੇ "ਸੋਹਜ ਸੁਆਦ" ਦੀ ਸਮੱਸਿਆ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਮੈਂ ਇਹ ਸਾਰੀਆਂ ਗੱਲਾਂ ਇੱਕ ਪਾਠਕ ਦੇ ਤੌਰ ਤੇ ਉਠਾਈਆਂ ਹਨ, ਪਰ ਇਹ ਅਧੂਰੀਆਂ ਹਨ। ਵਿਦਵਾਨ ਲੋਕਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਪਿੱਛੇ ਜਿਹੇ ਸੁਖਜੀਤ ਦੀ ਕਹਾਣੀ ਆਈ ਸੀ "ਮੈਂ ਰੇਪ ਇੰਜੌਏ ਕਰਦੀ ਹਾਂ"। ਇਸਦੇ ਬਾਰੇ ਇੱਕ ਦੋ ਥਾਵਾਂ ਤੇ ਗੱਲਾਂ ਹੋਈਆਂ, ਪਰ ਕਈ ਕੋਈ ਬਝਵਾਂ ਅਸਰ ਨਹੀਂ ਬਣ ਸਕਿਆ। ਕਈ ਲੇਖਕ ਤਾਂ ਇਹ ਦੱਸਣ ਵਿੱਚ ਮਾਣ ਮਹਿਸੂਸ ਕਰਦੇ ਰਹੇ ਕਿ ਉਹ ਕਿੰਨੀਆਂ ਔਰਤਾਂ ਨਾਲ ਸੁੱਤੇ ਹਨ। ਪਟਿਆਲੇ ਵਾਲਾ ਸੁਰਿੰਦਰ ਸ਼ਰਮਾ ਕਹਿੰਦਾ ਹੈ, "ਕਿ ਕਿਸੇ ਲੇਖਕ ਨੇ ਕਦੀ ਇਹ ਨਹੀਂ ਦੱਸਿਆ ਕਿ ਉਹ ਕਿਸੇ ਔਰਤ ਨਾਲ ਕਦੇ ਜਾਗਿਆ ਵੀ ਹੈ"? ਸਭ ਨੇ ਸੌਣ ਦੀ ਹੀ ਗੱਲ ਕੀਤੀ ਹੈ। ਆਓ, ਜਾਗੀਏ ਤੇ ਸਿਹਤਮੰਦ ਸੰਵਾਦ ਰਚਾਈਏ। ਅੰਤ ਵਿਚ ਮੈਂ ਨਕਸਲਵਾੜੀ ਲਹਿਰ ਦੇ ਨੌਜਵਾਨ ਕਵੀ "ਗੁਰਦੀਪ ਗਰੇਵਾਲ" ਦੀਆਂ ਕੁਝ ਲਾਈਨਾਂ ਸਾਂਝੀਆਂ ਕਰਨੀਆਂ ਚਾਹਾਂਗਾ, ਜਿਹੜੀਆਂ ਉਸ ਨੇ ਕਾਮਰੇਡ ਦਯਾ ਸਿੰਘ ਦੀ ਸ਼ਹੀਦੀ ਤੇ ਲਿਖੀਆਂ ਸਨ:–

**"ਸੌਣਾ ਹੈ ਹਾਲੇ ਕਿ ਜਾਗਣਾ**
**ਹੁਣ ਇਹ ਤੁਹਾਡਾ ਫੈਸਲਾ,**
**ਉਹ ਤੁਹਾਡੀ ਦੇਹਲੀਆਂ ਤੇ**
**ਦੀਪ ਜਗਦਾ ਧਰ ਗਿਆ**

# ਸ਼ਰਧਾਂਜਲੀ: ਲੋਕ ਲਹਿਰ 'ਚ ਯੋਗਦਾਨ ਪਾਉਣ ਵਾਲੇ ਸਾਥੀ ਗੁਲਜ਼ਾਰ ਨੂੰ ਸਲਾਮ



-ਅਮੋਲਕ ਸਿੰਘ
98778-68710

ਸਾਰੀ ਉਮਰ ਮੇਰੇ ਮੋਢੇ ਹੱਥ ਰੱਖਣ ਵਾਲਾ ਮੇਰਾ ਵੱਡਾ ਭਰਾ ਗੁਲਜ਼ਾਰ ਸਦੀਵੀ ਵਿਛੋੜਾ ਦੇ ਗਿਆ। ਉਸਦੇ ਮਾਣਮੱਤੇ ਜੀਵਨ ਸਫ਼ਰ ਬਾਰੇ ਵਿਚਾਰਾਂ ਕਰਦੇ ਕਾਫ਼ਲੇ ਨੇ ਫੁੱਲਾਂ ਦੀ ਮਹਿਕ ਨਾਲ ਦਿੱਤੀ ਗੁਲਜ਼ਾਰ ਨੂੰ ਅੰਤਿਮ ਵਿਦਾਇਗੀ।

ਇਸ ਮੌਕੇ ਸਾਡੇ ਪਿੰਡ ਦੁੱਗਰੀ ਨੇੜੇ ਸਾਹਨੇਵਾਲ (ਲੁਧਿਆਣਾ) ਵਿਖੇ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੀਆਂ ਨਾਮਵਰ ਹਸਤੀਆਂ, ਲੋਕ–ਪੱਖੀ ਸੰਸਥਾਵਾਂ ਦੇ ਜਾਣੇ ਪਹਿਚਾਣੇ ਆਗੂਆਂ ਨੇ ਸ਼ਿਰਕਤ ਕਰਕੇ ਗੁਲਜ਼ਾਰ ਨੂੰ ਮਾਣ ਸਨਮਾਨ ਨਾਲ ਵਿਦਾ ਕਰਦਿਆਂ ਸਮਾਜ ਨੂੰ ਸੁਨੇਹਾ ਦਿੱਤਾ ਕਿ ਪਰਿਵਾਰਾਂ ਦੀ ਏਕਤਾ, ਸਾਂਝ, ਸਹਿਯੋਗ ਅਤੇ ਦਿਲੋਂ ਸਾਥ ਲੋਕ ਲਹਿਰ ਦੇ ਆਗੂ ਕਾਫ਼ਲਿਆਂ ਨੂੰ ਊਰਜਾ, ਜ਼ਮੀਨ ਅਤੇ ਤਾਕਤ ਪ੍ਰਦਾਨ ਕਰਦਾ ਹੈ। ਉਹਨਾਂ ਦੀ ਆਮਦ ਨੇ ਦਰਸਾਇਆ ਕਿ ਲੋਕ ਲਹਿਰ 'ਚ ਅਜਿਹੇ ਸੰਗ ਸਾਥ ਵਾਲੀ ਭੂਮਿਕਾ ਅਦਾ ਕਰਨ ਵਾਲਿਆਂ ਪ੍ਰਤੀ ਲੋਕ – ਸੰਸਥਾਵਾਂ ਕਿਵੇਂ ਗਹਿਰੇ ਸਰੋਕਾਰ ਭਰਿਆ ਰਿਸ਼ਤਾ ਅਤੇ ਨਜ਼ਰੀਆ ਰੱਖਦੀਆਂ ਹਨ। ਗੁਲਜ਼ਾਰ ਵਰਗਿਆਂ ਦੀ ਸਹਿਯੋਗੀ ਭੂਮਿਕਾ ਦੇ ਮਹੱਤਵ ਨੂੰ ਕਿੰਨੀ ਸੂਖ਼ਮਤਾ ਨਾਲ ਸਮਝਦੀਆਂ ਅਤੇ ਮਾਨਤਾ ਦਿੰਦੀਆਂ ਹਨ।


ਗੁਲਜ਼ਾਰ ਲੰਮੇ ਅਰਸੇ ਤੋਂ ਲੰਮੀ ਖੁਰਾਕ ਨਾਲੀ ਵਿੱਚ ਅਲਸਰ ਤੋਂ ਪੀੜਤ ਸੀ। ਪਰ ਮਿਹਨਤ ਉਹ ਆਖ਼ਰੀ ਦਮ ਤੱਕ ਕਰਦਾ ਰਿਹਾ। ਮੈਂ ਜਦੋਂ ਕਦੇ ਕਦਾਈਂ ਘਰ ਜਾਣਾਂ ਤਾਂ ਚੜ੍ਹਦੀ ਕਲਾ ਦੇ ਅੰਦਾਜ਼ ਵਿਚ ਹੀ ਗੱਲਾਂ ਕਰਨੀਆਂ। ਇਹ ਕਹਿੰਦੇ ਰਹਿਣਾ ਕਿ ਜੇ ਥੋਡੇ ਵਰਗੀਆਂ ਯੂਨੀਅਨਾਂ ਵਾਲੇ ਨਾ ਹੋਣ ਤਾਂ ਸਰਕਾਰਾਂ ਤਾਂ ਕਦੋਂ ਦੀਆਂ ਲੋਕਾਂ ਨੂੰ ਖਾ ਜਾਣ।

ਸਖ਼ਤ ਮਿਹਨਤ ਮੁਸ਼ੱਕਤ ਦਾ ਨਮੂਨਾ ਸੀ ਮੇਰਾ ਭਰਾ। ਪਹਿਲਾਂ ਠੇਕੇ ਵਟਾਈ ਤੇ ਜ਼ਮੀਨ ਲੈ ਕੇ ਬਾਪ ਨਾਲ ਦਿਨ ਰਾਤ ਮਿਹਨਤ ਕਰਦਾ ਰਿਹਾ। ਪਿੰਡ ਅਜਨੌਦ ਤੋਂ ਟਿਊਬਵੈੱਲ ਦੇ ਪਾਣੀ ਨਾਲ ਖੇਤ ਸਿੰਜਣ ਮੌਕੇ ਵਾਰ ਵਾਰ ਖਾਲਾ ਟੁੱਟਣ ਅਤੇ ਸਾਰੀ ਸਾਰੀ ਰਾਤ ਮਿਹਨਤ ਮੁਸ਼ੱਕਤ ਕਰਦਿਆਂ ਕਹੀ ਚਲਾਉਣ ਦੇ ਸਿਰੜ ਭਰੀਆਂ ਬਚਪਨ ਤੋਂ ਸੁਣੀਆਂ ਬਾਤਾਂ ਅਤੇ ਅੱਖੀਂ ਡਿੱਠੀ ਲੱਕ ਤੋੜਵੀਂ ਮੁਸ਼ੱਕਤ ਦੀਆਂ ਕਹਾਣੀਆਂ ਮੈਨੂੰ ਅੱਜ ਵੀ ਯਾਦ ਨੇ। ਨਾਲ ਲੱਗਦੇ ਪਿੰਡ ਟਿੱਬੇ ਸਾਰਾ ਸਾਰਾ ਦਿਨ ਖੂਹ ਗੇੜਦੇ, ਹਲ ਚਲਾਉਂਦੇ ਬਲਦਾਂ ਨਾਲ ਲੰਮੀਆਂ ਵਾਟਾਂ ਕੱਢਦੇ ਅਤੇ ਸਾਰੀ ਸਾਰੀ ਰਾਤ ਡਰੰਮੀਆਂ ਥਰੈਸਰਾਂ ਤੇ ਕਣਕ ਦੇ ਰੁੱਗ ਲਾਉਂਦੇ ਸਿਰੜੀ ਗੁਲਜ਼ਾਰ ਦੀਆਂ ਬੱਸ ਯਾਦਾਂ ਪੱਲੇ ਰਹਿ ਗਈਆਂ। ਲਵੇਰਿਆਂ ਦੀ ਸਾਂਭ ਸੰਭਾਲ ਅਤੇ ਪਸ਼ੂਆਂ ਦੀ ਉਪਰੋ ਥਲੀ ਅਟੈਕ ਕਾਰਨ ਮੌਤ ਹੋਣ ਤੇ ਗੁਲਜ਼ਾਰ ਦੇ ਮਸੋਸਿਆ ਚਿਹਰਾ ਅਤੇ ਲੰਮੇ ਹੌਕਿਆਂ ਦੀ ਅੰਦਰੇ ਅੰਦਰ ਪੀਤੀ ਪੀੜ ਨੂੰ ਦਰਦਮੰਦਾਂ ਦੇ ਦਰਦੀ ਹੀ ਸਮਝ ਸਕਦੇ ਨੇ।

9 ਅਪ੍ਰੈਲ 1975 ਨੂੰ ਸਾਹਨੇਵਾਲ, ਦੋਰਾਹਾ, ਚਾਵਾ ਪਾਇਲ, ਖੰਨਾ ਅਤੇ ਰਾੜਾ ਸਾਹਿਬ ਤੱਕ 75 ਪਿੰਡਾਂ ਦੀ ਕਣਕ, ਗੜ੍ਹੇ ਮਾਰ ਕਾਰਨ ਤਬਾਹ ਹੋ ਗਈ ਸੀ। ਉਸ ਵੇਲੇ ਮੁਲਕ ਉਪਰ ਮੜ੍ਹੀ ਐਮਰਜੈਂਸੀ ਦੀਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਅਸੀਂ ਪਿੰਡ ਪਿੰਡ ਪਿੰਡ ਗੜੇ ਮਾਰ ਪੀੜਤ ਕਮੇਟੀਆਂ ਬਣਾਈਆਂ ਤਾਂ ਮੇਰੇ ਭਰਾ ਗੁਲਜ਼ਾਰ ਅਤੇ ਹਰਬੰਸ ਸਿੰਘ ਸਮੇਤ ਪੂਰੇ ਇਲਾਕੇ ਨੇ ਡਟਵਾਂ ਸਾਥ ਦਿੱਤਾ।

ਪਿੰਡ ਮਜਾਰਾ ਵਿਖੇ ਇਕੱਤਰਤਾ ਕਰਕੇ ਗੜ੍ਹੇਮਾਰ ਪੀੜਤ ਕਮੇਟੀ ਬਣਾਈ। 1975 ਵਿੱਚ ਹੋਈ ਇਸ ਇਕੱਤਰਤਾ ਨੂੰ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਸ਼ਹਾਬਪੁਰ ਨੇ ਗ੍ਰਿਫ਼ਤਾਰੀ ਵਾਰੰਟਾ ਦੇ ਬਾਵਜੂਦ ਕੁਲਵੰਤ ਸਿੰਘ ਦੇ ਨਾਂਅ ਹੇਠ ਚੋਰ ਭੁਲਾਈ ਦੇ ਕੇ ਸੰਬੋਧਨ ਕੀਤਾ ਸੀ। ਗੜ੍ਹੇਮਾਰ ਪੀੜਤ ਕਮੇਟੀ ਵੱਲੋਂ ਲੁਧਿਆਣਾ ਜ਼ਿਲ੍ਹਾ ਹੈੱਡ ਕੁਆਰਟਰ ਅਤੇ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਉਹਨਾਂ ਦਿਨਾਂ ਵਿੱਚ ਕੀਤੇ ਜਦੋਂ ਐਮਰਜੈਂਸੀ ਲਗਾ ਕੇ ਲੋਕਾਂ ਦੀ ਜ਼ੁਬਾਨਬੰਦੀ ਦੇ ਹੁਕਮ ਚਾੜ੍ਹ ਰੱਖੇ ਸਨ। ਇਹ ਗੜ੍ਹੇਮਾਰ ਪੀੜਤ ਕਮੇਟੀ ਅੱਗੇ ਚੱਲ ਕੇ ਕਿਸਾਨ ਕਮੇਟੀ ਇਲਾਕਾ ਸਾਹਨੇਵਾਲ, ਕਿਸਾਨ ਦਲ ਇਲਾਕਾ ਚਾਵਾ ਪਾਇਲ ਤੋਂ ਹੁੰਦੀ ਹੋਈ ਪਿੰਡ ਪੰਜੇਟਾ ਵਿਖੇ ਕਨਵੈਨਸ਼ਨ ਕਰਕੇ ਪੰਜਾਬ ਕਿਸਾਨ ਯੂਨੀਅਨ ਬਣ ਕੇ ਨਿੱਕਲੀ। ਇਸ ਸਾਰੀ ਸਰਗਰਮੀ ਵਿਚ ਮੇਰੇ ਭਰਾ ਗੁਲਜ਼ਾਰ ਅਤੇ ਹਰਬੰਸ ਸਿੰਘ ਅਤੇ ਸਾਡੇ ਪਿੰਡ ਸਮੇਤ ਪੂਰੇ ਇਲਾਕੇ ਦੀ ਭੂਮਿਕਾ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਸਾਡੇ ਅਤੇ ਤਾਏ ਚਾਚੇ ਦੇ ਖੇਤਾਂ ਵਿਚ ਨਹਿਰੋਂ ਪਾਰ ਅਸੀਂ ਸਾਰੀ ਸਾਰੀ ਰਾਤ ਨਾਟਕਾਂ ਦੀ ਰੀਹਰਸਲ ਕਰਨੀ ਤਾਂ ਹੰਸਾ ਸਿੰਘ, ਜ਼ੋਰਾ ਸਿੰਘ ਨਸਰਾਲੀ, ਕਸਤੂਰੀ ਲਾਲ, ਅਮਰਜੀਤ ਮੱਲ੍ਹੀ, ਪ੍ਰੀਤਮ ਨੰਦਪੁਰ, ਮਰਹੂਮ ਰੁਪਿੰਦਰ ਮਾਨ,ਵਰਗਿਆਂ ਨੇ ਗੁਲਜ਼ਾਰ ਦੀ ਹੀ ਬਣਾਈ ਹੋਈ ਕੰਡੇਦਾਰ ਚਾਹ ਹੀ ਭਾਲਣੀ। ਮੇਰੇ ਭਰਾ ਗੁਲਜ਼ਾਰ, ਹਰਬੰਸ ਸਿੰਘ ਸਮੇਤ ਪੂਰਾ ਪਰਿਵਾਰ ਬਹੁਤ ਸਾਰੇ ਨੌਜਵਾਨ ਘਰ ਘਰ ਦਾ ਜੀਅ ਸਾਡਾ ਲੋਕ ਸਰੋਕਾਰਾਂ ਨਾਲ ਜੁੜੀਆਂ ਸਰਗਰਮੀਆਂ ਵਿਚ ਸਾਥ ਦਿੰਦਾ ਸੀ। ਪਿੰਡ ਵਿਚਲੇ ਰਿਹਾਇਸ਼ੀ ਘਰਾਂ ਨਾਲ ਘਿਰੇ ਖੂਹ ਭਰਨ, ਪਿੰਡ ਦੇ ਰਾਹ ਸੁਆਰਨ, ਪਿੰਡ ਦੀ ਤਾਕਤ ਦੇ ਜ਼ੋਰ ਪਿੰਡ ਦੀਆਂ ਸੜਕਾਂ ਬਣਾਉਣ, 1976–77 ਦੇ ਦੌਰ ਵਿੱਚ ਪਿੰਡ ਵੱਲੋਂ ਸੌ ਫ਼ੀਸਦੀ ਵੋਟਾਂ ਦਾ ਬਾਈਕਾਟ ਕਰਨ, ਮੋਗਾ ਗੋਲੀ ਕਾਂਡ 1972 ਮੌਕੇ ਪਿੰਡ ਵਿੱਚ ਕਾਲੀ ਆਜ਼ਾਦੀ ਮਨਾਉਣ, ਰਾਤ ਨੂੰ ਮਸ਼ਾਲ ਮਾਰਚ ਕਰਨ, ਦੂਰ ਦੁਰਾਡੇ ਪਿੰਡਾਂ ਤੱਕ ਨਾਟਕਾਂ ਮੌਕੇ ਡਾਂਗਾਂ ਲੈ ਕੇ ਸਾਥ ਦੇਣ ਦੀ ਭੂਮਿਕਾ ਲਈ ਗੁਲਜ਼ਾਰ ਵੀਰ ਨੂੰ ਸਲਾਮ ਕਰਨੀ ਬਣਦੀ ਹੈ। ਸ਼ੁਰੂਆਤੀ ਦੌਰ ਵਿੱਚ ਪਿੰਡ ਪੱਧਰੀ ਨੌਜਵਾਨ ਸਭਾ, ਮੋਗਾ ਗੋਲੀ ਕਾਂਡ, ਪ੍ਰਿਥੀਪਾਲ ਸਿੰਘ ਰੰਧਾਵਾ ਦੀ ਸ਼ਹਾਦਤ ਮੌਕੇ ਸਰਗਰਮੀਆਂ ਦੀ ਹਨੇਰੀ ਲਿਆਉਣ ਵੇਲੇ ਗੁਲਜ਼ਾਰ ਸਮੇਤ ਸਾਡਾ ਪਿੰਡ ਇਨਕਲਾਬੀਆਂ ਦੇ ਪਿੰਡ ਵਜੋਂ ਜਾਣਿਆਂ ਜਾਂਦਾ ਸੀ। ਪੰਜਾਬ ਦੇ ਮੰਨੇ–ਪ੍ਰਮੰਨੇ ਕਹਾਉਂਦੇ ਨੇਤਾਵਾਂ ਨੂੰ ਸਾਰੇ ਪਿੰਡ ਨੇ 1976 ਦੀਆਂ ਵੋਟਾਂ ਮੌਕੇ ਸੁਆਲ ਕਰਕੇ ਲਾਜਵਾਬ ਹੋਇਆਂ ਨੂੰ ਪਿੰਡੋਂ ਬੇਰੰਗ ਮੋੜਿਆ ਸੀ।



ਸਾਰੇ ਪਿੰਡ ਦੇ ਘਰਾਂ ਚੁਬਾਰਿਆਂ ਦੀਆਂ ਛੱਤਾਂ ਨੂੰ ਅਰਧ ਸੈਨਿਕ ਬਲਾਂ ਨੇ ਘੇਰਿਆ ਹੋਇਆ ਸੀ। ਸਾਰੇ ਪਿੰਡ ਨੇ ਵੋਟਾਂ ਪਾਉਣ ਤੋਂ ਕੋਰਾ ਜਵਾਬ ਦਿੱਤਾ ਅਤੇ ਆਕਾਸ਼ ਗੂੰਜਾਊ ਨਾਅਰਿਆਂ ਨਾਲ ਭੂਤਨੀ ਭੁਲਾ ਦਿੱਤੀ:

**'ਵੋਟਾਂ ਵੇਲੇ ਬਾਪੂ ਕਹਿੰਦੇ**
**ਮੁੜਕੇ ਸਾਡੀ ਸਾਰ ਨਾ ਲੈਂਦੇ'**

ਸਾਡੇ ਪਿੰਡ ਇਹ ਨਾਅਰਿਆਂ ਦੀ ਆਵਾਜ਼ ਅਸੀਂ ਕੋਈ 48 ਸਾਲ ਪਹਿਲਾਂ ਗੂੰਜਣ ਲਾਈ ਸੀ। ਪਿੰਡ ਵਿੱਚ ਲੋਕਾਂ ਦੀ ਧਿਰ ਦੀ ਪੁੱਗਤ ਸਥਾਪਤ ਹੋਣ ਵਿੱਚ ਗੁਲਜ਼ਾਰ ਸਮੇਤ ਪਿੰਡ ਦੀ ਵੱਡੀ ਟੀਮ ਨੂੰ ਘਰ ਘਰ ਦਾ ਸਾਥ ਸੀ। ਇਸ ਸਦਕਾ ਪਿੰਡੋਂ ਵੋਟਾਂ ਵਾਲੇ ਡੱਬੇ ਖ਼ਾਲੀ ਖੜਕਦੇ ਗਏ ਸੀ।

ਪਿੰਡ ਵਿਚਲੇ ਵੇਲਾ ਵਿਹਾ ਚੁੱਕੇ ਖੂਹ ਭਰਕੇ ਹਾਦਸਿਆਂ ਤੋਂ ਬਚਾਅ ਕਰਨ ਦਾ ਕੰਮ ਹੋਵੇ। ਸਾਰੀ ਸਾਰੀ ਰਾਤ ਹਰੇਕ ਘਰ ਦਾ ਇੱਕ ਮੈਂਬਰ ਸਾਂਝੇ ਕੰਮ ਵਿਚ ਸ਼ਾਮਿਲ ਹੋਇਆ ਕਰਦਾ ਸੀ। ਸਾਰੇ ਰਾਹ ਚੱਲਦੇ ਕਰਨ ਅਤੇ ਫਿਰ ਸੜਕਾਂ ਬਣਾਉਣ ਲਈ ਆਵਾਜ਼ ਬੁਲੰਦ ਕਰਨਾ ਹੋਵੇ ਗੁਲਜ਼ਾਰ ਸਮੇਤ ਇਹ ਸਾਡੀਆਂ 'ਲਾਡਲੀਆਂ ਫੌਜਾਂ' ਸਦਾ ਤਿਆਰ ਬਰ ਤਿਆਰ ਰਹਿੰਦੀਆਂ।

ਪਿੰਡ ਵਿੱਚ ਇੱਕ ਪਰਿਵਾਰ ਦੀ ਧੱਕੇ ਨਾਲ 75 ਵਿੱਘੇ ਦੇ ਕਰੀਬ ਜ਼ਮੀਨ ਤੇ ਵੈਲੀ ਅਤੇ ਬਲੈਕੀਏ ਕਹਾਉਂਦਿਆਂ ਨੇ ਕਬਜ਼ਾ ਜਮਾ ਲਿਆ ਸੀ। ਜ਼ਮੀਨ ਵਿਚ ਹਥਿਆਰਬੰਦ ਪਹਿਰੇਦਾਰਾਂ ਨੇ ਪੱਕੇ ਤੰਬੂ ਗੱਡ ਲਏ ਸਨ। ਪਿੰਡ ਦੀ ਨੌਜਵਾਨ ਸਭਾ ਨੇ ਸ਼ੀਸ਼ ਤਲੀ ਤੇ ਧਰਕੇ ਸਾਰੇ ਪਿੰਡ ਨੂੰ ਨਾਲ ਲੈ ਕੇ ਧਾਵਾ ਬੋਲ ਕੇ ਇਹ ਕਬਜ਼ਾ ਛੁਡਵਾਇਆ ਸੀ। ਵੈਲੀ ਕਹਾਉਣ ਵਾਲਿਆਂ ਨੂੰ ਤੰਬੂ ਛੱਡ ਕੇ ਭੱਜਣਾ ਪਿਆ। ਇਸ ਟੀਮ ਵਿਚ ਮਜ਼ਦੂਰ ਪਰਿਵਾਰਾਂ ਸਮੇਤ ਪਿੰਡ ਦਾ ਬੱਚਾ ਬੱਚਾ ਸ਼ਾਮਲ ਹੋਇਆ। ਮੈਂ ਅਤੇ ਭਰਾ ਗੁਲਜ਼ਾਰ ਇਸ ਆਗੂ ਟੀਮ ਵਿਚ ਸੀ।

ਸਾਡੇ ਪਿੰਡ ਦੇ ਗੁਰਦੁਆਰਾ ਸਾਹਿਬ ਦੀ ਕੋਈ ਸੌ ਵਿਘੇ ਜ਼ਮੀਨ ਸੀ ਉਸਤੋਂ ਲੋਕ ਤਾਕਤ ਦੇ ਜ਼ੋਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਕਬਜ਼ਾ ਖਤਮ ਕਰਕੇ ਪਿੰਡ ਦੇ ਆਮ ਇਕੱਠ ਵਿੱਚ ਸਰਵ ਸੰਮਤੀ ਨਾਲ ਪਿੰਡ ਕਮੇਟੀ ਬਣਾ ਕੇ ਸਾਰੀ ਜ਼ਮੀਨ ਦੀ ਬੋਲੀ ਪਿੰਡ ਵੱਲੋਂ ਦੇ ਕੇ ਪੈਸਾ ਪਿੰਡ ਦੀ ਭਲਾਈ ਉਪਰ ਲਾਉਣ ਲੱਗੇ। ਸਾਲ ਵਿੱਚ ਇੱਕ ਦੋ ਵਾਰ ਗੁਰਸ਼ਰਨ ਭਾਅ ਜੀ (ਭਾਈ ਮੰਨਾ ਸਿੰਘ), ਲੋਹੀਆਂ ਨਾਟਕ ਕਲਾ ਕੇਂਦਰ, ਪੰਜਾਬ ਨਾਟਕ ਕਲਾ ਕੇਂਦਰ ਅਤੇ ਪੰਜਾਬ ਕਲਾ ਸੰਗਮ ਫਗਵਾੜਾ ਨੂੰ ਬੁਲਾ ਕੇ ਨਾਟਕ ਕਰਵਾਏ ਜਾਣ ਲੱਗੇ। ਖਰਚੇ ਦਾ ਸਾਰਾ ਬੋਝ ਗੁਰਦੁਆਰਾ ਕਮੇਟੀ ਕਰਿਆ ਕਰਦੀ। ਗੁਲਜ਼ਾਰ, ਹਰਬੰਸ ਸਿੰਘ, ਸੁਰਿੰਦਰ ਸਿੰਘ ਮੱਲ੍ਹੀ, ਬਚਿੱਤਰ ਸਿੰਘ, ਪਿੰਡ ਦੇ ਮਜ਼ਦੂਰ ਪਰਿਵਾਰ ਵਿੱਚੋਂ ਜਗਤਾਰ ਦਿਲਬਾਗ ਦੀ ਗਾਇਕ ਜੋੜੀ ਸਮੇਤ ਪਿੰਡ ਦੇ ਸਭੇ ਮਜ਼ਦੂਰ ਪਰਿਵਾਰ ਡਟਕੇ ਸਾਥ ਦਿੰਦੇ ਰਹੇ। ਦੂਰ ਦੁਰਾਡੇ ਖੇਤਰਾਂ ਤੱਕ ਨਾਟਕ ਅਤੇ ਗੀਤ ਸੰਗੀਤ ਮੰਡਲੀ ਸਾਈਕਲਾਂ ਉਪਰ ਹੀ ਸਾਮਾਨ ਲੱਦ ਕੇ ਜਾਣ ਲੱਗੀ। ਸ਼ਹੀਦ ਨਿਧਾਨ ਸਿੰਘ ਘੁਡਾਣੀ ਕਲਾਂ ਸਮੇਤ ਅਸੀਂ ਆਪਣਾ ਰੇਡੀਓ ਸੈੱਟ ਖ਼ਰੀਦ ਕੇ ਸਾਈਕਲ ਉਪਰ ਟੰਗ ਕੇ ਪਿੰਡ ਪਿੰਡ ਨਾਟਕ ਕਰਨ ਜਾਣ ਲੱਗੇ। ਪਿੰਡ ਵਿੱਚ ਟੂਰਨਾਮੈਂਟ ਵੀ ਕਰਵਾਏ। ਬੈਲ ਗੱਡੀ ਭਜਾਉਣ ਦੇ ਸ਼ੌਕੀ ਗੁਲਜ਼ਾਰ ਦਾ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਤੇ ਗਰਾਉਂਡ ਵਿਚ ਮਾਰਿਆ ਲਲਕਾਰਾ ਪਿੰਡ ਸੁਣੀਂਦਾ ਇਹ ਅਖਾਣ ਬਣਾਈ ਹੋਈ ਸੀ ਪਿੰਡ ਵਾਲਿਆਂ ਨੇ। ਸਾਡੇ ਸਾਰੇ ਰਿਸ਼ਤੇਦਾਰਾਂ, ਸਾਕ ਸਬੰਧੀਆਂ ਵਿਚ ਦੁੱਖ ਸੁੱਖ ਵੇਲੇ ਡਟਕੇ ਖੜ੍ਹਨ ਦਾ ਮਾਣ ਹਾਸਲ ਸੀ ਗੁਲਜ਼ਾਰ ਨੂੰ। ਸਾਉਣ ਦੀ ਝੜੀ ਲਾਉਣ ਵਾਂਗ ਮੁਹੱਬਤ ਦੀ ਬਰਸਾਤ ਕਰਨ ਦੇ ਸਮਰੱਥ ਸੀ ਸਾਡਾ ਗੁਲਜ਼ਾਰ।

ਮੇਰੇ ਨਾਲ ਸਟੇਜ ਤੇ ਸੰਤ ਰਾਮ ਉਦਾਸੀ ਅਤੇ ਮੇਰੀਆਂ ਲਿਖੀਆਂ ਕਲੀਆਂ ਵੀ ਕਈ ਵਾਰ ਗਾਇਆ ਕਰਦਾ ਸੀ ਸਾਡਾ ਵੀਰ ਗੁਲਜ਼ਾਰ :

**ਕੀ ਕੀ ਹਾਲ ਸੁਣਾਈਏ,**
**ਲੋਕੋ ਖੇਤੀ ਬਾੜੀ ਦਾ**
**ਬੁਰੇ ਹਾਲ ਸਾਡੇ**
**ਮੰਦੜੇ ਨੇ ਦਿਹਾੜੇ**

*

**ਖੇਤਾਂ ਦੇ ਵਿੱਚ ਸੋਨੇ ਰੰਗੀਆਂ**
**ਕਣਕਾਂ ਲੈਣ ਹੁਲਾਰੇ ਵੇ**
**ਐਤਕੀਂ ਕਰਜ਼ਾ ਮੋੜ ਦਿਆਂਗੇ**
**ਜੱਟ ਖੰਘੂਰੇ ਮਾਰੇ ਵੇ**
**ਤੇਰੇ ਸਿਰ ਤੇ ਸਦਾ ਮੰਡਾਸਾ**
**ਆਇਆ ਨਾ ਬੁੱਲ੍ਹਾਂ ਤੇ ਹਾਸਾ**
**ਵੇ ਕਿਰਤੀ ਵੀਰਿਆ।**

*

**ਰੁੱਤ ਪੋਹ ਮਾਘ ਦੀ ਆਈ**
**ਟੁੱਟੀ ਛੱਪਰੀ ਖੇਤ ਵਿਚ ਪਾਈ**
**ਟੁੱਟੇ ਲੋਗੜ ਦੀ ਜੁੜਦੀ ਰਜ਼ਾਈ**
**ਮੂੰਹ ਤੇ ਖਿੱਚ ਲਈ**
**ਪੈਰਾਂ ਤੇ ਆਉਂਦੀ ਨਾ**
**ਤੈਨੂੰ ਠੱਕੇ ਤੋਂ ਬਸੰਤਿਆ ਬਚਾਉਂਦੀ ਨਾ**

ਮੇਰੀ ਕਲਮ ਤੋਂ ਗੀਤ ਦਾ ਰੂਪ ਧਾਰਨ ਵਾਲੀ ਇਹ ਕਹਾਣੀ ਮੇਰੇ ਬਾਪ, ਮੇਰੇ ਭਰਾ ਅਤੇ ਇਹਨਾਂ ਵਰਗੇ ਸਭਨਾਂ ਦੀ ਸੀ ਜਿਹੜੇ ਸਾਰਾ ਸਿਆਲ ਖੇਤਾਂ ਵਿਚ ਸਰਕੜੇ ਅਤੇ ਮੂੰਗਫਲੀ ਦੇ ਟਾਂਗਰ ਦੀਆਂ ਪਾਈਆਂ ਕੁੱਲੀਆਂ ਵਿਚ ਕੱਟਦੇ। ਲੋਹੜੇ ਦੀ ਮਿਹਨਤ ਮੁਸ਼ੱਕਤ ਕਰਕੇ ਵੀ ਸਾਰੀ ਉਮਰ ਹਨੇਰਾ ਢੋਂਦੇ ਰਹਿੰਦੇ।

ਸਾਡੇ ਪਿੰਡ 1971–72 ਵਿੱਚ ਮੂੰਗਫਲੀ ਦੇ ਅੰਬਾਰ ਲੱਗੇ ਹੁੰਦੇ। ਮਜ਼ਦੂਰ ਔਰਤਾਂ ਖੇਤਾਂ ਵਿਚ ਮੂੰਗਫਲੀ ਚੁਗਣ ਜਾਂਦੀਆਂ। ਪੱਠੇ ਅਤੇ ਸਾਗ ਤੋੜਨ ਜਾਂਦੀਆਂ ਅੱਜ ਵੀ ਮੇਰਾ ਪਿੰਡ ਗਵਾਹ ਹੈ ਕਿ ਮੇਰੇ ਮਾਪਿਆਂ ਅਤੇ ਭਰਾਵਾਂ ਨੇ ਕਦੇ ਕਿਸੇ ਨੂੰ ਵਰਜਣ ਦੀ ਆਵਾਜ਼ ਨਹੀਂ ਮਾਰੀ ਨਾ ਹੀ ਖੇਤ ਵੜਨ ਦੀ ਕਦੇ ਕਿਸੇ ਨੂੰ ਇਜਾਜ਼ਤ ਮੰਗਣ ਦੀ ਨੌਬਤ ਆਈ।

ਪਿੰਡ ਦੇ ਸਕੂਲ ਪੜ੍ਹਨ ਵੇਲੇ ਮੇਰੇ ਅਤੇ ਖੇਤਾਂ ਦੇ ਪੁੱਤ ਗੁਲਜ਼ਾਰ ਦੇ ਪੱਕੇ ਆੜੀ ਪਿੰਡ ਦੇ ਮਜ਼ਦੂਰ ਪਰਿਵਾਰਾਂ ਦੇ ਹੀ ਮੈਂਬਰ ਰਹੇ।

ਜਦੋਂ ਮੈਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਤੋਂ ਇਲੈਕਟਰੀਕਲ ਇੰਜੀਨੀਅਰਿੰਗ ਕਰਨ ਉਪਰੰਤ ਪੂਰੀ ਜ਼ਿੰਦਗੀ ਹੀ ਵਡੇਰੀ ਕਿਰਤੀ ਜਮਾਤ ਦਾ ਮੈਂਬਰ ਹੋ ਕੇ ਸੇਵਾ ਕਰਨ ਦਾ ਖ਼ੂਬਸੂਰਤ ਰਾਹ ਫੜਿਆ ਤਾਂ ਜਿਵੇਂ ਮੇਰੇ ਮਾਪਿਆਂ, ਭੈਣ ਭਰਾਵਾਂ ਅਤੇ ਸਮੂਹ ਪਰਿਵਾਰ ਨੇ ਸਾਥ ਦਿੱਤਾ ਮੇਰੀ ਦਿਲੀ ਇੱਛਾ ਹੈ ਕਿ ਹਰ ਇੱਕ ਨੂੰ ਅਜਿਹਾ ਪਰਿਵਾਰ ਅਤੇ ਪਿਆਰਾ ਪਿੰਡ ਮਿਲੇ। ਅਜਿਹਾ ਭਰਾ ਗੁਲਜ਼ਾਰ ਮਿਲੇ।

ਇੰਜੀਨੀਅਰਿੰਗ ਕਾਲਜ ਪੜ੍ਹਦੇ ਸਮੇਂ ਮੇਰੇ ਵੱਲੋਂ ਲਿਆ ਟੈਕਨੀਕਲ ਐਜੂਕੇਸ਼ਨ ਕਰਜ਼ਾ ਪਰਿਵਾਰ ਨੇ ਅਨੇਕਾਂ ਮੁਸ਼ਕਲਾਂ ਦੇ ਬਾਵਜੂਦ ਹੌਲੀ ਹੌਲੀ ਕਰਕੇ ਮੋੜਿਆ।

ਅੱਜ ਤੱਕ ਵੀ ਗੁਲਜ਼ਾਰ ਜਾਂ ਪਰਿਵਾਰ ਦੇ ਕਿਸੇ ਹੋਰ ਜੀਅ ਵੱਲੋਂ ਕਦੇ ਇਹ ਗੱਲ ਮੇਰੇ ਕੰਨ ਨਹੀਂ ਪਈ ਕਿ ਤੂੰ ਕਿਹੜੇ ਰਾਹੀਂ ਤੁਰ ਪਿਆ। ਅਸੀਂ ਤੈਨੂੰ ਪੜ੍ਹਾਇਆ, ਸਾਨੂੰ ਕਮਾਈ ਤਾਂ ਕੀ ਕਰਕੇ ਦੇਣੀ ਸੀ ਉਲਟਾ ਕਰਜ਼ ਦੇ ਗਿਆ।

ਸ਼ਹੀਦ ਤਰਸੇਮ ਬਾਵਾ ਦੀ ਯਾਦ 'ਚ ਦੋਰਾਹਾ ਵਿਖੇ ਹੁੰਦਾ ਰਿਹਾ ਵਿਸ਼ਾਲ ਯਾਦਗਾਰੀ ਸਮਾਗਮ ਅਤੇ ਮਾਰਚ ਹੋਏ, ਪਿੰਡ ਪੰਜੇਟਾ ਵਿਖੇ ਪੰਜਾਬ ਕਿਸਾਨ ਯੂਨੀਅਨ ਦੀ ਨੀਂਹ ਰੱਖਣ ਦਾ ਸਮਾਗਮ ਹੋਵੇ, ਗੁਲਜ਼ਾਰ ਅਤੇ ਹਰਬੰਸ ਵੀਰ ਦੀ ਜੋੜੀ ਨੇ ਸਾਡੇ ਪਿੰਡ ਦੁੱਗਰੀ (ਸਾਹਨੇਵਾਲ ਦੋਰਾਹਾ ਵਾਲੀ), ਸੁਰਿੰਦਰ ਮੱਲ੍ਹੀ, ਨਿਰਭੈ ਸਿੰਘ, ਮਜ਼ਦੂਰ ਜਗਤਾਰ, ਦਿਲਬਾਗ ਹੋਰਾਂ ਦੀ ਗਾਇਕ ਜੋੜੀ, ਜੋਰਾ ਸਿੰਘ ਨਸਰਾਲੀ, ਬਲਵੰਤ ਘੁਡਾਣੀ ਕਲਾਂ, ਸ਼ਹੀਦ ਨਿਧਾਨ ਸਿੰਘ ਘੁਡਾਣੀ ਕਲਾਂ, ਸ਼ਹੀਦ ਤਰਸੇਮ ਬਾਵਾ ਦਾ ਭਰਾ ਪੂਰਨ ਬਾਵਾ, ਸੌਦਾਗਰ ਸਿੰਘ, ਬਲਵੰਤ ਸਿੰਘ ਘੁਡਾਣੀ ਕਲਾਂ ਡਟਕੇ ਨਾਲ? ਤੁਰੇ ਆ ਰਹੇ ਹਨ। ਪਿੰਡ ਨਸਰਾਲੀ, ਫੱਲੇਵਾਲ, ਕੰਗਣਵਾਲ, ਜੱਸੋਵਾਲ, ਨੱਥੂਮਾਜਰਾ, ਹਥਨ, ਅਜਨੌਦ, ਰਾਜਗੜ੍ਹ, ਭੋਏਪੁਰ, ਗੁਰਦਿੱਤਪੁਰਾ, ਦੋਬੁਰਜੀ, ਘਣਗਸ, ਭਮਾਂ, ਚੜ੍ਹੀ, ਜੱਸੋਵਾਲ, ਪੰਜੇਟਾ, ਮਾਛੀਵਾੜਾ, ਸਮਰਾਲਾ ਆਦਿ ਕੋਈ 40,50 ਪਿੰਡਾਂ ਵਿਚ ਅਜਿਹਾ ਪ੍ਰਭਾਵ ਸੀ ਸਾਡੀਆਂ ਜੱਥੇਬੰਦੀਆਂ ਅਤੇ ਨਾਟਕ ਟੀਮ ਦਾ ਕਿ ਜਦੋਂ ਮਰਜ਼ੀ ਕਿਸੇ ਘਰ ਵੀ ਚਲੇ ਜਾਈਏ ਲੋਕ ਪਲਕਾਂ ਤੇ ਬਿਠਾ ਲੈਂਦੇ। ਐਮਰਜੈਂਸੀ ਜਾਂ ਖ਼ਾਲਿਸਤਾਨੀ ਅਤੇ ਹਕੂਮਤੀ ਦਹਿਸਤਗਰਦੀ ਦੇ ਦੌਰ ਵਿਚ ਵੀ ਗੁਲਜ਼ਾਰ ਹੋਰੀਂ ਪਿੰਡ ਵਿੱਚ ਹਰ ਸਾਲ ਹੁੰਦੇ ਸਮਾਗਮਾਂ ਅਤੇ ਇਲਾਕੇ ਭਰ ਦੀਆਂ ਸਰਗਰਮੀਆਂ ਵਿੱਚ ਡਟਕੇ ਨਾਲ? ਖੜ੍ਹਦੇ ਰਹੇ।

ਸਾਡੀ ਮਾਂ, ਸਾਡਾ ਬਾਪ, ਵੱਡੀ ਭੈਣ ਅਤੇ ਸਾਡੇ ਭਤੀਜ ਗੁਰਮੀਤ ਦੇ ਜੋਬਨ ਰੁੱਤੇ ਤੁਰ ਜਾਣ ਤੁਰ ਜਾਣ ਉਪਰੰਤ ਵੀ ਭਰਾਵਾਂ ਦਾ ਅੱਜ ਤੱਕ ਸਾਂਝਾ ਚੁੱਲ੍ਹਾ ਸਦਾ ਸਾਂਝਾ ਨਿੱਘ ਪਰਿਵਾਰ ਨੂੰ ਇੱਕੋ ਛੱਤ ਹੇਠ ਦੇ ਰਿਹਾ ਹੈ। ਸਾਡੇ ਸਮਿਆਂ ਦੀਆਂ ਚੰਦਰੀਆਂ ਹਵਾਵਾਂ ਅੰਦਰ ਇਹ ਇਤਫ਼ਾਕ ਬਣਿਆਂ ਰਹਿਣਾ, ਆਪਾ ਧਾਪੀ ਨਾ ਕਰਨਾ ਅਤੇ ਗੁਲਜ਼ਾਰ ਸਮੇਤ ਪਰਿਵਾਰ ਦੀਆਂ ਨਰੋਈਆਂ ਕਦਰਾਂ ਕੀਮਤਾਂ ਦੀ ਗਵਾਹੀ ਭਰਦਾ ਹੈ।

9 ਅਪ੍ਰੈਲ 1991 ਸੇਵੇਵਾਲਾ ਕਾਂਡ ਮੌਕੇ ਜਦੋਂ 18 ਸਾਥੀ ਸ਼ਹੀਦੀ ਪਾ ਗਏ ਤਾਂ ਤਕਰੀਰ ਕਰਦੇ ਹੋਣ ਕਾਰਨ ਅਖ਼ਬਾਰਾਂ ਦੇ ਪਹਿਲੇ ਪੰਨੇ ਤੇ ਮੇਰੇ ਵਾਲ ਵਾਲ ਬਚਣ ਦੀਆਂ ਖ਼ਬਰਾਂ ਆਈਆਂ। ਇਸ ਮਗਰੋਂ ਅਮੋਲਕ ਸਿੰਘ ਨੂੰ ਮਾਰ ਮੁਕਾਉਣ ਦੀਆਂ ਖਬਰਾਂ ਆਈਆਂ। ਸਾਰਾ ਪਿੰਡ ਸੋਗ ਵਿੱਚ ਡੁੱਬ ਗਿਆ। ਉਸ ਵੇਲੇ ਫੋਨ ਤਾਂ ਹੁੰਦੇ ਨਹੀਂ ਸੀ ਤਾਂ ਗੁਲਜ਼ਾਰ ਅਤੇ ਹਰਬੰਸ ਵੀਰ ਕਈ ਥਾਈਂ ਘਟਨਾ ਬਾਰੇ ਪਤਾ ਕਰਨ ਘੁੰਮਦੇ ਰਹੇ ਫਿਰ ਉਹਨਾਂ ਨੂੰ ਪਤਾ ਲੱਗਾ ਕਿ ਦਹਿਸ਼ਤਗਰਦ ਸੀ.ਪੀ.ਆਈ. ਦੇ ਫਰੀਦਕੋਟ ਦੇ ਆਗੂ ਅਮੋਲਕ ਸਿੰਘ ਨੂੰ ਸ਼ਹੀਦ ਕਰਕੇ ਇਹ ਚਿੱਠੀ ਸੁੱਟ ਗਏ :

'ਸੇਵੇਵਾਲਾ ਵਿਖੇ ਸਾਡੇ ਨਿਸ਼ਾਨੇ ਤੋਂ ਬਚ ਗਏ ਅਮੋਲਕ ਸਿੰਘ ਨੂੰ ਅਸੀਂ ਅੱਜ ਪਹਿਚਾਣ ਕੇ ਮਾਰ ਚੱਲੇ ਹਾਂ'

ਅਜਿਹੇ ਕਾਲੇ ਸਮਿਆਂ ਦੌਰਾਨ ਅਤੇ ਉਪਰੰਤ ਵੀ ਡੱਕਣਾ ਤਾਂ ਕੀ ਸੀ ਸਗੋਂ ਸੰਗੀ ਸਾਥੀ ਬਣੇ ਰਹਿਣ ਵਾਲੇ ਅਜਿਹੇ ਮਿਹਨਤੀ ਅਤੇ ਸਿਦਕਵਾਨ ਸਾਥੀ ਭਰਾ ਗੁਲਜ਼ਾਰ ਨੂੰ ਸਲਾਮ ਹੈ!

ਅਸੀਂ ਕਈ ਵਾਰ ਲੋਕ ਲਹਿਰਾਂ ਦੇ ਸਮੱਰਥਕ, ਹਮਦਰਦ ਅਤੇ ਸਹਿਯੋਗੀਆਂ ਦੀ ਭੂਮਿਕਾ ਨੂੰ ਅੰਗਣ ਅਤੇ ਬਣਦਾ ਸਥਾਨ ਨਾ ਦੇਣ ਦੀ ਗੁਸਤਾਖ਼ੀ ਕਰਦੇ ਹਾਂ। ਸਾਡਾ ਅਤੀਤ ਅਤੇ ਵਰਤਮਾਨ ਅਜਿਹੇ ਸੰਗੀ ਸਾਥੀਆਂ ਅਤੇ ਗੁੰਮਨਾਮ ਸਹਿਯੋਗੀਆਂ ਦੀ ਸ਼ਾਨਦਾਰ ਭੂਮਿਕਾ ਨਾਲ ਭਰਪੂਰ ਹੈ ਜਿਹਨਾਂ ਦੀ ਭੂਮਿਕਾ ਨੂੰ ਸਦਾ ਤਹਿ ਦਿਲੋਂ ਸਿਜਦਾ ਕਰਨਾ ਬਣਦਾ ਹੈ। ਇਨਕਲਾਬੀ ਜਮਹੂਰੀ ਲਹਿਰ ਦੇ ਗੁਲਸ਼ਨ ਵਿਚ ਖ਼ੁਸ਼ਬੋਈਆਂ ਲੱਦੀ ਗੁਲਜ਼ਾਰ ਲਿਆਉਣ ਲਈ ਸਾਡੇ ਸਮਿਆਂ ਨੂੰ ਅਜਿਹੇ ਅਨੇਕਾਂ ਗੁਲਜ਼ਾਰ ਲੋੜੀਂਦੇ ਹਨ।

ਦੇਸ਼– ਬਦੇਸ਼ ਦੀਆਂ ਅਨੇਕਾਂ ਸੰਸਥਾਵਾਂ, ਸ਼ਖ਼ਸੀਅਤਾਂ, ਪਰਿਵਾਰਾਂ ਨੇ ਗੁਲਜ਼ਾਰ ਦੇ ਵਿਛੋੜੇ ਤੇ ਜਿੰਨੇ ਗਹਿਰੇ ਦੁੱਖ ਅਤੇ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ ਉਸ ਲਈ ਧੰਨਵਾਦ ਸ਼ਬਦ ਬੇਹੱਦ ਅਦਨਾ ਹੈ।

# ਪੀਲੀਭੀਤ ਮੁਕਾਬਲਾ: ਗ਼ੈਰਅਦਾਲਤੀ ਕਤਲਾਂ ਦੀ ਇਕ ਹੋਰ ਕਹਾਣੀ

*[ਪਿਛਲੇ ਦਿਨੀਂ ਪੀਲੀਭੀਤ 'ਚ ਹੋਏ ਤਿੰਨ ਪੰਜਾਬੀ ਨੌਜਵਾਨਾਂ ਦੇ ਮੁਕਾਬਲੇ ਨੂੰ ਲੈ ਕੇ ਬਹੁਤ ਸਾਰੇ ਸਵਾਲ ਉੱਠ ਰਹੇ ਹਨ। ਭਾਰਤੀ ਰਾਜ ਵਿਚ 'ਮੁਕਾਬਲੇ' ਕਈ ਦਹਾਕਿਆਂ ਤੋਂ ਚਲਿਆ ਆ ਰਿਹਾ ਵਰਤਾਰਾ ਹੈ। ਰਾਜਨੀਤਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮੁਕਾਬਲਿਆਂ ਦੇ ਨਾਂ ਹੇਠ ਗ਼ੈਰਅਦਾਲਤੀ ਕਤਲ ਰਾਜ ਕਰਦਾ ਜਮਾਤ ਦੀ ਬਕਾਇਦਾ ਨੀਤੀ ਹੈ। ਇਸੇ ਪ੍ਰਸੰਗ 'ਚ ਹਾਲੀਆ ਮੁਕਾਬਲੇ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ]*

**-ਬੂਟਾ ਸਿੰਘ ਮਹਿਮੂਦਪੁਰ**

23 ਦਸੰਬਰ ਨੂੰ ਪੰਜਾਬ ਪੁਲਿਸ ਵੱਲੋਂ ਯੂ.ਪੀ. ਪੁਲਿਸ ਨਾਲ ਮਿਲ ਕੇ ਗੁਰਦਾਸਪੁਰ ਜ਼ਿਲ੍ਹੇ ਦੇ 18 ਤੇ 24 ਸਾਲ ਦੇ ਤਿੰਨ ਨੌਜਵਾਨਾਂ ਨੂੰ ਪੀਲੀਭੀਤ (ਯੂ.ਪੀ.) ਦੇ ਪੂਰਨਪੁਰ ਇਲਾਕੇ 'ਚ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ। ਜੁਲਾਈ 1991 'ਚ ਵੀ ਯੂ.ਪੀ. ਪੁਲਿਸ (ਪੀਏਸੀ) ਨੇ ਪੀਲੀਭੀਤ 'ਚ 10 ਸਿਖ ਸ਼ਰਧਾਲੂਆਂ ਨੂੰ ਬੱਸ 'ਚੋਂ ਉਤਾਰਕੇ ਅਤੇ ਜੰਗਲ ਵਿਚ ਤਿੰਨ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਬੇਕਿਰਕੀ ਨਾਲ ਕਤਲ ਕਰ ਦਿੱਤਾ ਸੀ। ਜਾਂਚ ਕੀਤੇ ਜਾਣ 'ਤੇ ਉਹ ਕਥਿਤ ਮੁਕਾਬਲਾ ਪੂਰੀ ਤਰ੍ਹਾਂ ਝੂਠਾ ਸਾਬਤ ਹੋਇਆ ਸੀ ਅਤੇ 2016 'ਚ ਅਦਾਲਤ ਨੇ 43 ਪੁਲਸੀਆਂ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜੋ ਬਾਅਦ ਵਿਚ ਹਾਈਕੋਰਟ ਵੱਲੋਂ ਘਟਾ ਕੇ 7 ਸਾਲ ਦੀ ਕੈਦ 'ਚ ਬਦਲ ਦਿੱਤੀ ਗਈ। ਬੇਸ਼ੱਕ ਹੁਣ ਪੰਜਾਬ ਵਿਚ ਖ਼ਾਲਸਤਾਨ ਪੱਖੀ ਕੋਈ ਹਥਿਆਰਬੰਦ ਲਹਿਰ ਨਹੀਂ ਹੈ ਜੋ ਭਾਰਤੀ ਰਾਜ ਲਈ ਖ਼ਤਰਾ ਹੋਵੇ, ਪਰ ਹੁਣ ਵੀ ਹੁਕਮਰਾਨਾਂ ਨੇ ਪੁਲਿਸ ਨੂੰ ਬੇਕਸੂਰਾਂ ਅਤੇ ਮਾਮੂਲੀ ਅਪਰਾਧੀਆਂ ਦੀਆਂ ਜਾਨਾਂ ਲੈਣ ਦੀ ਖੁੱਲ੍ਹੀ ਛੁੱਟੀ ਦੇ ਰੱਖੀ ਹੈ। ਪੰਜਾਬ 'ਚ ਭਗਵੰਤ ਮਾਨ ਸਰਕਾਰ ਦੇ ਰਾਜ ਵਿਚ ਗੈਂਗਸਟਰਾਂ ਦੇ 'ਮੁਕਾਬਲੇ' ਵੀ ਇਸੇ ਹਕੂਮਤੀ ਨੀਤੀ ਦਾ ਹਿੱਸਾ ਹਨ।

ਉਪਰੋਕਤ ਮੁਕਾਬਲੇ 'ਚ ਮਾਰੇ ਗਏ ਤਿੰਨੋਂ ਨੌਜਵਾਨ -ਵਰਿੰਦਰ ਸਿੰਘ, ਗੁਰਵਿੰਦਰ ਸਿੰਘ ਅਤੇ ਜਸ਼ਨਪ੍ਰੀਤ ਸਿੰਘ - ਗ਼ਰੀਬ ਕਿਸਾਨ ਪਰਿਵਾਰਾਂ 'ਚੋਂ ਸਨ। ਇਕ ਮਜ਼ਦੂਰੀ ਕਰਦਾ ਸੀ ਅਤੇ ਦੋ ਟਰੱਕ ਡਰਾਇਵਰੀ ਕਰਦੇ ਸਨ। ਪੁਲਿਸ ਵੱਲੋਂ ਪੇਸ਼ ਕੀਤੀ ਕਹਾਣੀ ਅਨੁਸਾਰ ਇਹ ਤਿੰਨੋਂ ਕਥਿਤ 'ਖ਼ਾਲਿਸਤਾਨ ਜ਼ਿੰਦਾਬਾਦ ਫੋਰਸ' ਨਾਲ ਸੰਬੰਧਤ ਦਹਿਸ਼ਤਗਰਦ ਸਨ ਜੋ ਪਾਕਿਸਤਾਨ ਅਤੇ ਯੂਰਪ ਆਧਾਰਤ ਦਹਿਸ਼ਤੀ ਮੌਡਿਊਲ ਦੀ ਸਾਜ਼ਿਸ਼ ਤਹਿਤ ਪੁਲਿਸ ਥਾਣਿਆਂ 'ਤੇ ਗਰਨੇਡ ਹਮਲੇ ਕਰਨ ਲਈ ਜ਼ਿੰਮੇਵਾਰ ਸਨ। ਇਹ ਜੱਗ ਜ਼ਾਹਿਰ ਹੈ ਕਿ ਭਾਰਤੀ ਪੁਲਿਸ ਅਮਨ-ਕਾਨੂੰਨ ਬਣਾਈ ਰੱਖਣ ਵਾਲੀ ਸੁਤੰਤਰ ਏਜੰਸੀ ਨਹੀਂ ਹੈ। ਇਹ ਮੂਲ ਰੂਪ 'ਚ ਅੰਗਰੇਜ਼ ਬਸਤੀਵਾਦੀਆਂ ਵੱਲੋਂ ਭਾਰਤੀ ਲੋਕਾਂ ਦੀ ਆਜ਼ਾਦੀ ਦੀ ਤਾਂਘ ਨੂੰ ਕੁਚਲਣ ਲਈ ਬਣਾਈ ਕਰੂਰ ਏਜੰਸੀ ਹੈ ਜੋ ਹੁਕਮਰਾਨ ਧਿਰ ਦਾ ਸੰਦ ਬਣ ਕੇ ਕਾਨੂੰਨੀ ਤੌਰ-ਤਰੀਕਿਆਂ ਦੀਆਂ ਬੇਖ਼ੌਫ਼ ਹੋ ਕੇ ਧੱਜੀਆਂ ਉਡਾਉਂਦੀ ਹੈ ਅਤੇ ਅਕਸਰ ਹੀ ਗ਼ੈਰਕਾਨੂੰਨੀ ਤਰੀਕਿਆਂ 'ਤੇ ਚੱਲਦੀ ਦੇਖੀ ਜਾ ਸਕਦੀ ਹੈ। ਪਿਛਲੇ ਪੰਜ ਦਹਾਕਿਆਂ 'ਚ ਪੰਜਾਬ ਪੁਲਿਸ ਦੇ ਨਕਸਲੀ ਲਹਿਰ ਦੇ ਸਮੇਂ ਤੋਂ ਲੈ ਕੇ ਝੂਠੇ ਮੁਕਾਬਲੇ ਬਣਾਉਣ ਦੇ ਬਦਨਾਮ ਰਿਕਾਰਡ ਨੂੰ ਦੇਖਦਿਆਂ ਇਸ ਵੱਲੋਂ ਪੇਸ਼ ਕੀਤੀ ਜਾਂਦੀ ਮੁਕਾਬਲੇ ਦੀ ਕੋਈ ਵੀ ਕਹਾਣੀ ਹਮੇਸ਼ਾ ਸ਼ੱਕੀ ਮੰਨੀ ਜਾਂਦੀ ਹੈ ਅਤੇ ਅਕਸਰ ਹੀ ਝੂਠੀ ਸਾਬਤ ਹੁੰਦੀ ਹੈ। ਉਪਰੋਕਤ ਮੁਕਾਬਲੇ 'ਚ ਮਾਰੇ ਗਏ ਕਥਿਤ ਖ਼ਾਲਸਤਾਨੀਆਂ ਨਾਲ ਜੁੜੇ ਘਟਨਾਕ੍ਰਮ ਅਤੇ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਉੱਪਰ ਸਰਸਰੀ ਨਜ਼ਰ ਮਾਰਿਆਂ ਹੀ ਇਹ ਪਤਾ ਲੱਗ ਜਾਂਦਾ ਹੈ ਕਿ ਇਹ ਮੁਕਾਬਲਾ ਬਿਲਕੁਲ ਝੂਠਾ ਹੈ ਅਤੇ ਇਹ ਕਿਸੇ ਡੂੰਘੀ ਸਾਜ਼ਿਸ਼ ਤਹਿਤ ਬਣਾਇਆ ਗਿਆ ਹੈ।

ਪਿਛਲੇ ਦਿਨੀਂ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਖੇਤਰ 'ਚ ਉੱਪਰੋਥਲੀਂ ਛੇ 'ਦਹਿਸ਼ਤੀ' ਵਾਰਦਾਤਾਂ ਹੋਈਆਂ। ਇਨ੍ਹਾਂ 'ਚੋਂ ਇਕ ਵਾਰਦਾਤ ਬੰਦ ਹੋ ਚੁੱਕੀ ਬਖ਼ਸ਼ੀਵਾਲਾ ਪੁਲਿਸ ਚੌਂਕੀ ਉੱਪਰ ਕਥਿਤ ਗਰਨੇਡ ਹਮਲੇ ਦੀ ਹੈ ਜਿਸ ਨੂੰ ਲੈ ਕੇ ਬਹੁਤ ਸਾਰੇ ਸਵਾਲ ਹਨ। ਸਭ ਤੋਂ ਪਹਿਲਾ ਸਵਾਲ ਤਾਂ ਇਹ ਬਣਦਾ ਹੈ ਕਿ ਕੋਈ ਦਹਿਸ਼ਤਗਰਦ ਗਰੁੱਪ ਬੰਦ ਪਈ ਪੁਲਿਸ ਚੌਂਕੀ ਉੱਪਰ ਹਮਲਾ ਕਿਉਂ ਕਰੇਗਾ। ਹਰ ਹਮਲੇ ਦਾ ਕੋਈ ਮਕਸਦ ਹੁੰਦਾ ਹੈ ਅਤੇ ਪੁਲਿਸ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਬੰਦ ਪਈ ਚੌਂਕੀ ਉੱਪਰ ਹਮਲਾ ਕਰਨ ਜਾਂ ਹੋਰ ਹਾਲੀਆ ਵਾਰਦਾਤਾਂ ਦਾ ਮਕਸਦ ਕੀ ਸੀ। ਇਸੇ ਤਰ੍ਹਾਂ ਮਜੀਠਾ ਪੁਲਿਸ ਥਾਣੇ ਵਿਖੇ ਧਮਾਕੇ ਨੂੰ ਪੁਲਿਸ ਅਧਿਕਾਰੀਆਂ ਵਲੋਂ ਪਹਿਲਾਂ ਟਾਇਰ ਫਟਣ ਨਾਲ ਆਈ ਆਵਾਜ਼ ਦੱਸਿਆ ਗਿਆ ਅਤੇ ਫਿਰ ਬੱਬਰ ਖ਼ਾਲਸਾ ਵੱਲੋਂ ਧਮਾਕੇ ਦੀ ਕਥਿਤ ਜ਼ਿੰਮੇਵਾਰੀ ਲਈ ਗਈ। ਇਹ ਕੀ ਚੱਕਰ ਸੀ? ਇਹ 'ਦਹਿਸ਼ਤਗਰਦ' ਵਾਰਦਾਤਾਂ ਸਰਹੱਦੀ ਖੇਤਰ 'ਚ ਵਾਪਰੀਆਂ ਅਤੇ ਰਾਜ ਦਾ ਇਹ 50 ਕਿਲੋਮੀਟਰ ਖੇਤਰ ਬੀਐੱਸਐੱਫ ਦੇ ਕੰਟਰੋਲ 'ਚ ਹੈ। ਪੰਜਾਬ ਸਰਕਾਰ ਇਨ੍ਹਾਂ ਘਟਨਾਵਾਂ ਬਾਰੇ ਚੁੱਪ ਹੈ।

ਇਹ ਸਵਾਲ ਬਹੁਤ ਵਾਜਬ ਹੈ ਕਿ ਤਿੰਨ ਸਧਾਰਨ ਨੌਜਵਾਨ ਗੁਰਦਾਸਪੁਰ 'ਚ ਵਾਰਦਾਤ ਕਰਨ ਉਪਰੰਤ ਹਥਿਆਰਾਂ ਸਮੇਤ ਪੀਲੀਭੀਤ ਕਿਵੇਂ ਪਹੁੰਚ ਗਏ। ਮਿਹਨਤ ਮਜ਼ਦੂਰੀ ਕਰਦੇ ਤਿੰਨ ਨੌਜਵਾਨਾਂ ਦਾ ਅਚਾਨਕ ਗ਼ਾਇਬ ਹੋਣਾ (ਜੋ ਨਾ ਖ਼ਾਲਸਤਾਨ ਪੱਖੀ ਸਨ ਅਤੇ ਨਾ ਸਿੱਖੀ ਸਰੂਪ 'ਚ) ਅਤੇ ਪੀਲੀਭੀਤ ਪਹੁੰਚਕੇ ਜਾਅਲੀ ਸ਼ਨਾਖ਼ਤੀ ਕਾਰਡਾਂ 'ਤੇ ਹੋਟਲ 'ਚ ਠਹਿਰਨਾ,







ਹੋਟਲ ਦਾ ਕਿਰਾਇਆ ਘਟਾਉਣ ਲਈ ਕਿਸੇ ਤੋਂ ਫ਼ੋਨ ਕਰਾਉਣਾ, ਬਿਨਾਂ ਕਿਸੇ ਭਾਰੀ ਸਮਾਨ ਦੇ ਪੈਦਲ ਤੁਰਦਿਆਂ ਦੀ ਸੀਸੀਟੀਵੀ ਫੁਟੇਜ ਪਰ ਮੁਕਾਬਲੇ 'ਚ ਦੋ ਅਸਾਲਟਾਂ, ਹੋਰ ਅਸਲਾ ਅਤੇ ਕੈਸ਼ ਮਿਲਣਾ, ਹੋਟਲ 'ਚ ਠਹਿਰਨ ਤੋਂ ਦੋ ਘੰਟਿਆਂ 'ਚ ਹੀ ਉਨ੍ਹਾਂ ਕੋਲ ਚੋਰੀ ਦਾ ਮੋਟਰਸਾਈਕਲ ਹੋਣਾ, ਸਵੇਰੇ ਪੰਜ ਵਜੇ ਸੰਘਣੀ ਧੁੰਦ ਵਾਲੇ ਇਲਾਕੇ 'ਚ ਮੋਟਰਸਾਈਕਲ ਉੱਪਰ ਜਾ ਰਹੇ 'ਦਹਿਸ਼ਤਗਰਦਾਂ' ਨਾਲ ਮੁਕਾਬਲਾ ਹੋਣਾ ਜਿੱਥੇ ਸਵੇਰ ਦੇ ਸਮੇਂ ਪੈਦਲ ਚੱਲਣਾ ਵੀ ਮੁਸ਼ਕਲ ਹੁੰਦਾ ਹੈ, ਪੁਲਿਸ ਵੱਲੋਂ ਜ਼ਿੰਦਾ ਫੜਨ ਦੀ ਬਜਾਏ ਉਨ੍ਹਾਂ ਨੂੰ 'ਢੇਰ ਕਰਨ' ਲਈ ਦਿਖਾਈ ਫ਼ੁਰਤੀ, ਪੁਲਿਸ ਵੱਲੋਂ ਜਾਰੀ ਕੀਤੀਆਂ ਤਸਵੀਰਾਂ 'ਚ ਅਤੇ ਮੁਕਾਬਲੇ 'ਚ ਮਾਰੇ ਜਾਣ ਸਮੇਂ ਵੀ ਉਹੀ ਕੱਪੜੇ ਪਹਿਨੇ ਹੋਣਾ, ਇਕ ਨੌਜਵਾਨ ਦੇ ਸਰੀਰ ਉੱਪਰ ਗੋਲੀ ਦਾ ਕੋਈ ਨਿਸ਼ਾਨ ਨਾ ਹੋਣਾ ਅਤੇ ਗਲਾ ਘੁੱਟ ਕੇ ਮਾਰਨ ਦੇ ਸੰਕੇਤ ਮਿਲਣਾ, ਦੋ ਨੌਜਵਾਨਾਂ ਦੇ ਜਿਸਮਾਂ ਉੱਪਰ ਦੂਰੋਂ ਮੁਕਾਬਲੇ 'ਚ ਗੋਲੀਆਂ ਲੱਗਣ ਦੀ ਬਜਾਏ ਨੇੜਿਓਂ ਗੋਲੀਆਂ ਮਾਰੇ ਜਾਣ ਦੇ ਨਿਸ਼ਾਨ ਹੋਣਾ, ਮੁਕਾਬਲੇ ਵਾਲੀ ਜਗ੍ਹਾ ਸਿਰਫ਼ ਇਕ ਥਾਂ ਲਹੂ ਦੇ ਨਿਸ਼ਾਨ ਹੋਣਾ ਅਤੇ ਕੋਈ ਫਾਰੈਂਸਿਕ ਰਿਪੋਰਟ ਵੀ ਨਾ ਹੋਣਾ ਕਿ ਇਹ ਲਹੂ ਕਿਸੇ ਇਕ ਦਾ ਹੈ ਜਾਂ ਤਿੰਨਾਂ ਦਾ, ਨੇੜਲੇ ਫਾਰਮ 'ਤੇ ਰਹਿਣ ਵਾਲਿਆਂ ਤੱਕ 'ਤਾਬੜਤੋੜ' ਫਾਇਰਿੰਗ ਦੀ ਕੋਈ ਆਵਾਜ਼ ਨਾ ਪਹੁੰਚਣਾ, ਪੁਲਿਸ ਵੱਲੋਂ ਪਰਿਵਾਰ ਦੀ ਸਹਿਮਤੀ ਲਏ ਬਿਨਾਂ ਪੋਸਟ ਮਾਰਟਮ ਕਰਾਉਣਾ ਅਤੇ ਮੁਕਾਬਲੇ ਦੀ ਕੋਈ ਵੀਡੀਓਗ੍ਰਾਫ਼ੀ ਨਾ ਕਰਾਉਣਾ, ਇਕ ਲੜਕੇ ਦੇ ਪਰਿਵਾਰ ਵੱਲੋਂ ਮੰਗ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਲਾਸ਼ ਨਾ ਦੇਖਣ ਦੇਣਾ ਅਤੇ ਪਰਿਵਾਰ ਦੀ ਦੁਬਾਰਾ ਪੋਸਟ ਮਾਰਟਮ ਕਰਾਉਣ ਦੀ ਮੰਗ ਨੂੰ ਸਵੀਕਾਰ ਕਰਨ ਦੀ ਬਜਾਏ ਪੁਲਿਸ ਵੱਲੋਂ ਜ਼ਬਰਦਸਤੀ ਸੰਸਕਾਰ ਕਰਾਉਣਾ ਆਦਿ ਸਭ ਕੁਝ ਸ਼ੱਕੀ ਹੈ।

ਇਹ ਕਹਾਣੀ ਭਾਰਤੀ ਪੁਲਿਸ ਦੇ ਝੂਠ ਦਾ ਇਕ ਹੋਰ ਪੁਲੰਦਾ ਹੈ ਅਤੇ ਇਸ ਨੂੰ ਜਚਣਹਾਰ ਬਣਾਉਣ ਲਈ ਹੁਣ ਜਾਂਚ ਦੇ ਨਾਂ ਹੇਠ ਤਰ੍ਹਾਂ-ਤਰ੍ਹਾਂ ਦੇ ਖ਼ੁਲਾਸੇ ਕਰਕੇ ਖਾਲੀ ਥਾਵਾਂ ਭਰੀਆਂ ਜਾ ਰਹੀਆਂ ਹਨ। ਇਹ ਗੱਲ ਹੀ ਮੰਨਣਯੋਗ ਨਹੀਂ ਹੈ ਕਿ ਮਜ਼ਦੂਰੀ ਤੇ ਡਰਾਇਵਰੀ ਨਾਲ ਜੁੜੇ ਸਧਾਰਨ ਨੌਜਵਾਨ ਅਜਿਹੀਆਂ ਵਾਰਦਾਤਾਂ ਕਰਨ ਦੇ ਸਮੱਰਥ ਦਹਿਸ਼ਤਗਰਦ ਹੋਣਗੇ। ਸਿਰਫ਼ ਇਕ ਨੌਜਵਾਨ ਉੱਪਰ ਆਪਣੇ ਮਿੱਤਰ ਦੀ ਕਥਿਤ ਹੱਤਿਆ ਕਰਨ ਦਾ ਦੋਸ਼ ਹੈ ਅਤੇ ਉਹ ਵੀ ਅਜੇ ਅਦਾਲਤ 'ਚ ਸਾਬਤ ਹੋਣਾ ਬਾਕੀ ਹੈ। ਇਸ ਤੋਂ ਬਿਨਾਂ ਇਨ੍ਹਾਂ ਨੌਜਵਾਨਾਂ ਦਾ ਨਾ ਕੋਈ ਮੁਜਰਮਾਨਾ ਪਿਛੋਕੜ ਸੀ ਅਤੇ ਨਾ ਉਨ੍ਹਾਂ ਦੇ ਸਿਖਲਾਈਸ਼ੁਦਾ ਦਹਿਸ਼ਤਗਰਦ ਹੋਣ ਦਾ ਕੋਈ ਸਬੂਤ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਦੇਸ਼ਾਂ 'ਚ ਬੈਠੇ ਖ਼ਾਲਸਤਾਨੀ ਸੰਚਾਲਕਾਂ ਵੱਲੋਂ ਨੌਜਵਾਨਾਂ ਨੂੰ ਪੈਸੇ ਅਤੇ ਵਿਦੇਸ਼ ਭੇਜਣ ਦਾ ਲਾਲਚ ਦੇ ਕੇ ਅਜਿਹੀਆਂ ਦਹਿਸ਼ਤੀ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਭਰਤੀ ਕੀਤਾ ਜਾ ਰਿਹਾ ਹੈ। ਪੁਲਿਸ ਦੀ ਕਹਾਣੀ ਅਨੁਸਾਰ ਇਹ ਵਾਰਦਾਤਾਂ ਯੂਰਪ 'ਚ ਕੰਮ ਕਰਦੇ ਦਹਿਸ਼ਤੀ ਮੌਡਿਊਲ ਵੱਲੋਂ ਕਰਵਾਈਆਂ ਗਈਆਂ, ਜਿਸਦਾ ਸੰਚਾਲਕ ਇੰਗਲੈਂਡ ਦੀ ਫ਼ੌਜ ਵਿਚ ਨੌਕਰੀ ਕਰਦਾ ਫ਼ੌਜੀ ਜਗਜੀਤ ਸਿੰਘ ਹੈ। ਯੂ.ਕੇ. ਦੇ ਰੱਖਿਆ ਮੰਤਰਾਲੇ ਨੇ ਪੰਜਾਬ ਪੁਲਿਸ ਦੇ ਇਸ ਦਾਅਵੇ ਨੂੰ ਰੱਦ ਕੀਤਾ ਹੈ ਕਿ ਜਗਜੀਤ ਸਿੰਘ ਨਾਂ ਦਾ ਜਾਂ ਇਸ ਹੁਲੀਏ ਵਾਲਾ ਕੋਈ ਵਿਅਕਤੀ ਉਨ੍ਹਾਂ ਦੀ ਫ਼ੌਜ ਵਿਚ ਨੌਕਰੀ ਕਰਦਾ ਹੈ। ਹੁਣ ਐੱਨਆਈਏ ਦੀ ਜਾਂਚ 'ਚ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਕੁਲਵੀਰ ਸਿੰਘ ਸਿੱਧੂ ਦੀ ਭੂਮਿਕਾ ਦੱਸੀ ਜਾ ਰਹੀ ਹੈ ਕਿ ਉਸ ਦੇ ਕਹਿਣ 'ਤੇ ਹੀ ਇਹ ਤਿੰਨੋਂ ਪੰਜਾਬ ਤੋਂ ਫਰਾਰ ਹੋ ਕੇ ਪੂਰਨਪੁਰ 'ਚ ਆਏ ਸਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸਿੱਧੂ ਉੱਥੇ ਪੀਲੀਭੀਤ ਇਲਾਕੇ 'ਚ ਜਾਅਲੀ ਪਾਸਪੋਰਟ ਅਤੇ ਜਾਅਲੀ ਵੀਜ਼ਾ ਸਕੈਂਡਲ ਨਾਲ ਵੀ ਜੁੜਿਆ ਹੋਇਆ ਹੈ। ਸਭ ਨੂੰ ਪਤਾ ਹੈ ਕਿ ਐੱਨਆਈਏ ਕਿਸ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ। ਕਥਿਤ ਮੁਕਾਬਲੇ ਉੱਪਰ ਉੱਠ ਰਹੇ ਸਵਾਲਾਂ ਤੋਂ ਧਿਆਨ ਹਟਾਉਣ ਲਈ ਹੁਣ ਡੀਜੀਪੀ ਵੱਲੋਂ ਵਡਾਲਾ ਵਾਂਗਰ ਪੁਲਿਸ ਚੌਂਕੀ (ਗੁਰਦਾਸਪੁਰ) ਅਤੇ ਘਣੀਏ ਕੇ ਵਾਂਗਰ ਥਾਣੇ (ਬਟਾਲਾ) ਉੱਪਰ ਹੋਏ ਕਥਿਤ ਗਰਨੇਡ ਹਮਲਿਆਂ ਦੀ ਗੁੱਥੀ ਸੁਲਝਾਉਣ ਅਤੇ ਇਸ ਪਿੱਛੇ ਕੰਮ ਕਰਦੇ ਦਹਿਸ਼ਤੀ ਮੌਡਿਊਲ ਦਾ ਪਰਦਾਫਾਸ਼ ਕਰਨ ਦੇ ਨਵੇਂ 'ਖ਼ੁਲਾਸੇ' ਕੀਤੇ ਜਾ ਰਹੇ ਹਨ।

ਪੁਲਿਸ ਦੀ ਉਪਰੋਕਤ ਕਹਾਣੀ ਦਾ ਵੱਧ ਤੋਂ ਵੱਧ ਇਹੀ ਅਰਥ ਕੱਢਿਆ ਜਾ ਸਕਦਾ ਹੈ ਕਿ ਇਨ੍ਹਾਂ ਨੌਜਵਾਨਾਂ ਨੂੰ ਕਿਸੇ ਖ਼ਾਲਸਤਾਨੀ ਗਰੁੱਪ ਨੇ ਕਥਿਤ ਦਹਿਸ਼ਤੀ ਵਾਰਦਾਤਾਂ ਦੀ ਸਾਜ਼ਿਸ਼ ਨੂੰ ਅੰਜਾਮ ਦੇਣ ਲਈ ਵਰਤਿਆ ਹੋ ਸਕਦਾ ਹੈ। ਇਸ ਤਰ੍ਹਾਂ, ਜੇ ਇਹ ਵੀ ਮੰਨ ਲਿਆ ਜਾਵੇ ਕਿ ਉਨ੍ਹਾਂ ਨੇ ਕਿਸੇ ਖ਼ਾਲਸਤਾਨੀ ਗਰੁੱਪ ਦੀ ਸਾਜ਼ਿਸ਼ ਤਹਿਤ ਉਪਰੋਕਤ ਗਰਨੇਡ ਹਮਲੇ ਕੀਤੇ, ਫਿਰ ਵੀ ਪੁਲਿਸ ਵੱਲੋਂ ਉਨ੍ਹਾਂ ਨੂੰ ਮੁਕਾਬਲੇ 'ਚ ਮਾਰਨਾ ਕਿਵੇਂ ਸਹੀ ਹੈ? ਵੱਡੀ ਤਾਦਾਦ 'ਚ ਘੇਰਾ ਪਾਉਣ ਲਈ ਲਾਈ ਅਤਿ ਸਿਖਲਾਈਸ਼ੁਦਾ ਪੁਲਿਸ ਫੋਰਸ ਤਿੰਨ ਸਧਾਰਨ ਨੌਜਵਾਨਾਂ ਨੂੰ ਘੇਰਾ ਪਾ ਕੇ ਸਹਿਜੇ ਹੀ ਗ੍ਰਿਫ਼ਤਾਰ ਕਰ ਸਕਦੀ ਸੀ। ਚਾਹੇ ਦਹਿਸ਼ਤਵਾਦੀ ਵਾਰਦਾਤ ਹੋਵੇ ਜਾਂ ਕੋਈ ਹੋਰ ਜੁਰਮ, ਪੁਲਿਸ ਦੀ ਡਿਊਟੀ ਹੈ ਐੱਫਆਈਆਰ ਦਰਜ ਕਰਨਾ, ਉਚਿਤ ਜਾਂਚ ਰਾਹੀਂ ਸਬੂਤ ਕੱਠੇ ਕਰਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨਾ ਅਤੇ ਅਦਾਲਤੀ ਪ੍ਰਕਿਰਿਆ ਰਾਹੀਂ ਉਨ੍ਹਾਂ ਦਾ ਦੋਸ਼ ਸਾਬਤ ਕਰਨਾ ਅਤੇ ਅਦਾਲਤ ਕੋਲੋਂ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ। ਕਾਨੂੰਨੀ ਪ੍ਰਕਿਰਿਆ ਅਖ਼ਤਿਆਰ ਕਰਨ ਦੀ ਬਜਾਏ ਉਨ੍ਹਾਂ ਨੂੰ ਬੇਕਿਰਕੀ ਨਾਲ ਕਤਲ ਕੀਤਾ ਗਿਆ। ਕਾਨੂੰਨੀ ਪ੍ਰਕਿਰਿਆ ਰਾਹੀਂ ਜਾਂਚ ਕਰਕੇ ਅਤੇ ਸਬੂਤ ਜੁਟਾ ਕੇ ਉਨ੍ਹਾਂ ਦਾ ਦਹਿਸ਼ਤੀ ਸੰਬੰਧ ਸਾਬਤ ਕਰਨ ਦੀ ਬਜਾਏ ਡੀਜੀਪੀ ਤੇ ਹੋਰ ਪੁਲਿਸ ਅਧਿਕਾਰੀਆਂ ਵੱਲੋਂ ਖ਼ੁਦ ਹੀ ਜੱਜ ਬਣਕੇ ਮ੍ਰਿਤਕਾਂ ਨੂੰ ਖ਼ਾਲਸਤਾਨੀ ਦਹਿਸ਼ਤਗਰਦ ਐਲਾਨ ਦਿੱਤਾ ਗਿਆ ਅਤੇ ਖ਼ੁਦ ਹੀ ਜਲਾਦ ਬਣਕੇ ਮੌਤ ਦੀ ਸਜ਼ਾ ਵੀ ਦੇ ਦਿੱਤੀ ਗਈ। ਗੋਦੀ ਮੀਡੀਆ ਸਰਕਾਰੀ ਬਿਰਤਾਂਤ ਨੂੰ ਸਨਸਨੀਖ਼ੇਜ਼ ਰੂਪ ਦੇ ਕੇ ਗ਼ੈਰਅਦਾਲਤੀ ਕਤਲਾਂ ਦੀ 'ਢੇਰ ਕਰਨ' ਦੀ ਨੀਤੀ ਦੀ ਜੈ-ਜੈਕਾਰ ਕਰ ਰਿਹਾ ਹੈ ਅਤੇ ਜਾਣ-ਬੁੱਝ ਕੇ ਘੱਟਗਿਣਤੀ ਸਿੱਖ ਭਾਈਚਾਰੇ ਵਿਰੁੱਧ ਨਫ਼ਰਤ ਫੈਲਾ ਰਿਹਾ ਹੈ।

ਪੰਜਾਬ ਵਿਚ ਵਾਰਦਾਤਾਂ ਕਰਨ ਵਾਲਿਆਂ ਦਾ ਮੁਕਾਬਲਾ ਪੀਲੀਭੀਤ 'ਚ ਹੋਣਾ ਅਤੇ ਇਸ ਵਿਚ ਯੂ.ਪੀ. ਪੁਲਿਸ ਦਾ ਸ਼ਾਮਲ ਹੋਣਾ ਕਿਸੇ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਪੀਲੀਭੀਤ ਦਾ ਮੌਜੂਦਾ ਐੱਸ.ਪੀ. ਤਤਕਾਲੀ ਕੇਂਦਰੀ ਭਾਜਪਾਈ ਮੰਤਰੀ ਅਜੈ ਮਿਸ਼ਰਾ ਟੈਣੀ ਦਾ ਕਰੀਬੀ ਦੱਸਿਆ ਜਾ ਰਿਹਾ ਹੈ। ਇਹ ਲਖੀਮਪੁਰ ਖੀਰੀ ਦੇ ਬਿਲਕੁਲ ਨਾਲ ਲੱਗਦਾ ਇਲਾਕਾ ਹੈ ਜਿੱਥੇ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਸਤੰਬਰ 2020 'ਚ ਅਜੈ ਮਿਸ਼ਰਾ ਟੈਣੀ ਦੇ ਛੋਕਰੇ ਮੋਨੂ ਮਿਸ਼ਰਾ ਵੱਲੋਂ ਸੱਤਾ ਦੇ ਹੰਕਾਰ 'ਚ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਨੂੰ ਗੱਡੀ ਹੇਠ ਕੁਚਲਕੇ ਮਾਰ ਦਿੱਤਾ ਗਿਆ ਸੀ। ਜਦੋਂ ਇੱਥੋਂ ਦੇ ਹਜ਼ਾਰਾਂ ਕਿਸਾਨ, ਮੁੱਖ ਤੌਰ 'ਤੇ ਪੰਜਾਬੀ ਕਿਸਾਨ, 'ਨਿਆਂ ਰੈਲੀ' ਕਰਕੇ ਨਿਆਂ ਦੀ ਮੰਗ ਕਰ ਰਹੇ ਸਨ ਤਾਂ ਅਜੈ ਮਿਸ਼ਰੇ ਨੇ ਧਮਕੀ ਦਿੱਤੀ ਸੀ ਕਿ ਉਹ ਪੰਜਾਬੀ ਕਿਸਾਨਾਂ ਨੂੰ ਸਬਕ ਸਿਖਾਏਗਾ ਅਤੇ ਉੱਥੋਂ ਉਜਾੜ ਦੇਵੇਗਾ। ਕੀ ਪੰਜਾਬ ਦੇ ਕੁਝ ਨੌਜਵਾਨਾਂ ਨੂੰ ਉੱਥੇ ਲਿਜਾ ਕੇ ਮੁਕਾਬਲੇ 'ਚ ਮਾਰਨ ਅਤੇ ਮੱਦਦ ਕਰਨ ਵਾਲਿਆਂ ਦੇ ਰੂਪ 'ਚ ਕੁਝ ਸਥਾਨਕ ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਮਕਸਦ ਪੰਜਾਬੀ ਕਿਸਾਨਾਂ ਬਾਰੇ ਸ਼ੱਕ ਖੜ੍ਹੇ ਕਰਨ ਅਤੇ ਦਹਿਸ਼ਤ ਪਾਉਣ ਦੀ ਡੂੰਘੀ ਸਾਜ਼ਿਸ਼ ਤਾਂ ਨਹੀਂ ਹੈ?

ਮੁਕਾਬਲੇ ਲਈ ਚੁਣਿਆ ਸਮਾਂ ਵੀ ਧਿਆਨ ਦੇਣ ਵਾਲਾ ਹੈ। ਪੰਜਾਬ ਵਿਚ ਪਿਛਲੇ ਇਕ ਸਾਲ ਤੋਂ ਡੱਲੇਵਾਲ-ਪੰਧੇਰ ਦੀ ਅਗਵਾਈ ਵਾਲੇ ਦੋ ਕਿਸਾਨ ਫੋਰਮਾਂ ਦੇ ਸਾਂਝੇ ਅੰਦੋਲਨ ਤਹਿਤ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਰੱਖੇ ਮਰਨ ਵਰਤ ਨਾਲ ਕੇਂਦਰ ਸਰਕਾਰ ਕਸੂਤੀ ਹਾਲਤ 'ਚ ਫਸੀ ਹੋਈ ਹੈ। ਮੋਦੀ ਵਜ਼ਾਰਤ ਦੇ ਫਾਸ਼ੀਵਾਦੀ ਰਵੱਈਏ ਕਾਰਨ ਆਉਣ ਵਾਲੇ ਦਿਨਾਂ 'ਚ ਅੰਦੋਲਨ ਦੇ ਤਿੱਖਾ ਹੋਣ ਦੇ ਆਸਾਰ ਹਨ। ਤਰਾਈ ਖੇਤਰ (ਪੱਛਮੀ ਉੱਤਰ ਪ੍ਰਦੇਸ਼) ਦੇ ਪੰਜਾਬੀ ਕਿਸਾਨ ਪਹਿਲੇ ਕਿਸਾਨ ਅੰਦੋਲਨ 'ਚ ਨਿਭਾਈ ਸਰਗਰਮ ਭੂਮਿਕਾ ਕਾਰਨ ਭਗਵਾ ਹਕੂਮਤ ਨੂੰ ਪਹਿਲਾਂ ਹੀ ਬਹੁਤ ਚੁਭਦੇ ਹਨ। ਅਜੈ ਮਿਸ਼ਰੇ ਨੂੰ ਲਖੀਮਪੁਰ ਖੀਰੀ ਕਤਲ ਕਾਂਡ ਲਈ ਗ੍ਰਿਫ਼ਤਾਰ ਕਰਾਉਣ ਦਾ ਮੁੱਦਾ ਕਿਸਾਨ ਅੰਦੋਲਨ ਦਾ ਵੱਡਾ ਮੁੱਦਾ ਚਲਿਆ ਆ ਰਿਹਾ ਹੈ। ਇਸ ਤੋਂ ਇਲਾਵਾ, ਭਾਜਪਾ ਹਕੂਮਤ ਦੀ ਅੱਖ ਪੰਜਾਬੀ ਕਿਸਾਨਾਂ ਵੱਲੋਂ ਲਹੂ-ਪਸੀਨਾ ਵਹਾ ਕੇ ਅਤੇ ਜੰਗਲ-ਬੇਲੇ ਸਾਫ਼ ਕਰਕੇ ਆਬਾਦ ਕੀਤੀ ਤਰਾਈ ਦੀ ਵਡਮੁੱਲੀ ਜ਼ਮੀਨ ਉੱਪਰ ਵੀ ਹੈ। ਇਹ ਸੰਭਵ ਹੈ ਕਿ ਕਿਸਾਨਾਂ ਨੂੰ ਅੰਦੋਲਨ 'ਚ ਸ਼ਾਮਲ ਹੋਣ ਤੋਂ ਰੋਕਣ ਲਈ ਉੱਥੇ ਖ਼ਾਲਸਤਾਨੀਆਂ ਦੇ ਪਨਾਹ ਲੈਣ ਦਾ ਮੁੱਦਾ ਖੜ੍ਹਾ ਕੀਤਾ ਗਿਆ ਹੋਵੇ। ਇਸ ਝੂਠੇ ਬਿਰਤਾਂਤ ਰਾਹੀਂ ਪੰਜਾਬੀਆਂ ਨੂੰ ਬਦਨਾਮ ਕਰਨ ਅਤੇ ਮੱਦਦ ਕਰਨ ਦੇ ਨਾਂ ਹੇਠ ਗ੍ਰਿਫ਼ਤਾਰੀਆਂ ਕਰਕੇ ਦਹਿਸ਼ਤ ਪਾਉਣ ਦੀ ਯੋਜਨਾ ਹੋਵੇ। ਜ਼ਿਆਦਾ ਸੰਭਾਵਨਾ ਤਾਂ ਇਹ ਜਾਪਦੀ ਹੈ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ 'ਚ ਕਾਰਜਸ਼ੀਲ ਖ਼ੁਫ਼ੀਆ ਏਜੰਸੀਆਂ ਦੇ ਏਜੰਟਾਂ ਵੱਲੋਂ ਉਪਰੋਕਤ ਸਧਾਰਨ ਨੌਜਵਾਨਾਂ ਨੂੰ ਵਰਗਲਾ ਕੇ ਬੰਦ ਪਈ ਪੁਲਿਸ ਚੌਂਕੀ ਉੱਪਰ ਹਮਲੇ ਦਾ ਨਾਟਕ ਕਰਵਾਇਆ ਗਿਆ ਅਤੇ ਫਿਰ ਪੁਲਿਸ ਵੱਲੋਂ ਦੋਸ਼ੀਆਂ ਦੀ ਭਾਲ ਕਰਨ ਦਾ ਡਰ ਦਿਖਾ ਕੇ ਉਨ੍ਹਾਂ ਨੂੰ ਪੀਲੀਭੀਤ ਪਹੁੰਚਾ ਕੇ ਹੋਟਲ 'ਚ ਲਿਜਾਇਆ ਗਿਆ ਹੋਵੇਗਾ। ਜਿੱਥੇ ਫਿਰ ਉਨ੍ਹਾਂ ਦਾ ਮੁਕਾਬਲਾ ਬਣਾ ਦਿੱਤਾ ਗਿਆ।

ਖ਼ਾਲਿਸਤਾਨ ਲਈ ਕਿਸੇ ਹਥਿਆਰਬੰਦ ਲਹਿਰ ਦੀ ਅਣਹੋਂਦ ਦੇ ਹਾਲਾਤ 'ਚ ਖ਼ਾਲਸਤਾਨੀ ਵਾਰਦਾਤਾਂ ਅਤੇ ਮੁਕਾਬਲਿਆਂ ਦਾ ਹਾਲੀਆ ਘਟਨਾਕ੍ਰਮ ਡੂੰਘੀ ਘੋਖ-ਪੜਤਾਲ ਦੀ ਮੰਗ ਕਰਦਾ ਹੈ। ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਖ਼ਾਲਿਸਤਾਨੀ ਕਾਰਵਾਈਆਂ ਦੀਆਂ ਕਹਾਣੀਆਂ ਜਾਣ-ਬੁੱਝ ਕੇ ਵਧਾ-ਚੜ੍ਹਾ ਕੇ ਪੇਸ਼ ਕਰਨ ਦੇ ਪਿੱਛੇ ਹੁਕਮਰਾਨਾਂ ਅਤੇ ਪੁਲਿਸ ਅਧਿਕਾਰੀਆਂ ਦੋਹਾਂ ਦੇ ਹਿਤ ਹਨ। ਸਰਕਾਰਾਂ ਖ਼ਾਲਸਤਾਨ ਦੇ ਹਊਏ ਦੀ ਵਰਤੋਂ ਅਵਾਮ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾਉਣ ਅਤੇ ਦਹਿਸ਼ਤਵਾਦ ਦੇ ਨਾਂ ਹੇਠ ਪੁਲਿਸ ਰਾਜ ਦੇ ਹਾਲਾਤ (ਵਿਸ਼ੇਸ਼ ਅਧਿਕਾਰਾਂ ਤਹਿਤ ਮਨਮਾਨੀਆਂ ਦੀ ਖੁੱਲ੍ਹ) ਬਣਾਈ ਰੱਖਣ ਲਈ ਕਰਦੀਆਂ ਹਨ। ਪੁਲਿਸ ਨੂੰ ਦਹਿਸ਼ਤਵਾਦ ਦੇ ਬਹਾਨੇ ਆਪਣੀ ਦਹਿਸ਼ਤ ਪਾਉਣ ਅਤੇ ਤਰੱਕੀਆਂ ਤੇ ਸਨਮਾਨ ਲੈਣ ਦੀ ਲਾਲਸਾ ਪੂਰੀ ਕਰਨ ਦਾ ਖੁੱਲ੍ਹਾ ਮੌਕਾ ਮਿਲਦਾ ਹੈ। ਦਹਿਸ਼ਤਵਾਦ ਨਾਲ ਨਜਿੱਠਣ ਦੇ ਨਾਂ ਹੇਠ ਬਣਾਏ ਗਏ ਵਿਸ਼ੇਸ਼ ਕਾਨੂੰਨ ਸੰਵਿਧਾਨ ਵਿਚ ਗਾਰੰਟੀ ਦਿੱਤੇ ਮੌਲਿਕ ਹੱਕਾਂ ਨੂੰ ਖ਼ਾਰਜ ਕਰਦੇ ਹਨ। ਪੁਲਿਸ-ਫ਼ੌਜ ਦੇ ਅਧਿਕਾਰੀ ਬੇਖ਼ੌਫ਼ ਹੋ ਕੇ ਹਕੂਮਤ ਦੇ ਇਸ਼ਾਰੇ 'ਤੇ ਗ਼ੈਰਅਦਾਲਤੀ ਕਤਲਾਂ ਨੂੰ ਅੰਜਾਮ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਵਿਸ਼ੇਸ਼ ਕਾਨੂੰਨਾਂ ਕਾਰਨ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਸਰਕਾਰ ਦੀ ਮਨਜ਼ੂਰੀ ਨਾਲ ਹੀ ਹੋਵੇਗੀ। ਇਹ ਸਾਂਝੇ ਹਿਤ ਹੀ ਮੁਲਜ਼ਮਾਂ ਦਾ ਦੋਸ਼ ਸਾਬਤ ਕਰਨ ਲਈ ਬਣਾਈ ਕਾਨੂੰਨੀ ਪ੍ਰਕਿਰਿਆ ਨੂੰ ਟਿੱਚ ਸਮਝਣ ਅਤੇ ਕਿਸੇ ਨੂੰ ਵੀ ਚੁੱਕ ਕੇ ਮੁਕਾਬਲੇ 'ਚ ਮਾਰ ਦੇਣ ਦਾ ਰਾਹ ਖੋਲ੍ਹਦੇ ਹਨ।

ਜਿੱਥੋਂ ਤੱਕ ਮੁਕਾਬਲੇ ਦੀ ਮੈਜਿਸਟ੍ਰੇਟੀ ਜਾਂਚ ਦਾ ਸਵਾਲ ਹੈ, ਇਹ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਦੇ ਸਰਕਾਰੀ ਨਾਟਕ ਤੋਂ ਸਿਵਾਏ ਕੁਝ ਨਹੀਂ ਹੈ। ਨਿਰਪੱਖ ਜੁਡੀਸ਼ੀਅਲ ਜਾਂਚ ਹੀ ਕਥਿਤ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆ ਸਕਦੀ ਹੈ ਜੋ ਹੁਕਮਰਾਨ ਹੋਣ ਨਹੀਂ ਦਿੰਦੇ। ਨਿਸ਼ਚੇ ਹੀ, ਦਹਿਸ਼ਤਵਾਦ ਦਾ ਸਭ ਤੋਂ ਵੱਡਾ ਸਰੋਤ ਖ਼ੁਦ ਭਾਰਤੀ ਰਾਜ ਹੈ। ਬਸਤਰ ਵਿਚ ਇਕ ਸਾਲ 'ਚ 220 ਮਾਓਵਾਦੀਆਂ ਦੇ ਮੁਕਾਬਲਿਆਂ 'ਚ ਮਾਰੇ ਜਾਣ 'ਤੇ ਉੱਠ ਰਹੇ ਸਵਾਲ, ਨਕਸਲੀਆਂ ਦੇ ਮੁਕਾਬਲਿਆਂ ਦੇ ਜਸ਼ਨ ਮਨਾਉਣ ਦੀ ਭਗਵਾ ਸਿਆਸਤ, ਪੰਜਾਬ ਵਿਚ 1980-90ਵਿਆਂ 'ਚ ਬਣਾਏ ਦਹਿ-ਹਜ਼ਾਰਾਂ ਝੂਠੇ ਮੁਕਾਬਲੇ ਅਤੇ ਸੀ.ਬੀ.ਆਈ. ਦੀ ਜਾਂਚ 'ਚ 70 ਮੁਕਾਬਲੇ ਝੂਠੇ ਸਾਬਤ ਹੋਣ 'ਤੇ ਦਰਜ ਕੀਤੇ ਗਏ ਮੁਕੱਦਮੇ ਅਤੇ ਉਨ੍ਹਾਂ ਕੁਝ 'ਮੁਕਾਬਲਿਆਂ' 'ਚ ਪੁਲਿਸ ਅਧਿਕਾਰੀਆਂ ਨੂੰ ਅਦਾਲਤਾਂ ਵੱਲੋਂ ਦਿੱਤੀਆਂ ਜਾ ਰਹੀਆਂ ਸਜ਼ਾਵਾਂ, ਮਨੀਪੁਰ 'ਚ 1528 ਮੁਕਾਬਲਿਆਂ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਚੱਲ ਰਹੀ ਜਾਂਚ, ਜੰਮੂ-ਕਸ਼ਮੀਰ 'ਚ 'ਲਾਪਤਾ' ਕਰਨ ਅਤੇ ਕਥਿਤ ਮੁਕਾਬਲਿਆਂ ਦਾ ਦਹਾਕਿਆਂ ਤੋਂ ਚਲਿਆ ਆ ਰਿਹਾ ਸਿਲਸਿਲਾ, ਯੂਪੀ ਅਤੇ ਹੋਰ ਥਾਈਂ ਭਾਜਪਾ ਦਾ 'ਐਨਕਾਊਂਟਰ ਰਾਜ', ਇਹ ਸਭ ਸਟੇਟ ਵੱਲੋਂ ਦਹਿਸ਼ਤਵਾਦ ਨਾਲ ਲੜਨ ਦੇ ਬਹਾਨੇ ਹਥਿਆਈਆਂ ਖ਼ੂੰਖ਼ਾਰ ਤਾਕਤਾਂ ਅਤੇ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਨੂੰ ਸਮੇਂ ਦੀਆਂ ਸਰਕਾਰਾਂ ਵੱਲੋਂ ਆਪਣੇ ਰਾਜਨੀਤਕ ਮੁਫ਼ਾਦਾਂ ਦੇ ਸੰਦ ਬਣਾ ਕੇ ਵਰਤਣ ਦਾ ਮੂੰਹ ਬੋਲਦਾ ਸਬੂਤ ਹੈ।

ਹਰ ਇਨਸਾਫ਼ਪਸੰਦ ਇਨਸਾਨ ਨੂੰ ਇਨ੍ਹਾਂ ਗ਼ੈਰਅਦਾਲਤੀ ਕਤਲਾਂ 'ਚ ਸਮੋਏ ਭਵਿੱਖੀ ਖ਼ਤਰਿਆਂ ਨੂੰ ਸਮਝਣਾ ਚਾਹੀਦਾ ਹੈ। ਭਾਰਤੀ ਰਾਜ, ਯੂਰਪੀ ਫਾਸ਼ੀਵਾਦੀ ਰਾਜਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦੇ ਸਪਸ਼ਟ ਸੰਕੇਤ ਦੇ ਰਿਹਾ ਹੈ।

# ਇਤਿਹਾਸ ਕਰਵੱਟ ਲੈ ਰਿਹਾ ਹੈ - ਸੰਘਰਸ਼ੀ ਮੋਰਚਿਆਂ ਦੀ ਲੋੜ

*ਦੁਨੀਆ ਬਹੁਪੱਖੀ ਅਤੇ ਬਹੁਪਰਤੀ ਸੰਕਟ ਵਿਚ ਪਰਵੇਸ਼ ਕਰ ਚੁੱਕੀ ਹੈ । ਇਕ ਪਾਸੇ ਸੱਜੇਪੱਖੀ ਹਕੂਮਤਾਂ ਦੁਨੀਆ ਦੇ ਪੈਮਾਨੇ 'ਤੇ ਛਾ ਚੁੱਕੀਆਂ ਹਨ ਅਤੇ ਨਾਲ ਹੀ ਆਰਥਿਕ ਤੌਰ 'ਤੇ ਕਾਰਪੋਰੇਟ ਘਰਾਣੇ ਲੁੱਟ ਦੀ ਤਾਕਤ ਵਧਾ ਰਹੇ ਹਨ । ਦੂਸਰੇ ਪਾਸੇ ਦੁਨੀਆ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਜਿਥੇ ਲੋਕ ਵੱਖੋ-ਵੱਖਰੇ ਢੰਗਾਂ ਨਾਲ ਲੜ ਰਹੇ ਹਨ । ਇਨ੍ਹਾਂ ਲੜਾਈਆਂ ਦੇ ਰੂਪ ਵੱਖਰੇ ਹਨ । ਕਿਸੇ ਦੇਸ਼ ਵਿਚ ਮੁੜ ਪੁਰਾਤਨਪੰਥੀ ਸੱਤਾ ਹਥਿਆ ਰਹੇ ਹਨ ਅਤੇ ਦੂਸਰੇ ਪਾਸੇ ਜੰਗ ਦੇ ਖਿਲਾਫ਼ ਆਪਣੇ ਆਪ ਨੂੰ ਕੁਰਬਾਨ ਕਰ ਰਹੇ ਹਨ । ਤਬਾਹੀ ਦਰ ਤਬਾਹੀ ਦੀ ਇਹ ਪ੍ਰਕਿਰਿਆ ਇਕ ਪਾਸੇ ਹਨੇਰਗਰਦੀ ਵਿਚ ਦੁਨੀਆ ਨੂੰ ਤਬਦੀਲ ਕਰ ਰਹੀ ਹੈ ਅਤੇ ਦੂਸਰੇ ਪਾਸੇ ਸੰਘਰਸ਼ ਆਪਣਾ ਵੱਖਰਾ ਰੂਪ ਲੈ ਰਹੇ ਹਨ । ਇਸ ਸਭ ਕੁਝ ਦੇ ਨਾਲ ਨਾਲ ਇਤਿਹਾਸ ਦੇ ਪੰਨਿਆਂ 'ਤੇ ਚਲੇ ਹੋਏ ਸੰਘਰਸ਼ ਪੱਛੜੇ ਮੁਲਕਾਂ ਤੋਂ ਲੈ ਕੇ ਵਿਕਸਿਤ ਮੁਲਕਾਂ ਤੱਕ ਅਤੀਤ ਵਿਚੋਂ ਕੁਝ ਰੌਸ਼ਨੀ ਹਾਸਲ ਕਰ ਰਹੇ ਹਨ ਅਤੇ ਅਗਾਂਹ ਵਧਣ ਲਈ ਨਵੇਂ ਰਸਤੇ ਤਲਾਸ਼ ਰਹੇ ਹਨ । ਪ੍ਰੰਤੂ ਇਸ ਗੁੰਝਲਦਾਰ ਸਵਾਲ ਨੂੰ ਸਮਝਣ ਹਿਤ ਇਹ ਲਿਖਤ ਦੇ ਰਹੇ ਹਾਂ । – ਸੰਪਾਦਕ*

ਨਰਭਿੰਦਰ
93544-30211

ਇਤਿਹਾਸ ਕਰਵੱਟ ਲੈਂਦਾ ਰਹਿੰਦਾ ਹੈ। ਹਰ ਸੌ ਸਾਲ ਪਿਛੋਂ ਇਕ ਨਵੀਂ ਕਰਵੱਟ ਜਨਮ ਲੈਂਦੀ ਹੈ ਤੇ ਜਦੋਂ ਉਹ ਨਵੀਂ ਕਰਵਟ ਲੈ ਰਿਹਾ ਹੁੰਦਾ ਹੈ, ਉਦੋਂ ਹਰ ਲੰਮਹੇਂ ਨੂੰ ਗਹਿਰੀ ਦ੍ਰਿਸ਼ਟੀ ਨਾਲ ਦੇਖਣ ਦੀ ਲੋੜ ਹੁੰਦੀ ਹੈ। ਇਕ ਉਹ ਵਰਗ ਹੁੰਦਾ ਹੈ ਜਿਹੜਾ ਇਸ ਸਮੇਂ ਇਤਿਹਾਸ ਨਾਲ ਤੁਰਦਾ ਹੈ, ਇਕ ਉਹ ਵਰਗ ਜਿਹਦੇ ਸਿਰ ਇਤਿਹਾਸ ਨੂੰ ਬਦਲਣ ਦੀ ਜ਼ਿੰਮੇਵਾਰੀ ਹੁੰਦੀ ਹੈ। ਜਿਨ੍ਹਾਂ ਨੇ ਇਤਿਹਾਸ ਨੂੰ ਬਦਲਣ ਦੀ ਜ਼ਿੰਮੇਵਾਰੀ ਓਟੀ ਹੁੰਦੀ ਹੈ, ਉਨ੍ਹਾਂ ਲਈ ਰਾਹ ਐਨਾ ਸੁਖਾਲਾ ਨਹੀਂ ਹੁੰਦਾ। ਉਨ੍ਹਾਂ ਦੀ ਗਹਿਰੀ ਤੇ ਵਿਗਿਆਨਕ ਦ੍ਰਿਸ਼ਟੀ ਹਰ ਘਟਨਾਕ੍ਰਮ ਉਤੇ ਨਾ ਸਿਰਫ਼ ਰਹਿਣੀ ਹੁੰਦੀ ਹੈ ਉਹਦੇ ਧਰਾਤਲ ਤੇ ਬਦਲ ਦੋਹਾਂ ਪ੍ਰਤੀ ਚੌਕਸ ਨਿਗਾਹ ਰੱਖਣੀ ਪੈਂਦੀ ਹੈ। ਪਿਛਲੇ ਦੌਰ ਦੇ ਸਫ਼ਰ ਨੂੰ ਦੁਹਰਾਉਣਾ ਨਹੀਂ ਹੁੰਦਾ, ਇਸ ਤੋਂ ਸਿੱਖਣਾ ਹੁੰਦਾ ਹੈ ਅਤੇ ਨਵੇਂ ਸਿੱਟੇ ਕੱਢਣੇ ਹੁੰਦੇ ਹਨ।


ਸਾਡੇ ਚਿੰਤਕ ਪੁਰਖਿਆਂ ਨੇ ਇਕ ਸਭਿਅਕ ਸਮਾਜ ਸਿਰਜਨ ਦਾ ਜੋ ਸੁਪਨਾ ਲਿਆ ਸੀ, ਸੌ ਸਾਲ ਪਹਿਲਾਂ ਸਾਕਾਰ ਹੋ ਰਿਹਾ ਸੀ ਤੇ ਇਕ ਬਰਾਬਰ ਸਮਾਜ ਦੀ ਥਾਂ ਸਭਿਅਕ ਸਮਾਜ ਸਿਰਜਨ ਵੱਲ ਵਿਸ਼ਵ ਤੁਰ ਰਿਹਾ ਸੀ। ਉਸ ਸਦੀ ਨੇ ਦਰਜਨਾਂ ਨਹੀਂ ਸੈਂਕੜੇ ਚਿੰਤਕ ਦਿੱਤੇ। ਇਹ ਸਾਰੇ ਚਿੰਤਕ ਵਿਗਿਆਨਕ ਦ੍ਰਿਸ਼ਟੀ ਨਾਲ ਸਮਾਜ ਦੀ ਨਵੀਂ ਸੰਰਚਨਾ ਵਾਲੇ ਹੀ ਨਹੀਂ ਸਨ, ਇਨ੍ਹਾਂ ਵਿਚ ਉਹ ਵੀ ਸਨ ਜਿਹੜੇ ਉਸ ਬਰਾਬਰ ਸਮਾਜ ਤੋਂ ਮੁਕਤੀ ਚਾਹੁਣ ਵਾਲੇ ਆਦਰਸ਼ਵਾਦੀ ਚਿੰਤਕ ਸਨ। ਭਾਵ ਕਲਪਨਾ ਦਾ ਦੌਰ ਸੀ, ਕਲਪਨਾ ਆਸ਼ਾਵਾਂ ਨੂੰ ਜਨਮ ਦਿੰਦੀ ਹੈ। ਕਲਪਨਾ ਲੋਕਾਂ ਦੇ ਸਾਹਸ ਨੂੰ ਜਨਮ ਦਿੰਦੀ ਹੈ। ਕਲਪਨਾ ਵਿਦਰੋਹ ਦਾ ਚਿੰਨ੍ਹ ਹੁੰਦੀ ਹੈ। ਇਕ ਜਾਬਰ ਤੇ ਬਦਤਰ ਸਮਾਜ ਤੋਂ ਇਕਦਮ ਬਾਹਰ ਨਿਕਲਣਾ ਬੇਸ਼ੱਕ ਸੰਭਵ ਨਾ ਵੀ ਹੋਵੇ ਮਨੁੱਖ ਥੋੜ੍ਹਾ ਬਹੁਤ ਲੜ ਤਾਂ ਹੀ ਸਕਦਾ ਹੈ, ਜੇ ਉਹਦੇ ਕੋਲ ਭਵਿੱਖ ਦਾ ਕੋਈ ਸੁਪਨਾ ਹੋਵੇ ਤਾਂ। ਮਨੁੱਖ ਦੀ ਅਜ਼ਾਦੀ ਲਈ ਕਲਪਨਾ ਜ਼ਰੂਰੀ ਹੈ। ਪਰ ਅੱਜ ਇਸ ਉਤੇ ਹੀ ਵੱਡਾ ਸੰਕਟ ਆ ਖਲੋਤਾ ਹੈ। ਕਲਪਨਾ, ਪੁਰਾਣੀਆਂ ਧਾਰਨਾਵਾਂ, ਘਸੇ ਪਿਟੇ ਤਜਰਬਿਆਂ, ਸੋਚ ਦੀਆਂ ਦੀਵਾਰਾਂ ਤੋੜਨ ਵਿਚ ਸਹਾਇਕ ਹੁੰਦੀ ਹੈ। ਟੈਕਨਾਲੋਜੀ ਦੇ ਨਵ ਵਿਕਸਿਤ ਰੂਪਾਂ ਨੇ ਅਤੇ ਭਿੰਨਤਾ ਤੇ ਪਹਿਚਾਣ ਦੀ ਰਾਜਨੀਤੀ ਨੇ ਕਲਪਨਾ ਦੇ ਲਈ ਸਪੇਸ ਸੁੰਗੇੜ ਦਿੱਤੀ ਹੈ। ਦੁਨੀਆ 'ਚ ਕਲਪਨਾ ਦੇ ਪਤਨ ਦਾ ਇਹ ਸਭ ਤੋਂ ਵੱਡਾ ਸਬੂਤ ਹੈ ਕਿ ਅਸੀਂ ਵਾਤਾਵਰਣ, ਸਭਿਆਚਾਰ ਦੇ ਮਨੁੱਖੀ ਅਜ਼ਾਦੀ ਦੇ ਹੋ ਰਹੇ ਉਜਾੜੇ ਜਾਂ ਤ੍ਰਾਸਦਿਕ ਹਾਲਤ ਨੂੰ ਅਨੁਭਵ ਕਰਨ ਤੋਂ ਹੀ ਅਸਮਰਥ ਹਾਂ। ਪੂੰਜੀ ਨੇ ਨਵੀਂ ਤਕਨੀਕ ਨੂੰ ਇਸ ਢੰਗ ਨਾਲ ਵਰਤਿਆ ਹੈ ਕਿ ਯਥਾਰਥ ਦੀ ਦਹਿਸ਼ਤ ਨੇ ਸਾਡੀ ਕਲਪਨਾ ਦੇ ਸੰਸਾਰ ਨੂੰ ਹੀ ਸੁੰਗੜਾ ਦਿੱਤਾ ਹੈ। ਵਿਅਕਤੀਵਾਦ ਅਤੇ ਭਾਈਚਾਰਾ ਵਾਦ ਜਾਂ ਕਹਿ ਲਓ ਕਬੀਲਾਦਾਰ ਚਚੇਰੇ ਛਾਇਆ ਪਿਆ ਹੈ। ਅਸੀਂ ਖ਼ੁਦ ਵੀ ਕਿਸੇ ਨਾ ਕਿਸੇ ਰੂਪ ਵਿਚ, ਅਚੇਤ, ਸੁਚੇਤ ਰੂਪ ਵਿਚ ਉਹਦੀ ਗ੍ਰਿਫਤ ਵਿਚ ਹਾਂ।

ਸਮਾਜਿਕ ਸਭਿਆਚਾਰਕ ਬਦਲ ਭਾਵ ਨਵਸਮਾਜ ਦੀ ਕਲਪਨਾ ਜੋ 100 ਸਾਲ ਪਹਿਲਾਂ ਮਾਨਸ ਦੀ ਕਲਪਨਾ ਵਿਚ ਸੀ, ਦੇ ਲੰਬੇ ਇਤਿਹਾਸ ਨੂੰ ਭੁਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਭੀੜ ਦੀਭਾਸ਼ਾ ਦੇ ਦੌਰ ਦੀ ਗ੍ਰਿਫ਼ਤ ਵਿਚ ਛਟਪਟਾ ਰਹੇ ਹਾਂ।



ਭੀੜ ਨੂੰ ਖਿੱਚਣ ਵਾਲੇ ਬਿੰਬ, ਚਿੰਨ੍ਹ ਅਤੇ ਪ੍ਰਤੀਕ ਛਾਏ ਹੋਏ ਹਨ। ਭੇਦ ਭਾਵ, ਕੌਮੀ ਏਕਤਾ, ਮਿਹਨਕਸ਼ਾਂ ਦੀ ਏਕਤਾ, ਵਿਸ਼ਵ ਮਾਨਵਤਾ, ਵਿਅਕਤੀਵਾਦੀ ਹੰਕਾਰ, ਆਦਿ ਵਰਗੇ ਸਾਰੇ ਪੁਰਾਣੇ ਮੁਹਾਵਰੇ ਪਰਦੇ ਪਿਛੇ ਚਲੇ ਗਏ ਹਨ। ਮੁਆਫ਼ ਕਰਨਾ ਜੇ ਸਾਰੀਆਂ ਕਮਿਊਨਿਸਟ ਧਿਰਾਂ ਗੁੱਸਾ ਨਾ ਕਰਨ ਤਾਂ 60ਵਿਆਂ ਤੋਂ ਪਹਿਲਾਂਸਾਡੇ ਰੋਸ ਪ੍ਰਦਰਸ਼ਨਾਂ ਵਿਚ ਲੱਗਣ ਵਾਲਾ ਮੁੱਖ ਨਾਹਰਾ – 'ਦੁਨੀਆ ਭਰ ਦੇ ਮਜ਼ਦੂਰੋ-ਇਕ ਹੋ ਜਾਓ' ਸਾਡੇ ਅਜੋਕੇ ਰੋਸ ਪ੍ਰਦਰਸ਼ਨਾਂ 'ਚੋਂ ਗਾਇਬ ਹੀ ਹੋ ਚੁੱਕਾ ਹੈ। ਇਹ ਸਾਡੇ ਲਈ ਸੋਚਣ ਵਾਲੀ ਗੱਲ ਹੈ। ਰੂੜੀਵਾਦੀ ਪਿਛਾਖੜੀ ਵਿਚਾਰਾਂ ਨੇ, ਆਧੁਨਿਕ ਵਿਚਾਰਾਂ ਨੂੰ ਪਛਾੜ ਦਿੱਤਾ ਹੈ। ਕਿਸੇ ਨਾ ਕਿਸੇ ਰੂਪ ਵਿਚ ਇਹ ਪ੍ਰਭਾਵ ਵੀ ਬਣਦਾ ਨਜ਼ਰ ਆ ਰਿਹਾ ਹੈ ਕਿ ਹੁਣ ਵਿਚਾਰਾਂ ਨਾਲ ਤਬਦੀਲੀ ਸਾਹਮਣੇ ਨਹੀਂ ਆਉਣ ਵਾਲੀ, ਕਿਉਂਕਿ ਸਮਾਜ ਵਿਚ ਭੌਤਿਕ ਤਾਕਤ (ਹਿੰਸਾ) ਪ੍ਰਧਾਨ ਹੋ ਗਈ ਹੈ। ਸੈਂਕੜੇ ਕਿਸਮ ਦੇ ਅੰਤਰ ਦਵੰਧਆਤਮਕ ਹਿੱਤ ਬਣ ਗਏ ਹਨ। ਵਿਸ਼ੇਸ਼ ਕਰਕੇ ਨਵਉਦਾਰਵਾਦੀ ਦੌਰ ਨੇ ਜਿਹੋ ਜਿਹੀ ਸੰਸਕ੍ਰਿਤੀ ਪ੍ਰੋਸੀ ਹੈ, ਉਹਦੀ ਗ੍ਰਿਫ਼ਤ 'ਚ ਅਸੀਂ ਵੀ ਅਚੇਤ ਸੁਚੇਤ ਵਿਚ ਆ ਚੁੱਕੇ ਹਾਂ। ਕਲਪਨਾ ਦੇ ਇਸ ਸੰਕਟ ਵਿਚ ਧਰਮ ਵੀ ਹੈ ਅਤੇ ਲੋਕਤੰਤਰ ਵੀ। ਧਰਮ ਅੰਦਰ ਵੀ ਮਾਨਵਤਾ ਗਾਇਬ ਹੋ ਚੁੱਕੀ ਹੈ ਜਿਹੜੀ 100 ਸਾਲ ਪਹਿਲਾਂ ਦਿਖਾਈ ਦਿੰਦੀ ਸੀ, ਉਹਦੀ ਥਾਂ ਕੱਟੜਵਾਦ ਨੇ ਲੈ ਲਈ ਹੈ ਅਤੇ ਲੋਕਤੰਤਰ ਜਿਹਦਾ ਰਟਨ ਮੰਡਰ ਪੂੰਜੀ ਕਰਦੀ ਆ ਰਹੀ ਸੀ, ਉਤੇ ਤਾਨਾਸਾਹ, ਸੋਚ ਪ੍ਰਵਿਰਤੀ ਤੇ ਅਮਲ ਭਾਰੂ ਹੋ ਚੁੱਕਾ ਹੈ। ਰਾਜ ਦੀ ਆਪਣੇ ਲੋਕਾਂ ਪ੍ਰਤੀ ਜ਼ਿੰਮੇਵਾਰੀ ਦੀ ਕਲਪਨਾ ਸ਼ੈਤਾਨੀ ਖੰਭ ਲਾ ਕੇ ਉਡ ਗਈ ਹੈ ਅਤੇ ਰਾਜ ਸਿਰਫ਼ ਡੰਡਾ, ਬੰਦੂਕ ਤੇ ਜੇਲ੍ਹ ਤੱਕ ਸਿਮਟ ਗਿਆ ਹੈ। ਮਨੁੱਖੀ ਸਬੰਧ ਵੀ ਇਸ ਦੀ ਗ੍ਰਿਫ਼ਤ ਵਿਚ ਤਾਰ-ਤਾਰ ਹੋ ਚੁੱਕੇ ਹਨ। ਇਸ ਸਭ ਕਾਸੇ ਨੇ ਬੌਧਿਕ ਚਿੰਤਨ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਨਵੇਂ ਵਿਚਾਰਾਂ, ਸੋਚਾਂ ਤੇ ਰਾਹਾਂ ਦੀ ਕਲਪਨਾ ਪ੍ਰਤੀ ਕਿਤੇ ਨਾ ਕਿਤੇ ਖੜੋਤ ਜੇਹੀ ਆਈ ਮਹਿਸੂਸ ਹੋ ਰਹੀ ਹੈ। ਇਸ ਦਾ ਇਹ ਭਾਵ ਨਹੀਂ ਕਿ ਬਿਲਕੁਲ ਹੀ ਨਿਰਾਸ਼ਾ ਵਾਲੀ ਹਾਲਤ ਹੈ, ਚਿੰਤਾ ਇਹ ਹੈ ਕਿ ਹਰ ਕੋਈ ਦੂਸਰੇ ਨੂੰ ਲਤਾੜਦਾ ਸਿਰਫ਼ ਆਪਣੇ ਗੁੱਖਾਂ ਤੇ ਹਸਤੀ ਦੌੜ ਵਿਚ ਤਾਂ ਦਿਖਾਈ ਦੇ ਰਿਹਾ ਹੈ, ਪੂਰੇ ਸਮਾਜ ਪ੍ਰਤੀ ਚਿੰਤਾ ਦਾ ਜਨੂੰਨ ਕਿਸੇ ਨਾ ਕਿਸੇ ਰੂਪ ਵਿਚ ਗਾਇਬ ਜਿਹਾ ਹੁੰਦਾ ਮਹਿਸੂਸ ਹੋ ਰਿਹਾ ਹੈ।

ਕਲਪਨਾ ਦਾ ਸੰਕਟ ਕਿਸੇ ਨਾ ਕਿਸੇ ਰੂਪ ਵਿਚ ਬਸਤੀਵਾਦ ਤੋਂ ਨਵਬਸਤੀਵਾਦ ਅਤੇ ਫਿਰ ਵਿਸ਼ਵੀਕਰਨ ਨੂੰ ਇਕ ਦੂਸਰੇ ਦੇ ਹੱਥ ਪਰੋਸੇ ਜਾਣ ਦੀ ਦੇਣ ਹੈ। ਇਹ ਵਿਚਾਰਧਾਰਾ ਤੇ ਵਿਚਾਰਧਾਰਾ ਅਨੁਸਾਰ ਸਾਡੇ ਸਵੈ ਆਚਰਨ ਦੀ ਫਲਾਈ ਵਿਚ ਪਏ ਪਾੜੇ ਦਾ ਵੀ ਫਲ ਹੈ। ਕਲਪਲਾ ਦੀ ਕਮੀ ਦੇ ਬਾਵਜੂਦ ਅੱਜ ਵੀ ਵਿਸ਼ਵਾਸ ਹੁੰਦਾ ਨਹੀਂ, ਤਿੜਕਿਆ ਜ਼ਰੂਰ ਹੈ। ਅਸੀਂ ਬਰਾਬਰੀ ਤੇ ਭਾਈਚਾਰੇ ਵਾਲੀ ਇਕ ਸੋਚੀ ਸਮਾਜਵਾਦੀ ਦੁਨੀਆ ਦੀ ਸਿਰਜਨਾ ਦੇ ਸੰਕਲਪ ਤੇ ਅਮਲ ਪ੍ਰਤੀ ਜੇ ਪ੍ਰਤਿਬੱਧ ਹਾਂ ਤਾਂ ਸਾਊ ਸਾਡੇ ਆਲੇ ਦੁਆਲੇ ਫੈਲੀ ਧੁੰਦ ਤੇ ਮੱਕੜਜਾਲ ਨੂੰ ਸਾਫ਼ ਕਰਨਾ ਪਵੇਗਾ। ਆਪਣੇ ਆਪਣੇ ਘੇਰਿਆਂ (ਖੋਲਾਂ) 'ਚੋਂ ਬਾਹਰ ਆਉਣਾ ਪਵੇਗਾ ਤੇ ਨਵ ਸਮਾਜਿਕ ਨਿਰਮਾਣ ਦੀਆਂ ਵਡੇਰੀਆਂ ਜ਼ਿੰਮੇਵਾਰੀਆਂ ਨੂੰ ਸੰਬੋਧਤ ਹੋਣਾ ਪਵੇਗਾ। ਇਹ ਦੌਰ ਇਕ ਨਵੀਂ ਕਰਵੱਟ ਲੈ ਰਿਹਾ ਹੈ। ਇਸ ਦੌਰ ਵਿਚ, ਆਏ ਕਲਪਨਾ ਦੇ ਸੰਕਟ ਨੂੰ ਦੂਰ ਕਰਨ ਲਈ, ਆਪਣੇ ਇਤਿਹਾਸ ਦੀ ਪੁਨਰ ਵਿਆਖਿਆ ਕਰਨੀ ਪਵੇਗੀ।




ਇਸ 'ਚ ਕੋਈ ਸ਼ੱਕ ਨਹੀਂ ਕਿ ਲੜਾਈ ਦੋ ਵਰਗਾਂ ਵਿਚ ਸਪਸ਼ਟ ਤੇ ਸਾਫ਼ ਹੈ। ਪੂੰਜੀ ਤੇ ਕਿਰਤ ਦਰਮਿਆਨ ਵਿਰੋਧਤਾਈ ਆਪਣੀ ਉਸ ਸਿਖਰ 'ਤੇ ਹੀ ਪਹੁੰਚ ਗਈ ਹੈ ਜਿਹੜੀ 100 ਸਾਲ ਪਹਿਲਾਂ ਦੇ ਦੌਰ 'ਚ ਸੀ। ਉਸ ਸਮੇਂ ਮਜ਼ਦੂਰ ਲਹਿਰ ਇਕ ਤਾਕਤਵਰ ਤੇ ਅਗਲੇਰੀ ਸੰਘਰਸ਼ਸ਼ੀਲ ਕਤਾਰ ਵਿਚ ਸੀ, ਜਿਹਨੇ ਇਤਿਹਾਸ ਨੂੰ ਕਰਵੱਟ ਦੇਣ ਵਿਚ ਅਹਿਮ ਭੂਮਿਕਾ ਨਿਭਾਈ। ਅਜੋਕੇ ਦੌਰ ਦੀ ਪੂੰਜੀ ਨੇ ਸਭ ਤੋਂ ਵੱਧ ਤੇ ਖਤਰਨਾਕ ਹਮਲੇ ਮਜ਼ਦੂਰ ਵਰਗ ਉਤੇ ਹੀ ਕੀਤੇ ਹਨ। ਬੀਤੇ ਇਤਿਹਾਸ ਤੋਂ ਸਿੱਖਿਆ ਤੇ ਪ੍ਰੇਰਣਾ ਲੈ ਕੇ ਅੱਗੇ ਵਧਣ ਦੀ ਕਲਪਨਾ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਉਸ ਬੀਤੇ 'ਤੇ ਨਿਗਾਹ ਮਾਰੀਏ ਜਿਥੇ ਜਾਬਰ ਤੇ ਬਦਤਰ ਸਮਾਜ ਨੂੰ ਸਭਿਅਕ ਸਮਾਜ ਵੱਲ ਲਿਜਾਣ ਦੇ ਹੰਭਲੇ ਮਾਰੇ ਗਏ ਤੇ ਅੱਜ ਜਿਨ੍ਹਾਂ ਕੁ ਸਭਿਅਕ ਬਣਿਆ, ਉਸ ਨੂੰ ਫਿਰ ਜ਼ਾਬਰ ਤੇਜਾਂਗਲੀ ਭਾਵ ਬਦਤਰ ਸਮਾਜ ਵੱਲ ਧਕਿਆ ਜਾ ਰਿਹਾ ਹੈ ਜਿਹੜਾ ਮਨੁੱਖ ਦੇ ਰਹਿਣ ਦੇ ਕਾਬਲ ਨਹੀਂ।

ਸੌ ਸਾਲ ਪਹਿਲਾਂ ਜਦੋਂ ਦੁਨੀਆ ਦੀ ਰਾਜਨੀਤੀ ਦੇ ਮੰਚ ਉਤੇ ਹਿਟਲਰ ਤੇ ਮਸੋਲੀਨੀ ਪ੍ਰਗਟ ਹੋਏ ਸਨ ਤਾਂ ਉਨ੍ਹਾਂ ਦੀ ਵੱਖ-ਵੱਖ ਢੰਗਾਂ ਨਾਲ ਵਿਆਖਿਆ ਹੋਈ ਸੀ। ਇਥੇ ਹੀ ਨਹੀਂ ਪਹਿਲੀ ਸੰਸਾਰ ਜੰਗ ਤੇ ਦੂਸਰੀ ਸੰਸਾਰ ਜੰਗ ਦੇ ਸਮੇਂ ਦੇ ਦੌਰਾਨ ਪੂੰਜੀਵਾਦੀ ਦੁਨੀਆ 'ਚ ਜੋ ਕੁਝ ਵਾਪਰਿਆ, ਉਹਨੇ ਦੁਨੀਆ ਦੇ ਲੋਕਾਂ ਦੇ ਪੁਰਾਣੇ ਵਿਸ਼ਵਾਸਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਲੱਖਾਂ ਕਰੋੜਾਂ ਲੋਕ ਜੰਗ ਤੇ ਭੁੱਖ ਮਹੀਨੇ ਨਿਗਲ ਲਈ, ਭਿਆਨਕ ਤਬਾਹੀਆਂ ਦੇ ਮੰਜ਼ਿਰ ਸਾਹਮਣੇ ਆਏ। ਇਕ ਪਾਸੇ ਖ਼ੂੰਖਾਰ ਮਗੋਲਿਨੀ ਤੇ ਹਿਟਲਰ ਵਰਗੇ ਦੈਂਤਾਂ ਨੂੰ ਨਾਇਕ ਦੇ ਤੌਰ ਸਾਹਮਣੇ ਲਿਆਂਦਾ ਜਾ ਰਿਹਾ ਸੀ। ਦੂਸਰੇ ਪਾਸੇ ਸਮੁੱਚੀ ਦੁਨੀਆ ਵਿਚ ਇਸ ਹਨ੍ਹੇਰੇ ਅਤੇ ਅਸਭਿਅਕ ਯੁੱਗ 'ਚ ਤਬਦੀਲੀ ਦੀ ਤਾਂਘ ਉਂਟੀ। ਪੱਛਮੀ ਤੇ ਪੂੰਜੀਵਾਦੀ ਸਭਿਅਤਾ ਦੇ ਖ਼ੂੰਖਾਰ ਚਿਹਰੇ ਤੋਂ ਛੁਟਕਾਰਾ ਪਾਉਣ ਲਈ ਜੋ ਬਦਲ ਸਾਹਮਣੇ ਆ ਰਿਹਾ ਸੀ, ਲੋਕਾਈ ਨੇ ਉਹਨੂੰ ਭਰਵਾਂ ਹੁੰਗਾਰਾ ਦਿੱਤਾ। ਪੂਰਾ ਵਾਤਾਵਰਣ ਅਜਿਹਾ ਬਣਿਆ ਕਿ ਬੁੱਧੀਜੀਵੀਆਂ, ਸਾਹਿਤਕਾਰਾਂ, ਕਲਮ ਨਵੀਸਾਂ, ਕਲਾ ਤੇ ਕਾਵਿ ਪ੍ਰੇਮੀਆਂ ਦੀ ਕਲਪਨਾ 'ਚ ਨਵੀਂ ਰੂਹ ਫੂਕੀ ਗਈ। 'ਹਨ੍ਹੇਰਿਆਂ ਵਿਚ ਵੀ ਗੀਤ' ਗਾਉਣ ਗੱਲ ਕਲਪਨਾ ਨਾ ਰਹੀ, ਯਥਾਰਥ ਬਣ ਕੇ ਸਾਹਮਣੇ ਆਈ। ਇਹ ਵਿਆਪਕ ਵਿਸ਼ਵ ਚਿੰਤਨ ਦਾ ਹਿੱਸਾ ਬਣਿਆ।

ਅੱਜ 100 ਸਾਲਾਂ ਪਿਛੋਂ ਚੀਜ਼ਾਂ ਹੋਰ ਜ਼ਿਆਦਾ ਸਾਫ਼ ਤੇ ਸਪਸ਼ਟ ਹੋ ਗਈਆਂ ਹਨ। ਅੱਜ ਬੀਤੇ ਉਤੇ ਨਿਗ੍ਹਾ ਮਾਰਦਿਆਂ ਅਸੀਂ ਦੇਖ ਸਕਦੇ ਹਾਂ ਕਿ ਹਕੀਕਤ ਵਿਚ ਉਦੋਂ ਕੀ ਹੋ ਰਿਹਾ ਸੀ। ਉਸ ਦੌਰ 'ਚ ਅਸਲ ਵਿਚ ਉਸ ਤੋਂ ਪਹਿਲਾਂ ਦੇ ਤਿੰਨ ਚਾਰ ਸੌ ਸਾਲਾਂ ਵਿਚ ਜਿਹੜੀ ਪੂੰਜੀਵਾਦੀ ਵਿਵਸਥਾ ਲਗਾਤਾਰ ਹੋਂਦ ਵਿਚ ਆਈ ਸੀ, ਉਹਦਾ ਪੁਨਰ ਗਠਨ ਹੋ ਰਿਹਾ ਸੀ। ਪੂੰਜੀਵਾਦੀ ਪ੍ਰਬੰਧ ਵਾਲੇ ਦੇਸ਼ਾਂ ਦੇ ਅੰਦਰ ਇਹ ਪ੍ਰਬੰਧ ਖੁੱਲ੍ਹੇ ਮੁਕਾਬਲੇ ਵਾਲਾ ਪ੍ਰਬੰਧ ਸੀ, ਜਿਸ 'ਚ ਸੀਮਤ ਪੱਧਰ ਦੀ ਜਮਹੂਰੀਅਤ ਸੀ। ਪੂੰਜੀਵਾਦ ਦੇਸ਼ਾਂ ਤੋਂ ਬਾਹਰ ਇਹ ਪ੍ਰਬੰਧ ਬਸਤੀਵਾਦੀ ਸਾਮਰਾਜੀ ਪ੍ਰਬੰਧ ਦਾ ਤਾਣਾ ਬਾਣਾ ਸੀ। ਕੁਝ ਕੁ ਮੁੱਠੀ ਭਰ ਪੱਛਮੀ ਦੇਸ਼ਾਂ ਨੇ ਬਾਕੀ ਦੁਨੀਆ ਉਤੇ ਕਬਜ਼ਾ ਕੀਤਾ ਹੋਇਆਸੀ ਤੇ ਬਸਤੀਵਾਦੀ ਰਾਜ ਪ੍ਰਬੰਧ ਤੇ ਪ੍ਰਬੰਧਕੀ ਢਾਂਚਾ ਜਾਬਰ ਤੇ ਤਾਨਾਸ਼ਾਹ ਸੀ। ਇਥੇ ਲੋਕਾਈ ਗੁਲਾਮੀ ਦੀ ਅਵਸਥਾ ਵਿਚ ਸੀ। ਉਧਰ ਪੂੰਜੀਵਾਦੀ ਦੇਸ਼ ਇਕ ਦੂਸਰੇ ਤੋਂ ਬਸਤੀਆਂ ਖੋਹਣ ਦੀ ਹੋੜ ਵਿਚ ਲੱਗੇ ਹੋਏ ਸਨ।

ਇਸ ਵਿਵਸਥਾ ਨੂੰ ਚੁਣੌਤੀ ਮਜ਼ਦੂਰ ਅੰਦੋਲਨ ਦੇ ਰਿਹਾ ਸੀ ਜਿਹੜਾ ਇਕ ਮਜ਼ਬੂਤ ਤਾਕਤ ਦੇ ਤੌਰ 'ਤੇ 20ਵੀਂ ਸਦੀ ਦੇ ਸ਼ੂ ਵਿਚ ਹੀ ਉਭਰ ਚੁੱਕਾ ਸੀ। ਜਿਸ ਨੇ ਸਮੁੱਚੇ ਯੂਰਪ ਤੋਂ ਲੈ ਕੇ ਵਿਸ਼ਵ ਤੱਕ ਨੂੰ ਆਪਣੇ ਕਲਾਵੇ ਵਿਚ ਲੈ ਰੱਖਿਆ ਸੀ। ਦੁਨੀਆ 'ਚ ਗੁਲਾਮੀ ਤੋਂ ਮੁਕਤੀ ਦੀ ਤਾਂਘ ਪ੍ਰਬਲ ਹੋ ਰਹੀ ਸੀ। ਇਕ ਪਾਸੇ ਬਸਤੀਆਂ 'ਚ ਕੌਮੀ ਮੁਕਤੀ ਦੀ ਹੋੜ, ਬਰਾਬਰੀ, ਭਾਈਚਾਰਾ ਤੇ ਆਜ਼ਾਦੀ ਦੀਆਂ ਸੁਰਾਂ ਉਚੀਆਂ ਹੋ ਰਹੀਆਂ ਸਨ, ਦੂਸਰੇ ਪਾਸੇ ਪਿਛਾਖੜੀ ਤੇ ਪੂੰਜੀਵਾਦ ਨਿਜ਼ਾਮ ਤੋਂ ਮੁਕਤੀ ਦੇ ਰੋਹਲੇ ਨਾਅਰੇ ਉਠ ਰਹੇ ਸਨ। 1914 ਤੋਂ ਲੈ ਕੇ ਦੂਸਰੀ ਸੰਸਾਰੀ ਜੰਗ ਦੇ ਖਾਤਮੇ ਤੱਕ ਵਾਲੇ ਤੀਹ ਸਾਲ ਇਨ੍ਹਾਂ ਯੁੱਗ ਗਰਦੀਆਂ ਦੇ ਦੌਰ ਹੀ ਹਨ। ਇਹੀ ਦੌਰ ਜਿਸ 'ਚ ਪੂੰਜੀਵਾਦੀ ਆਰਥਿਕ ਸੰਕਟ ਇਕ ਤੋਂ ਦੂਜੀ ਸਿਖਰ 'ਤੇ ਪਹੁੰਚਿਆ, ਇਹੀ ਦੌਰ ਜਦੋਂ ਪੂੰਜੀਵਾਦੀ ਦੇਸ਼ ਇਸ ਸੰਕਟ ਨੂੰ ਯੁੱਧ ਨਾਲ ਹੱਲ ਕਰਨ ਦੇ ਰਾਹ ਪਏ। ਇਹੀ ਦੌਰ ਜਿਸ 'ਚ ਮਜ਼ਦੂਰ ਜਮਾਤ ਨੇ ਆਪਣੇ ਦੁਸ਼ਮਣ ਦੀ ਪਹਿਚਾਣ ਕੀਤੀ ਤੇ ਇਸ 'ਚ ਰੂਸ ਦੇ ਮਜ਼ਦੂਰ ਕਾਮਯਾਬ ਵੀ ਹੋਏ ਜਿਨ੍ਹਾਂ ਨੂੰ ਸੁੰਘੜ ਰੂਸ ਵਿਦਵਾਨਾਂ, ਚਿੰਤਕਾਂ ਤੇ ਆਗੂਆਂ ਦੇ ਪੂਰ ਮਿਲੇ। ਜਿਨ੍ਹਾਂ 'ਚੋਂ ਲੈਨਿਨ ਇਕ ਤੇ ਉਭਰਵਾਂ ਸੀ। ਇਸ ਸਭ ਦੀ ਅਗਵਾਈ ਬਸ਼ੱਕ ਲੈਨਿਨ ਤੇ ਉਹਦੀ ਪਾਰਟੀ ਕਰ ਰਹੀ ਸੀ, ਪਰ ਉਹ ਇਕੱਲਾ ਨਹੀਂ ਸੀ ਉਹਦੇ ਦੁਆਲੇ ਦਰਜਨਾਂ ਚਿੰਤਕ ਤੇ ਵਿਦਵਾਨਾਂ ਦਾ ਸਮੂਹ ਸੀ। ਇਸੇ ਦੌਰ 'ਚ ਜਰਮਨ ਸਮੇਤ ਹੋਰਾਂ ਕਈ ਯੂਰਪੀਨ ਦੇਸ਼ਾਂ ਦੀਆਂ ਮਜ਼ਦੂਰ ਜਮਾਤਾਂ ਦੇ ਅਗਵਾਊ ਖਤਾ ਖਾ ਗਏ, ਜਿਵੇਂ ਰੂਸੀ ਮਜ਼ਦੂਰ ਜਮਾਤ ਦੇ ਅਗਵਾਨੂੰ ਅੰਤਰ ਵਿਰੋਧਾਂ ਨੂੰ ਸਹੀ ਬੁੱਝ ਸਕੇ, ਜਰਮਨੀ ਇਉਂ ਨਾ ਕਰ ਸਕੇ। ਪਹਿਲੀ ਸੰਸਾਰ ਜੰਗ ਨੇ ਮਜ਼ਦੂਰ ਚਿੰਤਨ ਨੂੰ ਸਿਖਰ ਤੱਕ ਲਿਜਾਣ 'ਚ ਅਹਿਮ ਭੂਮਿਕਾ ਨਿਭਾਈ ਤੇ 1917 'ਚ ਪਹਿਲਾ ਮਜ਼ਦੂਰ ਰਾਜ ਕਾਇਮ ਕਰਕੇ ਦੁਨੀਆ ਦੇ ਸਾਹਮਣੇ ਇਕ ਨਵਾਂ ਬਦਲਵਾਂ ਮਾਡਲ ਖੜ੍ਹਾ ਕਰ ਦਿੱਤਾ ਜਿਹਨੇ ਵਿਸ਼ਵ ਦੀ ਆਮ ਲੋਕਾਈ ਸਮੇਤ ਮੱਧ ਵਰਗੀ ਪੂੰਜੀਵਾਦੀ ਚਿੰਤਕਾਂ ਨੂੰ ਵੀ ਹਿਲਾ ਕੇ ਰੱਖ ਦਿੱਤਾ।

ਜੇ ਭਾਰਤ ਵਿਚ ਦੇਖੀਏ ਤਾਂ 1914-

1919 ਤੱਕ ਦਾ ਦੌਰ ਵੀ ਤਰਥੱਲੀਆਂ ਦਾ ਦੌਰ ਰਿਹਾ। 1914 'ਚ ਵੱਡੀ ਗਿਣਤੀ 'ਚ ਵਿਦੇਸ਼ਾਂ 'ਚ ਕੰਮ ਕਰਨ ਗਏ, ਅਜ਼ਾਦੀ ਤੇ ਮੁਕਤੀ ਦੀ ਤਾਂਘ ਲੈ ਕੇ ਭਾਰਤ ਮੁੜੇ। ਇਥੇ ਉਨ੍ਹਾਂ ਅੰਗਰੇਜ਼ੀ ਰਾਜ ਤੋਂ ਮੁਕਤੀ ਲਈ ਚਲ ਰਹੀ ਲੜਾਈ 'ਚ ਨਵੀਂ ਰੂਹ ਫੂਕੀ। ਨਾ ਸਿਰਫ਼ ਜਾਂ-ਬਾਜ਼ ਕੁਰਬਾਨੀਆਂ ਵਜੋਂ, ਸਗੋਂ ਵਿਚਾਰਾਂ ਦੇ ਪੱਖੋਂ ਵੀ ਪਹਿਲੀ ਵਾਰ ਅਜ਼ਾਦੀ ਬਰਾਬਰੀ ਤੇ ਭਾਈਚਾਰੇ ਦਾ ਨਾਹਰਾ ਗੂੰਜਿਆ। ਵਿਸ਼ਵ ਜੰਗ ਦੀ ਤੇ ਆਰਥਿਕ ਸੰਕਟ ਦੀ ਕੁੜਿਕੀ 'ਚ ਫਸੇ ਬਰਤਾਨਵੀ ਹਾਕਮਾਂ ਨੇ ਰਾਜ ਪ੍ਰਬੰਧ ਦੀਆਂ ਜ਼ਾਬਰ ਲਗਾਮਾਂ ਨੂੰ ਹੋਰ ਖਿਚਣ ਲਈ ਜਿਹੜੇ ਭਿਆਨਕ ਕਾਨੂੰਨ ਲਿਆਂਦੇ, ਲੋਕਾਈ ਵਲੋਂ ਇਸ ਦਾ ਵੀ ਸਖ਼ਤ ਵਿਰੋਧ ਹੋਇਆ। 1919 ਜਲ੍ਹਿਆਂਵਾਲਾ ਕਾਂਡ ਅਤੇ ਪਿਛੋਂ ਲਗਾ ਮਾਰਸ਼ਲ ਲਾਅ ਇਹਦੀ ਪ੍ਰਤੱਖ ਗਵਾਹੀ ਹੈ। ਇਸੇ ਦੌਰ 'ਚ ਭਾਰਤੀ ਮਜ਼ਦੂਰ ਲਹਿਰ ਨੇ ਵੀ ਅੰਗੜਾਈ ਲਈ ਜਿਹੜੀ ਦੂਸਰੀ ਸੰਸਾਰ ਜੰਗ ਦੇ ਅੰਤਲੇ ਸਾਲਾਂ ਤੱਕ ਇਕ ਮਜ਼ਬੂਤ ਧਿਰ ਬਣ ਕੇ ਉਭਰ ਆਈ। ਹੁਣ ਅਜ਼ਾਦੀ ਬਰਾਬਰੀ ਤੇ ਭਾਈਚਾਰੇ ਦੇ ਨਾਅਰੇ ਨੂੰ ਵਿਗਿਆਨਕ ਵਿਚਾਰਾਂ ਦੀ ਪਿਉਂਦ ਲੱਗਣ ਪਿਛੋਂ ਸਭ ਤਰ੍ਹਾਂ ਦੀਆਂ ਬਰਾਬਰੀ ਵਿਚ ਆਰਥਿਕ ਬਰਾਬਰੀ ਵੀ ਸ਼ਾਮਲ ਹੋ ਗਈ ਤੇ ਕਲਪਨਾ ਦੇ ਸੁਪਨਿਆਂ 'ਚ ਸਮਾਜਵਾਦ ਦਾ ਸੁਪਨਾ ਅੰਗੜਾਈ ਲੈਣ ਲੱਗਾ।

ਉਧਰ ਪਹਿਲੀ ਸੰਸਾਰ ਜੰਗ ਤੇ ਚਲ ਰਹੇ ਅਥਾਹ ਆਰਥਿਕ ਸੰਕਟ ਨੇ ਇਕ ਨਵੇਂ ਖਤਰਨਾਕ ਰੁਝਾਨ ਨੂੰ ਵੀ ਸਾਹਮਣੇ ਲਿਆਂਦਾ, ਨਾਜ਼ੀਵਾਦ ਤੇ ਫਾਸ਼ੀਵਾਦ ਦੀ ਪਿਉਂਦ ਤੇ ਉਭਾਰ ਦਾ ਇਹੀ ਦੌਰ ਸੀ ਜਿਹਨੇ ਪੂੰਜੀ ਦੇ ਘਿਣਾਉਣੇ ਅਤੇ ਖਤਰਨਾਕ ਚਿਹਰੇ ਨੂੰ ਸੌੜੇ ਰਾਸ਼ਟਰਵਾਦ ਦੇ ਬੁਰਕੇ ਹੇਠ ਲੁਕੋ ਕੇ ਪੇਸ਼ ਕੀਤਾ। ਪੂੰਜੀ ਦੇ ਮਹਾਂਰਥੀਆਂ ਲਈ ਇਹ ਰਾਹ ਬਿਹਤਰ ਸੀ, ਪਰ ਜਦੋਂ ਉਹ ਪੂੰਜੀ ਦੇ ਰਵਾਇਤੀ ਕਿਲ੍ਹਿਆਂ 'ਤੇ ਕਬਜ਼ੇ ਵੱਲ ਵਧਿਆ ਤਾਂ ਉਨ੍ਹਾਂ ਨੂੰ ਇਸ ਦੀ ਭਿਆਨਕਤਾ ਰਾਸ ਨਾ ਆਈ। ਪਰ ਸਾਮਰਾਜੀ ਪੂੰਜੀ ਲਈ ਪਹਿਲਾਂ ਇਸ ਫਾਸ਼ਿਸ਼ਟ ਰੁਝਾਨ ਨੂੰ ਰੋਕਣ ਦੀ ਕੋਈ ਦਿਲਚਸਪੀ ਨਹੀਂ ਸੀ। ਸਗੋਂ ਉਹ ਦੇਖ ਰਹੇ ਸਨ ਕਿ ਮਜ਼ਦੂਰ ਜਮਾਤ ਦੇ ਅਤੇ ਨਵੇਂ ਹਰ ਪੱਖੋਂ ਬਰਾਬਰੀ ਵਾਲੇ ਸੰਕਲਪ ਨੂੰ ਲੈ ਕੇ ਸਥਾਪਤ ਹੋ ਰਿਹਾ ਸਮਾਜਵਾਦੀ ਰੂਸ ਕਿਵੇਂ ਨਾ ਕਿਵੇਂ ਰਾਹ ਤੋਂ ਲਾਂਭੇ ਹੋਵੇ। ਪਰ ਰੂਸੀ ਮਜ਼ਦੂਰਾਂ ਤੇ ਬਾਲਸ਼ਵਿਕਾਂ ਨੇ ਨਾਜ਼ੀਵਾਦੀ ਫਾਂਸੀਵਾਦੀਆਂ ਨੂੰ ਨੱਕੀਂ ਚਣੇ ਚਬਾ ਦਿੱਤੇ ਤੇ ਇਸ ਪਿਛੋਂ ਇਕ ਨਵੀਂ ਦੁਨੀਆ ਹੋਂਦ 'ਚ ਆਈ।

30 ਸਾਲਾਂ ਦੇ ਤਰਥਲੀਆਂ ਦੇ ਦੌਰ ਪਿਛੋਂ ਜਿਹੜੀ ਦੁਨੀਆ ਹੋਂਦ 'ਚ ਆਈ ਉਹ 1914 ਦੀਆਂ ਹਾਲਤਾਂ ਨਾਲੋਂ ਬਹੁਤ ਅੱਗੇ ਸੀ। ਦੁਨੀਆ ਦਾ ਇਕ ਤਿਹਾਈ ਹਿੱਸਾ ਸਮਾਜਵਾਦੀ ਰਾਹ ਨੂੰ ਅਪਣਾ ਚੁੱਕਾ ਸੀ। ਦੁਨੀਆ ਦੇ ਮਜ਼ਦੂਰਾਂ ਨੇ ਦੁਨੀਆ ਦੇ ਤੀਜੇ ਹਿੱਸੇ ਵਿਚੋਂ ਪੂੰਜੀਵਾਦ ਨੂੰ ਚਿੱਤ ਕਰਕੇ ਰੱਖ ਦਿੱਤਾ ਸੀ। ਪੂੰਜੀਵਾਦ ਵੀ ਆਪਣਾ ਚੌਲਾ ਬਦਲਣ ਲਈ ਮਜ਼ਬੂਰ ਹੋਇਆ। ਹੁਣ 'ਖੁੱਲ੍ਹੇ ਮੁਕਾਬਲੇ' ਦੀ ਥਾਂ 'ਕਲਿਆਣਕਾਰੀ ਰਾਜ' ਦੀ ਗੱਲ ਹੋਣ ਲੱਗੀ। ਪੂੰਜੀਵਾਦੀ ਚਿੰਤਕਾਂ ਨੇ ਵੀ ਨਾਗਰਿਕਾਂ ਪ੍ਰਤੀ ਰਾਜ ਦੀਆਂ ਜ਼ਿੰਮੇਵਾਰੀਆਂ ਤਹਿ ਕੀਤੀਆਂ। ਉਨ੍ਹਾਂ ਨੂੰ ਵਿਸ਼ਵ ਹੱਥੋਂ ਜਾਂਦਾ ਦਿਸ ਰਿਹਾ ਸੀ। ਇਥੇ ਹੀ ਨਹੀਂ ਇਸ ਦੌਰ ਨੇ ਬਸਤੀਆਂ ਵਿਚ ਚਲ ਰਹੇ ਆਵਾਮੀ ਸੰਘਰਸ਼ਾਂ ਨੂੰ ਵੀ ਪ੍ਰਭਾਵਿਤ ਕੀਤਾ। 'ਹਨ੍ਹੇਰੇ ਦੇ ਯੁੱਗ 'ਚੋਂ' ਦੁਨੀਆ ਨਵੀਂ ਸਵੇਰ ਦੇ ਯੁੱਗ ਵਿਚ ਦਾਖਲ ਹੋ ਗਈ। ਆਵਾਮ ਤੇ ਮਜ਼ਦੂਰ ਇਕ ਨਾਗਰਿਕ ਬਣਗਏ ਅਤੇ ਉਨ੍ਹਾਂ ਦੀ ਰਾਜ 'ਚ ਹਿੱਸੇਦਾਰੀ ਅਤੇ ਅਧਿਕਾਰ ਚਿੰਤਨ ਹੋਏ। ਇਹ ਵਿਸ਼ਵ ਚਿੰਤਨ ਵਿਚ ਇਕ ਛੜੱਪਾ ਸੀ। ਦੁਨੀਆ ਵਿਚ ਸਭ ਪਾਸੇ ਦੇਸ਼ ਦੇ ਅੰਦਰ ਬਾਹਰ ਜਮਹੂਰੀ ਅਧਿਕਾਰ, ਜਮਹੂਰੀ ਢੰਗ ਤਰੀਕੇ, ਜਮਹੂਰੀ ਸੰਸਥਾਵਾਂ ਤੇ ਜਮਹੂਰੀ ਰਾਜ ਦਾ ਵਿਸਥਾਰ ਹੋ ਰਿਹਾ ਸੀ। ਕੁਝ ਥਾਵਾ ਉਤੇ ਤਾਂ ਦੁਨੀਆ ਹੋਰ ਵੀ ਅੱਗੇ ਜਾ ਰਹੀ ਸੀ। ਰੂਸ ਤੇ ਫਿਰ ਚੀਨ ਨੇ ਪੈਦਾਵਾਰੀ ਸਾਧਨਾਂ ਉਤੇ ਸਮੂਹ ਨਾਗਰਿਕਾਂ ਦੀ ਸਾਂਝੀ ਮਾਲਕੀ ਦੇ ਸਿਧਾਂਤ ਨੂੰ ਅਮਲੀ ਰੂਪ ਦੇ ਦਿੱਤਾ ਸੀ ਅਤੇ ਹਰ ਨਾਗਰਿਕ ਦੀ ਬਰਾਬਰ ਦੀ ਹਿੱਸੇਦਾਰੀ ਨੂੰ ਸੁਨਿਸਚਿਤ ਕਰ ਦਿੱਤਾ ਸੀ। ਪੂੰਜੀਵਾਦੀ ਦੇਸ਼ਾਂ ਵਿਚ ਵੀ ਲੋਕਾਈ ਨੂੰ ਖੁੱਲ੍ਹੇ ਸਾਹ ਲੈਣ ਦੇ ਮੌਕੇ ਮਿਲ ਗਏ ਸਨ।

ਇਸ ਤੋਂ 30 ਸਾਲ ਪਹਿਲਾਂ ਜੇ ਲੋਕ ਪ੍ਰਬੰਧ ਵਿਚ ਘੁਟਨ ਮਹਿਸੂਸ ਕਰ ਰਹੇ ਸਨ ਜਾਂ ਪ੍ਰਬੰਧ ਹੱਥੋਂ ਬਦਜਨ ਸਨ ਤਾਂ ਇਹ ਸਿਰਫ਼ ਭਰਮ ਹੀ ਨਹੀਂ ਸੀ। ਲੋਕ ਸਮੁੱਚੀ ਮਨੁੱਖੀ ਨੂੰ 'ਹਨ੍ਹੇਰੇ ਦੇ ਯੁੱਗ' ਦੇ ਪਸਾਰ ਦੀ ਗ੍ਰਿਫ਼ਤ ਵਿਚ ਆਉਣ ਦੀ ਗੱਲ ਕਰ ਰਹੇ ਸਨ ਤਾਂ ਇਹ ਸਿਰਫ਼ ਕਲਪਨਾ ਹੀ ਨਹੀਂ ਸੀ। ਲੋਕ ਜਦੋਂ ਸਭਿਅਤਾ ਦੇ ਸੰਕਟ ਅਤੇ ਪਤਨ ਦੀ ਗੱਲ ਕਰ ਰਹੇ ਸਨ ਤਾਂ ਇਹ ਉਨ੍ਹਾਂ ਦੇ ਉਦਾਸੀ ਭਰੇ ਮਨ ਦੀ ਭਾਵਨਾ ਨਹੀਂ ਸੀ। ਵਿਸ਼ਵ ਆਰਥਿਕ ਸੰਕਟ ਆਪਣੀ ਸਿਖਰ ਉਤੇ ਸੀ ਜਦੋਂ ਹਿਟਲਰ ਜਰਮਨੀ ਵਿਚ ਸੱਤਾ 'ਤੇ ਕਾਬਜ਼ ਹੋਇਆ ਸੀ ਤਾਂ ਉਦੋਂ ਹੀ ਇਕ ਨਵੀਂ ਸੰਸਾਰ ਜੰਗ ਦਾ ਖਤਰਾ ਸਿਰ ਆ ਖਲੋਤਾ ਸੀ। ਪੂੰਜੀਵਾਦੀ ਦੁਨੀਆ ਦੇ ਵੀ ਬਹੁਤ ਘੱਟ ਲੋਕ ਸਨ, ਜਿਹੜੇ ਕੋਈ ਉਮੀਦ ਦੀ ਕਿਰਨ ਵੇਖ ਸਕਣ ਦੇ ਸਮਰੱਥ ਸਨ। ਉਨ੍ਹਾਂ ਨੂੰ 'ਹਨ੍ਹੇਰੇ ਦਾ ਯੁੱਗ' ਹੀ ਦਿਖਾਈ ਦੇ ਰਿਹਾ ਸੀ। ਪੂੰਜੀਵਾਦੀ ਚਿੰਤਕ ਵੀ ਉਲਝੇ ਹੋਏ ਤੇ ਨਿਰਾਸ਼ ਸਨ। ਇਸ ਮੌਕੇ ਸਿਰਫ਼ ਦੁਨੀਆ ਦੀ ਮਜ਼ਦੂਰ ਲਹਿਰ ਅਤੇ ਉਨ੍ਹਾਂ ਸਭ ਤੋਂ ਉਭਰਵੇਂ ਕੇਂਦਰ ਸੋਵੀਅਤ ਸਮਾਜਵਾਦ ਦੇ ਖੇਮੇ ਵਿਚ ਹੀ ਉਮੀਦ ਦੀ ਇਕ ਕਿਰਨ ਦਿਖਾਈ ਦੇ ਰਹੀ ਸੀ। ਜਦੋਂ ਵਿਸ਼ਵ ਨਿਰਾਸ਼ਾ ਦੇ ਦੌਰ 'ਚ ਡੁੱਬਾ ਸੀ, ਤਾਂ ਆਸ ਦੀ ਕਿਰਨ ਸਿਰਫ਼ ਮਜ਼ਦੂਰਾਂ ਕੋਲ ਹੀ ਸੀ।

ਇਤਿਹਾਸ ਦੇ ਉਪਰੋਕਤ ਪੰਨਿਆਂ 'ਤੇ ਨਿਗਾਹ ਮਾਰਨੀ ਜਾਂ ਯਾਦ ਕਰਨ ਦਾ ਇਕ ਮੰਤਵ ਹੈ। ਵਿਸ਼ੇਸ਼ ਕਰਕੇ ਅੱਜ ਦੇ ਦੌਰ ਵਿਚ ਇਕ ਖਾਸ ਮੰਤਵ। ਕਿਉਂਕਿ ਅੱਜ ਫਿਰ ਇਕ ਵਾਰ ਵਿਸ਼ਵ ਪੂੰਜੀਵਾਦ ਦੁਨੀਆ ਨੂੰ 'ਹਨ੍ਹੇਰੇ ਦੇ ਯੁੱਗ' ਵੱਲ ਧੱਕਣ ਦੇ ਆਹਰ 'ਚ ਲੱਗਾ ਹੋਇਆ ਹੈ। ਇਹ ਪਹਿਲਾਂ ਨਾਲੋਂ ਵੀ ਖਤਰਨਾਕ ਢੰਗ ਨਾਲ। ਇਕ ਵਾਰ ਫੇਰ ਮਨੁੱਖਤਾ ਦਾ ਭਵਿੱਖ ਖਤਰੇ ਵਿਚ ਦਿਖਾਈ ਦੇ ਰਿਹਾ ਹੈ। ਵਿਸ਼ਵ ਲੋਕਾਈ ਵਿਚ ਪੂੰਜੀਵਾਦੀ ਦੁਨੀਆ ਵਿਚ ਕਿਸੇ ਉਮੀਦ ਦੀਆਂ ਕਿਰਨਾਂ ਕਿਸੇ ਪਾਸਿਓਂ ਦਿਸ ਨਹੀਂ ਰਹੀਆਂ। ਇਹ ਸਭ ਕੁਝ ਆਧਾਰਹੀਣ ਨਹੀਂ ਹੈ। ਭਾਰਤ ਵਿਚ ਨਰੇਂਦਰ ਮੋਦੀ, ਅਮਰੀਕਾ ਦੇ ਡੋਨਲਡ ਟਰੰਪ, ਯੂਕਰੇਨ ਦਾ ਜੇਲੰਨਸਕੀ, ਰੂਸ ਦਾ ਪੁਤਿਨ ਅਤੇ ਇਜ਼ਰਾਇਲ ਦਾ ਨੇਤਰਯਾਹੂ ਇਸ ਜ਼ਮਾਨੇ ਦੇ ਪ੍ਰਤੀਕ ਪੁਰਸ਼ ਹਨ। ਇਹ ਉਸ ਦਾ ਪ੍ਰਤੀਕ ਹਨ ਜੋ ਕੁਝ ਗਾਜਾ 'ਚ ਹੋ ਰਿਹਾ ਹੈ। ਗਾਜ਼ਾ ਇਕ ਟਰੇਲਰ ਹੈ, ਇਹਦਾ ਪਸਾਰ ਪੂਰੇ ਵਿਸ਼ਵ ਤੱਕ ਫੈਲਣਾ ਹੈ। ਭਾਰਤ ਵਿਚ ਮਨੀਪੁਰ ਵਿਚ ਜੋ ਚਲ ਰਿਹਾ ਹੈ, ਇਹ ਉਹ ਤਜਰਬਾ ਹੈ ਜਿਹਨੂੰ ਹਰ ਪਾਸੇ ਪਸਾਰ ਮਿਲਣਾ ਹੈ। ਵਿਸ਼ਵੀ ਪੂੰਜੀ ਅਥਾਹ ਸੰਕਟ 'ਚ ਹੈ ਅਤੇ ਉਹ ਆਪਣੇ ਮੁਨਾਫ਼ੇ ਤੇ ਪੂੰਜੀ ਦੇ ਕੇਂਦਰੀਕਰਨ ਲਈ ਪਾਗਲਾਨਾ ਹੱਦ ਤੱਕ ਮਨੁੱਖਤਾ ਦੇ ਖੂਨ 'ਚ ਨਹਾਉਣ ਤੋਂ ਗੁਰੇਜ਼ ਨਹੀਂ ਕਰੇਗੀ।



ਚਿੰਤਾ ਦੀ ਗੱਲ ਇਹ ਹੈ ਕਿ ਉਪਰੋਕਤ ਸਾਰੇ 'ਪ੍ਰਤੀਕ ਪਰਸ਼ਾ' ਨੂੰ 'ਲੋਕ ਭਾਵਨਾ' ਦਾ ਪ੍ਰਗਟਾਅ ਹਨ। ਘੋਰ ਨਿਰਾਸ਼ਾ ਇਥੋਂ ਹੀ ਜਨਮ ਲੈਂਦੀ ਹੈ। ਭਾਰਤ ਵਿਚ ਸਾਰੇ ਭਾਜਪਾ ਤੇ ਸੰਘੀ ਹਮਾਇਤੀ ਜਦੋਂ ਗਾਜ਼ਾ ਕਤਲੇਆਮ ਉਤੇ ਜਸ਼ਨ ਮਨਾ ਰਹੇ ਹੋਣ ਅਤੇ ਇਥੇ ਇਕ ਵਰਗ ਨਾਲ ਅਜਿਹਾ ਵਿਓਹਾਰ ਕਰਨ ਦੇ ਪ੍ਰਵਚਨ ਦੇ ਰਹੇ ਹੋਣ ਤਾਂ ਚਿੰਤਾ ਤੇ ਹਨ੍ਹੇਰੇ ਦਾ ਆਲਮ ਦਿਖਾਈ ਦਿੰਦਾ ਹੈ। ਇਨ੍ਹਾਂ ਦੀ ਗਿਣਤੀ ਕੋਈ ਘੱਟ ਨਹੀਂ। ਐਨੀ ਕੁ ਗਿਣਤੀ ਤਾਂ ਹੈ ਜਿਸ ਦੇ ਬਲਬੂਤੇ ਭਾਜਪਾ ਸੱਤਾ ਉਤੇ ਬਿਰਾਜਮਾਨ ਹੈ। ਅਮਰੀਕਾ ਵਿਚ ਅਮਰੀਕੀ ਲੋਕਾਈ ਡੋਨਲਡ ਟਰੰਪ ਦੇ ਫੁਕਰੇ ਤੇ ਗੁੰਡੇ ਚਰਿੱਤਰ ਤੋਂ ਚੰਗੀ ਤਰ੍ਹਾਂ ਵਾਕਿਫ਼ ਸੀ ਤੇ ਹੈ, ਪਰ ਫੇਰ ਵੀ ਦੁਬਾਰਾ ਕੁਰਸੀ 'ਤੇ ਬਿਠਾਉਣ ਲਈ ਵੋਟ ਦਿੱਤੇ ਹਨ। ਬੇਸ਼ੱਕ ਉਹ ਕੁੱਲ ਵੋਟਾਂ ਵਿਚੋਂ ਇਕ ਚੌਥਾਈ ਵੋਟਾਂ ਹੀ ਕਿਉਂ ਨਾ ਲੈ ਕੇ ਗਿਆ ਹੋਵੇ, ਇਸੇ ਵੋਟਾਂ ਦੇ ਦਮ ਉਤੇ ਉਹ ਫੁਕਰਾ ਗੁੰਡਾ ਨਾ ਸਿਰਫ਼ ਅਮਰੀਕੀਆਂ ਸਗੋਂ ਬਾਕੀ ਵਿਸ਼ਵ ਦੇ ਲੋਕਾਂ ਦੀ ਕਿਸਮਤ ਦਾ ਫੈਸਲਾ ਵੀ ਕਰੇਗਾ। ਮੋਦੀ, ਟਰੰਪ ਜਾਂ ਨੇਤਨਯਾਹੂ ਵਰਗੇ ਤਾਨਾਸ਼ਾਹ ਪ੍ਰਵਿਰਤੀਆਂ ਵਾਲੇ ਸੰਯੋਗਵਸ ਜਾਂ ਘਟਨਾਵਾਂ ਦੇ ਖਾਸ ਪ੍ਰਵਾਹ ਕਰਕੇ ਅੱਜ ਉਥੇ ਨਹੀਂ ਹਨ, ਜਿਥੇ ਉਹ ਹਨ। ਉਹ ਜਿਥੇ ਹਨ, ਉਥੇ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਹਮਾਇਤੀ ਉਨ੍ਹਾਂ ਬਾਰੇ ਕਿਸੇ ਭਰਮ ਭੁਲੇਖੇ ਵਿਚ ਨਹੀਂ ਹਨ। ਉਨ੍ਹਾਂ ਦੇ ਹਮਾਇਤੀ ਜਾਣਦੇ ਹਨ ਕਿ ਉਹ ਭਲੇਪੁਰਸ਼ ਨਹੀਂ, ਗੁੰਡੇ ਬਦਮਾਸ਼, ਅਪਰਾਧੀ ਤੇ ਦੁਸ਼ਟ ਲੋਕ ਹਨ, ਪਰ ਫੇਰ ਵੀ ਉਹ ਉਨ੍ਹਾਂ ਦੀ ਜੈ ਜੈ ਕਾਰ ਕਰ ਰਹੇ ਹਨ। ਉਹ ਉਨ੍ਹਾਂ ਦੇ ਨਾਇਕ ਹਨ। ਹਮਾਇਤੀਆਂ ਵਿਚ ਕਿਹੜੇ ਵੀ, ਘਟੀਆ, ਨਫ਼ਰਤ ਕਰਨ ਯੋਗ ਜਾਂ ਮਨੁੱਖਤਾ ਵਿਰੋਧੀ ਹਨ। ਉਹ ਉਨ੍ਹਾਂ ਦੇ ਮੂਰਤੀਮਾਨ ਰੂਪ ਹੈ। ਇਸੇ ਲਈ ਉਹ ਉਨ੍ਹਾਂ ਦੇ ਨਾਇਕ ਹਨ। ਅਜਿਹੇ ਕਿਸੇ ਵੀ ਆਦਮੀ ਨੂੰ ਆਮ ਲੋਕ ਆਪਣੀ ਜ਼ਿੰਦਗੀ ਤੇ ਜੀਵਨ ਵਿਚ ਆਪਣੇ ਨੇੜੇ ਨਹੀਂ ਵੇਖਣਾ ਚਾਹੁੰਦੇ, ਅਜਿਹੇ ਲੋਕਾਂ ਦਾ ਗਵਾਂਢ ਵੀ ਨਹੀਂ ਚਾਹੁੰਦੇ, ਨਾ ਦੋਸਤ ਮਿੱਤਰਜਾਂ ਰਿਸ਼ਤੇਦਾਰ ਜਾਂ ਸੰਗੀ ਸਾਥੀ ਦੇ ਤੋਰ 'ਤੇ ਵੇਖਣਾ ਚਾਹੁੰਦੇ ਹਨ। ਪਰ ਰਾਜਨੀਤਕ ਨਾਇਕ ਦੇ ਤੌਰ 'ਤੇ ਲੋਕ ਅਜਿਹੇ ਲੋਕਾਂ ਉਤੇ ਕਿਉਂ ਫਿਦਾ ਹਨ? ਬਸ ਇਹੋ ਵਜ੍ਹਾ ਹੈ ਕਿ ਮੋਦੀ, ਟਰੰਪ ਤੇ ਨੇਤਹਯਾਹੂ ਵਰਗੇ ਧਿਰਕਾਰੇ ਲੋਕ ਸਾਡੇ ਸਮੇਂ ਦੇ ਨਾਇਕ ਹਨ। ਇਕ ਸਭਿਅਕ ਸਮਾਜ ਕਿਸ ਪਾਸੇ ਵਧ ਰਿਹਾ ਹੈ।


ਕਹਾਵਤ ਤਾਂ ਇਹਹੈ ਕਿ 'ਜੈਸਾ ਰਾਜਾ ਵੈਸੀ ਪਰਜਾ' ਤੇ ਇਹ ਇਉਂ ਵੀ ਕਿਹਾ ਜਾ ਸਕਦਾ ਹੈ "ਜੈਸੀ ਪਰਜਾ ਵੈਸਾ ਰਾਜਾ'। ਭਾਵ ਲੋਕ ਜਿਹੋ ਜੇਹੇ ਅੰਦਰੋਂ ਖ਼ੁਦ ਹੁੰਦੇ ਹਨ ਉਨ੍ਹਾਂ ਨੂੰ ਅਜਿਹਾ ਹੀ ਨਾਇਕ ਮਿਲਦਾ ਹੈ ਜੋ ਬਾਹਰੋਂ ਅਜਿਹਾ ਹੁੰਦਾ ਹੈ ਪਰ ਯਥਾਰਥ ਇਹ ਹੈ ਕਿ ਲੋਕਾਂ ਦੀ ਅਜਿਹੀ ਮਾਨਸਿਕਤਾ ਪਹਿਲਾਂ ਖ਼ੁਦ ਵਿਵਸਥਾ ਤੇ ਉਹਦਾ ਢਾਂਚਾ ਹੀ ਬਣਾਉਂਦਾ ਹੈ ਅਤੇ ਅਜੋਕੇ ਯੁੱਗ ਵਿਚ ਜਿਥੇ ਮੀਡੀਆ ਦੇ ਤੰਤਰ ਦੀ ਇਕ ਭਿਆਨਕ ਪੱਧਰ ਦੀ ਭੂਮਿਕਾ ਹੈ, ਉਹ ਲੋਕਾਂ ਦੀ ਮਾਨਸਿਕਤਾ ਵਿਚ ਉਹ ਸਭ ਕੁਝ ਪਿਉਂਦ ਰਿਹਾ ਹੈ। ਜਿਸ 'ਚੋਂ ਉਹ ਅਜਿਹੇ ਜਾਂਗਲੀ ਪ੍ਰਵਿਰਤੀ ਵਾਲੇ ਨਾਇਕਾਂ ਨੂੰ ਨਾ ਸਿਰਫ਼ ਚੁਣਦੇ ਹਨ ਸਗੋਂ ਉਨ੍ਹਾਂ ਦੇ ਕੁਬੋਲਾਂ ਉਤੇ ਵੀ ਗੱਦ ਗੱਦ ਹੋ ਉਠਦੇ ਹਨ। ਮੋਦੀ, ਟਰੰਪ ਜਾਂ ਨੇਤਨਯਾਹੂ ਵਰਗੇ ਮਨੁੱਖਤਾ ਦੇ ਕਾਤਲ, ਖੂਨ ਦੇ ਪਿਆਸੇ, ਸੱਤਾ ਹਾਸਲ ਕਰਨ ਲਈ ਤੇ ਉਹਨੂੰ ਬਣਾਈ ਰੱਖਣ ਲਈ ਬੁਰੇ ਦੀ ਹੱਦ ਤੱਕ ਜਾਣ ਤੋਂ ਗੁਰੇਜ਼ ਨਹੀਂ ਕਰਦੇ ਅਤੇ ਅਫ਼ਸੋਸ ਕਿ ਇਸ ਪਾਗਲਪਨ ਵਿਚ ਲੋਕਾਂ ਦਾ ਇਕ ਹਿੱਸਾ ਵੀ ਜਾਂਗਲੀ ਇੱਜੜ ਵਾਂਗੂ ਉਨ੍ਹਾਂ ਦੀਆਂ ਖਾਹਿਸਾਂ ਉਤੇ ਅਮਲ ਕਰਦਾ ਹੈ।

ਕੀ ਮਨੁੱਖ ਇਕ ਵਾਰ ਫਿਰ ਵਹਿਸ਼ੀ ਜਾਂਗਲੀ ਕਬੀਲਿਆਈ ਯੁੱਗ ਵੱਲ ਵਧ ਰਿਹਾ ਹੈ। ਉਹਦੇ ਅੰਦਰ ਆਦਮ ਮਨੁੱਖੀ ਪ੍ਰਵਿਰਤੀਆਂ ਜਾਗ ਰਹੀਆਂ ਹਨ। ਯਾਦ ਹੋਵੇਗਾ, ਕਬੀਲਿਆਈ ਯੁੱਗ 'ਚ ਹਰ ਕਬੀਲਾ ਦੂਸਰੇ ਦਬੀਲੇ ਨੂੰ ਇਨਸਾਨ ਮੰਨਦਾ ਹੀ ਨਹੀਂ ਸੀ ਅਤੇ ਜਿਥੇ ਦੋ ਕਬੀਲੇ ਆਹਮਣੇ ਸਾਹਮਣੇ ਹੋ ਜਾਂਦੇ ਸਨ, ਉਥੇ ਖੂੰਖਾਰ ਟੱਕਰ ਹੁੰਦੀ ਸੀ ਅਤੇ ਇਕ ਕਬੀਲੇ ਦਾ ਖਾਤਮਾ ਜ਼ਰੂਰੀ ਸੀ ਤੇ ਬਚੇ ਖੁੱਚਿਆਂ ਨੂੰ ਗੁਲਾਮ ਬਣਨ ਲਈ ਮਜ਼ਬੂਰ ਹੋਣਾ ਪੈਂਦਾਸੀ। ਉਸ ਯੁੱਗ ਵਿਚ ਤਾਂ ਇਹ ਵੀ ਪ੍ਰਚਲਤ ਸੀ ਕਿ ਦੂਸਰੇ ਕਬੀਲੇ ਦੇ ਲੋਕਾਂ ਨੂੰ ਮਾਰ ਕੇ ਖਾ ਵੀ ਜਾਂਦੇ ਸਨ। ਅੱਜ ਵੀ ਅਸੀਂ ਉਧਰ ਹੀ ਵੱਧ ਰਹੇ ਹਾਂ। ਅੱਜ ਜਿਹੜੇ ਧਾਰਮਿਕ ਵਹਿਸ਼ੀਪਣਾ, ਕੌਮੀ ਟਕਰਾਅ, ਅਪ੍ਰਵਾਸੀਆਂ ਪ੍ਰਤੀ ਨਫ਼ਰਤ ਅਤੇ ਆਮ ਤੌਰ 'ਤੇ ਆਪਣੇ ਤੋਂ ਅਲੱਗ ਦਿਖਣ ਵਾਲਿਆਂ ਪ੍ਰਤੀ ਪਰਾਏਪਨ ਦੀ ਭਾਵਨਾ, ਇਹ ਉਸੇ ਕਬੀਲਿਆਈ ਜਾਂ ਆਦਿਮ ਸਮਾਜ ਵੱਲ ਵਧਣ ਦੀਆਂ ਨਿਸ਼ਾਨੀਆਂ ਹੀ ਤਾਂ ਹਨ। ਇਥੇ ਅਸੀਂ ਭਾਰਤ ਵਿਚ ਮੁਸਲਮਾਨਾਂ ਪ੍ਰਤੀ ਜੋ ਭਿਆਨਕ ਪੱਧਰ ਦੀ ਨਫ਼ਰਤ ਤੇ ਮਾਨਸਿਕਤਾ ਪ੍ਰੋਸੀ ਜਾ ਰਹੀ ਹੈ। 500 ਸਾਲਾਂ ਦੇ ਚਲੇ ਆ ਰਹੇ ਭਾਈਚਾਰੇ ਤੇ ਸਮਾਜ ਨੂੰ ਨਫ਼ਰਤ ਦੀ ਅੱਗ 'ਚ ਝੋਕਿਆ ਜਾ ਰਿਹਾ ਹੈ। ਇਹ ਪ੍ਰਤੱਖ ਦੇਖ ਰਹੇ ਹਾਂ। ਜਿਹੜਾ ਮੋਦੀ ਦੀ ਅਗਵਾਈ 'ਚ ਹੋ ਰਿਹਾ ਹੈ,ਉਧਤਰ ਨੇਤਨਯਾਹੂ ਜੋ ਫਲਸਤੀਨ 'ਚ ਕਰ ਰਿਹਾ ਹੈ ਉਹ ਦੁਨੀਆ ਦੇਖ ਰਹੀ ਹੈ ਅਤੇ ਇਸ ਸਾਰੇ ਪਿਛੇ ਅਮਰੀਕੀ ਸਾਮਰਾਜ ਦਾ ਸਰਗਨਾ ਟਰੰਪ ਜੋ ਵਿਸ਼ਵ ਵਿਚ ਅਜਿਹੀ ਜਾਂਗਲੀ ਸਭਿਅਤਾ ਪ੍ਰੋਸ ਰਿਹਾ ਹੈ, ਦੇ ਕਪਟੀ ਮਨਸ਼ੇ ਜੱਗ ਜ਼ਾਹਿਰ ਹਨ। ਮਨੁੱਖਤਾ ਸਭਿਅਤਾ ਦੀਆਂ ਜੋ ਪ੍ਰਾਪਤੀਆਂ ਹੁਣ ਤੱਕ ਕੀਤੀਆਂ ਸਨ ਤੇ ਦੁਨੀਆਂ ਦੇ ਵਿਚਾਰਕਾਂ ਨੇ ਇਕ ਸੁੰਦਰ ਸਮਾਜ ਬਣਾਉਣ ਦੇ ਜੋ ਸੁਪਨੇ ਲਏ ਸਨ, ਉਹ ਸਾਰੇ ਰੋਂਦੇ ਜਾ ਰਹੇ ਹਨ ਤੇ ਮਨੁੱਖ ਨੂੰ ਵਹਿਸ਼ੀਪੁਣੇ ਵੱਲ ਧੱਕਿਆ ਜਾ ਰਿਹਾ ਹੈ। ਮਨੁੱਖ ਦੇ ਅੰਦਰਲੀ ਛੁਪੀ ਪਸ਼ੂ ਪ੍ਰਵਿਰਤੀ ਨੂੰ ਪੱਠੇ ਪਾਏ ਜਾ ਰਹੇ ਹਨ। ਵੈਸੇ ਮਨੁੱਖ ਵੀ ਮੂਲ ਰੂਪ ਵਿਚ ਜੰਗਲੀ ਪਸ਼ੂ ਹੀ ਤਾਂ ਸੀ, ਜਿਹੜਾ ਇਕਵਾਰ ਫੇਰ ਨੰਗੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਹਜ਼ਾਰਾਂ ਸਾਲਾਂ 'ਚ ਸੈਂਕੜੇ ਚਿੰਤਕਾਂ ਤੇ ਕਿਰਤ ਨੇ ਉਹਨੂੰ ਜਿਸ ਸਭਿਅਕ ਪ੍ਰਾਣੀ ਦਾ ਰੂਪ ਦਿੱਤਾਸੀ, ਅਜੋਕੀ ਤਕਨੀਕ ਤੇ ਕੁਝ ਲੋਕਾਂ ਦੀ ਹਵੱਸ ਉਹਨੂੰ ਫੇਰ ਜਾਂਗਲੀ ਵਿਵਸਥਾ ਵੱਲ ਧੱਕ ਰਹੀ ਹੈ।

ਜੋ ਇਹ ਕਿਹਾ ਜਾ ਰਿਹਾ ਹੈ, ਇਹ ਕੋਈ ਨਵਾਂ ਨਹੀਂ, ਇਹਦਾ ਜ਼ਿਕਰ ਬਹੁਤ ਲੰਮੇ ਸਮੇਂ ਤੋਂ ਹੋ ਰਿਹਾ ਹੈ, 100 ਸਾਲ ਪਹਿਲਾਂ ਵੀ ਇਹ ਕਹੀਆਂ ਜਾ ਰਹੀਆਂ ਸਨ, ਉਸ ਤੋਂ ਪਹਿਲਾਂ ਵੀ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਦਰਸ਼ਨ ਤੇ ਸਾਹਿਤ ਕਲਾ 'ਚ ਇਹਨਾਂ ਨੂੰ ਬਾਰੀਕੀ ਤੇ ਵਿਸਥਾਰ 'ਚ ਲਿਖਿਆ ਤੇ ਚਿੰਤਨ ਕੀਤਾ ਗਿਆ ਸੀ। ਉਸ ਤੋਂ ਪਹਿਲਾਂ ਵੀ ਸਾਡੇ ਇਥੇ ਭਗਤੀ ਲਹਿਰ ਦੇ ਦੌਰ ਵਿਚ ਵੀ ਕਿਹਾ ਗਿਆ ਸੀ। ਸਾਹਿਤ ਤਾਂ ਹੁਣ ਵੀ ਬਹੁਤ ਰਚਿਆ ਜਾ ਰਿਹਾ ਹੈ ਪਰ ਜਿਸ ਵਿਸਥਾਰ, ਗਹਿਰਾਈ ਤੇਪੀੜਾ 'ਚੋਂ ਗੁਜ਼ਰਦਿਆਂ, ਇਸ ਸਥਿਤੀ ਲੂੰ ਬਦਲਣ ਤੇ ਨਵਾਂ ਬਦਲ ਦੇਣ ਦੀ ਗੱਲ ਉਦੋਂ ਹੋ ਰਹੀ ਸੀ, ਉਹ ਕਿਸੇ ਨਾ ਕਿਸੇ ਤਰ੍ਹਾਂ ਅੱਜ ਜੇ ਗਾਇਬ ਨਹੀਂ ਤਾਂ ਧੁੰਦਲੀ ਜ਼ਰੂਰ ਹੈ।

ਇਹ ਦਰੁਸਤ ਹੈ ਕਿ ਅੱਜ ਮਨੁੱਖਾਂ ਦਾ ਇਕ ਹਿੱਸਾ, ਬਹੁਤ ਸਾਰੇ ਮਾਮਲਿਆਂ ਵਿਚ ਜਾਂਗਲੀ ਆਦਮੀ ਯੋਗੀ, ਪ੍ਰਵਿਰਤੀਆਂ ਦੀ ਗ੍ਰਿਫ਼ਤ 'ਚ ਆ ਕੇ ਜਾਂਗਲੀ ਪਸ਼ੂਪੁਣੇ ਵਾਲੇ ਵਿਉਹਾਰ ਉਤੇ ਉਤਰ ਆਇਆ ਹੈ ਤੇ ਸਮਾਜ ਨੂੰ ਪਿਛਲਮੋੜਾ ਦੇ ਰਿਹਾ ਹੈ, ਪਰ ਇਹ ਕਿਸੇ ਕੁਦਰਤੀ ਸਮਾਜਿਕ ਗਤੀ ਕਰਕੇ ਨਹੀਂ ਹੋ ਰਿਹਾ, ਨਾ ਹੀ ਕਿਸੇ ਦੈਵੀ ਸ਼ਕਤੀ ਦੀ ਮਨਸ਼ਾ ਕਰਕੇ। ਮਨੁੱਖ ਨੇ ਤਾਂ ਕੁਦਰਤ ਨਾਲ ਟੱਕਰ ਲੈਂਦਿਆਂ, ਇਕ ਸਭਿਅਕ ਸਮਾਜ ਦੇ ਨਿਰਮਾਣ ਦਾ ਰਾਹ ਫੜਿਆ ਸੀ। ਇਕ ਜਾਂਗਲੀ ਵਿਵਸਥਾ 'ਚੋਂ ਨਿਕਲ ਕੇ ਇਕ ਨਵਾਂ ਯੁੱਗ ਸਿਰਜਿਆ ਸੀ ਤੇ ਕੁਦਰਤ ਦੇ ਅਥਾਹ ਭੇਤਾਂ ਨੂੰ ਪਾਲਿਆ ਸੀ ਤੇ ਪਾਲ ਰਿਹਾ ਹੈ। ਤਕਨੀਕੀ ਵਿਕਾਸ ਨੂੰ ਸਿਖਰ 'ਤੇ ਪਹੁੰਚਾਇਆ ਤੇ ਮਨੁੱਖੀ ਕਿਰਤ ਨੂੰ ਹੋਰ ਆਸਾਨ ਬਣਾਇਆ। ਮਨੁੱਖੀ ਕਿਰਤ ਸਦਕਾ ਹੀ ਇਕ ਜਾਂਗਲੀ ਜੀਵ ਤੋਂ ਇਕ ਸਭਿਅਕ ਮਨੁੱਖ ਕਹਾਉਣ ਦਾ ਹੱਕਦਾਰ ਬਣਿਆ। ਜਿੰਨੀ ਤਕਨੀਕ ਦਾ ਵਿਕਾਸ ਮਨੁੱਖ ਨੇ ਕੀਤਾ ਤੇ ਕਰ ਰਿਹਾ ਹੈ, ਉਸ ਨਾਲ ਮਨੁੱਖ ਤਾਂ ਹੋਰ ਵੀ ਉਚੇਰੇ ਪੱਧਰ 'ਤੇ ਪਹੁੰਚਣ ਦੇ ਸਮਰੱਥ ਹੁੰਦਾ, ਜੇ ਉਹਦੀ ਕਿਰਤ ਦਾ ਫਲ ਸਮੂਹਿਕ ਲਈ ਹੁੰਦਾ। ਪਰ ਉਹਦੀ ਕਿਰਤ ਦਾ ਸਾਰਾ ਫਲ ਤਾਂ ਕੁਝ ਮੁੱਠੀ ਭਰ ਦੀ ਝੋਲੀ 'ਚ ਪੈਂਦਾ ਰਿਹਾ ਤੇ ਜਿਹੜੀਆਂ ਤਾਕਤਾਂ ਨੇ ਮਨੁੱਖੀ ਕਿਰਤ ਨੂੰ ਸਮੇਟਿਆ ਉਹੀ ਸਮਾਜਿਕ ਤਾਕਤਾਂ ਦੀਆਂ ਸੁਚੇਤ ਕੋਸ਼ਿਸ਼ਾਂ ਦਾ ਸਿੱਟਾ ਹੈ, ਜਿਹਦੇ ਕਰਕੇ ਮਨੁੱਖ ਅੰਦਰਲੀ ਜਾਂਗਲੀ ਮਾਨਸਿਕਤਾ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ਸਮਾਜ ਅੰਦਰ ਕੁਝ ਵਿਸ਼ੇਸ਼ ਸ਼ਕਤੀਆਂ ਹਨ, ਜਿਹੜੀਆਂ ਸਮੁੱਚੇ ਪੈਦਾਵਾਰੀ ਸਾਧਨਾਂ ਤੋਂ ਲੈ ਕੇ ਕਿਰਤ ਤੇ ਕਿਰਤ ਦੇ ਫਲ ਤੱਕ ਨੂੰ ਆਪਣੀ ਝੋਲੀ 'ਚ ਪਾ ਰਹੀਆਂ ਹਨ ਤੇ ਪਾਉਣ ਲਈ ਤਤਪਰ ਹਨ। ਇਹੋ ਤਾਕਤਾਂ ਹਨ ਜਿਹੜੀਆਂ ਸੱਤਾ ਤੇ ਪੈਦਾਵਾਰੀ ਸਾਧਨਾਂ ਤੇ ਕਿਰਤ ਉਤੇ ਸਰਦਾਰੀ ਬਣਾਈ ਰੱਖਣ ਲਈ ਮਨੁੱਖਤਾ ਨੂੰ ਜਾਂਗਲੀ ਪ੍ਰਵਿਰਤੀ ਦੇ ਯੁੱਗ ਵੱਲ ਘਸੀਟ ਰਹੀਆਂ ਹਨ ਅਤੇ ਉਨ੍ਹਾਂ ਦੇ ਕੁਕਰਮਾਂ ਦਾ ਸਿੱਟਾ ਹੈ ਜੋ ਅਸੀਂ ਭਾਰਤ, ਫਲਸਤੀਨ ਤੇ ਦੁਨੀਆ ਦੇ ਹੋਰ ਹਿੱਸਿਆਂ ਵਿਚ ਦੇਖ ਰਹੇ ਹਾਂ ਤੇ ਅੱਗੇ ਹੋਰ ਵੀ ਦੇਖਾਂਗੇ। ਅਜੇ ਇਸ ਅੱਗ ਨੇ ਸਮਾਜ ਨੂੰ ਹੋਰ ਭਿਆਨਕ ਗ੍ਰਿਫ਼ਤ ਵਿਚ ਲੈਣਾ ਹੈ।

ਇਨ੍ਹਾਂ ਪਿਛਾਖੜੀ ਤਾਕਤਾਂ ਵਿਚ ਸਭ ਤੋਂ ਪ੍ਰਮੁੱਖ ਹੈ ਕਾਰਪੋਰੇਟੀ ਪੂੰਜੀ ਜਾਂ ਕਹੋ ਏਕਾਅਧਿਕਾਰੀ ਪੂੰਜੀ ਜਿਹੜੀ ਪੈਦਾਵਾਰੀ ਸਾਧਨਾਂ ਤੋਂ ਲੈ ਕੇ ਸਨਅਤ ਤੇ ਮੰਡੀ ਤੱਕ ਨੂੰ ਆਪਣੇ ਕਲਾਵੇ 'ਚ ਲੈ ਚੁੱਕੀ ਹੈ ਤੇ ਇਸ ਦੌੜ ਵਿਚ ਹੈ ਅਤੇ ਇਹਦੇ ਨਾਲ ਉਨ੍ਹਾਂ ਦੇ ਰਾਜਨੀਤਕ ਪ੍ਰਤੀਨਿਧ। ਇਹ ਸੁਚੇਤ ਰੂਪ ਵਿਚ ਮਨੁੱਖਤਾ ਨੂੰ ਜਾਂਗਲੀ ਵਿਵਸਥਾ ਵੱਲ ਧੱਕਣ ਲਈ ਕਈ ਦਹਾਕਿਆਂ ਤੋਂ ਭੂਮਿਕਾ ਨਿਭਾਅ ਰਹੇ ਹਨ। ਵਿਸ਼ੇਸ਼ ਕਰਕੇ ਦੂਸਰੀ ਸੰਸਾਰ ਜੰਗ ਪਿਛੋਂ ਜਦੋਂ ਇਹਦੇ ਖੁੱਲ੍ਹੇ ਮੁਕਾਬਲੇ ਵਾਲੀ ਸਥਿਤੀ ਤੋਂ ਕਲਿਆਣਕਾਰੀ ਰਾਜ ਵੱਲ ਵਧਣ ਲਈ ਮਜ਼ਬੂਰ ਹੋਣਾ ਪਿਆ ਤਾਂ ਇਹਨੇ ਹਾਰ ਨਹੀਂ ਮੰਨੀ। ਨਵਾਂ ਰਾਹ ਚੁਣਿਆ ਦੁਨੀਆ ਦੇ ਸਮਾਜਾਂ ਦਾ ਅਧਿਐਨ ਕੀਤਾ। ਵਿਸ਼ੇਸ਼ ਕਰਕੇ ਅਮਰੀਕਾ ਦਾ ਇਹ ਨਿਸ਼ਾਨ ਰਿਹਾ, ਉਹਨੇ ਹਰ ਸਮਾਜ ਦੇ ਅਧਿਐਨ ਕਰਕੇ ਉਥੋਂ ਦੀਆਂ ਪਿਛਾਖੜੀ ਤਾਕਤਾਂ ਨੂੰ ਪ੍ਰਫੁੱਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਹਦੀ ਲੜਾਈ ਦੇ ਕਈ ਖੇਤਰ ਸਨ। ਮੰਡੀ 'ਚ ਮੁਕਾਬਲਾ, ਯੁੱਧਾਂ ਤੇ ਹਥਿਆਰਾਂ ਦਾ ਵਪਾਰ, ਪੈਦਾਵਾਰੀ ਸਾਧਨਾਂ 'ਤੇ ਕਬਜ਼ੇ, ਆਪਣੇ ਹਿੱਤੂ ਸਰਕਾਰਾਂ ਦੀ ਭੰਨ ਤੋੜ ਤੇ ਚੌਧਰ ਬਣਾਈ ਰੱਖਣ ਲਈ ਹਰ ਤਰ੍ਹਾਂ ਦੇ ਹਥਿਆਰ ਦੀ ਵਰਤੋਂ। ਪਰ ਸਭ ਤੋਂ ਭਿਆਨਕ ਇਹ ਸੀ ਕਿ ਉਥੋਂ ਦੇ ਸਮਾਜਾਂ ਦੇ ਅਧਿਐਨ ਕਰਕੇ ਪਿਛਾਖੜੀ ਤਾਕਤਾਂ ਨੂੰ ਪ੍ਰੇਰਿਤ ਤੇ ਪ੍ਰਫੁੱਲਤ ਕਰਨਾ। ਇਹ ਉਹਨੇ ਵਿਸ਼ਵ ਪੱਧਰ 'ਤੇ ਕੀਤਾ। ਵਿਸ਼ੇਸ਼ ਕਰਕੇ 90ਵਿਆਂ ਦੇ ਦਹਾਕੇ 'ਚ ਵਿਸ਼ਵ ਉਤੇ ਠੋਸੀਆਂ ਨਵਉਦਾਰਵਾਦੀ ਆਰਥਿਕ ਨੀਤੀਆਂ ਨਾਲ ਜਿਥੇ ਉਹ ਫਿਰ ਖੁੱਲ੍ਹੇ ਮੁਕਾਬਲੇ ਵਾਲੀ ਪੂੰਜੀ ਵਾਲੀ ਵਿਵਸਥਾ ਵੱਲ ਵੱਧਣ ਲਈ ਲਲਾਇਤ ਹੋਇਆ, ਉਥੇ ਰਾਜਾਂ ਦੇ ਕਲਿਆਣਕਾਰੀ ਚਰਿੱਤਰ ਤੇ ਚਿਹਰੇ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਵਿਚ ਵੀ ਜੁੱਟ ਗਿਆ। ਇਹ ਅਮਰੀਕਾ ਹੀ ਨਹੀਂ ਵਿਸ਼ਵ ਦੀ ਏਕਾਧਿਕਾਰਵਾਦੀ ਪੂੰਜੀ ਦੀ ਲੋੜ ਸੀ ਤੇ ਇਸ ਪੂੰਜੀ ਨੇ ਰਾਜ ਦੇ ਤਾਨਾਸ਼ਾਹ ਤੇ ਫਾਜਿਸ਼ਸ਼ ਚਰਿੱਤਰ ਨੂੰ ਪ੍ਰਫੁੱਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਤੇ ਇਨ੍ਹਾਂ ਪ੍ਰਵਿਰਤੀਆਂ ਨੂੰ ਉਤਸ਼ਾਹਿਤ ਤੇ ਮਜ਼ਬੂਤ ਕਰਨ ਲਈ ਹਰ ਮਦਦ ਕੀਤੀ। ਵਿਸ਼ਵ ਦੇ ਹਰ ਖੇਤਰ ਵਿਚ ਮਨੁੱਖਤਾ ਦੇ ਅੰਦਰ ਨਫ਼ਰਤ ਦੇ ਬੀਜ ਬੀਜਣ ਵਿਚ ਇਹ ਸਫ਼ਲ ਹੋਏ ਜਿਸ ਦਾ ਸਿੱਟਾ ਅੱਜ ਸਾਹਮਣੇ ਹੈ। ਇਸ ਵਿਚ ਸਾਹਿਤ ਕਲਾ ਤੇ ਮੀਡੀਆ ਦੀ ਵੀ ਵਰਤੋਂ ਕੀਤੀ ਗਈ। ਇਤਿਹਾਸ ਜ਼ਹਿਰ ਬੀਜਾਨ ਦੀ ਖੇਤੀ ਜੋ ਬਰਤਾਨਵੀ ਸਾਮਰਾਜ ਨੇ ਸ਼ੁਰੂ ਕੀਤੀ ਸੀ, ਨੂੰ ਅਮਰੀਕੀ ਸਾਮਰਾਜ ਨੇ ਜਾਰੀ ਰੱਖਿਆ ਤੇ 90ਵਿਆਂ ਤੋਂ ਪਿਛੋਂ ਏਕਾਧਿਕਾਰਵਾਦੀ ਪੂੰਜੀ ਨੇ ਇਹਨੂੰ ਹੋਰ ਅੱਗੇ ਵਧਾਇਆ। ਜਿਥੇ ਅੱਜ ਵਿਸ਼ਵ ਖਲੋਤਾ ਹੈ, ਜਿਸ ਜਾਂਗਲੀ ਆਦਿਮ ਮਨੁੱਖੀ ਮਾਨਸਿਕਤਾ ਦੀ ਗ੍ਰਿਫ਼ਤ ਵਿਚ ਹੈ, ਇਹ ਇਨ੍ਹਾਂ ਸੁਚੇਤ ਕੋਸ਼ਿਸ਼ਾਂ ਦਾ ਸਿੱਟਾ ਹੀ ਹੈ। ਭਾਵ ਪੂੰਜੀ ਹੀ ਹੈ, ਜਿਹੜੀ ਸਮਾਜ ਨੂੰ ਪਿਛਲਮੋੜਾ ਦੇ ਰਹੀ ਹੈ। ਇਕ ਸਭਿਅਕ ਮਨੁੱਖ ਨੂੰ ਹੋਰ ਅੱਗੇ ਵਧਣ ਤੋਂ ਰੋਕਣ ਲਈ, ਭਟਕਾ ਕੇ ਜਾਂਗਲੀ ਮਾਨਸਿਕਤਾ ਦੀ ਪਿਉਂਦ ਲਾ ਚੁੱਕੀ ਹੈ। ਦੁਨੀਆ ਉਤੇ ਏਕਾਧਿਕਾਰ ਸਥਾਪਤ ਅਮਰੀਕਾ ਨੇ ਸੀਤ ਯੁੱਧ ਕਾਲ (1945-1990) ਦੇ ਦੌਰਾਨ ਅਜਿਹੀਆਂ ਨੀਤੀਆਂ ਨੂੰ ਉਲੀਕਿਆ ਅਤੇ ਸੋਵੀਅਤ ਸੰਘ ਦੇ ਢਹਿਢੇਰੀ ਹੋਣ ਨਾਲ ਹੀ ਉਹ ਦੁਨੀਆ ਦੀ ਇਕੱਲੀ ਧਰੁਵੀ ਤਾਕਤ ਵਿਚ ਬਦਲ ਗਿਆ। 'ਸਭਿਆਤਾਵਾਂ ਦੇ ਟਕਰਾਅ' ਦੇ ਨਾਅਰੇ ਅਤੇ ਸਿਧਾਂਤ ਇਥੋਂ ਹੀ ਉਠਦੇ ਰਹੇ ਹਨ। ਸੈਮੂਅਲ ਪੀ ਹਿੰਟਗਟਨ ਦੀ ਕਿਤਾਬ ' ਦਾ ਕਲੈਸ਼ ਆਫ਼ ਸਿਵਲਾਈਜੇਸ਼ਨ ਐਂਡ ਦਾ



ਰੀਮੈਕਿੰਗ ਆਫ਼ ਦਾ ਵਰਲਡ' ਵਿਚ ਇਸੇ ਸਿਧਾਂਤ ਨੂੰ ਲਿਆਂਦਾ ਗਿਆ ਸੀ। ਇਸਾਈ ਤੇ ਇਸਲਾਮੀ ਰਾਸ਼ਟਰਾਂ ਨੂੰ ਕੇਂਦਰ 'ਚ ਰੱਖ ਕੇ ਲਿਖੀ ਗਈ ਇਸ ਕਿਤਾਬ ਨੇ ਹੀ ਖਾੜੀ ਜੰਗ ਲਈ ਜ਼ਮੀਨ ਤਿਆਰ ਕੀਤੀ ਸੀ ਤੇ ਫਿਰ ਇਸੇ ਆਧਾਰਤ ਤਾਲਿਬਾਨ ਅਲਕਾਇਦਾ ਬਣਨ ਲੱਗੇ ਸਨ। ਨਫ਼ਰਤ ਦੀਆਂ ਲਕੀਰਾਂ ਖਿੱਚਣ ਵਿਚ ਅਮਰੀਕੀਆਂ ਦੀ ਸਚੇਤ ਕੋਸ਼ਿਸ਼ ਰਹੀ ਤੇ ਅੱਜ ਵੀ ਨਵਾਂ ਚੁਣਿਆ ਰਾਸ਼ਟਰਪਤੀ ਟਰੰਪ ਮੁਸਲਮਾਨਾਂ ਤੋਂ ਚਿੜਦਾ ਹੈ। ਇਹੋ ਮੋਦੀ ਤੇ ਟਰੰਪ ਦੀ ਸਾਂਝ ਹੈ। ਵਿਸ਼ਵ ਨੂੰ ਜਾਂਗਲੀ ਸਭਿਅਤ ਵੱਲ ਧੱਕਣ ਦੀ ਸਾਂਝ।

ਪੱਛਮੀ ਸਾਮਰਾਜੀ ਦੇਸ਼ਾਂ ਵਿਚ ਅਪ੍ਰਵਾਸੀਆਂ ਦੇ ਪ੍ਰਤੀ, ਵਿਸ਼ੇਸ਼ ਕਰਕੇ ਮੁਸਲਮਾਨ ਅਪ੍ਰਵਾਸੀਆਂ ਦੇ ਪ੍ਰਤੀ ਨਰਫ਼ਤ ਦੀ ਭਾਵਨਾ ਲਗਾਤਾਰ ਵਧਦੀ ਜਾ ਰਹੀ ਹੈ। ਇਨ੍ਹਾਂ ਦੇਸ਼ਾਂ ਵਿਚ ਇਕ ਤਰ੍ਹਾਂ ਨਾਲ ਰਾਜਨੀਤਕ ਕਤਾਰਬੰਦੀ ਦੀ ਧੁਰੀ ਬਣ ਰਹੀ ਹੈ। ਬਹੁਤ ਸਾਰੀਆਂ ਸੱਜ ਪਿਛਾਖੜੀ ਪਾਰਟੀਆਂ ਅਤੇ ਆਗੂਆਂ ਦੀ ਰਾਜਨੀਤੀ ਇਹਦੇ ਆਲੇ ਦੁਆਲੇ ਹੀ ਘੁੰਮ ਰਹੀ ਹੈ ਅਤੇ ਆਪਣੀ ਸੱਤਾ ਦੀ ਕੁਰਸੀ ਲਈ ਇਸ ਵੰਡ ਨੂੰ ਹਵਾ ਦੇ ਰਹੇ ਹਨ। ਇਹ ਸਾਡੇ ਭਾਰਤ ਵਿਚ ਵੀ ਹੈ। ਆਦਮ ਯੁੱਗ ਦੀਆਂ ਜਾਂਗਲੀ ਪ੍ਰਵਿਰਤੀਆਂ ਇਸੇ ਨਵਉਦਾਰਵਾਦੀ ਪੂੰਜੀ ਦੀ ਰਾਜਨੀਤੀ ਦਾ ਹੀ ਨਤੀਜਾ ਹੈ।

ਅਪ੍ਰਵਾਸੀਆਂ ਦੀ ਇਸ ਸਮੱਸਿਆ ਦਾ ਮੂਲ ਕੀ ਹੈ? ਇਹ ਹੈ ਵਿਸ਼ਵੀਕਰਨ। ਜਿਸ ਉਤੇ ਦੁਨੀਆ ਦੇ ਸਾਰੇ ਪੂੰਜੀਪਤੀ ਇਕੱਤਰ ਹਨ ਤੇ ਇਕਜੁਟਤਾ ਵੀ ਹੈ। ਇਹਦੇ ਨਾਲ ਹੀ ਸਾਰੇ ਮੁਸਲਮਾਨ ਬਹੁਗਿਣਤੀ ਵਾਲੇ ਦੇਸ਼ਾਂ ਜਿਨ੍ਹਾਂ 'ਚ ਅਫਗਾਨਿਸਤਾਨ, ਈਰਾਨ, ਸੀਰੀਆ, ਯਮਨਲਿਬੀਆ ਆਦਿ ਵਿਚ ਸਾਮਰਾਜੀਆਂ ਵਲੋਂ ਕੀਤੀ ਗਏ ਉਜਾੜੇ 'ਤੇ ਜੰਗਾਂ ਨਾਲਕੀਤੀ ਬਰਬਾਦੀ। ਇਨ੍ਹਾਂ ਦੋਹਾਂ ਹੀ ਮਾਮਲਿਆਂ ਵਿਚ ਸਾਮਰਾਜੀ ਦੇਸ਼ਾਂ ਦੇ ਏਕਾਧਿਕਾਰੀ ਪੂੰਜੀਪਤੀ ਮੁੱਖ ਧਰਾਣੇ ਹੀ ਮੁੱਖ ਯੋਜਨਾਘਾੜੇ ਹਨ। ਇਨ੍ਹਾਂ ਵਿਚ ਉਹ ਵੀ ਹਨ, ਜਿਹੜੇ ਮਨੁੱਖਤਾ ਦੇ ਇਸ ਤਰ੍ਹਾਂ ਪਿਛੇ ਜਾਣ ਉਤੇ ਰੋ ਰਹੇ ਹਨ। ਕਹਿਣ ਦਾ ਭਾਵ ਕਿ ਵਿਸ਼ਵ ਸਾਮਰਾਜੀ ਪੂੰਜੀ ਚੇਤੰਨ ਤੇ ਯੋਜਨਾਬੱਧ ਢੰਗ ਨਾਲ ਸਭਿਅਕ ਸਮਾਜ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਜਾਂਗਲੀ ਆਦਮ ਯੁੱਗੀ ਕਬੀਲਿਆਈ ਮਾਨਸਿਕਤਾ ਪਰੋਸ ਰਹੀ ਹੈ ਤੇ ਉਧਰ ਧੱਕ ਰਹੀ ਹੈ।

ਇਸ ਖ਼ੂੰਖਾਰ ਪੂੰਜੀ ਦਾ ਮੁਕਾਬਲਾ ਜੇਕਰ ਸਕਦੀ ਹੈ ਤਾਂ ਉਹ ਹੈ ਕਿਰਤ। ਸਿਧਾ ਸਵਾਲ ਹੈ ਕਿ ਜਦੋਂ ਪੂੰਜੀ ਦਾ ਵਿਸ਼ਵੀਕਰਨ ਹੋ ਰਿਹਾ ਹੈ ਤਾਂ ਕਿਰਤ ਦਾ ਵੀ ਵਿਸ਼ਵੀਕਰਨ ਹੋਣਾ ਚਾਹੀਦਾ ਸੀ ਤੇ ਹੈ। ਜੇ ਪੂੰਜੀ ਆਜ਼ਾਦ ਢੰਗ ਨਾਲ ਇਕ ਤੋਂ ਦੂਸਰੇ ਦੇਸ਼ ਦੀਆਂ ਹੱਦਾਂ ਟੱਪ ਕੇ ਆ ਰਹੀ ਹੈ ਤਾਂ ਕਿਰਤੀ ਇਕ ਦੂਸਰੇ ਦੇਸ਼ ਵਿਚ ਜਾਣ ਉਤੇ ਵੀ ਖੁੱਲ੍ਹ ਹੋਣੀ ਚਾਹੀਦੀ ਹੈ। ਪਰ ਏਕਾਧਿਕਾਰਵਾਦੀ ਪੂੰਜੀ ਇਹ ਨਹੀਂ ਚਾਹੁੰਦੀ। ਅਜਿਹਾ ਹੋਣ ਨਾਲ ਉਹਦੇ ਵਿਸ਼ਵੀਕਰਨ ਦਾ ਮੁੱਖ ਮਕਸਦ ਹੀ ਗਾਇਬ ਹੋ ਜਾਵੇਗਾ। ਫਿਰ ਗਰੀਬ ਦੇਸ਼ਾਂ ਵਿਚ ਸਸਤੀ ਕਿਰਤ ਦੀ ਲੁੱਟ ਨਹੀਂ ਹੋ ਸਕੇਗੀ ਕਿਉਂਕਿ ਮਜ਼ਦੂਰ ਉਥੇ ਜਾਣਗੇ ਜਿਥੇ ਮਜ਼ਦੂਰੀ ਵਧੇਰੇ ਮਿਲ ਰਹੀ ਹੋਵੇਗੀ। ਇਕ ਹੋਰ ਕਾਰਨ ਇਹ ਹੈ ਕਿ ਪੂੰਜੀਵਾਦੀ ਦੇਸ਼ ਆਪਣੇ ਦੇਸ਼ਾਂ ਵਿਚ ਵੱਡੀ ਪੱਧਰ 'ਤੇ ਅਪ੍ਰਵਾਸੀਆਂ ਦੇ ਆਉਣ ਨਾਲ ਰਾਜਨੀਤਕ ਸਿੱਟਿਆਂ ਤੋਂ ਵੀ ਭੈਅ ਭੀਤ ਹਨ।

ਮੁਸਲਮਾਨ ਦੇਸ਼ਾਂ ਨੂੰ ਤਬਾਹ ਕਰਨ ਦੇ ਸਾਮਰਾਜੀ ਮਨਸੂਬਿਆਂ ਵਿਚ ਕਿਸੇ ਵੀ ਪੂੰਜੀਪਤੀ ਨੂੰ ਕੋਈ ਹਿਚਕ ਨਹੀਂ। ਉਦੋਂ ਟਰੰਪ ਤੇ ਬਾਇਡਨ ਤੋਂ ਲੈ ਕੇ ਸਾਰੇ ਯੂਰਪੀਨ ਇਕੱਠੇ ਹਨ। ਜਦੋਂ ਕਿਸੇ ਤਬਾਹੀ ਦਾ ਸ਼ਿਕਾਰ ਲੋਕਾਂ ਦਾ ਇਕ ਹਿੱਸਾ ਸ਼ਰਨ ਲੈਣ ਲਈ ਸਾਮਰਾਜੀ ਦੇਸ਼ਾਂ ਵਿਚ ਪਹੁੰਚਦਾ ਹੈ ਤਾਂ ਇਨ੍ਹਾਂ ਸਾਮਰਾਜਵਾਦੀਆਂ ਨੂੰ ਇਹ ਹਜ਼ਮ ਨਹੀਂ ਹੁੰਦਾ। 'ਜਮਹੂਰੀਅਤ ਬਹਾਲ' ਜਾਂ 'ਸਮਾਜ ਭਲਾਈ' ਦੇ ਨਾਂ ਉਤੇ ਅਫਗਾਨਿਸਤਾਨ, ਈਰਾਕ, ਲਿਬੀਆ ਆਦਿ ਨੂੰ ਖਤਮਨਾਕ ਬੰਬਾਂ ਨਾਲ ਤਬਾਹ ਕਰਨ ਵਾਲੇ ਸਾਮਰਾਜੀ ਦੇਸ਼ਾਂ ਦੇ ਇਹ ਜਾਂਗਲੀ ਹਾਕਮ, ਥੋੜ੍ਹੇ ਜਿਹੇ ਕਿਰਤੀਆਂ ਨੂੰ ਵੀ ਆਪਣੇ ਦੇਸ਼ਾਂ 'ਚ ਸ਼ਰਨ ਦੇਣ ਲਈ ਤਿਆਰ ਨਹੀਂ ਤੇ ਇਹ ਉਨ੍ਹਾਂ ਲਈ ਅਪ੍ਰਵਾਸੀ ਸਮੱਸਿਆਵਾਂ ਬਣ ਜਾਂਦੀ ਹੈ ਤੇ ਫਿਰ ਨਰਫ਼ਤ ਬੀਜਣੀ ਸ਼ੁਰੂ ਹੋ ਜਾਂਦੀ ਹੈ।

ਦੁਨੀਆ ਵਿਚ ਅਪ੍ਰਵਾਸੀਆਂ ਦੀ ਸਮੁੱਚੀ ਸਮੱਸਿਆ, ਵਿਸ਼ਵੀਕਰਨ ਤੇ ਸਾਮਰਾਜੀ ਲੁੱਟ ਘਸੁੱਟ ਦਾ ਸਿੱਟਾ ਹੈ ਅਤੇ ਅਣਸਾਵੇਂ ਵਿਕਾਸ ਦੇ ਕਾਰਨ ਹੈ। ਇਸ ਲਈ ਉਨ੍ਹਾਂ ਦਾ ਇਕ ਹਿੱਸਾ ਇਹਦੇ ਉਤੇ ਝੂਠ ਅਤੇ ਫਰੇਬ ਦੀ ਚਾਦਰ ਪਾਉਂਦਾ ਹੈ ਅਤੇ ਦੂਸਰਾ ਹਿੱਸਾ ਇਹਦੇ ਉਤੇ ਘਟੀਆ ਰਾਜਨੀਤੀ ਕਰਦਾ ਹੈ। ਇਹਦੀ ਹਕੀਕਤ ਨੂੰ ਸਵੀਕਾਰਨਾ ਪੂੰਜੀ ਦੀ ਬਰਦਾਸ਼ਤ ਤੋਂ ਬਾਹਰ ਹੈ। ਘਟੀਆ ਰਾਜਨੀਤੀ ਕਰਨ ਵਾਲੇ ਦੂਸਰਿਆਂ ਨੂੰ ਵੀ ਮਜ਼ਬੂਰ ਕਰਦੇ ਹਨ ਕਿ ਉਹ ਜਾਂ ਤਾਂ ਮੂੰਹ ਬੰਦ ਰੱਖਣ ਜਾਂ ਸਮਰਥਨ ਕਰਨ। ਅਪ੍ਰਵਾਸੀ ਮਜ਼ਦੂਰਾਂ ਦੀ ਸਮੱਸਿਆ ਵੱਡੇ ਪੂੰਜੀਵਾਦੀ ਦੇਸ਼ਾਂ ਵਿਚ ਹੀ ਨਹੀਂ ਵਿਸ਼ਵ ਤੱਕ ਪਸਰੀ ਹੋਈ ਹੈ। ਇਥੇ ਭਾਰਤ ਵਿਚ ਵੀ ਅਪ੍ਰਵਾਸੀ ਮਜ਼ਦੂਰਾਂ ਉਹ ਬੰਗਲਾ ਦੇਸ਼ 'ਚੋਂ ਆਏ ਹੋਣ ਜਾਂ ਸੀਆਂਮਾਰ ਤੋਂ ਉਨ੍ਹਾਂ ਪ੍ਰਤੀ ਵੀ ਹਾਕਮਾਂ ਦਾ ਅਜਿਹਾ ਹੀ ਰਵੱਈਆ ਹੈ ਜਿਹੜਾ ਟਰੰਪ ਵਰਗਿਆਂ ਦਾ। ਹੋਰ ਤਾਂ ਹੋਰ ਜਿਸ ਖਿੱਤੇ 'ਚੋਂ ਇਹ ਆਵਾਜ਼ ਉਠੀ ਸੀ 'ਮਾਨਸ ਕੀ ਜਾਤ ਸਭ ਏਕ ਹੀ ਪਹਿਚਾਨਿਓ'। ਉਸ ਖਿੱਤੇ ਵਿਚ ਪ੍ਰਵਾਸੀ ਮਜ਼ਦੂਰਾਂ ਵਿਰੁੱਧ ਉਹੀ ਨਫ਼ਰਤ ਪਿਉਂਦੀ ਜਾ ਰਹੀ ਹੈ, ਜਿਹੜੀ ਸਾਮਰਾਜੀ ਹਾਕਮ ਚਾਹੁੰਦੇ ਹਨ।

ਉਪਰੋਕਤ ਲੰਬੀ ਮਿਸਾਲ ਇਸ ਲਈ ਦੇਣੀ ਪਈ ਤਾਂਕਿ ਸਮਝਿਆ ਜਾ ਸਕੇ ਕਿ ਇਹ ਸਾਰੇ ਵਰਤਾਰੇ ਅਤੇ ਮਨੁੱਖਤਾ ਨੂੰ 'ਨਫ਼ਰਤ ਅਤੇ ਹਨ੍ਹੇਰੇ ਦੇ ਯੁੱਗ' ਵੱਲ ਧੱਕਣ ਦੀਆਂ ਸਾਜ਼ਿਸ਼ਾਂ ਸਾਮਰਾਜੀ ਪੂੰਜੀ ਵਲੋਂ ਯੋਜਨਾਬੱਧ ਅਤੇ ਸੁਚੇਤ ਰੂਪ ਵਿਚ ਹੋ ਰਹੀਆਂ ਹਨ। ਭਾਰਤ ਸਮੇਤ ਵਿਸ਼ਵ ਦੇ ਸਮਾਜ ਕਿਸੇ ਨਾ ਕਿਸੇ ਰੂਪ ਵਿਚ ਅੰਦਰੂਨੀ ਪਹਿਚਾਨਾਂ, ਧਰਮਾਂ ਤੇ ਵਖਰੇਵਿਆਂ ਦੇ ਗ੍ਰਿਹ ਕਲੇਸ਼ ਵੱਲ ਧੱਕੇ ਜਾ ਰਹੇ ਹਨ। ਇਹ ਵਰਤਾਰੇ ਕਬੀਲਿਆਈ ਯੁੱਗ ਦੀ ਵਾਸਪੀ ਦਾ ਸੰਕੇਤ ਹਨ। ਇਹ ਕਿਸੇ ਕੁਦਰਤੀ ਸਮਾਜਿਕ ਵਿਕਾਸ ਦਾ ਸਿੱਟਾ ਨਹੀਂ, ਇਹ ਕਪਟੀ ਤੇ ਮਨੁੱਖਤਾ ਦੀ ਕਾਤਲ ਸਾਮਰਾਜੀ ਪੂੰਜੀ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਹਨ। ਇਹ ਉਨ੍ਹਾਂ ਦੀ ਵਿਸ਼ਵ ਦੇ ਕੁਦਰਤੀ ਸੋਮਿਆਂ ਦੀ ਲੁੱਟ ਤੇ ਸਸਤੀ ਮਜ਼ਦੂਰੀ ਹਾਸਲ ਕਰਨ ਤੱਕ ਹੀ ਸੀਮਤ ਨਹੀਂ; ਸਗੋਂ ਮਜ਼ਦੂਰ ਵਰਗ ਨੂੰ ਵੱਖ-ਵੱਖ ਸਮਾਜਿਕ ਵੰਡਾਂ ਵਿਚ ਨਿਬੇੜ ਕੇ ਉਨ੍ਹਾਂ ਦੀ ਤਾਕਤ ਨੂੰ ਕਮਜ਼ੋਰ ਕਰਨ ਦੇ ਇਰਾਦੇ 'ਚੋਂ ਨਿਕਲਿਆ ਹੋਇਆ ਹੈ। ਵਿਸ਼ਵ ਪੂੰਜੀਵਾਦੀ ਚਿੰਤਕ ਜੋ ਇਸ ਪੂੰਜੀ ਦੇ ਰਾਜ ਨੂੰ ਚਿਰ ਸਥਾਈ ਬਣਾਉਣਾ ਲੋਚਦੇ ਹਨ, ਉਹ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਹਰ ਦੇਸ਼ ਵਿਚ ਤੇ ਵਿਸ਼ਵ ਵਿਚ ਮਜ਼ਦੂਰ ਜਮਾਤ ਜੇ ਸੂਝ ਨਾਲ ਲੈ ਹੋ ਗਹੀ ਤਾਂ ਉਹ ਨਵੀਂ ਬਰਾਬਰੀ ਵਾਲੀ ਸਮਾਜਿਕ ਵਿਵਸਥਾ ਸਿਰਜਨ ਵੱਲ ਹੀ ਵੱਧ ਜਾਵੇਗੀ। ਪੂੰਜੀਪਤੀ ਵਰਗ ਦੀ ਸੇਵਾ ਵਿਚ ਲੱਗੇ ਬੁੱਧੀਜੀਵੀ ਪਿਛਲੇਰੇ 70 ਸਾਲ ਤੋਂ ਜਿਵੇਂ ਵਿਸ਼ਵ ਦੀ ਮਜ਼ਦੂਰ ਜਮਾਤ ਦੀ ਤਾਕਤ ਤੋਂ ਭੈਅ-ਭੀਤ, ਪੂੰਜੀ ਦੇ ਰਾਜ ਦੀ ਲੰਬੇਰੀ ਉਮਰ ਲਈ ਉਨ੍ਹਾਂ ਦੀ ਸੇਵਾ ਵਿਚ ਜੁਟੇ ਹੋਏ ਹਨ ਅਤੇ ਵਿਸ਼ਵ ਮਜ਼ਦੂਰ ਜਮਾਤ ਨੂੰ ਵੱਖ-ਵੱਖ ਤਰ੍ਹਾਂ ਨਾਲ ਉਲਝਾਉਣ ਦੀਆਂ ਸਾਜ਼ਿਸ਼ਾਂ ਰਚਦੇ ਆ ਰਹੇ ਹਨ। ਇਨ੍ਹਾਂ ਨੂੰ ਜਿੰਨੀ ਗਹਿਰਾਈ 'ਚ ਜਾ ਕੇ ਬੁਝਣਾ ਸੀ ਅਤੇ ਬੇਪੜਦ ਕਰਨਾ ਬਣਦਾ ਸੀ, ਕਿਤੇ ਨਾ ਕਿਤੇ ਨਾ ਕਿਤੇ ਮਜ਼ਦੂਰ ਜਮਾਤ ਦੇ ਚਿੰਤਕਾਂ ਵਲੋਂ ਉਹ ਭੂਮਿਕਾ ਨਹੀਂ ਨਿਭਾਈ ਜਾ ਸਕੀ। ਇਹ ਸਵਾਲ ਸਾਨੂੰ ਅੱਜ ਵੀ ਦਰਪੇਸ਼ ਹੈ। ਜੇ ਉਹ ਵਿਸ਼ਵ ਦੇ ਸਭਿਅਕ ਸਮਾਜ ਨੂੰ ਪਿਛਲਮੋੜਾ ਦੇਣ ਤੇ ਜਾਂਗਲੀ ਕਬਾਇਲੀ ਯੁੱਗ ਵੱਲ ਧੱਕਣ ਲਈ ਤਤਪਰ ਹਨ ਤਾਂ ਸਮਾਜ ਨੂੰ ਅਗਲੇਰੀ ਦਿਸ਼ਾ ਵੱਲ ਲਿਜਾਣ ਵਾਲੀਆਂ ਤਾਕਤਾਂ, ਜਿਨ੍ਹਾਂ ਨੇ ਹਰ ਕਿਸਮ ਦੀਆਂ ਵੰਡਾਂ ਵਖਰੇਵਿਆਂ ਤੋਂ ਮੁਕਤ, ਪੂੰਜੀ ਤੋਂ ਮੁਕਤ ਇਕ ਸੱਚੀ ਮਾਨਵਤਾ ਵਾਲੇ ਹਰ ਪੱਖੋਂ ਬਰਾਬਰੀ ਵਾਲੇ ਵਿਸ਼ਵ ਸਮਾਜ ਦੀ ਸਿਰਜਨਾ ਦਾ ਹੋਕਾ ਦੇਣਾ ਸੀ, ਵਲੋਂ ਆਪਣੇ ਮੋਰਚੇ ਨੂੰ ਸੰਭਾਲਣ ਵਿਚ ਦੇਰੀ ਕਿਉਂ ਕੀਤੀ? ਇਸ 'ਚ ਕੋਈ ਸ਼ੱਕ ਨਹੀਂ ਕਿ ਸਮੁੱਚੀ ਮਨੁੱਖਤਾ ਨੂੰ ਅਜਿਹੀ ਜ਼ਰਜ਼ਰ ਤੇ ਬਦਤਰ ਆਦਮ ਖਾਣੀ ਪੂੰਜੀਵਾਦੀ ਵਿਵਸਥਾ ਤੋਂ ਮੁਕਤੀ ਉਨ੍ਹਾਂ ਦੀ ਅਣਸਰਦੀ ਲੋੜ ਹੈ। ਪਰ ਇਸ ਕੰਮ ਨੂੰ ਤਾਂ ਚੇਤੰਨ ਰੂਪ ਲੋਕਾਂ ਦੀ ਪਹਿਲਕਦਮੀ ਤੇ ਅਮਲ ਨੇ ਅੱਗੇ ਤੋਰਨਾ ਹੁੰਦਾ ਹੈ। ਜਦੋਂ ਸਭਿਅਕ ਤੇ ਮਾਨਵਤਾਵਾਦੀ ਸਮਾਜ ਸਿਰਜਨ ਵਾਲੀਆਂ ਤਾਕਤਾਂ ਦੀ ਭੂਮਿਕਾ ਢਿੱਲੀ ਮੱਠੀ ਹੋਵੇਗੀ ਤਾਂ ਲਾਜ਼ਮੀ ਹੈ, ਇਸ ਬੇਚੈਨੀ ਵਿਚ ਪਿਛਾਖੜੀ ਤਾਕਤਾਂ ਲੋਕਾਈ ਦੇ ਇਕ ਹਿੱਸੇ ਨੂੰ ਕਪਟੀ ਭਰਮਾਊ ਨਾਅਰਿਆਂ ਹੇਠ ਲਾਮਬੰਦ ਕਰਕੇ ਜਾਂਗਲੀ, ਕਬੀਲਿਆਈ ਜ਼ਹਿਰ ਪਿਉਂਦ ਕੇ ਤਾਨਾਸ਼ਾਹ ਫਾਸ਼ਿਸ਼ਟ ਰਾਜ ਸਥਾਪਤ ਕਰਨ ਵੱਲ ਹੀ ਵਧਣਗੀਆਂ। ਇਹੀ ਕਾਰਨ ਹੈ ਅੱਜ ਅਤਿ ਕਪਟੀ ਅਤੇ ਮਨੁੱਖਤਾ ਦੇ ਕਾਤਲ-ਮੋਦੀ, ਟਰੰਪ, ਨੇਤਨਯਾਹੂ ਗੁੰਮਰਾਹ ਹੋਈ ਲੋਕਾਈ ਦੇ ਇਕ ਹਿੱਸੇ ਦੇ ਨਾਇਕ ਹਨ ਜਿਹੜੇ ਬਚੇ ਖੁੱਚੇ ਸਭਿਅਕ ਸਮਾਜਾਂ ਨੂੰ ਤਬਾਹੀ ਵੱਲ ਹੀ ਧੱਕਣਗੇ।

ਅੱਜ ਵਿਸ਼ਵ 100 ਸਾਲ ਪਹਿਲਾਂ ਵਾਲੀਆਂ ਹਾਲਤਾਂ ਦੀਆਂ ਬਰੂਹਾਂ 'ਤੇ ਹੀ ਖਲੋਤਾ ਹੈ ਪਰ ਉਸ ਦੌਰ ਦੀਆਂ ਹਾਲਤਾਂ ਨਾਲੋਂ ਬਹੁਤ ਭਿੰਨ/ਨਵੀਆਂ ਚੁਣੌਤੀਆਂ ਅਤੇ ਨਵੇਂ ਸਵਾਲਾਂ ਨੂੰ ਲੈ ਕੇ ਭੁਖਮਰੀ, ਅਮੀਰੀ-ਗਰੀਬੀ ਦਾ ਪਾੜਾ, ਅਣਸਾਵਾਂ ਵਿਕਾਸ, ਆਪਣੀ ਸਿਖਰ ਉਤੇ ਹੈ। ਵਿਸ਼ਵ ਲੋਕਾਈ, ਭਿਆਨਕ ਬੀਮਾਰੀਆਂ, ਜੰਗਾਂ ਅਤੇ ਭਰਾਮਾਰ ਟਕਰਾਵਾਂ ਦਾ ਸ਼ਿਕਾਰ ਹੈ। ਨਫ਼ਰਤ ਤੇ ਕਬੀਲਿਆਈ ਮਾਨਸਿਕਤਾ ਨੇ ਧਰਤੀ ਲਹੂ ਲੁਹਾਣ ਕੀਤੀ ਹੋਈ ਹੈ। ਨਿਆਂ ਵਿਵਸਥਾ ਉਡ ਪੁੱਡ ਗਈ ਹੈ ਅਤੇ 'ਰਾਜ ਦੇ ਕਸਾਈਪੁਣੇ' ਹੇਠ ਸਮਾਜ ਕਰਾਹ ਰਿਹਾ ਹੈ। ਲੋਕਾਈ ਇਸ ਤੋਂ ਮੁਕਤੀ ਲੋਚਦੀ ਹੈ। ਇਸ ਆਦਮਖਾਣੇ ਪੂੰਜੀ ਦੇ ਪ੍ਰਬੰਧ ਤੋਂ ਮੁਕਤੀ ਦੀ ਕੁੰਜੀ ਸਿਰਫ਼ ਮਜ਼ਦੂਰ ਜਮਾਤ ਕੋਲ ਹੀ ਹੈ। ਮਜ਼ਦੂਰ ਜਮਾਤ ਦੀ ਸੁਚੇਤ ਤਾਕਤ ਹੀ ਅੱਜ ਵਿਸ਼ਵ ਨੂੰ ਨਵੇਂ ਯੁੱਗ ਵੱਲ ਲਿਜਾਣ ਦੇ ਸਮਰੱਥ ਹੈ। 'ਕਬਾਲੀਆਈ ਤੇ ਜਾਂਗਲੀ ਵਿਵਸਥਾ ਦੀ ਥਾਂ ਨਵਾਂ ਸਭ ਪਾਸੇ ਤੋਂ ਬਰਾਬਰੀ ਵਾਲਾ ਸਮਾਜ ਸਿਰਜਨ ਦੇ ਸੰਕਲਪ ਨੂੰ ਉਭਾਰਦਿਆਂ ਸਾਮਰਾਜੀ ਪੂੰਜੀ ਦੇ ਸਮਾਜ ਤੋਂ ਮੁਕਤੀ ਦੇ ਨਾਹਰੇ ਨੂੰ ਉਠਾਉਣ ਵਾਲੀਆਂ ਸੁਚੇਤ ਤਾਕਤਾਂ ਦੀ ਜ਼ਿੰਮੇਵਾਰੀ ਹੋਰ ਵੱਧ ਗਈ ਹੈ। ਆਓ ਮੋਰਚਾ ਸੰਭਾਲੀਏ, ਜੇ ਖੁੰਝ ਗਏ ਤਾਂ ਪਛੜ ਜਾਵਾਂਗੇ ਆਦਮਖੋਰ ਪੂੰਜੀ ਦਾ ਦੈਂਤ ਅੱਗੇ ਵੱਧ ਰਿਹਾ ਹੈ। ਸੁਚੇਤ ਹੋਈਏ।

# ਆਦਿਵਾਸੀ ਇਲਾਕਿਆਂ 'ਚ ਹਕੂਮਤੀ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਹੁਣ 19 ਜਨਵਰੀ ਨੂੰ ਹੋਵੇਗੀ

## *ਲੋਕ ਹੱਕਾਂ ਦੀ ਉੱਘੀ ਕਾਰਕੁਨ ਬੇਲਾ ਭਾਟੀਆ ਅਤੇ ਡਾ. ਨਵਸ਼ਰਨ ਹੋਣਗੇ ਮੁੱਖ ਵਕਤਾ*






ਬਰਨਾਲਾ (ਬਲਜਿੰਦਰ ਸਿੰਘ ਪਟਿਆਲਾ): ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ 30 ਦਸੰਬਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਕੀਤੀ ਜਾਣ ਵਾਲੀ ਜਬਰ ਵਿਰੋਧੀ ਸੂਬਾਈ ਕਨਵੈਨਸ਼ਨ ਕੁਝ ਸਮੱਸਿਆਵਾਂ ਕਾਰਨ ਹੁਣ 19 ਜਨਵਰੀ ਨੂੰ ਕੀਤੀ ਜਾਵੇਗੀ। ਫਰੰਟ ਦੇ ਸੂਬਾਈ ਆਗੂਆਂ ਡਾ.ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਦੱਸਿਆ ਕਿ ਕਨਵੈਨਸ਼ਨ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਚਲਾਏ ਜਾ ਰਹੇ ਰਾਜਕੀ ਦਹਿਸ਼ਤਵਾਦ ਪਿੱਛੇ ਕੰਮ ਕਰਦੇ ਕਾਰਪੋਰੇਟ-ਹਿੰਦੂਤਵ ਗੱਠਜੋੜ ਦੇ ਅਸਲ ਮਨੋਰਥ ਬਾਰੇ ਸਪਸ਼ਟ ਕਰਨ ਅਤੇ ਇਸ ਫਾਸ਼ੀਵਾਦੀ ਵਰਤਾਰੇ ਨੂੰ ਠੱਲ ਪਾਉਣ ਲਈ ਵਿਸ਼ਾਲ ਜਮਹੂਰੀ ਲਹਿਰ ਖੜ੍ਹੀ ਕਰਨ ਦੀ ਲੋੜ ਨੂੰ ਮੁਖ਼ਾਤਿਬ ਹੋਵੇਗੀ।ਕਨਵੈਨਸ਼ਨ ਵਿਚ ਮੁੱਖ ਵਕਤਾ ਲੋਕ ਹੱਕਾਂ ਦੀ ਉੱਘੀ ਕਾਰਕੁਨ ਬੇਲਾ ਭਾਟੀਆ, ਜੋ ਕਿ ਬਸਤਰ ਆਧਾਰਤ ਖੋਜਕਰਤਾ ਅਤੇ ਆਦਿਵਾਸੀ ਹੱਕਾਂ ਦੀ ਉੱਘੀ ਝੰਡਾਬਰਦਾਰ ਹੈ, ਅਤੇ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਹੋਣਗੇ। ਆਉਣ ਵਾਲੇ ਸਮੇਂ ਵਿਚ ਇਸੇ ਫੋਰਮ ਤੋਂ ਐਡਵੋਕੇਟ ਸ਼ਾਲਿਨੀ ਗੇਰਾ ਦੇ ਵਡਮੁੱਲੇ ਵਿਚਾਰਾਂ ਨਾਲ ਸਾਂਝ ਵੀ ਪਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਕਨਵੈਨਸ਼ਨ ਦੀ ਤਿਆਰੀ ਲਈ ਵੱਖ-ਵੱਖ ਇਲਾਕਿਆਂ ਵਿਚ ਜਨਤਕ ਮੀਟਿੰਗਾਂ ਅਤੇ ਹੋਰ ਰੂਪਾਂ ਵਿਚ ਸੰਪਰਕ ਮੁਹਿੰਮ ਚਲਾਉਂਦੇ ਹੋਏ ਪੰਜਾਬ ਦੀਆਂ ਸਮੂਹ ਲੋਕਪੱਖੀ ਤਾਕਤਾਂ ਨੂੰ ਹਕੂਮਤੀ ਦਹਿਸ਼ਤਵਾਦ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ ਕੀਤੀ ਜਾਵੇਗੀ। ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ ਸਮੇਤ ਸਮੂਹ ਲੋਕਪੱਖੀ ਅਗਾਂਹਵਧੂ ਸੰਸਥਾਵਾਂ ਅਤੇ ਤਾਕਤਾਂ ਨੂੰ ਦਣਦਣਾ ਰਹੇ ਜਾਬਰ ਹਮਲੇ ਵਿਚ ਸਰਗਰਮੀ ਨਾਲ ਸ਼ਾਮਲ ਹੋਣ ਦਾ ਸੱਦਾ ਦਿੰਦੇ ਹੋਏ ਅਤੇ ਇਹ ਮੰਗ ਕਰਦੇ ਹੋਏ ਲੋਕ-ਰਾਇ ਉਸਾਰੀ ਜਾਵੇਗੀ ਕਿ ਆਦਿਵਾਸੀ ਇਲਾਕਿਆਂ ਵਿਚ ਨਕਸਲੀਆਂ ਅਤੇ ਆਦਿਵਾਸੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ, ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਤੇ ਰਾਜਨੀਤਕ ਕਾਰਕੁਨਾਂ ਨੂੰ ਰਿਹਾ ਕੀਤਾ ਜਾਵੇ।


GALAXY Freightline Inc.
Manpreet Singh
Manager
780-604-0593
Office : 416-644-8881
Logistics Ltd Calgary Alberta
Warehousing / Distribution
7270 106 Ave SE Calgary, AB T2C 4Y5

BEAUTY BLISS
Mediaesthetics
Contact :
Nav Gill RN BscN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler
INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਦਸੰਬਰ ਮਹੀਨੇ ਮੀਟਿੰਗ ਪੋਹ ਮਹੀਨੇ ਦੀਆਂ ਲਸਾਨੀ ਸ਼ਹਾਦਤਾਂ ਨੂੰ ਰਹੀ ਸਮਰਪਿਤ




**ਦਵਿੰਦਰ ਮਲਹਾਂਸ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿੱਚ ਹੋਈ। ਮੀਟਿੰਗ ਦਾ ਆਗਾਜ਼ ਜਨਰਲ ਸਕੱਤਰ ਦਵਿੰਦਰ ਮਲਹਾਂਸ ਨੇ ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਰਣਜੀਤ ਸਿੰਘ, ਇੰਜੀਰ ਸਿੰਘ ਬਰਾੜ ਅਤੇ ਦਰਸ਼ਨ ਸਿੰਘ ਬਰਾੜ ਨੂੰ ਸੱਦਾ ਦੇ ਕੇ ਕੀਤਾ। ਦਵਿੰਦਰ ਮਲਹਾਸ ਨੇ ਮੀਟਿੰਗ ਦੀ ਸ਼ੁਰੂਆਤ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਸਹਾਦਤਾਂ ਨੂੰ ਯਾਦ ਕਰਦਿਆਂ ਕਿਹਾ ਅਸੀਂ ਉਨ੍ਹਾਂ ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਨੂੰ ਕੋਟ ਕੋਟ ਪ੍ਰਣਾਮ ਕਰਦੇ ਹਾਂ।

ਲਿਖਾਰੀ ਸਭਾ ਦੇ ਸਕੱਤਰ ਗੁਰਲਾਲ ਸਿੰਘ ਦੇ ਭਰਾ ਸਿਮਰਜੀਤ ਸਿੰਘ ਦੀ ਬੇਵਕਤੀ ਮੌਤ ਤੇ ਤਬਲਾ ਵਾਦਕ ਜਾਕਰ ਹੁਸੈਨ ਦੀ ਮੌਤ ਤੇ ਸਭਾ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸੋਗ ਮਤਾ ਪੜਿਆ ਗਿਆ। ਇਸੇ ਹਫਤੇ ਸਾਹਿਤ ਅਕਾਦਮੀ ਵੱਲੋਂ ਪੰਜਾਬੀ ਵਿੱਚ ਪਾਲ ਕੌਰ ਨੂੰ ਅਤੇ ਹਿੰਦੀ ਵਿੱਚ ਗਗਨ ਗਿੱਲ ਨੂੰ ਸਹਿਤ ਅਕਾਦਮੀ ਅਵਾਰਡ ਐਲਾਨ ਹੋਇਆ ਪੰਜਾਬ ਦੀਆਂ ਜਾਈਆਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ। ਰਚਨਾਵਾ ਦੇ ਦੌਰ ਦੀ ਸ਼ੁਰੂਆਤ ਜਸਵੰਤ ਸਿੰਘ ਅਗਿਆਨੀ ਜੀ ਨੂੰ ਸੱਦਾ ਦੇ ਕੇ ਕੀਤੀ ਉਹਨਾਂ ਨੇ ਗੁਰਬਾਣੀ ਬਾਰੇ ਬੜੇ ਡੂੰਘੇ ਵਿਚਾਰ ਪੇਸ਼ ਕੀਤੇ। ਜਰਨੈਲ ਸਿੰਘ ਤੱਗੜ ਨੇ ਸਾਹਿਬਜ਼ਾਦਿਆਂ ਉਪਰ ਕਵਿਤਾ ਪੜ੍ਹੀ। ਬਲਜਿੰਦਰ ਸੰਘਾ ਨੇ 'ਵਕੀਲ ਦੀ ਕੋਠੀ' ਅਤੇ ਹਾਸ ਰਸ ਕਵਿਤਾ ਅਮਰੀਕਣਾਂ ਨੇ ਟਰੰਪ ਚੁਣ ਲਿਆ ਸੁਣਾਈ। ਹਰੀ ਪਾਲ ਜੀ ਨੇ ਪਰਵਾਸ ਵਾਰੇ ਭਾਵ ਪੂਰਤ ਕਵਿਤਾ ਸੁਣਾਈ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਸਾਹਿਬਜ਼ਾਦਿਆਂ ਉਪਰ ਪਾਰਸ ਦੀ ਲਿਖੀ ਹੋਈ ਕਵਿਸਰੀ ਸੁਣਾ ਕੇ ਵਾਹ ਵਾਹ ਖੱਟੀ। ਬਲਵੀਰ ਸਿੰਘ ਗੋਰਾ ਨੇ ਕਨੇਡਾ ਨੂੰ ਪੰਜਾਬ ਨਾ ਬਣਾਓ ਪੰਜਾਬੀਓ ਗੀਤ ਪੇਸ਼ ਕੀਤਾ। ਡਾ. ਪਰਮਜੀਤ ਕੌਰ ਨੇ ਜੋਰਾਵਰ ਬੰਸਲ ਦੇ ਕਹਾਣੀ ਸੰਗ੍ਰਹਿ ਬਾਰੇ ਵਿਚਾਰ ਸਾਂਝੇ ਕੀਤੇ। ਤਰਲੋਚਨ ਸੈਂਭੀ ਨੇ ਧਾਰਮਿਕ ਗੀਤ ਬੁਲੰਦ ਆਵਾਜ਼ ਵਿੱਚ ਸੁਣਾਇਆ। ਮੰਗਲ ਸਿੰਘ ਚੱਠਾ, ਜਸਵੀਰ ਸਿੰਘ ਸਹੋਤਾ ਪਰਮਜੀਤ ਸਿੰਘ ਬਾਠ, ਹਰਕੰਵਲਜੀਤ ਸਿੰਘ ਸਾਹਿਲ ਕਵਿਤਾਵਾਂ ਪੜ੍ਹ ਕੇ ਮੀਟਿੰਗ ਹਿੱਸਾ ਲਿਆ ਇੰਜੀਰ ਸਿੰਘ ਬਰਾੜ ਨੇ ਆਪਣੇ ਵਿਚਾਰ ਪੇਸ਼ ਕੀਤੇ। ਸੁਖਬੀਰ ਸਿੰਘ ਗਰੇਵਾਲ ਪੰਜਾਬੀ ਦੀਆਂ ਕਲਾਸਾਂ ਵਾਸਤੇ ਬੋਤਲ ਡਰਾਈਵ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ 'ਤੇ ਜਗਤਾਰ ਸਿੰਘ ਜਗਰਾਵਾਂ ਅਤੇ ਅਵਤਾਰ ਕੌਰ ਤੱਗੜ ਵੀ ਸਾਮਲ ਹੋਏ। ਅਖੀਰ ਵਿੱਚ ਪ੍ਰਧਾਨ ਰਣਜੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ ਅਤੇ ਅਗਲੇ ਮਹੀਨੇ ਦੀ ਮੀਟਿੰਗ 18 ਜਨਵਰੀ ਨੂੰ ਹੋਵੇਗੀ ਵਾਰੇ ਜਾਣਕਾਰੀ ਦਿੱਤੀ। ਸਭਾ ਬਾਰੇ ਹੋਰ ਜਾਣਕਾਰੀ ਲਈ ਪ੍ਰਧਾਨ ਰਣਜੀਤ ਸਿੰਘ ਨੂੰ 825 735 1466 ਅਤੇ ਜਨਰਲ ਸਕੱਤਰ ਦਵਿੰਦਰ ਮਲਹਾਸ ਨੂੰ ਮਲਹਾਸ ਨੂੰ 403 993 2201 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਦੀ ਮੀਟਿੰਗ ਵਿੱਚ 26 ਜਨਵਰੀ ਨੂੰ 'ਭਾਰਤੀ ਸੰਵਿਧਾਨ ਦਾ ਇਤਿਹਾਸਿਕ ਪਿਛੋਕੜ' ਵਿਸ਼ੇ ਤੇ ਸੈਮੀਨਾਰ ਕਰਨ ਦਾ ਫੈਸਲਾ

ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਦੀ ਮੀਟਿੰਗ ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਜਸਵੰਤ ਜ਼ੀਰਖ ਦੀ ਪ੍ਰਧਾਨਗੀ ਹੇਠ ਹੋਈ। ਇਸ ਸਮੇਂ ਲੁਧਿਆਣਾ ਜ਼ਿਲ੍ਹਾ ਇਕਾਈ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੀਆਂ ਗਤੀਵਿਧੀਆਂ ਬਾਰੇ ਲੇਖਾ ਜੋਖਾ ਕਰਦਿਆਂ ਸਰਵ ਸੰਮਤੀ ਨਾਲ ਤਸੱਲੀ ਪ੍ਰਗਟਾਈ ਗਈ। ਸਭਾ ਦੀ ਨਿਰਪੱਖ ਕਾਰਗੁਜ਼ਾਰੀ 'ਤੇ ਸਵਾਲ ਕਰਨ ਵਾਲਿਆਂ ਨੂੰ ਸਰਵ ਸੰਮਤੀ ਨਾਲ ਰੱਦ ਕੀਤਾ ਅਤੇ ਢੁਕਵਾਂ ਜਵਾਬ ਦੇਣ ਬਾਰੇ ਵਿਚਾਰ ਚਰਚਾ ਕਰਦਿਆਂ ਸਾਰੇ ਮੈਂਬਰਾਂ ਵੱਲੋਂ ਉਸਾਰੂ ਸੁਝਾਅ ਪੇਸ਼ ਕੀਤੇ ਗਏ। ਪਿਛਲੇ ਦਿਨੀਂ ਹੋਰ ਸਹਿਯੋਗੀ ਜਨਤਕ, ਜਮਹੂਰੀ ਜੱਥੇਬੰਦੀਆਂ ਨਾਲ ਨਵੇਂ ਫ਼ੌਜਦਾਰੀ ਕਾਨੂੰਨਾਂ ਦੇ ਲੋਕ ਵਿਰੋਧੀ ਪ੍ਰਭਾਵਾਂ ਸਬੰਧੀ ਕਰਵਾਈ ਸਾਂਝੀ ਕਨਵੈਨਸ਼ਨ ਦਾ ਰਿਵਿਊ ਕਰਦਿਆਂ ਕਈ ਕਾਰਕੁੰਨਾ ਵੱਲੋਂ ਸਮੇਂ ਤੋਂ ਲੇਟ ਆਉਣ ਵਰਗੀਆਂ ਘਾਟਾਂ ਦੇ ਬਾਵਜੂਦ ਇਸ ਨੂੰ ਸਫਲ ਅਤੇ ਬਹੁਤ ਅਸਰਦਾਰ ਕਰਾਰ ਦਿੱਤਾ ਗਿਆ। ਇਹਨਾਂ ਕਾਨੂੰਨਾਂ ਬਾਰੇ ਐਡਵੋਕੇਟ ਹਰਪ੍ਰੀਤ ਜ਼ੀਰਖ ਵੱਲੋਂ ਸੌਖੇ ਸ਼ਬਦਾਂ ਵਿੱਚ ਕੀਤੀ ਵਿਆਖਿਆ ਦੀ ਪ੍ਰਸ਼ੰਸਾ ਕੀਤੀ ਗਈ।



ਦੇਸ਼ ਵਿੱਚ ਸਰਕਾਰਾਂ ਵੱਲੋਂ ਮਨੁੱਖੀ ਹੱਕਾਂ ਨੂੰ ਕੁਚਲਣ ਲਈ ਹੋ ਰਹੇ ਹਮਲਿਆਂ ਬਾਰੇ ਲੋਕ ਚੇਤਨਾ ਫੈਲਾਉਣ ਦੇ ਕੰਮ ਨੂੰ ਗੰਭੀਰਤਾ ਨਾਲ ਲਿਆ ਗਿਆ। ਇਸ ਨੂੰ ਮੁੱਖ ਰੱਖਦਿਆਂ ਮੀਟਿੰਗ ਦੌਰਾਨ ਅਗਲੀ ਵਿਉਂਤਬੰਦੀ ਤਹਿ ਕਰਦਿਆਂ 26 ਜਨਵਰੀ ਨੂੰ 'ਭਾਰਤੀ ਸੰਵਿਧਾਨ ਦਾ ਇਤਿਹਾਸਿਕ ਪਿਛੋਕੜ' ਵਿਸ਼ੇ 'ਤੇ ਸੈਮੀਨਾਰ ਕਰਵਾਉਣ ਦਾ ਫੈਸਲਾ ਲਿਆ ਗਿਆ। ਉਪਰੋਕਤ ਬਾਬਾ ਭਾਨ ਸਿੰਘ ਯਾਦਗਾਰੀ ਲਾਇਬ੍ਰੇਰੀ ਵਿੱਚ ਹੋ ਰਹੇ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋ ਜਗਮੋਹਨ ਸਿੰਘ ਸਵੇਰੇ 11 ਵਜੇ ਇਸ ਸੈਮੀਨਾਰ ਨੂੰ ਸੰਬੋਧਨ ਕਰਨਗੇ। ਸਭਾ ਦਾ ਹਰ ਮੈਂਬਰ ਇਸ ਸੈਮੀਨਾਰ ਵਿੱਚ ਆਪਣੇ ਨਾਲ ਵੱਧ ਤੋਂ ਵੱਧ ਨਵੇਂ ਸਹਿਯੋਗੀ ਲਿਆਵੇਗਾ ਤਾਂ ਜੋ ਮਨੁੱਖ ਦੇ ਜ਼ਮਹੂਰੀ ਹੱਕਾਂ ਦੀ ਰਾਖੀ ਲਈ ਮੁਹਿੰਮ ਨੂੰ ਮਜਬੂਤ ਕੀਤਾ ਜਾ ਸਕੇ।

ਮੀਟਿੰਗ ਵਿੱਚ ਪ੍ਰੋ. ਜਗਮੋਹਨ ਸਿੰਘ, ਪ੍ਰੋ. ਏ ਕੇ ਮਲੇਰੀ, ਡਾ. ਹਰਬੰਸ ਗਰੇਵਾਲ, ਪ੍ਰਿੰਸੀਪਲ ਅਜਮੇਰ ਦਾਖਾ, ਮਾ. ਭਜਨ ਸਿੰਘ ਕੈਨੇਡਾ, ਬਲਵਿੰਦਰ ਸਿੰਘ, ਐਡਵੋਕੇਟ ਨਰਿੰਦਰ ਸਿੰਘ, ਉਜਾਗਰ ਸਿੰਘ ਬੱਦੋਵਾਲ, ਮੈਡਮ ਮਲਕੀਤ ਕੌਰ, ਮੀਨਾਖਸ਼ੀ ਉਰਫ ਮੀਨੂੰ, ਮਾ. ਜਰਨੈਲ ਸਿੰਘ, ਮਾ. ਸੁਰਜੀਤ ਸਿੰਘ ਐਡਵੋਕੇਟ ਹਰਪ੍ਰੀਤ ਜ਼ਾਰਖ, ਅਰੁਣ ਕੁਮਾਰ, ਰਾਕੇਸ਼ ਆਜ਼ਾਦ, ਮਾ ਪ੍ਰਮਜੀਤ ਪਨੇਸਰ ਹਾਜ਼ਰ ਸਨ।

# ਨੌਜਵਾਨਾਂ ਸਾਹਮਣੇ ਬੇਰੁਜ਼ਗਾਰੀ ਅਤੇ ਨਸ਼ੇ ਵਰਗੀਆਂ ਬਹੁਤ ਚੁਣੌਤੀਆਂ ਹਨ : ਰਾਕੇਸ਼ ਆਜ਼ਾਦ

ਲੁਧਿਆਣਾ (ਬਲਜਿੰਦਰ ਸਿੰਘ ਪਟਿਆਲਾ) ਅੱਜ ਸਥਾਨਕ ਗਦਰੀ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ ਸਰਗਰਮ ਮੈਂਬਰਾਂ ਦੀ ਮੀਟਿੰਗ ਸਭਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਜ਼ੀਰਖ ਐਡਵੋਕੇਟ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਸਭਾ ਵੱਲੋਂ ਸਾਲ 2024 ਦੀਆਂ ਸਰਗਰਮੀਆਂ ਦੀ ਸਮੀਖਿਆ ਕੀਤੀ ਗਈ ਅਤੇ ਆਉਂਦੇ ਨਵੇਂ ਵਰ੍ਹੇ 2025 ਲਈ ਅਗਲੇਰੇ ਕਾਰਜਾਂ ਲਈ ਵਿਓਂਤਬੰਦੀ ਕੀਤੀ ਗਈ।

ਪ੍ਰੈਸ ਨੂੰ ਜਾਰੀ ਕੀਤੇ ਬਿਆਨ ਵਿੱਚ ਨੌਜਵਾਨ ਸਭਾ ਦੇ ਜਨਰਲ ਸਕੱਤਰ ਰਾਕੇਸ਼ ਆਜ਼ਾਦ ਅਤੇ ਮੀਤ ਪ੍ਰਧਾਨ ਜਗਜੀਤ ਗੁੜੇ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਨੌਜਵਾਨਾਂ ਸਾਹਮਣੇ ਬੇਰੁਜ਼ਗਾਰੀ ਅਤੇ ਨਸ਼ੇ ਵਰਗੀਆਂ ਬਹੁਤ ਚੁਣੌਤੀਆਂ ਹਨ। ਅੱਜ ਨੌਜਵਾਨ ਵੱਡੀ ਪੱਧਰ ਤੇ ਮਾਨਸਿਕ ਪਰੇਸ਼ਾਨੀਆਂ ਦਾ ਸ਼ਿਕਾਰ ਹੈ ਤੇ ਲੱਖਾਂ ਰੁਪਈਏ ਖਰਚ ਕੇ ਵਿਦੇਸ਼ਾਂ ਵਿੱਚ ਜ਼ਿੰਦਗੀ ਦੀਆਂ ਮੁਸ਼ਕਲਾਂ ਹੱਲ ਕਰਨ ਗਏ ਨੌਜਵਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਮੌਜੂਦਾ ਸਮੇਂ ਵਿੱਚ ਸ਼ਹੀਦਾਂ ਦੇ ਵਿਚਾਰਾਂ ਨਾਲ ਜੁੜਨਾ ਅਤੇ ਸੰਘਰਸ਼ਾਂ ਦੇ ਰਾਹ ਪੈਣਾ ਹੀ ਇੱਕੋ-ਇੱਕ ਹੱਲ ਰਹਿ ਗਿਆ ਹੈ। ਨੌਜਵਾਨ ਸਭਾ ਲਗਾਤਾਰ ਇਸ ਗੱਲ ਨੂੰ ਸਮਝਦੀ ਹੈ ਅਤੇ ਨੌਜਵਾਨਾਂ ਵਿੱਚ ਸ਼ਹੀਦਾਂ ਦੇ ਵਿਚਾਰਾਂ ਨੂੰ ਲੈ ਕੇ ਜਾਣ ਲਈ ਵਚਨਬੱਧ ਹੈ।




ਇਸੇ ਲੜੀ ਤਹਿਤ ਨੌਜਵਾਨ ਸਭਾ ਵੱਲੋਂ ਬੀਤੇ ਲੰਮੇ ਸਮੇਂ ਤੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੁਨੇਤ ਦਾ ਨਾਮ ਕਾਲੇ ਪਾਣੀ ਜੇਲ੍ਹ ਦੇ ਸ਼ਹੀਦ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਦੇ ਨਾਮ ਤੇ ਕਰਵਾਉਣ ਲਈ ਮੁਹਿੰਮ ਤੇਜ਼ ਕੀਤੀ ਜਾਵੇਗੀ। ਸਭਾ ਵੱਲੋਂ ਐਲ-ਬਲਾਕ ਭਾਈ ਰਣਧੀਰ ਸਿੰਘ ਨਗਰ ਅਤੇ ਸੁਨੇਤ ਦੇ ਇਲਾਕੇ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਪਾਣੀ ਮਿਲ ਕੇ ਟੂਟੀਆਂ ਵਿੱਚ ਆਉਣ ਨਾਲ ਇਲਾਕੇ ਵਿੱਚ ਬੱਚਿਆਂ ਸਮੇਤ ਲੋਕਾਂ ਨੂੰ ਗੰਭੀਰ ਬੀਮਾਰੀਆਂ ਹੋ ਰਹੀਆਂ ਹਨ ਦੇ ਮਸਲੇ ਨੂੰ ਹੱਲ ਕਰਵਾਉਣ ਲਈ ਇਲਾਕੇ ਵਿੱਚ ਪ੍ਰਚਾਰ ਮੁਹਿੰਮ ਚਲਾ ਕੇ ਨਗਰ ਨਿਗਮ ਜੋਨ-ਡੀ ਵਿਖੇ ਰੋਸ ਪ੍ਰਦਰਸ਼ਨ ਦੀ ਤਿਆਰੀ ਕੀਤੀ ਜਾਵੇਗੀ। ਜਿਸ ਸਬੰਧੀ ਤਰੀਕ ਦਾ ਐਲਾਨ ਛੇਤੀ ਹੀ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਨੌਜਵਾਨ ਸਭਾ ਦੇ ਖ਼ਜ਼ਾਨਚੀ ਤਜਿੰਦਰ ਕੁਮਾਰ, ਜੁਆਇੰਟ ਸਕੱਤਰ ਮੀਨੂੰ ਸ਼ਰਮਾਂ, ਕਮੇਟੀ ਮੈਂਬਰ ਪ੍ਰਤਾਪ ਸਿੰਘ, ਰਾਜੀਵ ਕੁਮਾਰ, ਅਰੁਣ ਕੁਮਾਰ ਆਦਿ ਹਾਜ਼ਰ ਸਨ।














# ਪੰਜਾਬ ਕਿਸ ਦੇ ਹੱਥੋਂ ਖੁਰ ਰਿਹਾ ?

-ਸੁਖਦੇਵ ਸਲੇਮਪੁਰੀ
09780620233




ਹਰ ਰੋਜ਼ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਪੰਜਾਬ ਦਿਨ-ਬ-ਦਿਨ ਖੁਰ ਰਿਹਾ ਹੈ। ਪੰਜਾਬ ਦੀ ਆਰਥਿਕ, ਸਮਾਜਿਕ, ਰਾਜਨੀਤਕ, ਸੱਭਿਆਚਾਰਕ ਅਤੇ ਧਾਰਮਿਕ ਹਾਲਤ ਪਤਲੀ ਹੁੰਦੀ ਜਾ ਰਹੀ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉਪਰ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਹੁਣ ਪੰਜਾਬ ਦੀ ਧਰਤੀ ਉਪਰ ਬਾਹਰਲੇ ਸੂਬਿਆਂ ਤੋਂ ਆ ਕੇ ਵਸੇ ਪ੍ਰਵਾਸੀ ਮਜ਼ਦੂਰਾਂ ਨੂੰ ਬਾਹਰ ਕੱਢਣ ਲਈ ਡੌਂਡੀ ਪਿੱਟੀ ਜਾ ਰਹੀ ਹੈ। ਪਿੰਡਾਂ ਦੀਆਂ ਪੰਚਾਇਤਾਂ ਵਲੋਂ ਪ੍ਰਵਾਸੀ ਮਜ਼ਦੂਰਾਂ ਨੂੰ ਬਾਹਰ ਕੱਢਣ ਲਈ ਮਤੇ ਪਾਏ ਜਾ ਰਹੇ ਹਨ। ਪ੍ਰਵਾਸੀਆਂ ਨਾਲ ਵਿਆਹ ਕਰਵਾਉਣ ਵਿਰੁੱਧ ਮਤੇ ਪਾਏ ਜਾ ਰਹੇ ਹਨ। ਪੰਜਾਬ ਦੇ ਠੇਕੇਦਾਰਾਂ ਨੂੰ ਕੌਣ ਪੁੱਛੇ ਕਿ ਪੰਜਾਬ ਵਿਚ ਖੇਤੀਬਾੜੀ, ਇਮਾਰਤ ਉਸਾਰੀ ਅਤੇ ਸਨੱਅਤਕਾਰੀ ਨੂੰ ਪ੍ਰਫੁੱਲਿਤ ਕਰਨ ਲਈ ਪ੍ਰਵਾਸੀ ਮਜ਼ਦੂਰਾਂ ਨੂੰ ਸੱਦਾ ਕਿਸ ਨੇ ਦਿੱਤਾ ਸੀ, ਹੁਣ ਬੁਰੇ ਕਿਉਂ ਲੱਗਣ ਲੱਗ ਪਏ ਹਨ। ਹਾੜ੍ਹੀ-ਸਾਉਣੀ ਵੇਲੇ ਟਰਾਲੀਆਂ ਭਰ ਭਰ ਕੇ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਤੋਂ ਪ੍ਰਵਾਸੀ ਮਜ਼ਦੂਰਾਂ ਨੂੰ ਵੀ ਅਸੀਂ ਲਿਆਉਂਦੇ ਰਹੇ ਹਾਂ। ਖੇਤ ਤੋਂ ਲੈ ਕੇ ਘਰ ਦੀ ਰਸੋਈ ਦੇ ਅੰਦਰ ਤੱਕ ਪ੍ਰਵਾਸੀ ਮਜ਼ਦੂਰਾਂ ਨੂੰ ਅਸੀਂ ਵਾੜਿਆ।

ਭਲਾ ਦੱਸੋ ਪੰਜਾਬ ਦੀ ਸਾਖ ਨੂੰ ਕੌਣ ਖੋਰਾ ਲਗਾ ਰਿਹਾ ਹੈ ?

1 ਨਵੰਬਰ, 1966 ਤੋਂ ਲੈ ਕੇ ਹੁਣ ਤਕ ਪੰਜਾਬ ਵਿਚ ਗਿਆਨੀ ਜੈਲ ਸਿੰਘ ਅਤੇ ਚਰਨਜੀਤ ਸਿੰਘ ਚੰਨੀ ਨੂੰ ਛੱਡ ਕੇ ਜਿੰਨੇ ਵੀ ਮੁੱਖ ਮੰਤਰੀ ਰਹੇ ਹਨ, ਸਾਰੇ ਦੇ ਸਾਰੇ ਜੱਟ ਜਾਤੀ ਨਾਲ ਸੰਬੰਧ ਰੱਖਦੇ ਹਨ। ਸਾਰੇ ਮੁੱਖ ਮੰਤਰੀ ਕਿਸੇ ਇਕ ਸਿਆਸੀ ਪਾਰਟੀ ਨਾਲ ਸੰਬੰਧਿਤ ਨਾ ਹੋ ਕੇ ਸਗੋਂ ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਹਨ। ਕਿਸੇ ਇਕ ਸਿਆਸੀ ਪਾਰਟੀ ਉਪਰ ਇਹ ਦੋਸ਼ ਮੜ੍ਹਨਾ ਕਿ ਫਲਾਣੀ ਪਾਰਟੀ ਨੇ ਸੂਬੇ ਨੂੰ ਤਬਾਹੀ ਵੱਲ ਧੱਕਿਆ ਹੈ, ਕਹਿਣਾ ਉੱਚਿਤ ਨਹੀਂ ਹੋਵੇਗਾ। ਪੰਜਾਬ ਦੀ ਕੈਬਨਿਟ ਵਿੱਚ ਹਮੇਸ਼ਾ 70 ਫੀਸਦੀ ਜੱਟ ਰਹੇ ਹਨ,70 ਫੀਸਦੀ ਤੋਂ ਵੱਧ ਵਿਧਾਇਕ, ਰਾਜ ਸਭਾ ਤੇ ਲੋਕ ਸਭਾ ਮੈਂਬਰ ਜੱਟ ਹਨ। ਸੂਬੇ ਦੇ ਸਾਰੇ ਜਿਲ੍ਹਿਆਂ ਵਿਚ ਖਾਸ ਕਰਕੇ ਲੁਧਿਆਣਾ, ਜਲੰਧਰ, ਪਟਿਆਲਾ, ਅੰਮ੍ਰਿਤਸਰ, ਬਠਿੰਡਾ, ਫਰੀਦਕੋਟ ਵਰਗੇ ਵੱਡੇ ਜਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰ, ਐੱਸ. ਐੱਸ. ਪੀ. /ਪੁਲਿਸ ਕਮਿਸ਼ਨਰ ਜੱਟ ਰਹੇ ਹਨ ।ਪੰਜਾਬ ਦਾ ਮੁੱਖ ਸਕੱਤਰ, ਪੁਲਿਸ ਮੁੱਖੀ ਸਮੇਤ ਵੱਖ ਵੱਖ ਵਿਭਾਗਾਂ ਦੇ ਪ੍ਰਮੁੱਖ ਸਕੱਤਰ, ਵੱਡੀਆਂ ਤਹਿਸੀਲਾਂ ਦੇ ਐੱਸ. ਡੀ. ਐੱਮ. ਜਿਆਦਾਤਰ ਜੱਟ ਰਹੇ ਹਨ। ਸੂਬੇ ਵਿਚ 70 ਫੀਸਦੀ ਅਧਿਕਾਰੀ ਅਤੇ ਕਰਮਚਾਰੀ ਜੱਟ ਹਨ, ਸੂਬੇ ਦੀਆਂ ਕਿਸਾਨ ਜਥੇਬੰਦੀਆਂ ਦੇ ਮੁੱਖੀ ਜੱਟ ਰਹੇ ਹਨ। 90 ਫੀਸਦੀ ਗਵੱਈਏ ਜੱਟ ਹਨ! 70 ਫੀਸਦੀ ਪਿੰਡਾਂ ਦੇ ਸਰਪੰਚ ਜੱਟ ਹਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ 70 ਫੀਸਦੀ ਮੈਂਬਰ ਜੱਟ ਹਨ, ਪੰਜਾਬ ਵਿਚ ਜਿੰਨੇ ਵੀ ਬਾਬਿਆਂ ਦੇ ਡੇਰੇ ਹਨ, ਦੇ ਉਪਰ 70 ਤੋਂ 80 ਫੀਸਦੀ ਜੱਟਾਂ ਦਾ ਕਬਜ਼ਾ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਗੁਰਦੁਆਰਿਆਂ ਨਾਲ ਸਬੰਧਿਤ ਪ੍ਰਬੰਧਕ ਕਮੇਟੀਆਂ, ਦੇ ਉਪਰ 80 ਤੋਂ 90 ਫੀਸਦੀ ਜੱਟ ਕਾਬਜ਼ ਹਨ। ਪਿੰਡਾਂ/ਸ਼ਹਿਰਾਂ ਵਿਚ ਕਬਰਾਂ ਉਪਰ ਬਣੇ ਡੇਰਿਆਂ ਦਾ ਪ੍ਰਬੰਧ ਚਲਾਉਣ ਵਾਲਿਆਂ ਵਿਚ 70 ਤੋਂ ਵੱਧ ਜੱਟ ਹਨ। ਸਿੱਖ ਧਰਮ ਤੋਂ ਇਲਾਵਾ ਇਸਾਈ ਮੱਤ ਨਾਲ ਸਬੰਧਿਤ ਪਾਸਟਰ ਵੀ ਜੱਟ ਹਨ। ਫਿਰ ਦੱਸੋ ਕਿ ਸਿੱਖੀ ਨੂੰ ਕੌਣ ਖੋਰਾ ਲਗਾ ਰਿਹਾ ਹੈ ? ਪੰਜਾਬ, ਪੰਜਾਬੀ ਅਤੇ ਪੰਜਾਬੀਅਤ, ਚੰਡੀਗੜ੍ਹ ਅਤੇ ਪਾਣੀਆਂ ਨੂੰ ਕਿਵੇਂ ਤੇ ਕਿਉਂ ਖੋਰਾ ਲੱਗ ਰਿਹਾ ਹੈ, ਕੌਣ ਤਬਾਹੀ ਵੱਲ ਧੱਕ ਰਿਹਾ ਹੈ ? ਪੰਜਾਬ ਨੂੰ ਨਸ਼ਿਆਂ ਵੱਲ ਕੌਣ ਧੱਕ ਰਿਹਾ ਹੈ ? ਪੰਜਾਬ ਵਿੱਚ 80 ਫੀਸਦੀ ਗੈਂਗਸਟਰ ਜੱਟ ਹਨ। ਸੂਬੇ ਵਿਚ ਗੈਂਗਸਟਰ ਕੌਣ ਪੈਦਾ ਕਰ ਰਿਹਾ ਹੈ। ਅੱਤਵਾਦ ਕਿਸ ਨੇ ਪੈਦਾ ਕੀਤਾ ਸੀ ? ਪੰਜਾਬ ਨੂੰ ਕੌਣ ਤਬਾਹ ਕਰ ਰਿਹਾ ? ਪੰਜਾਬ ਕਿਸ ਦੇ ਹੱਥਾਂ ਵਿਚ ਹੈ ? ਪੰਜਾਬ ਦੇ ਸ਼ਾਸ਼ਨ ਅਤੇ ਪ੍ਰਸ਼ਾਸਨ ਉਪਰ ਕਮਾਨ ਰੱਖ ਰਿਹਾ, ਜੱਟ ਫਿਰਕਾ ਲੋੜ ਅਨੁਸਾਰ ਆਪਣੇ ਆਪ ਨੂੰ ਕਦੀ ਜਿੰਮੀਦਾਰ, ਕਦੇ ਕਿਸਾਨ ਅਖਵਾਉਂਦਾ ਹੈ, ਪੰਜਾਬ ਦਾ ਵਾਰਸ ਅਖਵਾਉਂਦਾ ਹੈ, ਸਿੱਖ ਪੰਥ ਉਪਰ ਅਧਿਕਾਰ ਜਮਾ ਕੇ ਰੱਖਦਾ ਹੈ।

ਅਜਾਦੀ ਤੋਂ ਪਹਿਲਾਂ ਜਦੋਂ ਅੰਗਰੇਜ਼ ਸਰਕਾਰ ਨੇ 5 ਅਪ੍ਰੈਲ 1937 ਨੂੰ ਕੇਅਰ ਟੇਕਰ ਸਰਕਾਰ ਸਥਾਪਿਤ ਕੀਤੀ ਤਾਂ ਉਸ ਵੇਲੇ ਵੀ ਜੱਟ ਬਰਾਦਰੀ ਨਾਲ ਸਬੰਧਿਤ ਹੀ ਮੁੱਖ ਮੰਤਰੀ ਸਨ, ਭਾਵੇਂ ਪੱਛਮੀ ਪੰਜਾਬ ਨਾਲ ਸਬੰਧਿਤ ਮੁਸਲਮਾਨ ਸਨ, ਪਰ ਉਹ ਵੀ ਜੱਟ ਹੀ ਸਨ। ਫਿਰ ਹੁਣ ਪੰਜਾਬ ਨੂੰ ਤਬਾਹੀ ਵੱਲ ਧੱਕੇ ਜਾਣ ਲਈ ਅਸੀਂ ਇੱਕ ਦੂਜੇ ਉਪਰ ਕਿਉਂ ਰੋਸ ਪ੍ਰਗਟਾ ਰਹੇ ਹਾਂ। ਅਸੀਂ ਆਪਸ ਵਿਚ ਕਿਉਂ ਮਹਿਣੋ-ਮਹਿਣੀ ਹੋ ਰਹੇ ਹਾਂ। ਕਦੀ ਅਸੀਂ ਆਪਣਿਆਂ ਨੂੰ ਭੰਡ ਰਹੇ ਹਾਂ ਅਤੇ ਕਦੀ ਕੇਂਦਰ ਨੂੰ ਦੋਸ਼ੀ ਠਹਿਰਾ ਰਹੇ ਹਾਂ। ਕੇਂਦਰ ਵਿਚ ਹਰ ਵਾਰੀ, ਬਹੁਤੀਆਂ ਵਜੀਰੀਆਂ ਦਾ ਅਨੰਦ ਵੀ ਤਾਂ ਜੱਟਾਂ ਨੇ ਮਾਣਿਆ ਹੈ ਤੇ ਹੁਣ ਵੀ ਮਾਣ ਰਹੇ ਹਨ। ਹਉਮੈ ਦੀ ਲੋਰ ਵਿਚ 'ਜੱਟ' ਤੇ ਕਾਰੋਬਾਰ ਵਿਚ 'ਜਿਮੀਂਦਾਰ/ਕਿਸਾਨ ਅਖਵਾਉਣਾ ਪਸੰਦ ਕਰਦੇ ਹਾਂ। ਰਾਜਸੀ ਹਿੱਤਾਂ ਨੂੰ ਪਹਿਲ ਦੇ ਕੇ ਪੰਜਾਬ ਦੇ ਟੁਕੜੇ ਕਰਵਾ ਕੇ 'ਸੂਬੀ' ਵੀ ਤਾਂ ਜੱਟਾਂ ਨੇ ਹੀ ਬਣਵਾਈ ਹੈ। 1975 ਤੋਂ ਲੈ ਕੇ 1995 ਤੱਕ ਜਿਸ ਵੇਲੇ ਪੰਜਾਬ ਦੇ ਹਾਲਾਤ ਅਣ-ਸੁਖਾਵੇਂ ਸਨ ਤਾਂ ਹਿੱਕ ਵਿੱਚ ਗੋਲੀਆਂ ਖਾਣ ਅਤੇ ਗੋਲੀਆਂ ਮਾਰਨ ਵਾਲਿਆਂ ਦੀ ਬਹੁਤਾਤ ਵੀ ਜੱਟਾਂ ਦੀ ਹੀ ਸੀ। ਫਿਰ ਹੁਣ ਅਸੀਂ ਇੱਕ ਦੂਜੇ ਸਿਰ ਭਾਂਡਾ ਕਿਉਂ ਭੰਨੀ ਜਾ ਰਹੇ ਹਾਂ। ਸੂਬੇ ਦੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਵਿਚ ਵੀ 90 ਫੀਸਦੀ ਜੱਟ ਹੀ ਹਨ।

ਮੂਲਨਿਵਾਸੀ ਸੁਮਦਾਇ ਨਾਲ ਸਬੰਧਿਤ ਬੁੱਧੀਜੀਵੀ ਚਰਨ ਦਾਸ ਤਲਵੰਡੀ ਦਾ ਕਹਿਣਾ ਹੈ ਕਿ ਸੂਬੇ ਵਿਚ ਜਿੰਨੀਆਂ ਵੀ ਰਾਜਸੀ ਜਥੇਬੰਦੀਆਂ ਹਨ, ਦੇ ਉਪਰ ਜੱਟਾਂ ਦਾ ਹੀ ਕਬਜ਼ਾ ਹੈ, ਪ੍ਰਧਾਨ ਜੱਟ ਹਨ, ਫਿਰ ਪੰਜਾਬ ਦੇ ਹਾਲਾਤਾਂ ਲਈ ਦੋਸ਼ੀ ਕੌਣ ਹੈ ? ਹੋਰ ਤਾਂ ਹੋਰ ਸਿਆਸੀ ਪਾਰਟੀਆਂ ਦੇ ਬਹੁਤੇ ਆਗੂ ਵੀ ਤਾਂ ਇੱਕ ਦੂਜੀ ਪਾਰਟੀ ਦੇ ਵਿਚੋਂ ਹੀ ਇੱਧਰੋਂ-ਉਧਰੋਂ ਗਏ ਹੋਏ ਹਨ, ਰਿਸ਼ਤੇਦਾਰੀਆਂ ਸਾਂਝੀਆਂ, ਕਾਰੋਬਾਰ ਸਾਂਝੇ, ਫਿਰ ਪੰਜਾਬ ਨੂੰ ਖੋਰਾ ਕਿਉਂ ਲੱਗ ਰਿਹਾ ?

ਪੰਜਾਬ ਨੂੰ ਮੁੜ ਖੁਸ਼ਹਾਲ ਬਣਾਉਣ ਲਈ, ਪਾਣੀ ਬਚਾਉਣ ਲਈ, ਪੰਜਾਬ ਦੇ ਨਕਸ਼ੇ ਵਿਚ ਚੰਡੀਗੜ੍ਹ ਲਿਆਉਣ ਲਈ, ਡੈਮ ਬਚਾਉਣ ਲਈ, ਤਰੱਕੀ 'ਤੇ ਲਿਆਉਣ ਲਈ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਉਣ ਲਈ, ਇਥੋਂ ਦੇ ਮੂਲਨਿਵਾਸੀਆਂ, ਸਾਰਥਿਕ ਸੋਚ ਦੇ ਧਾਰਨੀ ਹਿੰਦੂਆਂ, ਇਸਾਈਆਂ, ਮੁਸਲਮਾਨਾਂ, ਬੋਧੀਆਂ, ਜੈਨੀਆਂ ਸਮੇਤ ਸਮੂਹ ਬਾਸ਼ਿੰਦਿਆਂ ਦੇ ਨਾਲ ਕਦਮ ਨਾਲ ਕਦਮ ਮਿਲਾ ਚੱਲਣਾ ਪਵੇਗਾ ਅਤੇ ਆਰ. ਐੱਸ. ਐੱਸ. ਵਲੋਂ ਦਿੱਤੇ ਨਾਅਰੇ 'ਬਟੇਂਗੇ ਤੋ ਕੱਟੇਂਗੇ' ਨੂੰ ਗਹੁ ਨਾਲ ਵਾਚਦਿਆਂ ਤੇ ਸਮਝਦਿਆਂ ਸਿਆਸੀ ਹਿੱਤਾਂ ਤੋਂ ਉਪਰ ਉਠ ਕੇ ਸੂਬੇ ਦੇ ਸਮੂਹ ਵਾਸੀਆਂ ਨੂੰ ਇੱਕ ਮੰਚ ਉਪਰ ਇਕੱਠੇ ਹੋ ਕੇ ਇੱਕ ਮੱਤ ਹੋਣਾ ਪਵੇਗਾ। ਪੰਜਾਬ ਗੁਰੂਆਂ, ਪੀਰਾਂ, ਪੈਗੰਬਰਾਂ, ਸੰਤਾਂ, ਸੂਫੀਆਂ, ਯੋਧਿਆਂ ਦੀ ਧਰਤੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਆਪਸੀ ਭਾਈਚਾਰਕ ਸਾਂਝ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਅਪਣਾ ਕੇ ਹੀ ਮਾਨਵਤਾ ਨੂੰ ਬਚਾਇਆ ਜਾ ਸਕਦਾ ਹੈ।

ਭਾਰਤ ਜੇ ਮੁੰਦਰੀ ਹੈ ਤਾਂ ਇਸ ਦੀ ਸ਼ੋਭਾ ਵਧਾਉਣ ਲਈ ਇਸ ਵਿਚ ਪੰਜਾਬ ਇੱਕ 'ਬਹੁਮੁੱਲਾ ਨਗ' ਹੈ, ਜਿਸ ਨੂੰ ਸਮੇਂ ਦੇ ਹਾਲਾਤਾਂ ਨੇ ਧੁੰਦਲਾ ਕਰ ਦਿੱਤਾ ਹੈ। ਧੁੰਦਲੇ ਨਗ ਨੂੰ ਮੁੜ ਚਮਕ-ਦਮਕ ਦਿਵਾਉਣ ਅਤੇ ਰੁਸ਼ਨਾਉਣ ਲਈ ਸਮੂਹ ਪੰਜਾਬੀਆਂ ਨੂੰ ਸਕਾਰਾਤਮਿਕ ਸੋਚ ਅਪਣਾਉਂਦਿਆਂ ਸਮੇਂ ਦੇ ਹਾਣੀ ਬਣ ਕੇ ਚਲਣਾ ਪਵੇਗਾ। ਉਨ੍ਹਾਂ ਅਖੀਰ ਵਿਚ ਕਿਹਾ ਕਿ ਸੰਸਾਰ ਭਰ ਵਿੱਚ ਸਿੱਖ ਪੰਥ ਲਈ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ ਜੀ ਦਾ ਸਥਾਨ ਸਰਵ-ਉੱਚ ਸਥਾਨ ਹੈ ਤੋਂ ਸੇਧ ਲੈ ਕੇ ਕੇਵਲ ਪੰਜਾਬ ਦਾ ਹੀ ਨਹੀਂ ਬਲਕਿ ਸਰਬੱਤ ਦਾ ਭਲਾ ਹੋ ਸਕਦਾ ਹੈ।

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

SimpleX
MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
WE FINANCE TOO
WE DO INSTALL & SERVICE
ALL MAJOR BRANDS
York Authorized Dealer
YORK



Ritesh Vashisht
604.657.9420
Email: simplexmechanical@hotmail.com
www.hvacsurreybc.ca

A Class Granite Ltd.
A CLASS GRANITE
PRICED RIGHT AND DONE RIGHT



WWW.ACLASSGRANITE.ORG
- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

MAROK LAW OFFICE
Always Taking You Forward




• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public
M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਕਹਿਣਾ: ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ ?




ਪ੍ਰੋਫੈਸਰ (ਡਾ.) ਦਲਜੀਤ ਸਿੰਘ










ਸਿੱਖ ਇਤਿਹਾਸ ਵਿੱਚ ਸ਼ਹਾਦਤ ਦੇ ਸੰਕਲਪ ਪੱਖੋਂ ਪੋਹ (ਦਸੰਬਰ-ਜਨਵਰੀ) ਦਾ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੇ ਇੱਕ ਹਫਤੇ ਦੇ ਵਿੱਚ ਵਿੱਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਅਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੇ ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ। ਸੱਤ ਪੋਹ ਨੂੰ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਦਾ ਪਰਿਵਾਰ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਗੜ੍ਹੀ ਪਹੁੰਚੇ। ਦੂਜੇ ਪਾਸੇ ਸੱਤ ਪੋਹ ਦੀ ਰਾਤ ਨੂੰ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਕਿਨਾਰੇ ਕੁੰਮੇ ਮਸ਼ਕੀ ਦੀ ਝੋਪੜੀ ਵਿੱਚ ਠਹਿਰੇ। ਅੱਠ ਪੋਹ ਨੂੰ ਚਮਕੌਰ ਦੀ ਗੜ੍ਹੀ ਵਿੱਚ ਜੰਗ ਹੋਈ, ਜਿੱਥੇ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗਲ ਫੌਜਾਂ ਨਾਲ 'ਸਵਾ ਲਾਖ ਸੇ ਏਕ ਲੜਾਊਂ' ਦੇ ਕਥਨ ਨੂੰ ਅਸਲੀ ਜਾਮਾ ਪਹਿਨਾਉਂਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਅੱਠ ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਦੀ ਝੋਪੜੀ ਵਿੱਚ ਰਹੇ। ਗੰਗੂ ਬ੍ਰਾਹਮਣ ਦੀ ਨਮਕ ਹਰਾਮੀ ਕਰਨ ਕਰਕੇ ਮਾਤਾ ਗੁਜਰੀ ਅਤੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੌ ਪੋਹ ਦੀ ਰਾਤ ਮੋਰਿੰਡਾ ਜੇਲ ਵਿੱਚ ਗੁਜ਼ਾਰਨੀ ਪਈ। 10, 11 ਅਤੇ 12 ਪੋਹ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਸਰਹੰਦ (ਹੁਣ ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਰੱਖੇ ਗਏ। ਇਹਨਾਂ ਦਿਨਾਂ ਦੌਰਾਨ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਅਦਾਲਤ ਵਿੱਚ ਦੋਨਾਂ ਸਾਹਿਬਜ਼ਾਦਿਆਂ ਦੀ ਪੇਸ਼ੀ ਹੋਈ ਅਤੇ ਉਹਨਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਸਿਰਫ ਨੌ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸੱਤ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਜਦੋਂ ਆਪਣੇ ਸਿੱਖ ਧਰਮ ਵਿੱਚ ਪਰਪਕਤਾ ਦਿਖਾਈ ਅਤੇ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ ਇਨਕਾਰ ਕੀਤਾ ਤਾਂ ਉਹਨਾਂ ਉੱਪਰ ਅਸਹਿ ਤਰੀਕੇ ਦੇ ਤਸੀਹਿਆਂ ਨਾਲ ਤਸ਼ੱਦਦ ਕੀਤਾ ਗਿਆ। ਪਹਿਲਾਂ ਉਹਨਾਂ ਨੂੰ ਨੀਹਾਂ ਵਿੱਚ ਚਣਵਾਇਆ ਗਿਆ, ਪਰ ਜਦੋਂ ਉਹ ਫੇਰ ਵੀ ਇਸਲਾਮ ਨੂੰ ਕਬੂਲ ਕਰਨ ਲਈ ਨਹੀਂ ਮੰਨੇ ਤਾਂ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਜਦੋਂ ਇਨੀ ਛੋਟੀ ਉਮਰ ਉਮਰ ਵਿੱਚ ਆਪਣੇ ਧਰਮ ਦੀ ਖਾਤਰ ਉਹਨਾਂ ਗੁਰੂ ਦੇ ਲਾਲਾਂ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿੱਚ ਲਾਸਾਨੀ ਅਤੇ ਅਦੁਤੀ ਸ਼ਹਾਦਤ ਵਜੋਂ ਜਾਣੀ ਜਾਂਦੀ ਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਸਿੱਖ ਧਰਮ ਦੀਆਂ ਨੀਹਾਂ ਮਜਬੂਤ ਕਰ ਗਏ। ਇਸ ਕਰਕੇ ਸੰਗਤ ਇਸ ਸ਼ਹਾਦਤ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਕਰਕੇ ਸਿਰ ਨਿਵਾਉਂਦੀਆਂ ਆ ਰਹੀਆਂ ਹਨ।

ਹੁਣ ਗੱਲ ਕਰਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ 'ਵੀਰ ਬਾਲ', ਵਜੋਂ ਕਹੇ ਜਾਣ ਦੀ। ਅਸਲ ਵਿੱਚ ਕਿਸੇ ਕੌਮ ਨੂੰ ਖਤਮ ਕਰਨ ਲਈ ਟੈਂਕ, ਤੋਪਾਂ ਜਾਂ ਬਰੂਦ ਦੀ ਲੋੜ ਨਹੀਂ ਪੈਂਦੀ। ਉਸ ਕੌਮ ਦਾ ਇਤਿਹਾਸ ਖ਼ਰਾਬ ਕਰ ਦਿਓ, ਉਸ ਦੀ ਮਾਂ ਬੋਲੀ ਖ਼ਤਮ ਕਰ ਦਿਓ, ਉਹ ਕੌਮ ਆਪਣੇ ਆਪ ਸਮੇਂ ਨਾਲ ਖਤਮ ਹੋ ਜਾਵੇਗੀ। ਭਾਰਤ ਵਿੱਚ ਸਿੱਖ ਕੌਮ ਘੱਟ ਗਿਣਤੀ ਵਿੱਚ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ ਸਿਰਫ 1.7% (2011) ਹਿੱਸਾ ਹੈ। ਇਹ ਭਾਵੇਂ ਕਹਿਣ ਨੂੰ ਪੰਜਾਬ ਵਿੱਚ ਬਹੁਤ ਗਿਣਤੀ ਵਿੱਚ ਹੈ, ਪਰ ਸਮਾਂ ਬੀਤਣ ਨਾਲ ਇਸ ਦੀ ਗਿਣਤੀ ਘੱਟਦੀ ਜਾ ਰਹੀ ਹੈ। ਦੁਨੀਆਂ ਵਿੱਚ ਖਾਸ ਤੌਰ 'ਤੇ ਭਾਰਤ ਵਿੱਚ ਬਹੁ-ਗਿਣਤੀ ਧਾਰਮਿਕ ਸਮੂਹ ਨੂੰ ਇਹ ਪਤਾ ਹੈ ਕਿ ਸਿੱਖ ਕੌਮ ਯੋਧਿਆਂ ਅਤੇ ਸੂਰਵੀਰਾਂ ਦੀ ਕੌਮ ਹੈ, ਜਿਸ ਦਾ ਮੁੱਖ ਨਿਸ਼ਚਾ ਭਾਵੇਂ ਸਰਬੱਤ ਦਾ ਭਲਾ ਹੈ, ਪਰ ਇਹ ਕੌਮ ਨਾ ਆਪਣੇ ਤੇ ਜੁਲਮ ਜਾਂ ਅਨਿਆਏ ਸਹਿੰਦੀ ਹੈ, ਨਾ ਹੀ ਕਿਸੇ ਹੋਰ ਉੱਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਉਹਨਾਂ ਦਾ ਹਿੰਦੂ ਧਰਮ ਬਚਾਉਣ ਲਈ ਖ਼ੁਦ ਦਿੱਲੀ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਜੋ ਇਕ ਵਿਲੱਖਣ ਇਤਿਹਾਸਿਕ ਮਿਸਾਲ ਹੈ। ਜਿਥੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਗੜ੍ਹੀ ਵਿੱਚ ਮੁਗ਼ਲ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ, ਉਥੇ ਹੀ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਤੋਂ ਇਸਲਾਮ ਵਿੱਚ ਪਰਿਵਰਤਿਤ ਹੋ ਕੇ ਆਪਣੀ ਜ਼ਿੰਦਗੀ ਬਚਾਉਣ ਦੀ ਬਜਾਏ ਅਣਮਨੁੱਖੀ ਤਸੀਹੇ ਸਹਿੰਦੇ ਹੋਏ, ਸਿੱਖ ਧਰਮ ਲਈ ਆਪਣੀ ਸ਼ਹਾਦਤ ਦੇਣਾ ਕਬੂਲ ਕੀਤਾ। ਸ਼ਾਇਦ ਦੁਨੀਆ ਦੇ ਇਤਿਹਾਸ ਵਿੱਚ ਇਹ ਇੱਕੋ ਇੱਕ ਅਜਿਹੀ ਉਦਾਹਰਨ ਹੈ, ਜਿੱਥੇ ਨੌਂ ਅਤੇ ਸੱਤ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਤਾ। ਇਹ ਠੀਕ ਹੈ ਕਿ ਭਾਵੇਂ ਸਿੱਖਾਂ ਨੂੰ 1947 ਤੋਂ ਭਾਰਤ ਦੀ ਆਜ਼ਾਦੀ ਮਿਲਣ ਤੋਂ ਬਾਅਦ ਉਹਨਾਂ ਨੂੰ ਆਪਣਾ ਬਣਦਾ ਹੱਕ ਨਹੀਂ ਮਿਲਿਆ, ਪਰ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਸ਼ੁਰੂ ਹੋਈ ਫਿਰਕੂਵਾਦ ਦੀ ਲਹਿਰ ਵਿੱਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਹੋਰ ਖਤਰਾ ਪੈਦਾ ਹੋ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਦੇ ਨਾਲ ਬਹੁ ਗਿਣਤੀ ਧਾਰਮਿਕ ਸਮੂਹ ਸਿੱਖਾਂ ਨੂੰ ਆਪਣਾ ਹਿੱਸਾ ਦਰਸਾਉਣ ਲਈ ਕੋਝੀਆਂ ਚਾਲਾਂ ਚੱਲ ਰਿਹਾ ਹੈ। ਇਹ ਵੀ ਸੱਚ ਹੈ ਕਿ ਇਹ ਲੋਕ ਭਲੀ ਭਾਂਤ ਜਾਣਦੇ ਹਨ ਕਿ ਸਿੱਖਾਂ ਨੂੰ ਸਾਹਮਣੇ ਤੋਂ ਜ਼ਬਰਦਸਤੀ ਨਾਲ ਨਹੀਂ ਮਿਟਾਇਆ ਜਾ ਸਕਦਾ। ਇਸ ਕਰਕੇ ਉਹ ਸਿੱਖੀ ਦੇ ਬੂਟੇ ਨੂੰ ਕੱਟਣ ਦੀ ਬਜਾਏ ਜੜਾਂ ਵਿੱਚ ਤੇਲ ਪਾ ਕੇ ਚੁੱਪ ਚੁਪੀਤੇ ਇਸ ਨੂੰ ਸੁਕਾਉਣ ਤੇ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਵੇਖਿਆ ਹੈ ਕਿ ਇਹ ਸਮੂਹ ਕਿਸ ਤਰ੍ਹਾਂ ਜ਼ਮੀਰੋਂ ਮਰ ਚੁੱਕੇ ਸਿੱਖ ਵਿਕਾਊ ਲੀਡਰਾਂ ਨੂੰ ਲਾਲਚ ਦੇ ਕੇ ਜਾਂ ਮਹੱਤਵਪੂਰਨ ਪਦਵੀ ਦੇ ਕੇ ਜਾਂ ਡਰਾ ਧਮਕਾ ਕੇ ਆਪਣੇ ਖੇਮੇ ਵਿੱਚ ਕਰ ਰਹੇ ਹਨ। ਉਹਨਾਂ ਵੱਲੋਂ ਸਿੱਖਾਂ ਵਿੱਚ ਖਾਨਾ ਜੰਗੀ ਕਰਵਾ ਕੇ ਅਤੇ ਆਪਸ ਵਿੱਚ ਲੜਵਾ ਕੇ ਆਪਣੀਆਂ ਸਿਆਸੀ ਅਤੇ ਧਾਰਮਿਕ ਰੋਟੀਆਂ ਸੇਕਣ ਦਾ ਚੰਗਾ ਤਰੀਕਾ ਅਪਣਾਇਆ ਜਾ ਰਿਹਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸਿੱਖਾਂ ਨੂੰ ਬਾਹਰੀ ਦੁਸ਼ਮਣਾਂ ਤੋਂ ਉਨਾ ਖਤਰਾ ਨਹੀਂ ਹੈ, ਜਿੰਨਾ ਆਪਣੇ ਅੰਦਰੋਂ ਬੇਜ਼ਮੀਰ ਗ਼ਦਾਰਾਂ ਤੋਂ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਇਹਨਾਂ ਜ਼ਮੀਰੋਂ ਮਰ ਚੁੱਕੇ ਲਾਲਚੀ ਧਾਰਮਿਕ ਅਤੇ ਰਾਜਸੀ ਨੇਤਾਵਾਂ ਜਾਂ ਸ਼ਖਸ਼ੀਅਤਾਂ ਨੂੰ ਪਹਿਚਾਨਣ ਦੀ।

ਭਾਵੇਂ ਕਿ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜਨਵਰੀ 2022 ਵਿੱਚ ਕੀਤੀ ਗਈ, ਜਦੋਂ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਅਦੁੱਤੀ ਸ਼ਹਾਦਤ ਨੂੰ 'ਵੀਰ ਬਾਲ ਦਿਵਸ' ਵਜੋਂ ਐਲਾਨਿਆ, ਪਰ ਮੇਰੇ ਵੱਲੋਂ ਸਿੱਖ ਸੰਗਤ ਨੂੰ ਇਸ 'ਬਾਲ ਦਿਵਸ' ਬਾਰੇ ਘੜੀ ਜਾ ਰਹੀ ਸਾਜਿਸ਼ ਬਾਰੇ ਸੁਚੇਤ ਕਰਨ ਲਈ ਅਖਬਾਰਾਂ ਵਿੱਚ ਇੱਕ ਲੇਖ ਜਿਸ ਦਾ ਸਿਰਲੇਖ ਸੀ, 'ਇੱਕ ਖੁੱਲਾ ਖੱਤ ਸਿੱਖ ਸੰਗਤ ਦੇ ਨਾਮ: ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਪਿੱਛੇ ਸਾਜਸ਼ੀ ਮਨਸੇ' ਛਾਪਿਆ ਗਿਆ ਸੀ, ਜਿਸ ਦੇ ਕੁਝ ਅੰਸ਼ ਇਸ ਤਰਾਂ ਸਨ, 'ਮੈਂ ਇਸ ਖਤ ਰਾਹੀਂ ਹਰ ਉਸ ਨਾਨਕ ਨਾਮ ਲੇਵਾ ਨੂੰ ਸੰਬੋਧਿਤ ਹਾਂ, ਜੋ ਨਿਰਸਵਾਰਥ ਭਾਵਨਾ ਨਾਲ ਖਾਲਸਾ ਇਤਿਹਾਸ, ਖਾਲਸਾਈ ਆਨ ਬਾਨ ਸ਼ਾਨ ਨੂੰ ਨਿੱਜਸਵਾਰਥ ਤੋਂ ਹੱਟ ਕੇ ਸਹੀ ਅਰਥਾਂ ਵਿੱਚ ਸਵੀਕਾਰਦਾ ਅਤੇ ਸਤਿਕਾਰਦਾ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸ਼ਹੀਦੀ ਹਫ਼ਤੇ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ। ਇਸ ਹਫਤੇ ਨੂੰ ਦੁਨੀਆਂ ਭਰ ਵਿੱਚ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਅਖੌਤੀ ਸਿੱਖਾਂ ਦੀ ਦਿੱਲੀ ਵਿੱਚ ਬੈਠੇ ਲੀਡਰ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ 28 ਦਸੰਬਰ ਨੂੰ 'ਬਾਲ ਦਿਵਸ' ਵਜੋਂ ਮਨਾਉਣ ਦੀ ਮੰਗ ਸਾਜਿਸ਼ ਤਹਿਤ ਕੀਤੀ ਜਾ ਰਹੀ ਹੈ। ਇਸ ਵਿੱਚ ਕੁਝ ਕੁ ਅਖੌਤੀ ਸਿੱਖਾਂ ਦੀ ਲੀਡਰਸ਼ਿਪ ਵੀ ਸ਼ਾਮਿਲ ਹੈ। ਮੈਂ ਇਸ ਖੁੱਲੇ ਖਤ ਰਾਹੀਂ ਇਸ ਸਾਜਿਸ਼ ਤੋਂ ਸੁਚੇਤ ਕਰਨ ਲਈ ਸਮੂਹ ਸੰਗਤ ਨੂੰ ਮੁਖਾਤਿਬ ਹਾਂ....ਸਾਹਿਬਜ਼ਾਦਿਆਂ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਸ਼ਹਾਦਤ ਵਜੋਂ ਅਨੋਖੀ ਮਿਸਾਲ ਹੈ। ਨੌਂ ਸਾਲ ਅਤੇ ਸੱਤ ਸਾਲ ਦੇ ਗੁਰੂ ਦੇ ਲਾਲਾਂ ਨੇ ਆਪਣੇ ਧਰਮ ਖਾਤਰ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਮੈਂ ਇਹਨਾਂ ਸਤਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਪਿਛੋਕੜ ਦੀ ਕੁਰਬਾਨੀ ਨਹੀਂ ਦੱਸ ਰਿਹਾ ਸਗੋਂ ਸਾਹਿਬਜ਼ਾਦਿਆਂ ਦੇ ਨਾਮ ਤੇ ਰਚੀ ਜਾ ਰਹੀ ਡੂੰਘੀ ਸਾਜਿਸ਼ ਜਾਂ ਕੁਝ ਬਕਾਊ ਨੇਤਾਵਾਂ ਦੁਆਰਾ ਰਚੀ ਜਾ ਰਹੀ ਸਾਜਿਸ਼ ਤੋਂ ਆਗਾਹ ਕਰ ਰਿਹਾ ਹਾਂ। ਪਿਛਲੇ ਕੁਝ ਸਮੇਂ ਤੋਂ ਕੁਝ ਰਾਜਨੀਤਿਕ ਨੇਤਾ ਅਤੇ ਅਖੌਤੀ ਧਾਰਮਿਕ ਜਥੇਬੰਦੀਆਂ ਇਸ ਦਿਨ ਨੂੰ ਬਾਲ ਦਿਵਸ ਦਾ ਨਾਮ ਦੇਣਾ ਚਾਹੁੰਦੀਆਂ ਹਨ। ਇਹ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਲੋਕ ਸਿੱਖ ਧਰਮ ਦੀ ਵੱਡਮੁੱਲੀ ਸ਼ਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ.... ਦਿੱਲੀ ਦੀ ਸਿੱਖ ਲੀਡਰਸ਼ਿਪ, ਜਿਸ ਸਬੰਧੀ ਅਕਸਰ ਇਹ ਕਿਹਾ ਜਾਂਦਾ ਹੈ ਕਿ ਉਹ ਸਵੇਰ ਨੂੰ ਕੋਟ ਟਾਈ ਲਾ ਕੇ ਨਿਕਲਦੀ ਹੈ ਅਤੇ ਸੋਚਦੀ ਹੈ ਕਿ ਸਿੱਖੀ ਕਿਸ ਤਰ੍ਹਾਂ ਵੇਚੀ ਜਾ ਸਕਦੀ ਹੈ। ਉਹ ਲੀਡਰਸ਼ਿਪ ਇਸ ਭੂਮਿਕਾ ਵਿੱਚ ਵੱਡੀ ਭੂਮਿਕਾ ਨਿਭਾਉਣ ਲਈ ਪੱਬਾਂ ਭਾਰ ਹੈ। ਮੈਂ ਦਿੱਲੀ ਦੀ ਸਿੱਖ ਸੰਗਤ ਨੂੰ ਸੁਚੇਤ ਰੂਪ ਕਹਿ ਰਿਹਾ ਹਾਂ ਕਿ ਸਿੱਖ ਮਰਿਆਦਾ ਅਤੇ ਸਿੱਖੀ ਆਨ ਬਾਨ ਸ਼ਾਨ ਲਈ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰਫ ਤੇ ਸਿਰਫ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਯਾਦ ਕਰਨ ਅਤੇ ਮਨਾਉਣ ਦੀ ਪ੍ਰੰਪਰਾ ਜਾਰੀ ਰੱਖੀ ਜਾਵੇ।

ਮੇਰੀ ਇਹ ਮੰਗ ਅਤੇ ਬੇਨਤੀ ਹੈ ਕਿ ਆਉ, ਸੁਚੇਤ ਰੂਪ ਵਿੱਚ ਜਾਗਰੂਕ ਹੋ ਕੇ ਖੁੱਲੀਆਂ ਅੱਖਾਂ ਨਾਲ ਇਸ ਸਾਜਿਸ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਆਪਣੇ ਧਰਮ ਨੂੰ ਇਸ ਸੌੜੀ ਰਾਜਨੀਤੀ ਅਤੇ ਕੋਝੀ ਸੋਚ ਤੋਂ ਦੂਰ ਰੱਖਦੇ ਹੋਏ ਆਪਣੇ ਇਤਿਹਾਸ ਦੀ ਮਹਾਨਤਾ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖੀਏ ਅਤੇ ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਇਸ ਦਿਨ ਨੂੰ ਸਾਰੇ ਦੇਸ਼ ਵਿੱਚ ਸਾਹਿਬਜ਼ਾਦਾ ਸ਼ਹੀਦੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰੇ। "ਅਫਸੋਸ, ਕਿਸੇ ਵੀ ਸਿੱਖ ਸੰਸਥਾ, ਸਿੱਖ ਨੇਤਾ ਜਾ ਸਿੱਖ ਧਾਰਮਿਕ ਸਮਾਜ ਵੱਲੋਂ ਉਸ ਵਕਤ ਮੇਰੀ ਇਸ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਦੋ ਸਾਲ ਬਾਅਦ ਪੂਰੀ ਗਿਣੀ ਮਿਥੀ ਸਾਜਿਸ਼ ਅਧੀਨ ਸਿੱਖ ਧਰਮ ਦੀ ਆਨ ਬਾਨ ਤੇ ਸ਼ਾਨ, ਸਾਹਿਬਜ਼ਾਦਿਆਂ ਦੇ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ 'ਵੀਰ ਬਾਲ ਦਿਵਸ' ਦਾ ਚੋਲਾ ਪਹਿਨਾ ਦਿੱਤਾ ਗਿਆ।

ਇਹ ਠੀਕ ਹੈ ਕਿ 25-26 ਦਸੰਬਰ 2022 ਦੀਆਂ ਅਖਬਾਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ 'ਵੀਰ ਬਾਲ ਦਿਵਸ' ਨੂੰ ਰੱਦ ਕਰਦਿਆਂ, ਸਿੱਖ ਇਤਿਹਾਸ ਛੁਟਿਆਉਣ ਵਾਲੀ ਸਰਕਾਰੀ ਚਾਲ ਤੋਂ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਇਤਿਹਾਸ ਨੂੰ ਰਲਗੱਡ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਵਿੱਚ ਸਹਿਯੋਗ ਕਰ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਪ੍ਰੰਪਰਾਵਾਂ ਦੇ ਵਿਰੁੱਧ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਦੁਨੀਆ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਜੀ ਸਾਜਿਸ਼ ਹੈ।"

ਇੱਥੇ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ 'ਵੀਰ ਬਾਲ ਦਿਵਸ' ਦੀ ਥਾਂ ਤੇ ਸਾਹਿਬਜ਼ਾਦਾ ਸ਼ਹਾਦਤ ਦਿਵਸ ਨਾਮ ਸੁਝਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸੱਭਿਆਚਾਰਕ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਭੇਜਿਆ ਗਿਆ ਸੀ। ਐਡਵੋਕੇਟ ਧਾਮੀ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਸੀ ਕਿ ਸਰਕਾਰ ਵੱਲੋਂ ਇਸ ਦੇ ਬਾਵਜੂਦ ਵੀ ਨਾਮ ਨਾ ਬਦਲਣਾ ਅਤੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਰਕਾਰੀ ਸਮਾਗਮਾਂ ਦਾ ਹਿੱਸਾ ਬਣਨਾ ਕੌਮ ਲਈ ਦੁਖਦਾਈ ਹੈ। ਉਹਨਾਂ ਇਹ ਵੀ ਕਿਹਾ ਸੀ ਕਿ ਸਿੱਖ ਕੌਮ ਆਪਣੇ ਇਤਿਹਾਸ ਦੀ ਮੌਲਿਕਤਾ ਅਤੇ ਮਹੱਤਤਾ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗੀ ਅਤੇ ਆਪਣੇ ਇਤਿਹਾਸ ਦੀ ਭਾਵਨਾ ਅਨੁਸਾਰ ਹੀ ਸਾਹਿਬਜ਼ਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੇ ਹੋਏ, ਸਾਹਿਬਜ਼ਾਦਾ ਸ਼ਹਾਦਤ ਵਜੋਂ ਹੀ ਮਨਾਵੇਗੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਰਕਾਰ ਦੁਆਰਾ 'ਵੀਰ ਬਾਲ ਦਿਵਸ' ਮਨਾਉਣ ਪਿੱਛੇ ਸਿੱਖ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਸ਼ਰਾਰਤੀ ਸਾਜਿਸ਼ ਕਰਾਰ ਦਿੱਤਾ ਗਿਆ ਸੀ, ਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਉਹਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਕੋਈ ਭਾਰਤ ਸਰਕਾਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ।

ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਦਾ ਸਮਾਂ ਸੋਸ਼ਲ ਮੀਡੀਆ ਦਾ ਹੈ। ਸਿੱਖ ਇਤਿਹਾਸ ਨੂੰ ਗੰਧਲਾ ਕਰਨ ਵਾਲੇ, 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਧੁੰਦਲਾ ਕਰਨ ਲਈ ਪੂਰਾ ਜੋਰ ਲਗਾ ਰਹੇ ਹਨ ਅਤੇ 'ਵੀਰ ਬਾਲ ਦਿਵਸ' ਨੂੰ ਉਭਾਰਨ ਵਿੱਚ ਲੱਗੇ ਹੋਏ ਹਨ। ਹੋਰ ਤਾਂ ਹੋਰ ਜ਼ਿਆਦਾਤਰ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਵਰਤਣ ਤੋਂ ਵੀ ਗੁਰੇਜ ਕੀਤਾ ਜਾ ਰਿਹਾ ਹੈ। ਕਈ ਪੋਸਟਾਂ ਵਿੱਚ ਸਾਹਿਬਜ਼ਾਦਾ ਸ਼ਬਦ ਲਿਖਣ ਦੀ ਬਜਾਏ ਉਹਨਾਂ ਨੂੰ 'ਬ੍ਰੇਵ ਲਿਟਲ ਵਾਰਈਅਰ' (Brave Little Warrior) ਜਾ 'ਯੰਗ ਹੀਰੋ' (Young Heroes) ਲਿਖਿਆ ਹੋਇਆ ਹੈ। ਸਾਧ ਸੰਗਤ ਜੀ ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਾਨੂੰ ਵੀ ਹੰਭਲਾ ਮਾਰਨਾ ਚਾਹੀਦਾ ਹੈ। ਸਿੱਖਾਂ ਦੇ ਵਿੱਚ ਵੀ ਬਹੁਤ ਕਾਬਲ ਤੇ ਹੋਣਹਾਰ ਡਿਜ਼ਾਈਨਰ ਬੈਠੇ ਹਨ। ਉਹਨਾਂ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਦੇ ਬੈਨਰ ਥੱਲੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਸੰਪੂਰਨ ਨਾਮ ਲਿਖ ਕੇ ਬੈਨਰ ਜਾਂ ਪੋਸਟ ਜਾਂ ਇਸ਼ਤਿਹਾਰ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਆਉਂਦੇ ਦਿਨਾਂ ਵਿੱਚ ਵੀਰ ਬਾਲ ਦਿਵਸ ਦੀ ਬਜਾਏ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਅਸੀਂ ਵੀ ਉਬਾਰ ਸਕੀਏ।

ਆਓ, ਅਸੀ ਸਾਰੇ ਰੱਲ਼ਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰੀਏ ਕਿ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਖ ਮਰਿਆਦਾ ਅਨੁਸਾਰ ਯਾਦ ਕਰਨ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਇਸ ਗੰਭੀਰ ਮੁੱਦੇ ਨੂੰ ਉਠਾਉਣ ਤਾਂ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਵਜੋਂ ਹੀ ਮਨਾਇਆ ਜਾਵੇ। ਇਹੋ ਸਾਡੀ ਸਾਹਿਬਜ਼ਾਦਿਆਂ ਨੂੰ 13 ਪੋਹ (27 ਦਸੰਬਰ, 2024) ਨੂੰ ਸੱਚੀ ਸੁੱਚੀ ਅਤੇ ਭਾਵਨਾ ਭਰਪੂਰ ਸ਼ਰਧਾਂਜਲੀ ਹੋਵੇਗੀ।

**ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ,**
**ਪ੍ਰੋਫੈਸਰ ਆਫ ਲਾਅ ਅਤੇ**
**ਵਾਈਸ ਚਾਂਸਲਰ ਰਿਆਤ ਬਾਹਰਾ ਯੂਨੀਵਰਸਿਟੀ।**







# ਦੋਵਾਂ ਪੰਜਾਬਾਂ ਦੀ ਆਪਸੀ ਸਾਂਝ

*ਪੰਜਾਬ ਬੜਾ ਵੱਡਾ ਨਾਂ ਇਤਿਹਾਸ ਦੇ ਪੰਨਿਆਂ 'ਤੇ ਰਿਹਾ ਹੈ। ਲਾਹੌਰ ਅਤੇ ਅੰਮ੍ਰਿਤਸਰ ਦੀ ਸਾਂਝ ਕੋਈ ਦੋ ਸ਼ਹਿਰਾਂ ਦੀ ਸਾਂਝ ਨਹੀਂ ਸੀ ਬਲਕਿ ਦੋ ਆਪਸੀ ਸਦੀਆਂ ਦੀ ਖੂਨ ਦੇ ਰਿਸ਼ਤੇ ਤੋਂ ਲੈ ਕੇ ਪਾਣੀਆਂ ਦੇ ਰਿਸ਼ਤੇ ਤੱਕ ਸਾਂਝੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਵਿਚ ਸਮੋਈ ਹੋਈ ਅਜਿਹੀ ਖੁਸ਼ਬੂ ਸੀ ਜਿਹੜੀ ਭਲਾਂ 1947 ਵਿਚ ਰਾਜਨੀਤਕ ਹੁਕਮਰਾਨਾਂ ਦੀਆਂ ਚਾਲਾਂ ਦੀ ਭੇਟ ਚੜ੍ਹ ਕੇ ਖੂਨ ਵਿਚ ਤਬਦੀਲ ਹੋ ਗਈ ਸੀ ਪ੍ਰੰਤੂ ਇਕ ਹਿੱਸੇ ਦਾ ਖੂਨ ਦੂਜੇ ਹਿੱਸੇ ਦੇ ਖੂਨ ਵਿਚ ਅਜੇ ਵੀ ਆਪਸੀ ਵਿਰਾਸਤ ਅਤੇ ਸਾਂਝ ਨੂੰ ਸਮੋਈ ਬੈਠਾ ਹੈ। ਜਦੋਂ ਦੋਵੇਂ ਪੰਜਾਬਾਂ ਦੇ ਲੋਕ ਇਕੱਠੇ ਹੁੰਦੇ ਹਨ ਤਾਂ ਮੁੜ ਅਤੀਤ ਜਾਗ ਜਾਂਦਾ ਹੈ ਅਤੇ ਕਾਮਨਾ ਉਤਪੰਨ ਹੁੰਦੀ ਹੈ ਕਿ ਸ਼ਾਇਦ ਕਦੇ ਇਹ ਵੰਡੀਆਂ ਦੀ ਲਕੀਰ ਮਿੱਟ ਜਾਵੇ। ਇਸ ਆਸ ਅਤੇ ਵਿਸ਼ਵਾਸ ਨਾਲ ਅਦਾਨ-ਪ੍ਰਦਾਨ ਚਲਦਾ ਰਹਿਣਾ ਚਾਹੀਦਾ ਹੈ। 'ਸਰੋਕਾਰਾਂ ਦੀ ਆਵਾਜ਼' ਇਸ ਕਾਰਜ ਦੀ ਅਹਿਮੀਅਤ ਨੂੰ ਸਮਝਦਾ ਹੋਇਆ ਇਕ ਸਫ਼ਰੀ ਦੋਵਾਂ ਦੇਸ਼ਾਂ ਦਾ ਸੰਚਾਰ ਸਾਂਝਾ ਕਰ ਰਿਹਾ ਹੈ ਜਿਹੜਾ ਲੇਖਕ ਸਵਰਨ ਸਿੰਘ ਭੰਗੂ ਨੇ ਆਪਣੇ ਸਫ਼ਰ ਰਾਹੀਂ ਹਾਸਲ ਕੀਤਾ। - ਸੰਪਾਦਕ*







## ਸਵਰਨ ਸਿੰਘ ਭੰਗੂ

ਪੰਜਾਬੀ ਪ੍ਰਚਾਰ ਸੰਸਥਾ ਲਾਹੌਰ ਦੇ ਪ੍ਰਧਾਨ 'ਅਹਿਮਦ ਰਜ਼ਾ ਪੰਜਾਬੀ', ਪੰਜਾਬੀ ਲਹਿਰ ਸੰਸਥਾ ਦੇ ਪ੍ਰਧਾਨ 'ਨਾਸਿਰ ਢਿੱਲੋਂ' ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ, ਲਾਹੌਰ ਪਾਕਿਸਤਾਨ ਦੇ 'ਪੰਜਾਬੀ ਇੰਸਟੀਚਿਊਟ ਆਫ ਲੈਂਗੂਏਜ, ਆਰਟ ਐਂਡ ਕਲਚਰ, ਲਾਹੌਰ ਵਿਖੇ 'ਦੂਜੀ ਵਿਸ਼ਵ ਪੰਜਾਬੀ ਕਾਨਫਰੰਸ' ਕਰਵਾਈ ਗਈ। ਇਸ ਵਫ਼ਦ ਵਿੱਚ, ਚੜ੍ਹਦੇ ਪੰਜਾਬ ਤੋਂ ਪੰਜਾਬੀ ਜ਼ੁਬਾਨ ਨੂੰ ਪਿਆਰ ਕਰਨ ਵਾਲਿਆਂ ਵਿੱਚ ਸ: ਜਸਵੰਤ ਸਿੰਘ ਜ਼ਫ਼ਰ ਆਦਿ ਸ਼ਾਮਲ ਸਨ। ਸਾਡੇ ਤੋਂ ਇਲਾਵਾ ਕਈ ਹੋਰ ਦੇਸ਼ਾਂ ਦੇ ਦਰਜਨਾਂ ਨੁਮਾਇੰਦੇ ਇਸ ਕਾਨਫਰੰਸ ਦਾ ਹਿੱਸਾ ਸਨ।

ਮੈਂ ਕਿਸੇ ਸਮੇਂ ਸਾਂਝੀ ਰਹੀ ਮਿੱਟੀ ਨੂੰ ਮੱਥੇ ਲਾਇਆ ਸੀ ਅਤੇ 1947 ਦੀ ਵੰਡ ਸਮੇਂ, ਚੜ੍ਹਦੇ ਪੰਜਾਬ ਦੇ, ਸਾਡੇ ਪੁਰਖਿਆਂ ਵੱਲੋਂ ਕੀਤੇ ਮੁਸਲਮਾਨਾਂ ਦੇ ਕਤਲਾਂ, ਸਾੜਫੂਕ, ਬੇਪਤੀਆਂ, ਲੁੱਟਮਾਰ, ਉਧਾਲਿਆਂ ਅਤੇ ਬਦਮਗ਼ਜੀਆਂ ਬਦਲੇ ਅੱਥਰੂ ਅੱਥਰੂ ਹੁੰਦਿਆਂ, ਖਿਮਾਂ ਮੰਗੀ ਸੀ। ਅਜਿਹੀ ਹੀ ਪੀੜ ਪਾਕਿਸਤਾਨੀ ਮੇਜ਼ਬਾਨਾਂ ਨੇ ਨੋਟ ਕਰਵਾਈ।

ਉੱਧਰ ਵਾਲੇ ਪਾਸੇ ਪਹੁੰਚਦਿਆਂ, ਸਾਡੇ ਮੇਜ਼ਬਾਨਾਂ ਨੇ ਵੱਡੇ ਵੱਡੇ ਗੁਲਦਸਤੇ ਦੇ ਕੇ ਅਤੇ ਗਲ਼ਾਂ ਵਿੱਚ ਹਾਰ ਪਾ ਕੇ ਸਾਡਾ ਸਵਾਗਤ ਕੀਤਾ ਸੀ, ਅਸੀਂ ਬਗਲਗੀਰ ਹੋਏ ਸਾਂ। ਪਾਕਿਸਤਾਨੀ ਇਮੀਗ੍ਰੇਸ਼ਨ ਦੇ ਜਾਬਤਿਆਂ ਵਿੱਚੋਂ ਲੰਘ ਕੇ ਅਸੀਂ ਆਪਣੇ ਮੇਜ਼ਬਾਨਾਂ ਦੇ ਵਾਹਨਾਂ 'ਤੇ, 24 ਕਿੱਲੋਮੀਟਰ ਦਾ ਸਫਰ ਤੈਅ ਕਰਕੇ 'ਇੰਡੀਗੋ ਹੋਟਲ' ਲਾਹੌਰ ਪਹੁੰਚੇ ਸਾਂ।

ਇਸੇ ਦੌਰਾਨ ਪਾਕਿਸਤਾਨੀ ਭਰਾਵਾਂ ਨੇ ਮੁਹੱਬਤਾਂ ਦਾ ਸਿਰਾ ਹੀ ਲਾ ਦਿੱਤਾ। ਸਭ ਦੇ ਹੱਥਾਂ ਵਿੱਚ ਮੁੜ ਗੁਲਦਸਤੇ, ਬਗ਼ਲਗੀਰੀਆਂ, ਤਸਵੀਰਾਂ..ਤੀਸਰੀ ਪੀੜ੍ਹੀ ਦੀਆਂ ਭੱਜੀਆਂ ਬਾਹਵਾਂ ਗਲ਼ ਲੱਗ ਰਹੀਆਂ ਸਨ..ਵਾਰ ਵਾਰ ਅੱਖਾਂ ਸੇਜਲ ਹੁੰਦੀਆਂ ਸਨ। ਸਾਡੇ ਫਿਲਮੀਂ ਅਦਾਕਾਰਾਂ ਦੁਆਲੇ ਵੱਧ ਝੁਰਮਟ ਪੈਂਦਾ ਸੀ। ਹੁਣ ਗੁਰਪ੍ਰੀਤ ਕੌਰ ਭੰਗੂ, ਸਾਰੇ ਪਾਕਿਸਤਾਨੀ ਦੀ 'ਮਾਂ ਜੀ' ਸੀ। ਉਹ, ਉਸ ਨਾਲ ਤਸਵੀਰਾਂ ਲੁਹਾਉਂਦੇ ਨਾ ਥੱਕਦੇ, ਪ੍ਰੇਸ਼ਾਨੀ ਦੀ ਹੱਦ ਤੱਕ..ਕੁੱਝ ਤਾਂ 'ਮਾਂ ਜੀ' ਨੂੰ, ਉਸਦੇ ਪੈਰਾਂ ਵਿੱਚ ਬੈਠ ਕੇ ਤਸਵੀਰਾਂ ਖਿਚਵਾਉਣ ਲਈ ਬੇਵਸ ਕਰਦੇ।

ਜਿਵੇਂ ਕਿ ਡਰ ਸੀ, ਕਿ ਇਨ੍ਹਾਂ ਦਿਨਾਂ ਵਿੱਚ ਲਾਹੌਰ ਵਿੱਚ ਧੁੰਦ ਹੋਵੇਗੀ। ਇਹ ਨਹੀਂ ਸੀ, ਦੁਆਲਾ ਸਾਫ਼ ਦਿਸਦਾ ਸੀ। ਹਨੇਰਾ ਹੋਏ, ਸਾਡੇ ਮੇਜ਼ਬਾਨਾਂ ਵਿੱਚੋਂ 'ਅੰਜੁਮ ਗਿੱਲ' ਮੈਨੂੰ, ਗੁਰਪ੍ਰੀਤ ਭੰਗੂ ਅਤੇ ਮਲਕੀਤ ਰੌਣੀ ਨੂੰ ਲਾਹੌਰ ਦੇ ਮਾਰਗਾਂ 'ਤੇ ਲੈ ਗਿਆ। ਦੁਆਲੇ ਰੰਗ-ਬਿਰੰਗੀਆਂ ਮਨਮੋਹਕ ਰੋਸ਼ਨੀਆਂ ਦੇ ਸ਼ਾਨਦਾਰ ਦ੍ਰਿਸ਼, ਅਜਿਹਾ ਨਜ਼ਾਰਾ ਤਾਂ ਅਸੀਂ ਪਹਿਲੀ ਵਾਰ ਵੇਖ ਰਹੇ ਸਾਂ। ਦੱਸਿਆ ਗਿਆ, ਕਿ ਮੌਜੂਦਾ ਹਕੂਮਤ ਨੇ ਇਸ ਖ਼ੂਬਸੂਰਤੀ ਦੀ ਲਗਾਤਾਰਤਾ ਬਰਕਰਾਰ ਰੱਖੀ ਹੋਈ ਹੈ। ਅਸੀਂ ਕਿਸੇ ਮੁੱਖ-ਮਾਰਗ ਤੋਂ ਲੰਘਦੇ ਗਏ, ਮੇਜ਼ਬਾਨ ਦੱਸਦਾ ਗਿਆ, ਕਿ ਇਸ ਮਾਰਗ ਦੇ ਦੁਆਲੇ 1947 ਤੋਂ ਪਹਿਲਾਂ, ਪ੍ਰਸਿੱਧ ਇੰਜਨੀਅਰ ਸਰ ਗੰਗਾ ਰਾਮ ਨੇ ਇਨ੍ਹਾਂ ਇਮਾਰਤਾਂ ਦੇ ਨਕਸ਼ੇ ਤਿਆਰ ਕੀਤੇ ਸਨ, ਦਿਸਦਾ ਕੁੱਝ ਨਹੀਂ ਸੀ, ਪਰ ਉਹ ਦੱਸਦਾ ਗਿਆ, ਕਿ ਐਧਰ ਇਹ ਇਮਾਰਤ ਹੈ ਅਤੇ ਐਧਰ ਇਹ। ਉਸਨੇ ਉਹ ਕੌਫ਼ੀ ਹਾਊਸ ਵੀ ਵਿਖਾਇਆ, ਜਿਸ ਵਿੱਚ ਪਾਕਿਸਤਾਨ ਬਣਾਉਣ ਲਈ, ਮੁਸਲਮਲੀਗ਼ ਦੇ ਚੋਟੀ ਦੇ ਆਗੂ ਮੁਹੰਮਦ ਅਲੀ ਜਿਨਾਹ, ਸਰ ਫ਼ਿਰੋਜ਼ ਖਾਨ, ਖ਼ਵਾਜਾ ਨਿਜਾਮੂਦੀਨ ਆਦਿ ਮੀਟਿੰਗਾਂ ਕਰਿਆ ਕਰਦੇ ਸਨ।

ਅਸੀਂ ਆਪਣੇ ਕਮਰੇ ਦੀ, ਸ਼ਹਿਰ ਵੱਲ ਦੀ ਬਾਹੀ ਦੇ ਵੱਡੇ ਸ਼ੀਸ਼ੇ ਵਿੱਚੋਂ ਲਾਹੌਰ ਸ਼ਹਿਰ ਨੂੰ ਨਿਹਾਰਦੇ ਹਾਂ। ਕੁੱਝ ਧੁੰਦਲਾ ਜਿਹਾ ਤਾਂ ਸੀ, ਪਰ ਦੂਰ ਦੂਰ ਤੱਕ ਵੇਖਿਆ ਜਾ ਸਕਦਾ ਸੀ। ਇਹ ਬਿਲਕੁੱਲ ਮੈਨੂੰ, ਟੋਰਾਂਟੋ ਸਥਿਤ ਸੀ ਐੱਨ ਟਾਵਰ ਵਿੱਚੋਂ ਦਿਸਦੇ ਨਜ਼ਾਰੇ ਜਿਹਾ ਹੀ ਲੱਗਾ। ਤਿਆਰ ਹੋ ਕੇ ਹੇਠ ਪਹੁੰਚਦੇ ਹਾਂ, ਨਾਸ਼ਤੇ ਦੌਰਾਨ 17 ਸਾਲਾਂ ਤੋਂ ਨਿਊਜ਼ੀਲੈਂਡ ਰਹਿ ਰਿਹਾ ਅਤੇ ਕਿਸੇ ਸਮੇਂ 'ਅਜੀਤ' ਵਿੱਚ ਕੰਮ ਕਰਦਾ ਰਿਹਾ ਸ: ਹਰਜਿੰਦਰ ਸਿੰਘ ਬਸਿਆਲਾ ਮਿਲਦਾ ਹੈ। ਇਸੇ ਤਰ੍ਹਾਂ ਲੰਮੇਂ ਅਰਸੇ ਪਿੱਛੋਂ ਗੁਰਪ੍ਰੀਤ ਕੌਰ ਦੀ ਅਮਰੀਕਾ ਰਹਿ ਰਹੀ ਸਹੇਲੀ ਸ਼੍ਰੀਮਤੀ ਰਾਜਿੰਦਰ ਕੌਰ ਅਤੇ ਉਸਦਾ ਸ਼੍ਰੀਮਾਨ ਸਾਬਕਾ ਪ੍ਰਿੰਸੀਪਲ ਡਾ: ਸੁਰਿੰਦਰ ਸਿੰਘ ਗਿੱਲ ਮਿਲਦੇ ਹਨ। ਇਸ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ, ਇਸੇ ਤਰ੍ਹਾਂ ਕਿੰਨੇ ਹੀ ਹੋਰ ਪ੍ਰਵਾਸੀ ਪੰਜਾਬੀ ਆਏ ਹੋਏ ਸਨ। ਇੱਥੇ ਹੀ ਗੁਰੂ ਨਾਨਕ ਹਸਪਤਾਲ ਢਾਹਾਂ-ਕਲੇਰਾਂ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਪ੍ਰਧਾਨ ਰਹੇ, ਸ: ਹਰਦੇਵ ਸਿੰਘ ਕਾਹਮਾ ਮਿਲਦੇ ਹਨ। ਉਸ 83 ਸਾਲਾ, ਚੁਸਤ/ਦਰੁਸਤ ਕਾਰੋਬਾਰੀ ਅਤੇ ਹਜ਼ਾਰਾਂ ਲੋਕਾਂ ਦੇ ਰੁਜ਼ਗਾਰਦਾਤਾ ਨਾਲ ਕਾਫ਼ੀ ਗੱਲਾਂ ਸਾਂਝੀਆਂ ਹੁੰਦੀਆਂ ਹਨ।

ਪ੍ਰਸਿੱਧ ਪੰਜਾਬੀ ਸ਼ਾਇਰ 'ਅਫ਼ਜਲ ਸ਼ਾਹਿਰ' ਸਟੇਜ ਸਕੱਤਰ ਸੀ, ਦਮਦਾਰ ਆਵਾਜ਼ ਵਾਲੀ ਭਾਵੁਕ ਵਾਰਤਾਲਾਪ ਦੌਰਾਨ ਉਹ ਸਾਰੇ ਸਰੋਤਿਆਂ ਨੂੰ ਕਾਇਲ ਕਰ ਲੈਂਦਾ ਰਿਹਾ।

ਇਸ ਤੋਂ ਬਾਅਦ ਫੱਬਵੀਆਂ ਅਤੇ ਲਿਸ਼ਕਦੀਆਂ ਪੁਸ਼ਾਕਾਂ ਵਿੱਚ 6 ਨੌਜਵਾਨ ਅਤੇ 6 ਮੁਟਿਆਰਾਂ ਭੰਗੜੇ ਅਤੇ ਗਿੱਧੇ ਦਾ ਰੰਗ ਬੰਨਦੇ ਹਨ। ਤੇਜ਼-ਤਰਾਰ ਲੋਕ-ਗੀਤਾਂ 'ਤੇ ਫੁਰਤੀਲੀਆਂ ਆਦਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਦਰਸ਼ਕ ਅਸ਼ ਅਸ਼ ਕਰ ਉੱਠਦੇ ਹਨ।

ਸਟੇਜ ਸਕੱਤਰ ਪੰਜਾਬੀ ਮਾਂ ਬੋਲੀ ਦੀ ਵਡਿਆਈ ਕਰਦਿਆਂ ਕਹਿੰਦਾ ਹੈ, ਕਿ ਪੰਜਾਬੀ ਸਾਡੀ ਮਾਂ ਦੀ, ਫਿਰ ਮਾਂ ਦੀ ਮਾਂ ਦੀ ਅਤੇ ਉਸਤੋਂ ਵੀ ਅੱਗੇ ਦੂਰ ਦੂਰ ਦੀਆਂ ਦਾਦੀਆਂ, ਨਾਨੀਆਂ ਦੀ ਬੋਲੀ ਹੈ। ਉਹ ਕਿਸੇ ਵਿਦਵਾਨ ਦੇ ਹਵਾਲੇ ਨਾਲ ਕਹਿੰਦਾ ਹੈ,





"ਜਿਹੜਾ ਆਪਣੀ ਮਾਂ ਦਾ ਨਹੀਂ, ਉਹ ਕਿਸੇ ਵੀ ਥਾਂ ਦਾ ਵੀ ਨਹੀਂ"

ਇਸ ਤੋਂ ਬਾਅਦ ਪਾਕਿਸਤਾਨ ਦਾ 'ਯਮਲਾ ਜੱਟ' ਦੁਨੀਆਂ ਭਰ ਦੀ ਭਰਮਣ ਕਰਨ ਵਾਲਾ ਪ੍ਰਸਿੱਧ ਸੂਫ਼ੀ ਗਾਇਕ, 'ਸਾਂਈ ਜ਼ਹੂਰ' ਆਪਣੇ ਸਾਜ਼ੀਆਂ ਨਾਲ ਸਟੇਜ ਸੰਭਾਲਦਾ ਹੈ। ਉਹ 87 ਸਾਲ ਦਾ ਹੈ, ਪਰ ਅੱਜ ਉਸਦੀ ਸਿਹਤ ਵੀ ਸਾਜ਼ਗਾਰ ਨਹੀਂ ਸੀ। ਉਹ ਆਪਣੇ ਝਾਲਰਦਾਰ ਤੂਬੇ ਨਾਲ, ਪੂਰੀ ਲਹਿਰ ਵਿੱਚ ਨੱਚਦਿਆਂ 'ਬਾਬਾ ਬੁੱਲ੍ਹੇ ਸ਼ਾਹ' ਦੇ ਕਲਾਮ ਪੇਸ਼ ਕਰਦਾ ਰਿਹਾ ਅਤੇ ਸੁਣਨ ਵਾਲੇ ਝੂੰਮਦੇ, ਤਾੜੀ ਪਾਉਂਦੇ ਰਹੇ।

ਇਸ ਤੋਂ ਬਾਅਦ 3 ਵਿਦਵਾਨਾਂ ਸੁਹੇਲ ਵੜੈਚ, ਨੈਨ ਸੁਖ ਅਤੇ ਫ਼ਾਰੁਖ ਸੁਹੇਲ ਗੋਇੰਦੀ, ਅਧਾਰਤ 'ਪੰਜਾਬੀਆਂ ਦੀ ਰਾਜਸੀ ਅਤੇ ਕੌਮੀ ਪਹੁੰਚ' ਮਸਲੇ 'ਤੇ ਚਰਚਾ ਕਰਵਾਈ ਗਈ। ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਵਿਦਵਾਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ, ਕਿ ਦੋਨਾਂ ਪਾਸਿਆਂ ਦੇ ਪੰਜਾਬੀਆਂ ਦੀ ਤਰਜਮਾਨੀ ਕਰਨ ਲਈ ਕੋਈ ਸਾਂਝਾ ਟੀਵੀ ਚੈਨਲ ਹੋਣਾ ਚਾਹੀਦਾ ਹੈ ਅਤੇ ਸਾਂਝੇ ਤੌਰ 'ਤੇ ਹੀ ਦੋਹਾਂ ਪੰਜਾਬਾਂ ਦਾ ਸਾਹਿਤ, ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਉਲਥਾਇਆ ਜਾਣਾ ਚਾਹੀਦਾ ਹੈ।

ਅਗਲੀ ਵਿਚਾਰ ਚਰਚਾ 'ਮਾਂ ਬੋਲੀ ਰਾਹੀਂ ਸਿੱਖਿਆ' ਵਿਸ਼ੇ 'ਤੇ ਹੁੰਦੀ ਹੈ। ਵਿਦਵਾਨਾਂ ਵਿੱਚ ਜ਼ਮੀਲ ਪਾਲ, ਡਾ: ਕਰਾਮਦ ਮੁਗ਼ਲ ਅਤੇ ਸ: ਜਸਵੰਤ ਸਿੰਘ ਜਫਰ ਹੁੰਦੇ ਹਨ।

ਸਾਡੇ ਮੇਜ਼ਬਾਨਾਂ ਵਿੱਚੋਂ 'ਅੰਜੁੰਮ ਗਿੱਲ' ਨੇ, ਚਾਚਾ ਜਾਨ ਦੇ ਨਾਂ ਨਾਲ ਜਾਣੇ ਜਾਂਦੇ ਡਰਾਇਵਰ ਦੀ ਟੈਕਸੀ ਭੇਜ ਦਿੱਤੀ ਸੀ। ਹੋਟਲ ਦੇ ਨਾਲ ਹੀ ਫੁੱਲਾਂ, ਗੁਲਦਸਤਿਆਂ ਦੀ ਦੁਕਾਨ ਸੀ। ਪਾਕਿਸਤਾਨ ਦੇ ਗੁਲਦਸਤੇ ਵੀ ਵੱਡੇ ਵੱਡੇ ਹੁੰਦੇ ਹਨ। ਇਹ ਘੱਟੋ ਘੱਟ 3 ਫੁੱਟ ਲੰਬਾਈ ਦਾ, ਫੁੱਲ ਪੱਤੀਆਂ ਨਾਲ ਭਰਿਆ, ਮਹਿਕ ਦਾ ਸੱਥਰ ਹੁੰਦਾ ਹੈ। ਇੱਥੋਂ, ਸਾਡੇ ਨਾਲ ਹੀ ਜਾ ਰਹੇ ਚਾਚਾ ਜਾਨ ਦੇ ਆਈ ਟੀ ਪ੍ਰੋਫੈਸ਼ਨਲ ਭਾਣਜੇ ਨੇ ਸਾਨੂੰ ਗੁਲਾਬ ਦੀਆਂ ਫੁੱਲ ਪੱਤੀਆਂ ਲੈ ਦਿੱਤੀਆਂ। ਚਾਚਾ ਜਾਨ ਦੱਸਦਾ ਹੈ, ਕਿ ਇਹ ਕਿਸੇ ਕੰਪਨੀ ਲਈ ਰਾਤ ਭਰ ਕੰਪਿਊਟਰ 'ਤੇ ਲੱਗਾ ਰਹਿੰਦਾ ਹੈ, ਦਿਨ ਵਿੱਚ 12 ਵਜੇ ਤੱਕ ਪਿਆ ਰਹਿੰਦਾ ਹੈ, ਪਰ ਅੱਜ ਤੁਹਾਡਾ ਸਾਥ ਮਾਨਣ ਲਈ, ਜਲਦੀ ਉੱਠ ਖਲੋਇਆ ਹੈ।

ਸਵੇਰ ਹੋਣ ਕਰਕੇ ਸੜਕਾਂ 'ਤੇ ਵਿਹਲ ਸੀ। ਉਹ ਸਾਨੂੰ ਅਗਲੇ 10 ਕੁ ਮਿੰਟਾਂ ਵਿੱਚ ਹੀ, 'ਸ਼ਾਦਮਾਨ ਚੌਕ' ਲੈ ਜਾਂਦੇ ਹਨ। ਦੱਸਿਆ ਗਿਆ ਕਿ ਨਾਲ ਹੀ ਸ਼ੁਰੂ ਹੁੰਦੀ 'ਲਾਹੌਰ ਸੈਂਟਰਲ ਜੇਲ' ਦਾ ਇਹ ਹਿੱਸਾ, ਨਵ-ਨਿਰਮਾਣ ਦੇ ਨਾਂ ਹੇਠ, ਚੌਹ-ਮਾਰਗੀ ਚੌਰਸਤੇ ਦਾ ਹਿੱਸਾ ਬਣਾ ਦਿੱਤਾ ਗਿਆ ਹੈ। ਇਹ ਸਾਡੀ ਭਾਵੇਂ ਟੱਸ ਟੱਸ ਕਰਨ ਵਾਲੀ ਥਾਂ ਹੀ ਸੀ, ਪਰ ਕੌਮੀਂ ਵਿਰਾਸਤ ਸੀ। ਇਸ ਨੂੰ ਸਾਂਭਿਆ ਜਾਣਾ ਹੀ ਬਣਦਾ ਸੀ। ਇਹ ਉਹ ਥਾ ਹੈ, ਜਿੱਥੇ 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫ਼ਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਅਸੀਂ ਚੌਕ 'ਤੇ ਚੜ੍ਹੇ, ਪੁਸ਼ਪ ਰੱਖ ਕੇ ਮੁੱਕੇ ਤਾਣੇ, ਅਮਰ ਰਹਿਣ ਦੇ ਨਾਹਰੇ ਲਾਏ। ਸਾਡਾ ਮਨ ਭਰ ਭਰ ਜਾਂਦਾ ਸੀ। ਅਸੀਂ ਗੋਰੇ ਹਾਕਮਾਂ ਨੂੰ ਫਿਟਲਾਹਣਤ ਪਾਈ। ਇਸ ਚੌਕ ਨੂੰ ਸਿੱਜਦਾ ਕਰਨਾ, ਸਾਡੇ ਜੀਵਨ ਦਾ ਵਡਮੁੱਲਾ ਹਾਸਲ ਸੀ। ਸਾਡੀ ਆਮਦ ਤੋਂ ਬਾਅਦ, 24 ਨਵੰਬਰ ਨੂੰ ਇੱਕ ਸਬੱਬ ਵਸ ਮਿਲੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਣ ਸਿੰਘ ਨੇ ਦੱਸਿਆ ਸੀ, ਕਿ ਸ਼ਾਦਮਾਨ ਚੌਕ ਸਥਿੱਤ ਫਾਂਸੀ ਦੇ ਫੰਦੇ 'ਤੇ ਹੀ ਵਿਸ਼ਣੂ ਗਣੇਸ਼ ਪਿੰਗਲੇ, ਸ: ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਬਖ਼ਸ਼ੀਸ਼ ਸਿੰਘ, ਸੁਰੈਣ ਸਿੰਘ 1, ਸੁਰੈਣ ਸਿੰਘ 2 ਅਤੇ ਹਰਨਾਮ ਸਿੰਘ, (7) ਗਦਰੀਆਂ ਨੂੰ ਵੀ 16 ਨਵੰਬਰ 1915 ਨੂੰ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਵਿੱਚੋਂ ਜਗਤ ਸਿੰਘ ਤਾਂ ਕਰਤਾਰ ਸਿੰਘ ਸਰਾਭੇ ਹੋਰਾਂ ਨਾਲ ਸਰਗਰਮ ਰਿਹਾ ਸੀ, ਪਰ ਬਾਕੀ ਚਾਰਾਂ ਨੂੰ ਇਸ ਕਰਕੇ ਮੌਤ ਦੀ ਸਜ਼ਾ ਦਿੱਤੀ ਗਈ ਸੀ, ਕਿਉਂਕਿ ਉਨ੍ਹਾਂ ਨੇ ਅੰਗਰੇਜ਼ਾਂ ਦੇ ਟੋਡੀ ਸੂਦਖੋਰਾਂ ਦੀਆਂ ਵਹੀਆਂ ਸਾੜ ਦਿੱਤੀਆਂ ਸਨ। ਮੇਰੇ ਮਨ ਵਿੱਚ ਮੁੜ ਮੁੜ 'ਸ਼ਾਦਮਾਨ ਚੌਕ' ਵਾਲੇ ਸਥਾਨ ਲਈ ਸਿੱਜਦਾ ਉੱਭਰਦਾ ਹੈ।

ਫਿਰ ਅਸੀਂ ਲਾਹੌਰ ਦੇ ਇਤਿਹਾਸਕ ਕਿਲੇ ਦੇ ਨੇੜੇ, ਸ਼੍ਰੀ ਗੁਰੂ ਅਰਜਨ ਦੇ ਦੇਵ ਜੀ ਦੇ ਸ਼ਹੀਦੀ ਸਥਾਨ 'ਤੇ ਪਹੁੰਚਦੇ ਹਾਂ, ਜਿੱਥੇ 30 ਮਈ 1606, ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਅਤੇ ਸਿਰ ਵਿੱਚ ਤੱਤਾ ਰੇਤ ਪਾ ਕੇ ਸ਼ਹੀਦ ਕਰਵਾ ਦਿੱਤਾ ਸੀ। ਇਤਿਹਾਸ ਅਨੁਸਾਰ ਉਸ ਸਮੇਂ ਮੁਗ਼ਲ ਸਾਮਰਾਜ ਵਿੱਚ 'ਯਾਸਾ' ਨਾ ਦੀ ਸਜ਼ਾ ਦਿੱਤੀ ਜਾਂਦੀ ਸੀ। ਇਹ ਮੌਤ ਦੀ ਅਜਿਹੀ ਸਜ਼ਾ ਹੁੰਦੀ ਸੀ, ਕਿ ਸ਼ਹੀਦ ਕੀਤੇ ਜਾਣ ਵਾਲੇ ਵਿਅਕਤੀ ਵਿੱਚੋਂ ਲਹੂ ਨਾ ਨਿੱਕਲੇ ਸਕੇ। ਉਸ ਸਮੇਂ ਦੇ ਹੁਕਮਰਾਨ ਨੇ ਗੁਰੂ ਜੀ ਨੂੰ 'ਯਾਸਾ' ਅਧੀਨ ਹੀ ਮੌਤ ਦੀ ਸਜ਼ਾ ਸੁਣਾਈ ਸੀ। ਇਹ ਉਸ ਸਮੇਂ ਦਾ ਘੋਰ ਅੱਤਿਆਚਾਰ ਸੀ। ਦੱਸਿਆ ਗਿਆ ਕਿ ਉਸ ਸਮੇਂ ਸ਼ਹੀਦੀ ਸਥਾਨ ਦੇ ਨੇੜੇ ਦਰਿਆ ਰਾਵੀ ਵਹਿੰਦਾ ਹੁੰਦਾ ਸੀ। ਅਸੀਂ ਉਸ ਸਮੇਂ ਦੇ ਭਿਆਨਕ ਦ੍ਰਿਸ਼ ਨੂੰ ਆਪਣੇ ਜਿਹਨ ਵਿੱਚ ਲਿਆ ਕੇ, ਉਸ ਸ਼ਹੀਦੀ ਸਥਾਨ ਦੀ ਪ੍ਰੀਕਰਮਾ ਕੀਤੀ, ਸਿੱਜਦਾ ਕੀਤਾ। ਇਸ ਗੁਰਦਵਾਰੇ ਵਿੱਚ ਵੱਡੀ ਪੱਧਰ 'ਤੇ ਪਾਕਿਸਤਾਨ ਵਿੱਚ ਰਹਿੰਦੇ ਨਾਨਕ-ਨਾਮ ਲੇਵਾ, ਗਰੀਬ ਹਿੰਦੂ ਆਏ ਹੋਏ ਸਨ। ਇੱਥੇ ਹਰ ਸਮੇਂ ਸਿੰਧੀ ਸਿੱਖਾਂ ਵੱਲੋਂ ਵੱਡੇ ਪੱਧਰ 'ਤੇ ਲੰਗਰ ਚਲਾਇਆ ਜਾਂਦਾ ਹੈ। ਰਿਹਾਇਸ਼ ਦਾ ਵੱਡਾ ਇੰਤਜ਼ਾਮ ਹੈ। ਹਰ ਸਾਲ ਪਾਕਿਸਤਾਨ ਦੇ ਗੁਰਧਾਮਾਂ 'ਤੇ ਨਤਮਸਤਕ ਹੋਣ ਵਾਲੇ ਜਥੇ ਵੀ, ਆਪਣੀ ਲਾਹੌਰ ਠਾਹਰ ਸਮੇਂ, ਇੱਥੇ ਹੀ ਠਹਿਰਦੇ ਹਨ। ਇਸੇ ਕਿਲੇ ਤੋਂ, ਵੱਡੇ ਪੰਜਾਬ 'ਤੇ 1808 ਤੋਂ 1839 ਤੱਕ ਰਾਜ ਕਰਦੇ ਰਹੇ, ਮਹਾਰਾਜਾ ਰਣਜੀਤ ਸਿੰਘ ਨਾਲ ਜੁੜੀਆਂ ਅਨੇਕ ਯਾਦਗਾਰਾਂ ਹਨ। ਇੱਥੇ ਹੀ ਉਨ੍ਹਾਂ ਦੇ ਪੁੱਤਰ ਖੜਕ ਸਿੰਘ, ਪੋਤਰੇ ਕੰਵਰ ਨੌਨਿਹਾਲ ਸਿੰਘ ਦੀਆਂ ਸਮਾਧਾਂ ਹਨ।

ਇਹ ਸਾਰਾ ਵੇਖਣ ਉਪਰੰਤ ਸਾਡਾ ਮੇਜ਼ਬਾਨ 'ਅਹਿਮਦ ਰਜ਼ਾ ਪੰਜਾਬੀ' ਸਾਨੂੰ ਇੰਟਰਵਿਊ ਲਈ, ਇੱਕ ਕੌਮੀ ਚੈਨਲ 'ਐਕਸਪਰੈੱਸ-ਨਿਊਜ' ਦੇ ਸਟੂਡੀਓ ਛੱਡਦਾ ਹੈ। ਇੱਥੇ ਗੁਰਪ੍ਰੀਤ ਭੰਗੂ ਅਤੇ ਮਲਕੀਤ ਰੌਣੀ ਲਾਈਵ ਪ੍ਰੋਗਰਾਮ ਵਿੱਚ ਸ਼ਾਮਲ ਹੁੰਦੇ ਹਨ। ਬਾਅਦ ਵਿੱਚ ਕਾਫੀ ਸਮਾਂ, ਸਟੂਡੀਓ ਅਮਲੇ ਨਾਲ ਤਸਵੀਰਾਂ ਦਾ ਸਿਲਸਿਲਾ ਜਾਰੀ ਰਿਹਾ ਸੀ।

ਸਾਨੂੰ ਸੋਸ਼ਲ ਮੀਡੀਆ 'ਤੇ ਵੇਖੇ/ਸੁਣੇ ਕਲਾਕਾਰਾਂ ਨੂੰ, ਸਾਹਮਣੇ ਵੇਖਣ ਦਾ ਮੌਕਾ ਮਿਲਦਾ ਹੈ। ਉਹ ਖੂਬ ਰੰਗ ਬੰਨਦੇ ਹਨ ਅਤੇ ਅਖੀਰ ਵਿੱਚ ਪ੍ਰਬੰਧਕਾਂ ਅਤੇ ਮਹਿਮਾਨਾਂ ਨੂੰ ਸਟੇਜ 'ਤੇ ਝੂੰਮਣ ਲਾ ਦਿੰਦੇ ਹਨ। ਇਸ ਤੋਂ ਬਾਅਦ ਪਾਕਿਸਤਾਨ ਦੇ ਪ੍ਰਸਿੱਧ ਕਲਾਕਾਰ 'ਸੁਹੇਲ ਅਹਿਮਦ' ਆਪਣੀ ਦਮਦਾਰ ਆਵਾਜ਼ ਵਿੱਚ, ਮਿੱਠੀਆਂ ਮਿੱਠੀਆਂ ਟਕੋਰਾਂ ਲਾ ਕੇ ਆਪਣੀ ਗੱਲ ਕਹਿੰਦਾ ਹੈ। ਉਸਦੀਆਂ ਗੱਲਾਂ ਵਿੱਚ ਸੰਜੀਦਗੀ ਵੀ ਸੀ ਅਤੇ ਹਾਸਾ ਮਜ਼ਾਕ ਵੀ, ਸਾਰੇ ਉਸਨੂੰ ਸੁਣਨ ਦਾ ਆਨੰਦ ਲੈਂਦੇ ਹਨ। ਇਸ ਤੋਂ ਬਾਅਦ ਤਿੰਨ ਨੌਜਵਾਨ ਭੰਗੜਾ ਪੇਸ਼ ਕਰਕੇ, ਭਰਵੀਂ ਦਾਦ ਲੈਂਦੇ ਹਨ।

ਫਿਰ ਸਟੇਜ ਤੋਂ ਗੰਭੀਰ ਚਰਚਾ ਅਰੰਭ ਹੁੰਦੀ ਹੈ। ਪਿਛਲੇ 51 ਸਾਲਾਂ ਸਵੀਡਨ ਰਹਿ ਰਿਹਾ ਇਤਿਹਾਸਕਾਰ 'ਡਾ: ਇਸ਼ਤਿਹਾਕ ਅਹਿਮਦ' ਦੇਸ਼ ਵੰਡ ਤੋਂ ਪੂਰਬਲਾ ਇਤਿਹਾਸ ਦੱਸਦਾ ਹੈ ਅਤੇ ਬੇਦਰਦ ਬਟਵਾਰੇ ਦੇ ਜ਼ੁੰਮੇਂਵਾਰ ਲੀਡਰਾਂ ਨੂੰ ਕਟਹਿਰੇ ਵਿੱਚ ਖੜ੍ਹਾਉਂਦਾ ਹੈ। ਉਹ ਦੱਸਦਾ ਹੈ ਕਿ ਉਸ ਸਮੇਂ ਦੀ ਲੀਡਰਸ਼ਿੱਪ ਦੀ ਤੰਗਨਜ਼ਰੀ ਕਰਨ ਲੱਖਾਂ ਪੰਜਾਬੀਆਂ ਨੂੰ ਜਾਨ ਗਵਾਉਣੀ ਪਈ, ਘਰੋਂ, ਬੇਘਰ ਹੋਣਾ ਪਿਆ ਅਤੇ ਚੜ੍ਹਦੇ/ਲਹਿੰਦੇ ਪੰਜਾਬ ਨੂੰ ਇਹ ਖਮਿਆਜ਼ਾ ਲਗਾਤਾਰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਆਪਣੀ ਗੁਰਮੁਖੀ ਵਿੱਚ ਛਪੀ ਕਿਤਾਬ 'ਲਹੂ ਲੁਹਾਣ ਪੰਜਾਬ' ਦਾ ਹਵਾਲਾ ਵੀ ਦਿੱਤਾ। ਉਸ ਦੱਸਿਆ ਸੀ, ਕਿ ਲਹਿੰਦੇ ਪੰਜਾਬ ਵਿੱਚ ਅਜੇ ਤੱਕ ਪੰਜਾਬੀ ਨੂੰ, ਭਾਸ਼ਾ ਦੇ ਤੌਰ 'ਤੇ ਲਾਗੂ ਹੀ ਨਹੀਂ ਕੀਤਾ ਗਿਆ, ਅਜਿਹਾ ਹੋਣ ਦੀਆਂ ਜੜ੍ਹਾਂ ਵੀ, ਭਾਰਤ/ਪਾਕਿ ਵੰਡ ਦੇ ਸ਼ਰਮਨਾਕ ਸਮਝੌਤੇ ਵਿੱਚ ਹੀ ਪਈਆਂ ਹਨ। ਵਿਦਵਾਨ ਦੀ ਇਹ ਜਾਣਕਾਰੀ ਅੱਖਾਂ ਖੋਲ੍ਹ ਦੇਣ ਵਾਲੀ ਸੀ, ਜਿਸ ਵਿੱਚ ਵੰਡ ਦੀਆਂ ਦਰਦ ਕਹਾਣੀਆਂ ਦਾ ਜ਼ਿਕਰ ਸੀ।

ਅਗਲੀ ਵਿਚਾਰ ਚਰਚਾ 'ਫਰੀਦ, ਨਾਨਕ, ਬੁੱਲਾ ਅਤੇ ਅਜੋਕਾ ਸਮਾਜ' ਵਿਸ਼ੇ 'ਤੇ ਹੁੰਦੀ ਹੈ। ਚਰਚਾ ਕਰਨ ਵਾਲੇ ਵਿਦਵਾਨਾਂ ਵਿੱਚ ਕਲਿਆਣ ਸਿੰਘ ਕਲਿਆਣ, ਚੌਧਰੀ ਮਨਜ਼ੂਰ ਸਾਹਿਬ, ਮਾਸੂਦ ਖਾਲਿਦ ਅਤੇ ਬੀਬੀ ਸੁਗਰਾ ਸਤਬ ਸ਼ਾਮਲ ਹਨ। ਹਰ ਵਿਦਵਾਨ ਵਿਸ਼ੇ ਸਬੰਧੀ ਭਰਪੂਰ ਜਾਣਕਾਰੀ ਰੱਖਦਾ ਸੀ, ਖਾਸ ਕਰ ਬੁੱਲ੍ਹੇ ਸ਼ਾਹ ਦੀ ਬਾਗ਼ੀਆਨਾ ਪਹੁੰਚ ਨੂੰ ਬਹੁਤ ਹੀ ਰੌਚਿਕ ਢੰਗ ਨਾਲ ਪੇਸ਼ ਕੀਤਾ ਗਿਆ ਸੀ।

'ਪੰਜਾਬੀ ਸਿਨੇਮੇ ਦੇ ਬਦਲਦੇ ਰੂਪ' ਵਿਸ਼ੇ 'ਤੇ ਚਰਚਾ ਸ਼ੁਰੂ ਹੋਈ। ਪੈਨਲ ਵਿੱਚ ਦਿਆਲ ਸਿੰਘ ਕਾਲਜ ਦੇ ਸਾਬਕਾ ਪ੍ਰਿੰਸੀਪਲ ਤਾਰਿਕ ਜਲਾਲ, ਮਲਕੀਤ ਰੌਣੀ ਅਤੇ ਗੁਰਪ੍ਰੀਤ ਭੰਗੂ ਸਨ। ਦੱਸਿਆ ਗਿਆ ਕਿ ਚੜ੍ਹਦੇ ਪੰਜਾਬ ਦੇ ਸਿਨਮੇਂ ਵਿੱਚ, ਹੁਣ ਬਹੁਤੀਆਂ ਫ਼ਿਲਮਾਂ ਪਰਿਵਾਰਕ ਹੁੰਦੀਆਂ ਹਨ ਅਤੇ ਉਨ੍ਹਾਂ ਵਿੱਚ ਜ਼ਿੰਦਗੀ ਨੂੰ ਸੋਹਣੀ ਬਣਾਉਣ ਦੇ ਸੁਨੇਹੇ ਹੁੰਦੇ ਹਨ।

'ਪੰਜਾਬੀ ਸਿਆਸਤਦਾਨ ਅਤੇ ਪੰਜਾਬ' ਵਿਸ਼ੇ 'ਤੇ ਹੋਈ, ਇਸ ਵਿੱਚ ਸਾਬਕਾ ਸਿਆਸਤਦਾਨ ਅਤੇ ਪੰਜਾਬ ਦੀ ਮੌਜੂਦਾ ਅਸੈਂਬਲੀ ਦਾ ਸਪੀਕਰ ਤਾਹਿਰ ਮਲਿਕ ਸ਼ਾਮਲ ਸੀ। ਇੱਥੇ ਹੀ ਪਤਾ ਚੱਲਦਾ ਹੈ, ਕਿ ਰਾਜਨੀਤੀ ਵਿੱਚ ਵੀ ਹੁਣ ਤੱਕ ਉਰਦੂ ਦੀ ਹੀ ਪੁੱਗਤ ਰਹੀ ਹੈ। ਪੰਜਾਬ ਅਸੈਂਬਲੀ ਵਿੱਚ, ਪੰਜਾਬੀ ਬੋਲਣ ਲਈ ਵਿਧਾਇਕ ਨੂੰ, ਸਪੀਕਰ ਕੋਲੋਂ ਆਗਿਆ ਲੈਣੀ ਪੈਂਦੀ ਸੀ। ਮੰਤਰੀ ਵਾਅਦਾ ਕਰਦਾ ਹੈ, ਕਿ ਜਲਦੀ ਹੀ ਪੰਜਾਬੀ ਜ਼ੁਬਾਨ, ਸਕੂਲਾਂ ਅਤੇ ਕਾਲਜਾਂ ਵਿੱਚ ਲਾਗੂ ਕੀਤੀ ਜਾਵੇਗੀ। ਇਹ ਸਭ ਕੁੱਝ ਕਦੋਂ ਲਾਗੂ ਹੋਵੇਗਾ, ਕੋਈ ਪਤਾ ਨਹੀਂ, ਪਰ ਅਜਿਹਾ ਐਲਾਨ ਹੋਣ 'ਤੇ ਭਰਵੀਂ ਤਾੜੀ ਵਜਾਈ ਗਈ ਸੀ।

ਪਕਿਸਤਾਨ ਦੇ ਪ੍ਰਸਿੱਧ ਫਿਲਮੀਂ ਅਦਾਕਾਰ ਇਮਤਿਆਜ ਅਲੀ ਠਾਕੁਰ ਅਤੇ ਸੁਹੇਲ ਅਹਿਮਦ ਪਹੁੰਚਦੇ ਹਨ। ਘੰਟਾ ਭਰ ਗੱਲਾਂ, ਇੱਥੇ ਹੀ ਕਰਮਜੀਤ ਅਨਮੋਲ ਕੋਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਫੋਨ ਆਉਂਦਾ ਹੈ। ਭਗਵੰਤ ਮਾਨ, ਸੁਹੇਲ ਅਹਿਮਦ ਦੇ ਪ੍ਰੋਗਰਾਮਾਂ ਦਾ ਮੁਰੀਦ ਹੈ। ਸਪੀਕਰ ਆਨ ਹੁੰਦਾ ਹੈ। ਮੁੱਖ ਮੰਤਰੀ ਸਾਹਿਬ, ਸੁਹੇਲ ਅਹਿਮਦ ਦੀਆਂ ਪੇਸ਼ਕਾਰੀਆਂ ਦੀ ਹੂਬਹੂ ਨਕਲ ਉਤਾਰਦੇ ਹਨ ਅਤੇ ਦੱਸਦੇ ਹਨ, ਕਿ ਮੈਂ ਹੀ ਨਹੀਂ ਕੇਜਰੀਵਾਲ ਅਤੇ ਸੰਜੇ ਸਿੰਘ ਵੀ ਉਸਦੀਆਂ ਪੇਸ਼ਕਾਰੀਆਂ ਦੇ ਦੀਵਾਨੇ ਹਨ। ਖ਼ੂਬ ਰੰਗ ਬੱਝਦਾ ਹੈ।

ਬਠਿੰਡੇ ਤੋਂ ਗਏ ਪ੍ਰਸਿੱਧ ਆਰਟਿਸਟ ਗੁਰਪ੍ਰੀਤ ਸਿੰਘ ਅਤੇ ਗਜ਼ਲ ਦੀ 24ਵੀਂ ਵਰ੍ਹੇ ਗੰਢ ਸੀ। ਉਸਨੂੰ ਚਾਹੁਣ ਵਾਲੇ ਪਾਕਿਸਤਾਨੀ, ਕੇਕ ਲੈ ਕੇ ਪਹੁੰਚਦੇ ਹਨ। ਸਾਰੇ ਜੋੜੀ ਨੂੰ ਸ਼ੁਭਕਾਮਨਾਵਾਂ ਦਿੰਦੇ ਹਨ। ਉਪਰੰਤ ਦੇਰ ਰਾਤ ਤੱਕ ਅਸੀਂ ਭਾਰਤ/ਪਾਕਿ ਵੰਡ ਸਮੇਂ ਹੋਈਆਂ, ਅਣਹੋਣੀਆਂ ਦੀਆਂ ਥਕਾਨ ਦੀ ਹੱਦ ਤੱਕ ਗੱਲਾਂ ਕਰਦੇ ਹਾਂ।

ਸਾਡੇ ਕਲਾਕਾਰਾਂ ਦੇ ਅਨੇਕ ਦੀਵਾਨੇ ਆ ਚੁੱਕੇ ਹਨ, ਕਿਉਂਕਿ ਸ਼ੋਸ਼ਲ-ਮੀਡੀਆ ਦੁਆਰਾ, ਕਲਾਕਾਰਾਂ ਦੀ ਇਸ ਆਮਦ ਦਾ ਸੁਨੇਹਾ ਦੂਰ ਦੂਰ ਤੱਕ ਫ਼ੈਲ ਚੁੱਕਾ ਸੀ। ਇਨ੍ਹਾਂ ਵਿੱਚ ਗੋਰਾ, ਲੰਮਾਂ ਅਤੇ ਸੋਹਣਾ ਇੱਕ ਗੱਭਰੂ, ਇਤਿਹਾਸਕ ਪਾਤਰ ਰਾਂਝੇ ਦੇ ਦੁੱਧ ਚਿੱਟੇ ਲਿਬਾਸ ਵਿੱਚ ਹੁੰਦਾ ਹੈ। ਉਸ ਦਾ ਪਿੰਡ (ਡੇਰਾ) ਰਾਂਝੇ ਦੀ ਯਾਦਗਾਰ ਦੇ ਨੇੜੇ ਹੈ। ਉਹ ਦੱਸਦਾ ਹੈ, ਕਿ ਉਹ ਪਤਾ ਲੱਗਣ 'ਤੇ ਕਾਫ਼ੀ ਦੂਰੋਂ ਪਹੁੰਚਾ ਹੈ।

ਪ੍ਰਸਿੱਧ ਸ਼ਾਇਰ 'ਅਫ਼ਜ਼ਲ ਸਾਹਿਰ' ਪੰਜਾਬ ਤੋਂ ਸਾਡੇ ਕਾਫ਼ਲੇ ਵਿੱਚ ਸ਼ਾਮਲ 'ਗਾਇਕ ਵੀਰ ਸਿੰਘ' ਨੂੰ ਸਟੇਜ 'ਤੇ ਬੁਲਾਉਂਦਾ ਹੈ। ਮਿੱਠੇ ਪਿਆਰੇ ਗੀਤ ਬਿਖਰਦੇ ਹਨ। ਫਿਰ ਦੁਨੀਆਂ ਭਰ ਵਿੱਚ, ਆਪਣੀ ਸੂਫ਼ੀ ਗਾਇਕੀ ਦਾ ਜਲਵਾ ਬਿਖੇਰਨ ਵਾਲੇ, ਪਾਕਿਸਤਾਨ ਦੇ ਪ੍ਰਸਿੱਧ 87 ਸਾਲਾ 'ਸਾਂਈਂ ਜ਼ਹੂਰ' ਨੂੰ ਸੱਦਾ ਦਿੱਤਾ ਜਾਂਦਾ ਹੈ। ਉਹ ਆਪਣੇ ਸਾਜੀਆਂ ਨਾਲ, ਝਾਲਰਦਾਰ ਤੂੰਬਾ ਲੈ ਕੇ ਅਤੇ ਸੂਫ਼ੀਆਨਾ ਅੰਦਾਜ਼ ਵਿੱਚ, 'ਅੱਲਾ ਹੂ, ਅੱਲਾ ਹੂ' ਦੀਆਂ ਲੰਮੀਆਂ ਅਤੇ ਮਿੱਠੀਆਂ ਹੇਕਾਂ ਲਾ ਕੇ ਸੂਫ਼ੀ-ਰੰਗ ਬਿਖੇਰਦਾ ਹੈ। ਮੋਰ ਜਿਹੀ ਮਸਤੀ ਨਾਲ ਨੱਚਦਾ/ਝੂੰਮਦਾ ਹੈ। ਸੂਫ਼ੀ-ਗਾਇਨ ਦਾ ਖ਼ੂਬ ਰੰਗ ਬੱਝਦਾ ਹੈ।

ਪਾਕਿਸਤਾਨ ਦੇ ਪ੍ਰਸਿੱਧ ਹਾਸਰਸ ਕਲਾਕਾਰ 'ਸਲੀਮ ਅਲਬੇਲਾ ਅਤੇ ਗੋਗਾ ਪਸਰੂਰੀ' ਆਪਣਾ ਹਾਸਰਸ ਬਿਖੇਰਦੇ ਹਨ। ਇਸੇ ਦੌਰਾਨ ਉਨ੍ਹਾਂ ਵੱਲੋਂ ਗਾਏ ਇੱਕ ਗੀਤ 'ਤੇ, ਪ੍ਰਬੰਧਕ ਅਤੇ ਪੰਜਾਬ ਤੋਂ ਗਏ ਕਾਫ਼ਲੇ ਦੇ ਮੈਂਬਰ, ਸਟੇਜ 'ਤੇ ਨੱਚਣ ਲੱਗਦੇ ਹਨ। ਦੋਨਾਂ ਪੰਜਾਬਾਂ ਦੀ ਖ਼ੁਸ਼ੀ ਦਾ ਸੁਮੇਲ ਬਣਦਾ ਹੈ। ਇਸ ਤੋਂ ਬਾਅਦ 'ਸ਼ੋਸ਼ਲ-ਮੀਡੀਆ ਅਤੇ ਇਸਦਾ ਪਸਾਰ' ਵਿਸ਼ੇ 'ਤੇ ਚਰਚਾ ਹੁੰਦੀ ਹੈ। ਪੈਨਲ ਵਿੱਚ ਡਾ: ਸੁਰਿੰਦਰ ਸਿੰਘ ਗਿੱਲ, ਸਵਰਨ ਸਿੰਘ ਟਹਿਣਾ, ਸੁਕੀਰਤ ਸਿੰਘ ਅਤੇ ਬੀਬਾ ਹਰਮਨ ਥਿੰਦ ਹੁੰਦੇ ਹਨ। ਮੈਂ ਆਡੀਟੋਰੀਅਮ ਦੇ ਦਰਮਿਆਨ ਬੈਠਾ ਇਹ ਸਭ ਮਾਣ ਰਿਹਾ ਸੀ, ਤਾਂ ਖ਼ਾਲੀ ਹੋਈ ਕੁਰਸੀ 'ਤੇ ਇੱਕ 10 ਸਾਲਾਂ ਦਾ ਬੱਚਾ 'ਜਾਸਿਮ' ਆ ਬੈਠਦਾ ਹੈ। ਇਹੋ ਬੱਚਾ ਮੇਰੇ ਨਾਲ ਇੱਕ ਭਾਵੁਕ-ਰਿਸ਼ਤਾ ਸਿਰਜ ਲੈਂਦਾ ਹੈ।

ਪਾਕਿਸਤਾਨ ਦੇ ਪ੍ਰਸਿੱਧ ਗਾਇਕ 'ਆਲਮ ਲੁਹਾਰ' ਨੇ ਆਪਣੀ ਗਾਇਕੀ ਦੇ ਰੰਗ ਬਿਖੇਰਨੇ ਸਨ। ਅਸੀਂ ਭੀੜ ਵਿੱਚੋਂ ਨਿੱਕਲ ਕੇ, ਸਟੇਜ ਵੱਲ ਵਧ..ਇੱਥੇ ਤਾਂ ਸਾਡੇ ਕਲਾਕਾਰਾਂ ਦੇ ਦੁਆਲੇ ਚਾਹੁਣ ਵਾਲਿਆਂ ਦਾ ਧੱਕਾ ਹੀ ਪੈ ਗਿਆ। ਪ੍ਰੋਗਰਾਮ ਨੂੰ ਪ੍ਰਭਾਵਤ ਹੋਣ ਤੋਂ ਬਚਾਉਣ ਲਈ, ਹੁਣ ਸਾਡੇ ਕੋਲ ਇੱਥੇ ਠਹਿਰੇ ਰਹਿਣ ਦਾ ਕੋਈ ਚਾਰਾ ਨਹੀਂ ਸੀ। ਅਸੀਂ, ਮੇਰੇ ਸਮੇਤ ਗੁਰਪ੍ਰੀਤ ਭੰਗੂ, ਕਰਮਜੀਤ ਅਨਮੋਲ ਅਤੇ ਮਲਕੀਤ ਰੌਣੀ, ਪੁਲਿਸ ਪਾਰਟੀ ਦੀ ਸਹਾਇਤਾ ਨਾਲ ਬਾਹਰ ਨਿੱਕਲੇ..ਚਾਹੁੰਦੇ ਹੋਏ ਵੀ ਆਲਮ ਲੁਹਾਰ ਦੇ ਅਖਾੜੇ ਨੂੰ ਮਾਣ ਨਾ ਸਕੇ। ਇੱਥੇ ਹੀ ਮੈਂ ਨੋਟ ਕੀਤਾ, ਕਿ ਚਹੇਤੀਆਂ ਭੀੜਾਂ, ਕਲਾਕਾਰਾਂ ਦੀ ਜ਼ਿੰਦਗੀ ਨੂੰ, ਬੁਰੀ-ਜੂਨ ਜਿਹਾ ਸਰਾਪ ਦੇ ਦਿੰਦੀਆਂ ਹਨ।

ਸਾਂਈਂ ਜ਼ਹੂਰ, ਕਰਮਜੀਤ ਅਨਮੋਲ ਦਾ ਗੁਰੂ ਹੈ। ਉਸਦਾ ਇਸ ਕਾਨਫਰੰਸ 'ਤੇ ਪਹੁੰਚਣ ਦਾ ਇੱਕ ਮਕਸਦ, ਆਪਣੇ ਗੁਰੂ ਦੇ ਦੀਦਾਰ ਕਰਨਾ ਵੀ ਸੀ। ਖਾਣਾ ਖਾਣ ਉਪਰੰਤ, ਜਦੋਂ ਅਸੀਂ ਆਪਣੇ ਕਮਰਿਆਂ ਵਿੱਚ ਪਹੁੰਚਦੇ ਹਾਂ, ਤਾਂ ਸਾਂਈਂ ਜ਼ਹੂਰ, ਉਸਦਾ ਬੇਟਾ, ਪੋਤਰਾ ਅਤੇ 3, 4 ਹੋਰ ਨੌਜਵਾਨ, ਸਾਡੇ ਕਮਰੇ ਵਿੱਚ ਪਹੁੰਚਦੇ ਹਨ। ਸਾਰਿਆਂ ਦੇ ਹੱਥਾਂ ਵਿੱਚ ਵੱਡੇ ਨਗਾਂ ਵਾਲੀਆਂ ਮੁੰਦਰੀਆਂ ਹਨ, ਮਾਲਾਵਾਂ ਹਨ। ਖ਼ੂਬ ਮਹਿਫ਼ਿਲ ਸਜਦੀ ਹੈ, ਕਰਮਜੀਤ ਅਨਮੋਲ ਵੀ ਕੁੱਝ ਨਾ ਕੁੱਝ ਸੁਣਾਉਂਦਾ ਹੈ, ਸਾਂਈਂ ਗੱਲ ਗੱਲ ਵਿੱਚ 'ਬੁੱਲੇ ਸ਼ਾਹ' ਦੀਆਂ ਟੂਕਾਂ ਸਨਾਉਂਦਾ ਹੈ। ਦੋਨੋਂ ਗੁਰੂ ਚੇਲਾ, ਇੱਕ ਦੂਜੇ ਪ੍ਰਤੀ, ਆਪਣੀ ਅਪਣੱਤ ਦਰਜ ਕਰਾਉਂਦੇ ਹਨ।

ਅੰਜੁੰਮ ਗਿੱਲ ਹੋਰਾਂ ਦੇ ਪਿੰਡ ਪਢਾਣਾ ਪਹੁੰਚਦੇ ਹਾਂ। ਘਰ ਪਿੰਡ ਤੋਂ ਥੋੜ੍ਹਾ ਬਾਹਰ ਹੈ, ਪਰਿਵਾਰ ਨੂੰ ਚਾਅ ਚੜ੍ਹਿਆ ਹੁੰਦਾ ਹੈ। ਗੁਲਦਸਤੇ ਦੇ ਕੇ ਸਾਡਾ ਰਸਮੀਂ ਸਵਾਗਤ ਕੀਤਾ ਜਾਂਦਾ ਹੈ। ਵਿਹੜੇ ਵਿੱਚ ਕੁਰਸੀਆਂ ਮੇਜ਼ ਲੱਗੇ ਸਨ, ਪਰਿਵਾਰ ਮਹਿਮਾਨ-ਨਿਵਾਜ਼ੀ ਵਿੱਚ ਜੁਟਦਾ ਹੈ। ਸਰੋਂ ਦਾ ਸਾਗ, ਮੱਕੀ ਦੀਆਂ ਰੋਟੀਆਂ, ਦਹੀਂ, ਮੱਖਣ, ਆਚਾਰ ਅਤੇ ਹੋਰ ਖਾਧ-ਪਦਾਰਥ ਸਨ। ਬੇਹੱਦ ਅਨੰਦਮਈ ਮਾਹੌਲ ਬਣਦਾ ਹੈ, ਅੰਜੁੰਮ ਦੇ ਭਰਾ ਅਤੇ ਹੋਰ ਰਿਸਤੇਦਾਰ ਮਿਲਦੇ ਹਨ, ਕੁੱਝ ਪਿੰਡ ਦੇ ਬਜ਼ੁਰਗ ਅਤੇ ਨੌਜਵਾਨ ਮਿਲਦੇ ਹਨ। ਪਰਿਵਾਰ ਨੂੰ ਸਾਡੀ ਆਮਦ ਦਾ ਚਾਅ ਚੜ੍ਹਿਆ ਹੋਇਆ ਸੀ। ਅਸੀਂ ਘਰ ਦੇ ਅੰਦਰ ਜਾ ਕੇ, ਅੰਜੁੰਮ ਦੇ ਮਾਤਾ ਜੀ ਅਤੇ ਹੋਰ ਔਰਤਾਂ ਨੂੰ ਮਿਲਦੇ ਹਾਂ। ਪਾਕਿਸਤਾਨ ਵਿੱਚ ਅਜੇ ਵੀ ਬਹੁਤ ਸਾਰੇ ਪਰਿਵਾਰ ਅਜਿਹੇ ਹਨ, ਜਿਨ੍ਹਾਂ ਦੀਆਂ ਔਰਤਾਂ, ਘਰ ਆਏ ਮਹਿਮਾਨਾਂ ਨੂੰ, ਘਰ ਤੋਂ ਬਾਹਰ ਜਾ ਕੇ ਨਹੀਂ ਮਿਲ ਸਕਦੀਆਂ।

ਇੱਥੋਂ ਅਸੀਂ ਪਿੰਡਾਂ ਵਾਲੇ ਰਸਤੇ, ਸ਼੍ਰੀ ਨਨਕਾਣਾ ਸਾਹਿਬ ਵੱਲ ਵਧਦੇ ਹਾਂ। ਆਲੇ ਦੁਆਲੇ ਸਾਡੇ ਵਾਲੇ ਪੰਜਾਬ ਦੇ 30, 40 ਸਾਲ ਪਹਿਲਾਂ ਦੇ ਪਿੰਡਾਂ ਜਿਹੇ ਅਧ ਕੱਚੇ, ਅਧ ਪੱਕੇ ਜਿਹੇ ਘਰ ਹਨ, ਖੁਰਲੀਆਂ 'ਤੇ ਮੱਝਾਂ ਖੜ੍ਹੀਆਂ ਸਨ, ਰੁੱਖਾਂ ਹੇਠ ਮੰਜੇ ਸਨ। ਫਸਲਾਂ ਸਨ, ਖੇਤਾਂ ਵਿੱਚ ਕੰਮ ਕਰਦੇ ਕਾਮੇਂ ਸਨ, ਦੁਆਲੇ ਹਰੀ ਭਰੀ ਪ੍ਰਕਿਰਤੀ ਸੀ। ਇਹੋ ਰਸਤਾ ਅੱਗੇ ਜਾ ਕੇ ਰਾਵੀ ਦਰਿਆ ਦੇ ਨਾਲ ਨਾਲ ਚੱਲਦਾ ਹੈ। ਸੜਕ ਦੁਆਲੇ ਸਦੀਆਂ ਪੁਰਾਣੇ ਰੁੱਖ ਖੜ੍ਹੇ ਸਨ। ਰਾਵੀ ਪੁਲ (ਹੈੱਡ ਬੱਲ੍ਹੋ ਕੇ) ਪਹੁੰਚ ਕੇ ਇੱਕ ਸੜਕ-ਛਾਪ ਦੁਕਾਨ 'ਤੇ ਚਾਹ ਪੀਂਦੇ ਹਾਂ। ਇਥੇ ਹੀ ਅਗਲੇ, ਜ਼ਿਲਾ ਨਨਕਾਣਾ ਸਾਹਿਬ ਵਿੱਚ ਵੜਨ ਸਮੇਂ ਪਾਲਿਸ ਪਾਰਟੀ ਬਦਲਦੀ ਹੈ।

ਪ੍ਰਵੇਸ਼ ਦੁਆਰ 'ਤੇ, ਤੈਅ ਹੋਏ ਅਨੁਸਾਰ ਨਵੇਂ ਬਣੇ ਕੁਦਰਤੀ ਰਿਸ਼ਤੇ ਦਾ ਮਾਸੂਮ ਹੀਰੋ 'ਜਾਸਿਮ ਸਮਸ਼ੇਦ' ਆਪਣੇ ਪੂਰੇ ਪਰਿਵਾਰ ਨੂੰ ਲੈ ਕੇ ਖੜ੍ਹਾ ਹੁੰਦਾ ਹੈ। ਸਾਨੂੰ ਮਿਲ ਕੇ ਉਸਦੇ ਚਿਹਰੇ 'ਤੇ ਨੂਰ ਉੱਭਰਦਾ ਹੈ। ਉਸਦਾ ਪਿਤਾ ਪ੍ਰੋ: ਜਮਸ਼ੇਦ ਲਿਆਕਤ ਦੱਸਦਾ ਹੈ, "ਤੁਹਾਨੂੰ ਮੁੜ ਮਿਲਣ ਦੀ ਉਤਸੁਕਤਾ ਵਿੱਚ, ਇਹ ਸਾਰੀ ਰਾਤ ਸੋਇਆ ਨਹੀਂ।" ਅਸੀਂ ਗੁਰੂ ਘਰ ਵਿੱਚ ਪ੍ਰਵੇਸ਼ ਕਰਦੇ ਹਾਂ। ਜਾਸਿਮ ਸਾਡੇ ਨਾਲ ਨਾਲ ਰਹਿੰਦਾ ਹੈ, ਉਸਦਾ ਪਿਤਾ ਮੇਰੇ ਕੋਲੋਂ ਮੁਬਾਈਲ ਲੈ ਕੇ, ਤਸਵੀਰਾਂ ਦੇ ਰੂਪ ਵਿੱਚ ਸਮੇਂ ਨੂੰ ਫੜ੍ਹਨ ਦੀ ਜ਼ੁੰਮੇਂਵਾਰੀ ਲੈਂਦਾ ਹੈ।

ਸਾਡਾ ਕਾਫ਼ਲਾ ਇਤਿਹਾਸਕ ਗੁਰੂ ਘਰ ਵਿਖੇ ਨਤਮਸਤਕ ਹੁੰਦਾ ਹੈ, ਅਸੀਂ ਉਹ ਜੰਡ ਦਾ ਰੁੱਖ ਵੀ ਵੇਖਦੇ ਹਾਂ, ਜਿਸ ਨਾਲ, ਉਸ ਸਮੇਂ ਅੰਗਰੇਜ ਹਕੂਮਤ ਦੀ ਸ਼ਹਿ 'ਤੇ ਗੁਰੂ ਘਰ 'ਤੇ ਮਹੰਤਾਂ ਨੇ ਕਬਜਾ ਕਰ ਲਿਆ ਸੀ, ਜੋ ਗੁਰੂ-ਘਰ ਦੀ ਮਰਿਯਾਦਾ ਦਾ ਅਪਮਾਨ ਕਰਦੇ ਸਨ। ਗੁਰੂ-ਘਰ ਨੂੰ ਮਹੰਤਾਂ ਤੋਂ ਮੁਕਤ ਕਰਾਉਣ ਲਈ ਹੋਏ ਸੰਘਰਸ਼ ਦੌਰਾਨ 20 ਫਰਵਰੀ 1921 ਨੂੰ ਸੈਕੜੇ ਸੰਘਰਸ਼ੀ-ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਉਹ ਜੰਡ ਦਾ ਰੁੱਖ ਅਜੇ ਵੀ ਉਸੇ ਰੂਪ ਵਿੱਚ ਖੜ੍ਹਾ ਹੈ, ਜਿਸ ਦੇ ਇੱਕ ਤਣੇ ਨਾਲ ਪੁੱਠਾ ਬੰਨ ਕੇ ਅਤੇ ਹੇਠ ਰੱਖੇ ਬਾਲਣ ਨੂੰ ਅੱਗ ਲਾ ਕੇ, ਇਸ ਸ਼ਹੀਦੀ ਜਥੇ ਦੇ ਆਗੂ ਭਾਈ ਲਛਮਣ ਸਿੰਘ ਨੂੰ ਜਿਊਂਦਿਆਂ ਸਾੜ ਦਿੱਤਾ ਸੀ।

ਇਸ ਗੁਰੂ ਘਰ ਦਾ ਵੱਖਰਾ ਟਰਸਟ ਹੈ, ਬਾਬਾ ਜੀ ਦੀ ਹਜ਼ਾਰਾਂ ਏਕੜ ਜ਼ਮੀਨ ਵੀ ਇਸ ਟਰਸਟ ਦੇ ਕੋਲ ਹੀ ਹੈ। ਇਹ ਟਰਸਟ ਗੁਰੂ ਘਰ ਦੀ ਵੱਡੀ ਇਮਾਰਤ ਦੀ ਸਾਂਭ ਸੰਭਾਲ ਕਰਦਾ ਹੈ, ਗੁਰਪੁਰਬਾਂ 'ਤੇ ਪੰਜਾਬ ਤੋਂ ਜਾਣ ਵਾਲੇ ਹਜ਼ਾਰਾਂ ਸ਼ਰਧਾਲੂਆਂ ਦੀ ਸੇਵਾ ਸੰਭਾਲ ਦੀ ਜ਼ੁੰਮੇਂਵਾਰੀ ਨਿਭਾਉਂਦਾ ਹੈ।

ਅਸੀਂ ਵਾਪਸ ਲਾਹੌਰ ਪਹੁੰਚਦੇ ਹਾਂ। ਇਸ ਰਾਤ ਦਾ ਭੋਜਨ, ਇੱਕ ਆਲੀਸ਼ਾਨ ਇਲਾਕੇ ਦੀ ਵਿਰਾਸਤੀ ਜ਼ਮੀਨ 'ਤੇ 'ਪ੍ਰਾਈਮ ਮਨਿਸਟਰ ਯੂਥ ਵਿੰਗ' ਵੱਲੋਂ ਦਿੱਤਾ ਗਿਆ। ਭੋਜਨ ਤੋਂ ਪਹਿਲਾਂ ਸਾਡੇ ਕਲਾਕਾਰ, ਸਾਡੇ ਮੇਜ਼ਬਾਨ 'ਅਹਿਮਦ ਰਜ਼ਾ ਪੰਜਾਬੀ' ਆਪਣੇ ਵਿਚਾਰ ਪੇਸ਼ ਕਰਦੇ ਹਨ। ਕਾਨਫਰੰਸ ਦੇ ਹਾਸਲ ਹੀ ਹਾਸਲ ਨੋਟ ਹੁੰਦੇ ਹਨ। ਗੀਤਕਾਰ ਵੀਰ ਸਿੰਘ ਗਾਇਕੀ ਪੇਸ਼ ਕਰਦਾ ਹੈ। ਪੱਤਰਕਾਰ ਸਵਰਨ ਸਿੰਘ ਟਹਿਣਾ, ਆਮ ਵਾਂਗ ਆਪਣੇ ਸ਼ਬਦਾਂ ਦਾ ਜਾਦੂ ਬਿਖੇਰਦਾ ਹੈ। ਅਦਬੀ ਲੋਕ ਮਿਲਦੇ ਹਨ। ਪ੍ਰਸਿੱਧ ਸ਼ਾਇਰ 'ਅਫਜਲ ਸਾਹਿਰ' ਸਭ ਨੂੰ ਕਲਾਵੇ ਵਿੱਚ ਲੈ ਲੈ ਮੁਹੱਬਤਾਂ ਦੇ ਰੁੱਗ ਵੰਡਦਾ ਹੈ। ਉਪਰੰਤ ਸਭ ਦਾ ਮਾਣ ਸਨਮਾਨ ਸੀ, ਸ਼ਾਨਦਾਰ ਭੋਜ ਸੀ, ਤਸਵੀਰਾਂ ਸਨ, ਵਿਦਾਈ ਸੀ।

ਵਿੱਛੜਿਆਂ ਨੂੰ ਮੇਲਣ ਵਾਲੇ ਪਾਕਿਸਤਾਨੀ ਨਾਇਕ 'ਨਾਸਰ ਢਿੱਲੋਂ' ਦੀ ਕਾਰ ਵਿੱਚ ਸਵਾਰ ਹੋ ਗਏ। ਕਾਰਨ ਬੜਾ ਭਾਵੁਕ ਸੀ, ਕਿ ਬੀਤੇ ਦਿਨ ਸ਼੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਸਮੇਂ, ਫ਼ਿਲਮੀਂ ਕਲਾਕਾਰਾਂ ਕਾਰਨ ਸਾਡੇ ਨਾਲ ਪੁਲਿਸ ਸੁਰੱਖਿਆ ਸੀ। ਸਾਨੂੰ ਕਾਫ਼ੀ ਦੂਰ ਤੋਂ ਮਿਲਣ ਆਇਆ 'ਮਜਾਹਦ ਗੁੱਜਰ' ਨਹੀਂ ਸੀ ਮਿਲ ਸਕਿਆ। ਅਸੀਂ ਉਸਨੂੰ, ਉਸਦੇ ਪੁਰਖਿਆਂ ਦੇ ਪਿੰਡ ਬਸੀ ਗੁੱਜਰਾਂ ਦੇ ਪਿੰਡ ਦੀ ਮਿੱਟੀ (ਜੋ ਕੋਲ ਲੈ ਕੇ ਗਏ ਸਾਂ) ਨਹੀਂ ਸੀ ਦੇ ਸਕੇ। ਭਾਵੇਂ ਸਾਡੇ ਕੋਲ ਸਮਾਂ ਘੱਟ ਸੀ, ਪਰ ਉਸੇ ਰਾਤ, ਅਸੀਂ ਮੁੜ

ਨਨਕਾਣਾ ਸਾਹਿਬ ਜਾਣ ਦਾ ਫੈਸਲਾ ਕੀਤਾ ਅਤੇ ਉੱਥੇ ਹੀ ਮੁਜਾਹਦ ਸਾਹਿਬ ਨੂੰ ਮੁੜ ਪਹੁੰਚਣ ਲਈ ਕਿਹਾ। ਨਾਸਰ ਢਿੱਲੋਂ ਹੋਰਾਂ ਨੇ ਖੁੱਲ੍ਹੇ ਸਥਾਨ 'ਤੇ ਮਿਲਣ ਲਈ, ਆਪਣੇ ਇੱਕ ਦੋਸਤ 'ਵਕਾਰ ਭਿੰਡਰ' ਦੇ ਡੇਰੇ 'ਤੇ ਜਾਣਾ ਤੈਅ ਕਰ ਲਿਆ। ਜਦੋਂ ਅਸੀਂ ਨਨਕਾਣਾ ਸਾਹਿਬ ਦੇ ਸਮਾਨੰਤਰ 4 ਕਿੱਲੋਮੀਟਰ ਦੀ ਵਿੱਥ 'ਤੇ ਪਹੁੰਚੇ, ਤਾਂ ਲੱਗਭੱਗ ਡੇਢ ਏਕੜ ਵਿੱਚ ਫੈਲੇ ਇਸ ਕਿਸਾਨ ਪਰਿਵਾਰ ਦਾ ਦੋ ਮੰਜ਼ਿਲਾ ਘਰ, ਪਸ਼ੂਆਂ ਲਈ, ਚਾਰਾ, ਮਸ਼ੀਨਰੀ, ਖਾਦਾਂ ਆਦਿ ਰੱਖਣ ਦੇ ਸਥਾਨ ਬਣਾਏ ਹੋਏ ਸਨ। ਐਨੀਆਂ ਮੁਹੱਬਤਾਂ ਮਾਣਦਿਆਂ, ਢਿੱਡਾਂ ਨੇ ਤਾਂ ਭਰਨਾ ਹੀ ਸੀ, ਰੂਹਾਂ ਨੂੰ ਵੀ ਰੱਜ ਆ ਗਿਆ ਸੀ। ਇੱਥੇ ਹੀ ਮੁਜਾਹਦ ਗੁੱਜਰ ਹੋਰਾਂ ਨਾਲ ਉਸਦੇ 2 ਦੋਸਤ ਆਸਿਫ਼ ਗੁੱਜਰ ਅਤੇ ਰਿਜ਼ਵਾਨ ਵੀ ਆਏ ਸਨ। ਮੁਜਾਹਿਦ ਗੁੱਜਰ ਦੱਸਦਾ ਹੈ, ਕਿ ਉਸਦੇ ਬਾਬਾ ਜੀ ਨੰਬਰਦਾਰ ਇਸਮਾਈਲ ਗੁੱਜਰ ਨੇ ਭਰ ਜਵਾਨੀ ਵਿੱਚ ਆਪਣਾ ਪਿੰਡ ਛੱਡਿਆ ਸੀ, ਤਾਂ ਉਸਦੇ ਵਾਲਦ ਸਿਰਫ਼ 5 ਸਾਲਾਂ ਦੇ ਸਨ। ਉਸਨੇ ਬਹੁਤ ਅਦਬ ਨਾਲ ਆਪਣੇ ਬਾਬੇ ਦੇ ਪਿਓ ਨਿਜ਼ਾਮਦੀਨ ਗੁੱਜਰ ਅਤੇ ਬਾਬੇ ਦੇ ਪਿਓ ਫਜ਼ਲਦੀਨ ਗੁੱਜਰ ਦਾ ਨਾਂ ਲਿਆ ਸੀ, ਕਿ ਉਹ ਬਸੀ ਗੁੱਜਰਾਂ ਵਿੱਚ ਹੀ ਜੰਮੇ, ਪਲ਼ੇ ਅਤੇ ਵੱਡੇ ਹੋਏ ਸਨ ਅਤੇ ਉਸੇ ਧਰਤੀ ਵਿੱਚ ਦਫਨ ਹੋਏ ਸਨ। ਉਹ ਆਪਣੇ ਦਿਲ ਵਿੱਚ ਆਪਣੇ ਪੁਰਖਿਆਂ ਦੇ ਪਿੰਡ ਨੂੰ ਸਾਂਭੀ ਬੈਠਾ ਹੈ। ਵਕਾਰ ਭਿੰਡਰ ਅਤੇ ਨਾਸਰ ਢਿੱਲੋਂ ਵੀਡੀਓਜ਼ ਅਤੇ ਤਸਵੀਰਾਂ ਵਿੱਚ, ਸਾਡੀ ਇਸ ਠਾਹਰ ਦੇ ਪਲ਼ ਪਲ਼ ਨੂੰ ਰਿਕਾਰਡ ਕਰਦੇ ਰਹੇ। ਉਹ ਪਲ਼ ਬੜੇ ਭਾਵੁਕ ਸਨ, ਜਦੋਂ ਅਸੀਂ ਪਿੰਡ ਬਸੀ ਗੁੱਜਰਾਂ ਦੀ ਮਿੱਟੀ 'ਮੁਜਾਹਦ ਗੁੱਜਰ' ਹੋਰਾਂ ਨੂੰ ਸੌਂਪੀ। ਉਨ੍ਹਾਂ ਮਿੱਟੀ ਨੂੰ ਮੱਥੇ ਲਾਉਂਦਿਆਂ, ਸੇਜਲ ਅੱਖਾਂ ਅਤੇ ਭਾਵੁਕਤਾ ਨਾਲ ਕਿਹਾ, "ਇਹ ਮੇਰੇ ਲਈ ਸਾਂਭ ਸਾਂਭ ਕੇ ਰੱਖਣ ਵਾਲੀ ਵੱਡੀ ਨਿਆਮਤ ਹੈ, ਇਸ ਮਿੱਟੀ ਜ਼ਰੀਏ ਮੈਨੂੰ ਆਪਣੇ ਵਡਿਕਿਆਂ ਨੂੰ ਮਿਲ ਲੈਣ ਦਾ ਅਹਿਸਾਸ ਹੋ ਰਿਹਾ ਹੈ।" ਬਾਅਦ ਵਿੱਚ ਇਸ ਮਿਲਣੀ ਅਤੇ ਇਸਦੇ ਭਾਵੁਕ ਪਲ਼ਾਂ ਨੂੰ, ਇਨ੍ਹਾਂ ਯੂਟਿਊਬਰ ਉੱਦਮੀਆਂ ਨੇ ਦੁਨੀਆਂ ਦੇ ਕੋਨੇ ਕੋਨੇ ਵਿੱਚ ਪਹੁੰਚਾ ਦਿੱਤਾ ਸੀ। ਇਸ ਤੋਂ ਬਾਅਦ ਉਹ ਸਾਨੂੰ ਆਪਣੀਆਂ ਸੈਂਕੜੇ ਹੀ ਮੱਝਾਂ ਦਾ ਆਹਾਤਾ ਅਤੇ ਘਰ ਵਿਖਾਉਂਦੇ ਹਨ। ਉਨ੍ਹਾਂ ਦੇ ਪਿਤਾ ਕੁਤਬਦੀਨ ਭਿੰਡਰ ਹੋਰੀਂ ਦੱਸਦੇ ਹਨ, ਕਿ ਉਨ੍ਹਾਂ ਦਾ ਪਰਿਵਾਰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਮਰਾਲਾ ਦੇ ਨੇੜੇ ਪਿੰਡ ਮੁੱਤੋਂ ਤੋਂ ਉੱਜੜ ਕੇ ਲਹਿੰਦੇ ਪੰਜਾਬ ਆਇਆ ਸੀ। ਇਸੇ ਮਿਲਣੀ ਵਿੱਚ ਵਕਾਰ ਦੇ ਦੋ ਹੋਰ ਭਰਾ ਵਕਾਸ ਭਿੰਡਰ ਅਤੇ ਫੈਸਲ ਇਕਬਾਲ ਮਿਲਦੇ ਹਨ। ਬਹੁਤੇ ਪਾਕਿਸਤਾਨੀ ਪਰਿਵਾਰਾਂ ਵਾਂਗ, ਇਸ ਘਰ ਦੀਆਂ ਔਰਤਾਂ ਵੀ ਘਰ ਤੋਂ ਬਾਹਰ ਨਾ ਨਿੱਕਲ ਸਕੀਆਂ। ਵਾਕਰ ਹੋਰੀਂ ਮੈਡਮ ਗੁਰਪ੍ਰੀਤ ਭੰਗੂ ਨੂੰ ਘਰ ਲੈ ਗਏ, ਜਿੱਥੇ ਉਹ ਪਰਿਵਾਰ ਦੀਆਂ ਔਰਤਾਂ ਨੂੰ ਮਿਲ ਕੇ ਆਈ।

ਸਾਡਾ ਇੱਕ ਮੇਜ਼ਬਾਨ 'ਰਾਣਾ ਅਬਦੁਲ ਜ਼ੁਬਾਰ ਖਾਨ' ਆਪਣੇ ਜਲੰਧਰ ਮੂਲ ਦੇ ਪ੍ਰਵਾਸੀ ਪੰਜਾਬੀ ਦੋਸਤ 'ਕਮਲਜੀਤ ਮੁਲਤਾਨੀ' ਨਾਲ ਸਾਨੂੰ ਹੀਰਾ ਮੰਡੀ ਵਿੱਚ ਜੁੱਤੀਆਂ ਜੋੜਿਆਂ ਦੇ ਬਾਜ਼ਾਰ ਵਿੱਚ ਲੈ ਜਾਂਦਾ ਹੈ। ਇੱਥੋਂ ਗੁਰਪ੍ਰੀਤ ਭੰਗੂ ਅਤੇ ਮਲਕੀਤ ਰੌਣੀ, ਆਪਣੇ ਅਤੇ ਆਪਣੇ ਚਹੇਤਿਆਂ ਲਈ ਦਰਜਨਾਂ ਜੁੱਤੀ-ਜੋੜੇ ਖਰੀਦਦੇ ਹਨ। ਇਸੇ ਬਾਜ਼ਾਰ ਵਿੱਚ ਬਾਬਾ ਨਾਨਕ ਦੇ ਪ੍ਰਕਾਸ਼-ਪੁਰਬ 'ਤੇ ਪੰਜਾਬ ਤੋਂ ਗਏ ਬਹੁਤ ਸਾਰੇ ਸ਼ਰਧਾਲੂ ਮਰਦ ਅਤੇ ਔਰਤਾਂ ਖਰੀਦਦਾਰੀ ਕਰ ਰਹੇ ਸਨ। ਚਹੇਤਿਆਂ ਵੱਲੋਂ ਤਸਵੀਰਾਂ ਖਿਚਵਾਉਣ ਤੋਂ ਬਚਣ ਲਈ ਫਿਲਮੀ ਅਦਾਕਾਰਾਂ ਨੂੰ ਮੂੰਹ ਢਕਣੇ ਪਏ ਸਨ। ਕਲਾਕਾਰਾਂ ਦੇ ਅਦਬੀ, ਮੁਲਤਾਨੀ ਸਾਹਿਬ ਇਸ ਖਰੀਦ ਦਾ ਸਾਰਾ ਭੁਗਤਾਨ ਆਪਣੇ ਕੋਲੋਂ ਕਰਦੇ ਹਨ। ਸਾਡੇ ਕੋਲ ਸਮਾਂ ਬਹੁਤ ਘੱਟ ਸੀ। ਫਿਰ ਅਸੀਂ ਕਾਫ਼ੀ ਦੂਰ ਇੱਕ ਕੱਪੜਾ ਮਾਰਕੀਟ (ਰੀਗਾ ਸੈਂਟਰ ਗੁਲਬਰਗ) ਪਹੁੰਚਦੇ ਹਾਂ। ਵੱਡੀ ਪਰ ਤੰਗ ਰਸਤਿਆਂ ਵਾਲੀ ਮਾਰਕੀਟ ਵਿੱਚ ਪਠਾਣ ਦੁਕਾਨਦਾਰਾਂ ਦੀ ਬਹੁਲਤਾ ਹੈ। ਪੂਰਾ ਸ਼ੋਰ ਪੈ ਰਿਹਾ ਸੀ। ਇੱਥੇ ਰਾਣਾ ਜੀ ਦੀ ਬੇਗਮ ਜੈਸਮੀਨ, ਜੋ ਕਿ ਖਰੀਦ ਕਰਨ ਦੀ ਮਾਹਿਰ ਹੈ, ਪਹੁੰਚ ਚੁੱਕੀ ਹੁੰਦੀ ਹੈ। ਉਹ ਇਸ ਮਾਰਕੀਟ ਦੀ ਵਾਕਫ਼ ਹੈ, ਕਿ ਹਜ਼ਾਰਾਂ ਰੁਪਏ ਦੇ ਮੁੱਲ ਦਾ ਕੱਪੜਾ, ਕਿਵੇਂ ਸੈਂਕੜਿਆਂ ਵਿੱਚ ਲੈਣਾ ਹੈ।

ਸਾਡਾ ਮੇਜ਼ਬਾਨ ਰਾਣਾ ਅਬਦੁਲ ਜ਼ਬਾਰ ਖਾਨ, ਸਾਨੂੰ ਕਾਫ਼ੀ ਦੂਰ ਆਪਣੇ ਘਰ ਲੈ ਜਾਂਦਾ ਹੈ। ਇੱਥੇ ਹੀ ਕਮਲਜੀਤ ਮੁਲਤਾਨੀ ਦੀ ਬਜ਼ੁਰਗ ਮਾਤਾ, ਪਤਨੀ ਅਤੇ ਬੱਚਾ ਹੈ। ਦੱਸਿਆ ਗਿਆ ਕਿ ਮਾਤਾ ਜੀ, ਭਾਰਤ/ਪਾਕਿਸਤਾਨ ਵੰਡ ਸਮੇਂ, 3 ਸਾਲ ਦੇ ਸਨ। ਉਨ੍ਹਾਂ ਦੀ ਆਪਣੀ ਜਨਮ ਭੂਮੀ ਵੇਖਣ ਦੀ ਚਾਹਤ ਸੀ ਅਤੇ ਮੁਲਤਾਨੀ ਸਾਹਿਬ, ਮਾਤਾ ਜੀ ਦੀ ਇਸ ਇੱਛਾ 'ਤੇ ਹੀ ਫੁੱਲ ਚੜ੍ਹਾਉਣ ਆਏ ਸਨ। ਖਾਨ ਸਾਹਿਬ ਨੇ ਸਾਡੀ ਆਓ-ਭਗਤ ਦਾ ਵਧਵਾਂ ਇੰਤਜਾਮ ਕੀਤਾ ਹੋਇਆ ਸੀ। ਚਾਵਲ, ਸਬਜ਼ੀਆਂ, ਫਰੂਟ-ਚਾਟ, ਸੁੱਕੇ ਮੇਵੇ ਆਦਿ ਆਦਿ ਸਨ। ਆਹ ਵੀ ਖਾਓ, ਆਹ ਵੀ ਖਾਓ ਕਹਿੰਦਿਆਂ, ਵਸਤਾਂ ਮੁੜ ਮੁੜ ਸਾਡੇ ਅੱਗੇ ਘਮਾਉਂਦਿਆਂ, ਰਾਣਾ ਜੀ ਆਪਣੀ ਦਿਲੀ ਅਤੇ ਮਿਸਾਲੀ ਮਹਿਮਾਨ-ਨਿਵਾਜ਼ੀ ਦਰਜ ਕਰਵਾ ਰਹੇ ਸਨ।

"ਅੰਦਰ ਆਓ ਜ਼ਰਾ, ਤਸਵੀਰ ਬਣਵਾਈਏ" ਕਹਿੰਦਿਆਂ ਰਾਣਾ ਜੀ ਅੰਦਰ ਲਿਜਾ ਕੇ ਆਪਣੀਆਂ ਭੈਣਾ 'ਫੋਜ਼ੀਆ ਇਕਬਾਲ' ਅਤੇ 'ਫ਼ਾਲਦਾ ਅਜਮਲ' ਨਾਲ ਪਹਿਚਾਣ ਕਰਾਉਂਦਿਆਂ ਦੱਸਦੇ ਹਨ, ਕਿ ਇਹ ਤੁਹਾਨੂੰ ਮਿਲਣ ਲਈ ਸਰਗੋਧੇ (ਲੱਗਭੱਗ 200 ਕਿੱਲੋਮੀਟਰ ਦੀ ਦੂਰੀ) ਤੋਂ ਆਈਆਂ ਹਨ। ਇਨ੍ਹਾਂ ਮੁਹੱਬਤਾਂ ਲਈ ਸਾਡੇ ਮਨ ਵਿੱਚ ਪਰਿਵਾਰ ਪ੍ਰਤੀ ਸਿੱਜਦਾ ਉੱਭਰਦਾ ਹੈ। ਰਾਣਾ ਜੀ ਦੱਸਦੇ ਹਨ, ਕਿ ਉਨ੍ਹਾਂ ਦਾ ਪਰਿਵਾਰ ਜ਼ਿਲਾ ਲੁਧਿਆਣਾ ਦੇ ਕਸਬਾ ਦੋਰਾਹਾ ਤੋਂ ਆਇਆ ਸੀ। ਉਹ ਕਹਿੰਦਾ ਹੈ, ਕਿ ਜੇਕਰ ਕੋਈ ਦੋਰਾਹੇ ਤੋਂ ਉਸਨੂੰ ਮਿਲਣ ਆਵੇ, ਤਾਂ ਉਹ ਸੇਵਾ ਕਰਦਾ ਨਾ ਥੱਕੇ। ਮੈਂ ਰਾਣਾ ਜੀ ਦੀ, ਦੋਰਾਹਾ ਵਾਸੀ ਸਾਹਿਤਕਾਰ 'ਗੁਰਦਿਆਲ ਦਲਾਲ' ਨਾਲ ਗੱਲ ਕਰਾਉਂਦਾ ਹਾਂ। ਗੱਲ ਕਰਦਿਆਂ, ਜਿਵੇਂ ਉਸਨੂੰ ਕੋਈ ਚਾਅ ਚੜ੍ਹ ਗਿਆ ਹੋਵੇ, ਉਹ ਦੱਸਦਾ ਹੈ, ਮੇਰੇ ਮਾਤਾ ਜੀ ਹੋਰਾਂ ਦਾ ਘਰ, ਕਿਲੇ ਦੇ ਨਾਲ ਹੀ ਹੁੰਦਾ ਸੀ। ਰਾਣਾ ਜੀ ਦੱਸਦੇ ਹਨ, ਕਿ ਵੰਡ ਸਮੇਂ ਦੋਰਾਹਾ ਵਿੱਚ ਉਸ ਦੇ 2 ਮਾਮੇ ਸ਼ਹੀਦ ਕਰ ਦਿੱਤੇ ਗਏ ਸਨ।

ਸੁਹੇਲ ਸਾਹਿਬ ਸਾਨੂੰ ਵਿਦਵਾਨ ਲੇਖਕ 'ਫ਼ਕੀਰ ਅਹਿਮਦ ਫ਼ਕੀਰ' ਦੀਆਂ ਕਾਵਿਕ ਰਚਨਾਵਾਂ 'ਤੇ ਅਧਾਰਤ ਇੱਕ ਇੱਕ ਕਿਤਾਬ ਅਤੇ ਤੋਹਫ਼ੇ ਭੇਟ ਕਰਦੇ ਹਨ। ਇਹ ਕਿਤਾਬ ਉਰਦੂ ਅਤੇ ਗੁਰਮੁਖੀ ਵਿੱਚ ਛਪੀ ਹੋਈ ਹੈ। ਉਹ, ਇਸੇ ਕਿਤਾਬ ਵਿੱਚੋਂ ਇਸ ਮਰਹੂਮ ਕਵੀ ਦਾ ਦੋਹਾ ਸੁਣਾਉਂਦੇ ਹਨ,

"ਰੱਖੀਂ ਲੋਕਾਂ ਨਾਲ 'ਫ਼ਕੀਰਾ' ਐਸਾ ਬਹਿਣ ਖਲੋਣ,
ਕੋਲ ਹੋਵੇਂ ਤਾਂ ਹੱਸਣ ਸਾਰੇ, ਨਾ ਹੋਵੇਂ ਤਾਂ ਰੋਣ।"

ਪ੍ਰਸਿੱਧ ਰਾਸਰਸ-ਕਲਾਕਾਰ ਅਕਰਮ ਉਦਾਸ (ਬੂਟਾ), ਸਾਖਵਤ ਨਾਜ਼, ਸਲੀਮ ਅਲਬੇਲਾ, ਗੋਗਾ ਪਸਰੂਰੀ, ਹਨੀ ਅਲਬੇਲਾ ਅਤੇ ਪੱਤਰਕਾਰ ਬਾਬਰ ਜਲੰਧਰੀ ਅਤੇ ਅੰਜੁਮ ਗਿੱਲ ਹੋਰੀਂ ਮਿਲਣ ਪਹੁੰਚਦੇ ਹਨ।

ਸਾਡੇ ਵਾਪਸ ਮੁੜਨ ਵਾਲਾ ਦਿਨ ਚੜ੍ਹ ਆ ਗਿਆ ਸੀ। ਜਿੰਨਾਂ ਪੰਜਾਬੀ ਪਿਆਰਿਆਂ ਨੇ ਸਾਨੂੰ ਅੱਖਾਂ 'ਤੇ ਚੁੱਕਿਆ ਸੀ, ਜਿਨਾਂ ਇਸ ਸ਼ਹਿਰ ਅਤੇ ਇਲਾਕੇ ਦੀਆਂ ਵਿਰਾਸਤੀ-ਥਾਵਾਂ ਹੋਰ ਵੇਖਣ ਦਾ ਚਾਅ ਸੀ, ਆਦਿ ਕਾਰਨਾਂ ਵਸ ਹੋਰ ਰਹਿਣਾ ਚਾਹੁੰਦੇ ਹੋਏ ਵੀ, ਤਾਰੀਖ ਵੱਲੋਂ ਬੇਵਸ ਸਾਂ, ਸਾਡਾ ਵੀਜ਼ਾ ਹੀ ਅੱਜ ਤੱਕ ਦਾ ਸੀ। ਇੱਥੇ ਹੀ ਪਤਾ ਲੱਗਾ ਸੀ, ਕਿ ਜਹਾਂਗੀਰੀ-ਅੱਤਿਆਚਾਰਾਂ ਦੌਰਾਨ, ਸਿੱਖ ਸ਼ਹੀਦ ਭਾਈ ਤਾਰੂ ਸਿੰਘ ਦੀ ਖੋਪਰੀ ਲਾਹ ਕੇ ਲਾਹੌਰ ਵਿੱਚ ਹੀ ਉਸਨੂੰ ਸ਼ਹੀਦ ਕੀਤਾ ਗਿਆ ਸੀ। ਅਰਦਾਸ ਵਿੱਚਲੀਆਂ ਸਿੰਘਣੀਆਂ ਦੇ ਗਲ਼ਾਂ ਵਿੱਚ ਉਨ੍ਹਾਂ ਦੇ ਬੱਚਿਆਂ ਦੇ ਹਾਰ ਪਹਿਨਾਉਣ ਵਾਲਾ ਸਾਕਾ ਵੀ ਇੱਥੇ ਹੀ ਵਾਪਰਿਆ ਸੀ। ਸਆਦਤ ਹਸਨ ਮੰਟੋ ਦੀ ਕਬਰ ਇੱਥੇ ਸੀ ਅਤੇ ਸਿੱਖ-ਵਿਰਾਸਤ ਦੇ ਹੋਰ ਅਸਥਾਨ ਇੱਥੇ ਸਨ। ਪਾਕਿਸਤਾਨੀ ਪੰਜਾਬੀ, ਜਿਸ ਤਰ੍ਹਾਂ ਘੁੱਟਵੀ ਗਲਵੱਕੜੀ ਪਾਉਂਦੇ ਰਹੇ ਸਨ, ਤਾਂ ਮੈਂ ਇਸੇ ਸਿੱਟੇ 'ਤੇ ਪਹੁੰਚਾ ਸੀ, ਕਿ ਜਿਵੇਂ ਅਜਿਹਾ ਕਰਕੇ, ਅਸੀਂ 1947 ਦੌਰਾਨ ਆਪਣੇ ਬਜ਼ੁਰਗਾਂ ਦੇ ਪਾਪਾਂ ਦਾ ਪਸ਼ਚਾਤਾਪ ਕਰ ਰਹੇ ਹੁੰਦੇ ਹਾਂ।

ਆਖ਼ਰੀ ਪਲ਼ਾਂ 'ਤੇ ਰੇਲਵੇ ਪੁਲਿਸ ਦੇ ਅਧਿਕਾਰੀ 'ਸ਼ਾਹਿਦ ਨਕਵੀ' ਨਾਲ ਭਾਵੁਕ ਮਿਲਣੀ ਹੁੰਦੀ ਹੈ। ਉਸਦਾ ਚਿਹਰਾ ਵਿਯੋਗ ਨੋਟ ਕਰਵਾ ਰਿਹਾ ਸੀ। ਭਰੀਆਂ ਅੱਖਾਂ ਨਾਲ ਉਹ ਆਪਣੀ ਮਾਂ ਜੀ (ਗੁਰਪ੍ਰੀਤ ਭੰਗੂ) ਦੇ ਗਲ਼ ਲੱਗਾ। ਉਸ ਨਾਲ ਆਖ਼ਰੀ ਤਸਵੀਰ ਖਿਚਾਈ ਅਤੇ ਠੀਕ 9 ਵਜੇ, ਅਲਵਿਦਾ ਲਾਹੌਰ ਕਹਿੰਦਿਆਂ, ਸਮਾਨ ਸਮੇਤ ਕਾਰਾਂ ਵਿੱਚ ਸਵਾਰ ਹੋ ਗਏ। ਪ੍ਰਾਈਮ ਏਜ਼ੀਆਂ ਵਾਲੀ 'ਹਰਮਨ ਥਿੰਦ' ਸਾਡੇ ਨਾਲ ਆਈ ਸੀ।

ਪਾਕਿਸਤਾਨ ਦੇ ਇਮੀਗ੍ਰੇਸ਼ਨ ਸੈਂਟਰ ਵਿੱਚ ਫਿਰ ਮਹਿਫਿਲ ਜੁੜੀ। ਲੋੜਵੰਦਾਂ ਨੇ ਛਾਬੇ ਸਮੇਤ 'ਰਾਣਾ ਅਬਦੁਲ ਜ਼ਬਾਰ ਖਾਨ' ਜੀ ਦੇ ਘਰੋਂ ਆਏ ਪਰੌਂਠੇ ਖਾਧੇ। ਖ਼ੂਬ ਹਾਸੇ ਠੱਠੇ ਹੋਏ ਸਨ। ਜਦੋਂ ਨਾਸਰ ਢਿੱਲੋਂ ਹੋਰਾਂ ਕਿਹਾ, "ਹਾਂ ਬਈ ਚੜ੍ਹਦੇ ਪੰਜਾਬ ਵਾਲਿਓ, ਜਾ ਰਹੇ ਹੋ" ਤਾਂ ਕੁਦਰਤੀ ਹੀ ਸਾਡੇ ਕਿਸੇ ਦੇ ਮੂੰਹ ਵਿੱਚੋਂ 'ਹਾਂ' ਸ਼ਬਦ ਨਾ ਨਿੱਕਲਿਆ। ਸਾਡੀ ਚੁੱਪ ਚੜ੍ਹਦੇ/ਲਹਿੰਦੇ ਤੋਂ, ਕੋਈ ਪਾਰ ਦੀ ਬਾਤ ਪਾ ਰਹੀ ਸੀ। ਲੁੜੀਂਦਾ ਜਾਬਤਾ ਹੋਣ ਤੋਂ ਬਾਅਦ, ਅਸੀਂ ਆਪਣੇ ਮੇਜ਼ਬਾਨਾਂ ਨਾਲ ਵਾਹਗਾ ਬਾਰਡਰ ਵੱਲ ਵਧੇ। ਇਹ ਰਾਹ ਥੋੜ੍ਹਾ ਘੁੰਮਕੇ ਹੈ, ਕਿਉਂਕਿ ਪਾਕਿਸਤਾਨ ਵਾਲੇ 'ਝੰਡੇ ਉਤਾਰਨ ਦੀ ਰਸਮ' ਵੇਖਣ ਵਾਲਿਆਂ ਲਈ, ਸਾਡੇ ਵਾਲੇ ਪਾਸੇ ਦੀ ਤਰਜ 'ਤੇ, ਵੱਡੀ ਦਰਸ਼-ਗੈਲਰੀ ਉਸਾਰੀ ਜਾ ਰਹੀ ਸੀ।

ਜਦੋਂ ਅਸੀਂ ਗੇਟ 'ਤੇ ਪਹੁੰਚੇ ਤਾਂ ਵਿਛੜਨ ਦੇ ਭਾਵੁਕ-ਪਲ਼ ਸ਼ੁਰੂ ਹੋ ਗਏ। ਤਸਵੀਰਾਂ ਸਨ, ਵੀਡੀਓ ਸਨ, ਬਗਲਗੀਰਾਂ ਸਨ, ਮੁੜ ਮਿਲਣ ਦੇ ਵਾਅਦੇ ਸਨ। ਅਸੀਂ ਅਤੇ ਉਹ ਸਾਰੇ ਭਾਵੁਕ ਸਾਂ। ਹੁਣੇ ਅਸੀਂ ਇੱਕ ਫੁੱਟ ਦੇ ਫਾਸਲੇ ਨਾਲ ਬਦਲਦੀ ਸਰਹੱਦ ਦੇ, ਆਪਣੇ ਵਾਲੇ ਪਾਸੇ ਪੈਰ ਪਾ ਲੈਣੇ ਸਨ। ਚੜ੍ਹਦੇ ਅਤੇ ਲਹਿੰਦੇ ਪੰਜਾਬਾਂ ਲਈ ਇਹ ਇੱਕ ਫੁੱਟ ਦਾ ਫਾਸਲਾ, ਵਾਹਗੇ ਤੋਂ ਦਿੱਲੀ ਅਤੇ ਇਸਲਾਮਾਬਾਦ ਤੱਕ ਫੈਲਿਆ ਹੋਇਆ ਹੈ।


ਉਸ ਸਮੇਂ ਤਾਂ ਮਾਹੌਲ ਬਹੁਤਾ ਹੀ ਭਾਵੁਕ ਹੋ ਗਿਆ, ਜਦੋਂ ਉਹ ਮੁੜ ਮੁੜ ਆਪਣੀ ਚਹੇਤੀ ਮਾਂ ਜੀ (ਗੁਰਪ੍ਰੀਤ ਭੰਗੂ) ਦੇ ਹੱਥ ਚੁੰਮਦੇ ਸਨ। ਉਹ ਭਾਵੁਕ ਹੋਈਆਂ ਮਾਂ ਜੀ ਅਤੇ ਹਰਮਨ ਥਿੰਦ ਨੂੰ ਹੌਂਸਲਾ ਦਿੰਦੇ ਸਨ। ਇਹ ਸਾਰਾ ਕੁੱਝ ਕੈਮਰਿਆਂ ਵਿੱਚ ਕੈਦ ਹੋ ਰਿਹਾ ਸੀ, ਅਜਿਹਾ ਹੋਣ ਕਾਰਨ ਹੀ, ਬੇਗਰਜ, ਕੁਦਰਤੀ ਅਤੇ ਮਾਨਵੀ ਰਿਸ਼ਤਿਆਂ ਦੇ ਪੀੜਦਾਇਕ ਅਤੇ ਭਾਵੁਕ ਜੁਦਾਈ ਨੂੰ, ਦੁਨੀਆਂ ਭਰ ਦੇ ਲੋਕਾਂ ਨੇ ਵੇਖ ਲਿਆ ਸੀ। ਰੁੱਗ ਭਰ ਭਰ ਖ਼ੈਰਾਂ/ਮਿਹਰਾਂ ਵੰਡਣ ਵਾਲਾ ਪੰਜਾਬੀ ਦਾ ਸ਼ਬਦ 'ਦੂਰ ਬਲਾਈ' ਸੁਣਿਆ ਤਾਂ ਹੋਇਆ ਸੀ, ਪਰ ਇਸ ਜੁਦਾਈ ਦੀ ਸਿਖਰ 'ਤੇ, ਮੈਡਮ ਗੁਰਪ੍ਰੀਤ ਭੰਗੂ, ਜਿਵੇਂ ਕੁੱਲ ਧਰਤੀ ਦੀ ਪ੍ਰਤੀਕ ਬਣ ਗਈ ਹੋਵੇ। ਉਹ ਆਪਣੇ ਲਹਿੰਦੇ ਪੰਜਾਬ ਦੇ ਪੁੱਤਰਾਂ ਲਈ, ਉਨ੍ਹਾਂ ਵੱਲ ਹੱਥ ਫੈਲਾ ਕੇ ਅਤੇ ਫਿਰ ਵਿਸ਼ੇਸ਼ ਅਦਾ ਵਿੱਚ ਹੱਥਾਂ ਨੂੰ ਘੁਮਾ ਕੇ, ਅਧ ਮੁੜੇ ਹੱਥ ਕੰਨਾਂ ਨੂੰ ਲਾਉਂਦਿਆਂ 'ਦੂਰ ਬਲਾਈ' ਕਰਦੀ ਹੈ। ਇਹ ਪਲ਼ ਸਭ ਨੂੰ ਮੋਹ ਵਿੱਚ ਤ੍ਰਿਪਤ ਕਰ ਦੇਣ ਵਾਲੇ ਸਨ। ਅੰਜੁਮ ਗਿੱਲ ਨੇ ਕਿਹਾ "ਦਿਲਾਂ ਨੂੰ ਖੋਹ ਪਾਉਣ ਵਾਲੀ ਵਿਦਾਈ ਹੈ ਇਹ।"


ਅਸੀਂ 'ਨੋ ਮੈਨਜ਼ ਲੈਂਡ' ਤੋਂ ਚੁੱਕ ਕੇ ਆਪਣਾ ਸਮਾਨ, ਆਪਣੇ ਪੰਜਾਬ ਵਾਲੀ ਧਰਤੀ 'ਤੇ ਧਰਦੇ ਹਾਂ। ਵਿਸ਼ੇਸ਼ ਪ੍ਰਕਿਰਿਆ ਵਿੱਚੋਂ ਲੰਘ ਕੇ ਇੱਕ ਵੱਡੀ ਸ਼ਟਲ ਬੱਸ ਦੁਆਰਾ, ਇੱਧਰਲੇ ਇਮੀਗ੍ਰੇਸ਼ਨ ਸੈਂਟਰ ਪਹੁੰਚਦੇ ਹਾਂ। ਮੇਰੇ ਸਮੇਤ ਸਵਰਨ ਸਿੰਘ ਟਹਿਣਾ, ਕਰਮਜੀਤ ਅਨਮੋਲ, ਪਰਮਵੀਰ ਸਿੰਘ, ਹਰਮਨ ਥਿੰਦ, ਮਲਕੀਤ ਰੌਣੀ ਨੂੰ ਕੁੱਝ ਸਵਾਲ ਹੁੰਦੇ ਹਨ।

ਇਸ ਕਿਸਮ ਦੀ ਰਿਸ਼ਤਿਆਂ ਦੀ ਪਕੀਜ਼ਗੀ ਲਗਾਤਾਰ ਸਾਡੇ ਮਨਾਂ 'ਤੇ ਇਕ ਵੱਡਾ ਇਤਿਹਾਸ ਛੱਡ ਗਈ ਹੈ ਜਿਹੜੀ ਅਸੀਂ ਭਵਿੱਖ ਦੇ ਲੇਖੇ ਲਾ ਕੇ ਜਾਵਾਂਗੇ। ਕਲਮ ਤਾਂ ਆਪਣਾ ਸ਼ਬਦੀ ਸਫ਼ਰ ਕਰਦੀ ਰਹੇਗੀ ਕਿ ਕਦੋਂ ਵੰਡ ਦੀ ਦੀਵਾਰ ਖਤਮ ਹੋਵੇ ਅਤੇ ਖੁੱਲ੍ਹੇ ਦਿਲ ਅਤੇ ਰਸਤੇ ਆਪਸ ਵਿਚ ਮੁੜ ਮੁਹੱਬਤਾਂ ਵਿਚ ਬਦਲਣ।

### ਇਤਿਹਾਸਕ ਪਰਿਪੇਖ 'ਚੋਂ

# ਪੁੱਤ ਦਾ ਮੁੱਲ





ਮਾਰਚ 1977 'ਚ ਐਮਰਜੈਂਸੀ ਦੇ ਖਾਤਮੇਂ ਪਿੱਛੋਂ ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਸਰਗਰਮੀਆਂ ਫਿਰ ਸ਼ੁਰੂ ਹੋਈਆਂ। ਉਨ੍ਹਾਂ ਦਿਨਾਂ 'ਚ ਕਾਲਜਾਂ ਅਤੇ ਪਿੰਡਾਂ 'ਚ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਨਾਟਕ ਕਰਵਾਏ ਜਾਂਦੇ ਸਨ। ਇਨ੍ਹਾਂ ਨਾਟਕਾਂ 'ਚੋਂ ਇੱਕ ਨਾਟਕ ਇਨਕਲਾਬੀ ਕਵੀ ਅਤੇ ਨਾਟਕਕਾਰ ਮਿੰਦਰਪਾਲ ਭੱਠਲ ਦਾ ਲਿਖਿਆ 'ਪੁੱਤ ਦਾ ਮੁੱਲ' ਵੀ ਬਰਨਾਲਾ ਨਾਟਕ ਕਲਾ ਕੇਂਦਰ ਖੇਡਿਆ ਜਾਂਦਾ ਸੀ ਜੋ ਦਰਸ਼ਕਾਂ 'ਚ ਬਹੁਤ ਮਕਬੂਲ ਹਇਆ ਸੀ। ਇਹ ਨਾਟਕ ਅਕਤੂਬਰ 1972 ਦੇ ਮੋਗਾ ਗੋਲੀ ਕਾਂਡ 'ਤੇ ਅਧਾਰਿਤ ਸੀ। ਇਸ ਕਾਂਡ 'ਚ ਸ਼ਹੀਦ ਹੋਏ ਵਿਦਿਆਰਥੀ ਹਰਜੀਤ ਸਿੰਘ ਦੇ ਪਿਤਾ ਸੂਬੇਦਾਰ ਜਗੀਰ ਸਿੰਘ ਨੂੰ ਉਸ ਸਮੇਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ 10000 ਰੁਪਏ ਦੀ ਆਰਥਿਕ ਸਹਾਇਤਾ ਜਾਂ ਕਹਿ ਲਓ ਮੁਆਵਜੇ ਦੀ ਪੇਸ਼ਕਸ਼ ਕੀਤੀ ਗਈ ਸੀ ਜੋ ਉਨ੍ਹਾਂ ਠੁਕਰਾ ਦਿੱਤੀ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਸਾਫ ਸ਼ਾਫ ਸ਼ਬਦਾਂ 'ਚ ਕਹਿ ਦਿੱਤਾ ਸੀ ਕਿ ਮੈਂ ਪੁੱਤ ਦਾ ਮੁੱਲ ਨਹੀਂ ਲੈਣਾ। ਸਾਨੂੰ ਇਨਸਾਫ ਚਾਹੀਦਾ ਹੈ। ਇੱਕ ਤਰ੍ਹਾਂ ਨਾਲ ਇਹ 1968 ਦਾ ਇਤਿਹਾਸ ਦੁਹਰਾਇਆ ਗਿਆ ਸੀ। 14 ਨਵੰਬਰ ਨੂੰ ਤਰਨਤਾਰਨ ਵਿਖੇ ਪੁਲਿਸ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਕਾਲਜ ਵਿਦਿਆਰਥੀਆਂ 'ਤੇ ਗੋਲੀਬਾਰੀ ਕੀਤੀ ਗਈ ਸੀ ਜਿਸ ਦੇ ਸਿੱਟੇ ਵਜੋਂ ਅਜਾਇਬ ਸਿੰਘ, ਲਖਮੀਰ ਸਿੰਘ ਰਸੂਲਪੁਰ ਅਤੇ ਨਛੱਤਰ ਸਿੰਘ ਜ਼ਖਮੀ ਹੋ ਗਏ ਸਨ। ਪੁਲਿਸ ਦੀ ਇਸ ਕਾਰਵਾਈ ਖਿਲਾਫ਼ 12 ਦਸੰਬਰ 1968 ਨੂੰ ਗੁਰੂ ਹਰਗੋਬਿੰਦ ਕਾਲਜ ਦੇ ਵਿਦਿਆਰਥੀ ਰੋਸ ਪ੍ਰਦਰਸ਼ਨ ਕਰ ਰਹੇ ਸਨ ਤਾਂ ਇੱਥੇ ਵੀ ਪੁਲਿਸ ਨੇ ਗੋਲੀ ਚਲਾ ਦਿੱਤੀ ਸੀ ਜਿਸ ਦੇ ਸਿੱਟੇ ਵਜੋਂ ਸੁਧਾਰ ਕਾਲਜ ਦਾ ਵਿਦਿਆਰਥੀ ਜਗਤਾਰ ਸਿੰਘ ਆਸੀ ਕਲਾਂ ਸ਼ਹੀਦ ਹੋ ਗਿਆ ਸੀ।ਜਗਤਾਰ ਦੀ ਸ਼ਹਾਦਤ ਨੂੰ ਸਮਰਪਤ ਉੱਘੇ ਨਕਸਲੀ ਆਗੂ ਪ੍ਰੋ.ਹਰਭਜਨ ਸਿੰਘ ਨੇ 'ਹਰ ਬਾਗੀ ਜਗਤਾਰ ਬਣੇਗਾ' ਨਾਂ ਦੀ ਕਵਿਤਾ ਵੀ ਲਿਖੀ ਸੀ ਜੋ ਬੱਚੇ ਬੱਚੇ ਦੀ ਜਬਾਨ 'ਤੇ ਚੜ੍ਹ ਗਈ ਸੀ।ਜਗਤਾਰ ਦੇ ਛੋਟੇ ਭਰਾ ਪਰਮਜੀਤ ਸਿੰਘ ਪੰਮਾ ਦੇ ਦੱਸਣ ਅਨੁਸਾਰ ਇਸ ਘਟਨਾ ਤੋਂ ਬਾਅਦ ਜਦੋਂ ਜਸਟਿਸ ਗੁਰਨਾਮ ਸਿੰਘ ਪੰਜਾਬ ਦਾ ਮੁੱਖ ਮੰਤਰੀ ਬਣਿਆ ਤਾਂ ਉਹ ਉਨ੍ਹਾਂ ਦੇ ਘਰ ਆਇਆ ਸੀ। ਉਸ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਜਦੋਂ ਆਰਥਿਕ ਸਹਾਇਤਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਆਦਿ ਦੀ ਪੇਸ਼ਕਸ਼ ਕੀਤੀ ਤਾਂ ਜਗਤਾਰ ਦੇ ਦਾਦਾ ਜੀ ਸ.ਚੰਨਣ ਸਿੰਘ ਨੇ ਇਹ ਪੇਸ਼ਕਸ਼ ਠੁਕਰਾਉਂਦਿਆਂ ਉਹੀ ਸ਼ਬਦਾਂ ਦੀ ਵਰਤੋਂ ਕੀਤੀ ਸੀ ਜੋ 4 ਸਾਲ ਬਾਅਦ ਸੂਬੇਦਾਰ ਜਗੀਰ ਸਿੰਘ ਨੇ ਕਹੇ ਜਾਣੀ ਮੈਂ ਆਪਣੇ 'ਪੋਤੇ ਦਾ ਮੁੱਲ ਨਹੀਂ ਲੈਣਾ' ਸਾਨੂੰ ਇਨਸਾਫ ਚਾਹੀਦਾ ਹੈ। ਫਰਕ ਸਿਰਫ ਸਮੇਂ ਅਤੇ ਸਥਾਨ ਦਾ ਸੀ। ਦੋਵਾਂ ਸਮਿਆਂ 'ਤੇ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਵੀ ਮੁਆਵਜ਼ੇ ਆਦਿ ਦੀ ਮੰਗ ਨਹੀਂ ਕੀਤੀ ਗਈ ਸੀ। ਜੋ ਮੰਗ ਕੀਤੀ ਗਈ ਸੀ ਉਹ ਜ਼ਿੰਮੇਵਾਰ ਪੁਲਿਸ ਅਫਸਰਾਂ ਨੂੰ ਸਜ਼ਾ ਦੇਣ ਦੀ ਸੀ।

ਲਗਭਗ ਅੱਧੀ ਸਦੀ ਬੀਤ ਜਾਣ ਬਾਅਦ ਹਾਲਾਤ ਬਿਲਕੁਲ ਬਦਲ ਗਏ ਹਨ। ਸਰਕਾਰਾਂ ਖਿਲਾਫ ਚੱਲ ਰਹੇ ਸੰਘਰਸ਼ਾਂ ਦੌਰਾਨ ਨਿੱਤ ਦਿਨ ਸ਼ਹਾਦਤਾਂ ਹੋ ਰਹੀਆਂ ਹਨ। 2020-21 ਦੇ ਕਿਸਾਨ ਸੰਘਰਸ਼ ਦੌਰਾਨ 10ਵੀਂ ਕਲਾਸ ਦੇ ਵਿਦਿਆਰਥੀ ਪਰਮਵੀਰ ਅਤਰੀ ਸਮੇਤ 750 ਦੇ ਕਰੀਬ ਕਿਸਾਨਾਂ ਦੀਆਂ ਜਾਨਾਂ ਗਈਆਂ। ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਤਾਜਾ ਕਿਸਾਨੀ ਸੰਘਰਸ਼ ਦੌਰਾਨ ਨੌਜਵਾਨ ਸ਼ੁਭਕਰਨ ਸਿੰਘ ਬੱਲ੍ਹੋਂ ਸਮੇਤ 30 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਹੋ ਚੁੱਕੀ ਹੈ। ਪਰੰਤੂ ਹੁਣ ਹਰੇਕ ਸੰਘਰਸ਼ਸ਼ੀਲ ਜਥੇਬੰਦੀ ਵੱਲੋਂ ਇਨਸਾਫ ਦੇ ਨਾਲ ਨਾਲ ਮੁਆਵਜ਼ੇ ਅਤੇ ਪਰਿਵਾਰ ਦੇ ਇੱਕ ਜੀ ਨੂੰ ਨੌਕਰੀ ਦੇਣ ਦੀ ਮੰਗ ਵੀ ਸ਼ਾਮਲ ਹੁੰਦੀ ਹੈ ਇਹ ਮੰਗਾਂ ਮੰਨ ਕੇ ਸਰਕਾਰ ਨੇ 5 ਲੱਖ ਤੋਂ ਇੱਕ ਕਰੋੜ ਤੱਕ ਤੇ ਮੁਆਵਜੇ ਦਿੱਤੇ ਹਨ ਅਤੇ ਪਰਿਵਾਰਾਂ ਦੇ ਜੀਆਂ ਨੂੰ ਨੌਕਰੀਆਂ ਵੀ ਦਿੱਤੀਆਂ ਹਨ ਜੋ ਕਿਸਾਨ ਜਥੇਬੰਦੀਆਂ ਅਤੇ ਪੀੜਤ ਪਰਿਵਾਰਾਂ ਨੇ ਪਰਵਾਨ ਕੀਤੀਆਂ ਹਨ। ਇਸ ਨਾਲ ਉਨ੍ਹਾਂ ਪਰਿਵਾਰਾਂ ਨੂੰ ਆਰਥਿਕ ਪੱਖੋਂ ਕੁਝ ਰਾਹਤ ਵੀ ਮਹਿਸੂਸ ਹੋਈ ਹੈ। ਪਰ ਜਦੋਂ ਅਸੀਂ ਦੋਵਾਂ ਇਤਿਹਾਸਕ ਦੌਰਾਂ ਦੇ ਘਟਨਾਕ੍ਰਮ 'ਤੇ ਨਜ਼ਰ ਮਾਰਦੇ ਹਾਂ ਤਾਂ ਮਨ 'ਚ ਦਵੰਧ ਜ਼ਰੂਰ ਪੈਦਾ ਹੁੰਦਾ ਹੈ ਕਿ ਸਹੀ ਕੀ ਹੈ।ਕੀ ਪਹਿਲੀ ਦੇ ਮੁਕਾਬਲਤਨ ਅਜੋਕੀ ਪਹੁੰਚ ਵੱਧ ਯਥਾਰਥਕ ਹੈ? ਕੀ ਪਹਿਲੇ ਸਮਿਆਂ 'ਚ ਭਾਵੁਕਤਾ ਭਾਰੂ ਸੀ? ਕੀ ਇਹ ਇਤਿਹਾਸਕ ਤਜਰਬੇ ਨੇ ਸਾਨੂੰ ਸਿਖਾਇਆ ਹੈ? ਸ਼ਾਇਦ ਮੌਜੂਦਾ ਸ਼ੰਘਰਸ਼ਸ਼ੀਲ ਆਗੂ ਇਸ ਮਸਲੇ 'ਤੇ ਕੁਝ ਰੌਸ਼ਨੀ ਪਾ ਸਕਣ।

ਅਜਾਇਬ ਸਿੰਘ ਟਿਵਾਣਾ
7888738476



# ਕਿਹਨਾਂ ਦੇ ਮਨਾਂ ਦਾ ਸੀ ਮਨਮੋਹਣ !



ਡਾ. ਬਲਜਿੰਦਰ
94170-79720
singh.drbaljinder@gmail.com

ਮਨਮੋਹਣ ਸਿੰਘ ਸਾਬਕਾ ਪ੍ਰਧਾਨ ਮੰਤਰੀ, ਮਿੱਠ ਬੋਲੜਾ, ਨਰਮ, ਘੱਟ ਹੀ ਬੋਲਣ ਵਾਲਾ, ਨੇਕ ਦਿਲ, ਆਪਣੇ ਜੁੱਤਿਆਂ ਦੇ ਤਸਮੇਂ ਆਪ ਬੰਨ੍ਹਣ ਵਾਲਾ, ਸੰਸਾਰ ਦੇ ਸੱਭ ਤੋਂ ਤਾਕਤਵਰ ਬੈਂਕ ਸੰਸਾਰ ਬੈਂਕ ਦਾ ਮੁਖੀ, ਇੰਗਲੈਂਡ ਦੀ ਯੂਨੀਵਰਸਿਟੀ 'ਚ ਪੜ੍ਹਿਆ, ਸ਼ਰੀਫ ਇਮਾਨਦਾਰ, ਦੁਨੀਆਂ ਦਾ ਨਾਮੀਂ ਅਰਥ-ਸ਼ਾਸਤਰੀ ਆਦਿ ਹੋਰ ਪਤਾ ਨਹੀਂ ਕਿਹੜੇ-ਕਿਹੜੇ ਲਕਬਾਂ ਨਾਲ ਉਸਨੂੰ ਸ਼ਰਧਾਂਜਲੀ ਦੇਣ ਵੇਲੇ ਅਲੱਗ-ਅਲੱਗ ਹਲਕਿਆਂ ਵੱਲੋਂ ਨਵਾਜ਼ਿਆ ਜਾਣਾ ਹੈ। ਉਨੀ-ਇੱਕੀ ਦੇ ਫ਼ਰਕ ਨਾਲ ਹਰ ਇਨਸਾਨ ਦੀ ਸ਼ਕਲ ਤਾਂ ਕਰੀਬ ਇੱਕੋ ਜਿਹੀ ਹੀ ਹੁੰਦੀ ਹੈ। ਪਰ ਸ਼ਕਲ ਪਰਖਣ ਨਾਲੋਂ ਅਸੀਂ ਅਗਰ ਇਨਸਾਨ ਦੇ ਕਿਰਦਾਰ ਨੂੰ ਨਹੀਂ ਦੇਖਦੇ ਤਾਂ ਅਸੀਂ ਸਹੀ ਮਾਅਨਿਆਂ 'ਚ ਕਿਸੇ ਇਨਸਾਨ ਨੂੰ ਅੰਗ ਨਹੀਂ ਰਹੇ ਹੁੰਦੇ ਹਾਂ।

ਕਿਸੇ ਇਨਸਾਨ ਨੂੰ ਪ੍ਰਖਣ-ਮੁਲਾਂਕਨ ਕਰਨ ਦਾ ਸਹੀ ਤਰੀਕਾਕਾਰ ਉਹਦੇ ਕਰਮਾਂ ਨੂੰ ਪਰਖਦਿਆਂ ਹੀ ਕੀਤਾ ਜਾਣਾ ਚਾਹੀਦਾ ਹੈ। ਆਪਣੀ ਲਗਨ, ਮਿਹਨਤ ਤੇ ਆਪਣੇ ਨਿਸ਼ਾਨੇ ਨੂੰ ਮੁੱਖ ਰੱਖਦਿਆਂ ਉਸਨੇ ਆਪਣੀ ਪੜ੍ਹਾਈ ਮੁਕੰਮਲ ਕੀਤੀ ਅਤੇ ਪੰਜਾਬ ਯੂਨੀਵਰਸਿਟੀ 'ਚ ਪੜ੍ਹਾਉਣ ਲੱਗ ਪਿਆ। ਉਸਦੀ ਵਿਦਿਅਕ ਰੁਚੀਆਂ ਨੂੰ ਭਾਂਪਦਿਆਂ ਉਸ ਅੰਦਰਲੇ ਮਨਮੋਹਣ ਨੇ ਭਾਰਤੀ ਸਮਾਜ ਦੇ ਉਹਨਾਂ ਹਿੱਸਿਆਂ ਨੂੰ ਮੋਹਿਆ ਜਿਹੜੇ ਉਸ ਅੰਦਰ ਆਪਣੇ ਮਨਸ਼ਿਆਂ-ਚਾਹਤਾਂ ਅਤੇ ਇਰਾਦਿਆਂ-ਆਸ਼ਿਆਂ ਨੂੰ ਪੱਲਦਿਆਂ-ਪੱਸਰਦਿਆਂ ਦੇਖ ਉਹਨੂੰ ਵਿੱਦਿਆ ਪ੍ਰਦਾਤਾ ਤੋਂ ਬਾਹਰ ਕੱਢ ਇੱਕ ਅਜਿਹੇ ਖੇਤਰ ''ਚ ਫਿੱਟ ਕੀਤਾ ਜਿਹੜਾ ਉਹਨਾਂ ਦੇ ਹਿੱਤਾਂ ਦੇ ਰਾਸ ਆਉਂਦਾ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਗੇ ਬਦਲੇ ਹਾਲਾਤ ਅੰਦਰ ਅਮਰੀਕਾ ਦੀ ਅਗਵਾਈ ਹੇਠਲੀਆਂ ਵਰਲਡ ਬੈਂਕ, ਆਈਐੱਮਐੱਫ ਵਰਗੀਆਂ ਸੰਸਾਰ ਵਿੱਤੀ ਸੰਸਥਾਵਾਂ ਆਪਣੀ ਛਾਪ ਛੱਡਣ ਰਹੀਆਂ ਸਨ ਅਤੇ ਭਾਰਤ ਵਰਗੇ ਵਿਸ਼ਾਲ ਆਬਾਦੀ ਵਾਲੇ ਮੁਲਕ ਨੂੰ 1947 ਦੀ ਸੱਤ੍ਹਾ ਬਦਲੀ ਉਪਰੰਤ ਵਿਕਾਸ ਦੇ ਰਾਹ ਅੱਗੇ ਤੁਰਣ ਲਈ ਮਾਇਕ ਸਹਾਇਤਾ ਲੋੜੀਂਦੀ ਸੀ। ਅਜਿਹੇ ਹਾਲਾਤ ਅੰਦਰ ਉਸਦੀ ਉਹਨਾਂ ਦੇ ਰਾਸ ਬਹਿੰਦੀ ਪ੍ਰਤਿਭਾ ਨੂੰ ਦੇਖਦਿਆਂ ਉਹਨਾਂ ਸੰਸਥਾਵਾਂ ਨੇ ਉਹਨੂੰ ਆਪਣੇ ਵੱਲ ਖਿੱਚਿਆ।

ਸਾਡੇ ਮੁਲਕ ਦੇ ਅਰਥਚਾਰੇ ਦੇ ਵੱਖ-ਵੱਖ ਅਹਿਮ ਅਹੁਦਿਆਂ 'ਤੇ ਬਹੁਤ ਹੀ ਲੰਮਾ ਸਮਾਂ ਬਿਰਾਜਮਾਨ ਰਹਿਣ ਵਾਲੇ ਮਨਮੋਹਣ ਨੂੰ ਉਹਦੇ ਵੱਲੋਂ ਸਾਮਰਾਜੀ ਸੰਸਥਾਨਾਂ ਤੇ ਕਾਰਪੋਰੇਸ਼ਨਾਂ ਦੇ ਇਸ਼ਾਰਿਆਂ 'ਤੇ ਘੜੀਆਂ ਗਈਆਂ ਵਿੱਤੀ ਨੀਤੀਆਂ ਵੱਲੋਂ ਆਮ ਭਾਰਤੀ ਦੀ ਰੋਜ਼ਮੱਰ੍ਹਾ ਦੀ ਜ਼ਿੰਦਗੀ ਨੂੰ ਬੁਰੀ ਤਰਾਂ ਪ੍ਰਭਾਵਤ ਕੀਤੇ ਜਾਣ ਕਰਕੇ ਵੀ ਯਾਦ



ਕੀਤਾ ਜਾਣਾ ਚਾਹੀਦਾ ਹੈ।

ਇਹਨਾਂ ਵਿੱਤੀ ਨੀਤੀਆਂ ਦਾ ਸਿਖਰਲਾ ਬਿੰਦੂ 1990-91 ''ਚ ਪੀਵੀਂ ਨਰਸਿੰਮਹਾ ਦੀ ਵਜ਼ਾਰਤ 'ਚ ਵਿੱਤ ਮੰਤਰੀ ਦੇ ਅਹੁਦੇ ''ਤੇ ਬਿਰਾਜਮਾਨ ਰਹਿੰਦਿਆਂ ਉਸ ਵੱਲੋਂ ਸੰਸਾਰਵਿੱਤੀ ਸਰਮਾਏ ਲਈ ਭਾਰਤੀ ਅਰਥਚਾਰੇ ਦੇ ਦਰਵਾਜ਼ੇ ਚੌਪੱਟ ਖੋਹਲਣਾ ਸੀ। ਮੋਦੀ ਦੀ ਅਗਵਾਈ ਵਾਲੀ ਕੇਂਦਰੀ ਹਕੂਮਤ ਅੱਜ ਵੀ ਉਹਨਾਂ ਹੀ ਨੀਤੀਆਂ ਨੂੰ ਬਹੁਤ ਹੀ ਮੁਸਤੈਦੀ ਨਾਲ ਨਾ ਸਿਰਫ ਪਹਿਰਾ ਦੇ ਰਹੀ ਹੈ ਬਲਕਿ ਇਹਨਾਂ ਨੂੰ ਜਾਬਰ ਢੰਗਾਂ-ਤਰੀਕਿਆਂ ਨਾਲ ਅਮਲੀ ਜਾਮਾ ਪਹਿਨਾਉਣ ਲਈ ਤਹੂ ਹੈ।

ਇਹਦੇ ਨਾਲ ਹੀ ਇਹ ਵੀ ਕਿ ਉਹ ਕਿਹੋ ਜਿਹਾ ਦੂਰਦਰਸ਼ੀ ਅਰਥਸ਼ਾਸਤਰੀ ਸੀ ਜਿਹੜਾ ਆਪਣੇ ਅੱਖੀਂ ਬ੍ਰਾਜ਼ੀਲ ਤੇ ਅਰਜਨਟਾਈਨਾ ਵਰਗੇ ਲਾਤੀਨੀ ਅਮਰੀਕੀ ਮੁਲਕਾਂ ਅੰਦਰ ਕਾਰਪੋਰੇਟਾਂ ਦੇ ਇਸ਼ਾਰਿਆਂ ''ਤੇ ਸੱਤਰਵਿਆਂ ਤੋਂ ਹੀ ਅਮਲ 'ਚ ਲਿਆਂਦੀਆਂ ਇਹਨਾਂ ਹੀ ਨਵਉਦਰਵਾਦੀ ਤੇ ਨਿੱਜੀਕਰਣ ਦੀਆਂ ਨੀਤੀਆਂ ਨਾਲ ਲੋਕਾਂ ਦੇ ਹੋਏ ਘਾਣ ਬਾਰੇ ਜਾਣਦਾ ਸੀ।

ਭਾਰਤ ਦੇ ਮੱਧ 'ਚ ਪੈਂਦੇ ਸੂਬਿਆਂ ਅੰਦਰਲੇ ਪਹਾੜੀ ਤੇ ਹੋਰ ਇਲਾਕਿਆਂ ਅੰਦਰ ਕੋਇਲਾ, ਇਸਪਾਤ ਅਤੇ ਹੋਰ ਖਣਿਜਾਂ ਨਾਲ ਭਰਪੂਰ ਇਲਾਕਿਆਂ 'ਚ ਵੱਸਦੇ ਲੋਕਾਂ ਦੇ ਹੋ ਰਹੇ ਕਤਲੇਆਮ ਨੂੰ ਦੇਖਦਿਆਂ ਮਨਮੋਹਣ ਦੇ ਰੋਲ ਨੂੰ ਕਿਸੇ ਵੀ ਕਦਰ ਛੁਟਿਆਇਆ ਨਹੀਂ ਜਾਣਾ ਚਾਹੀਦਾ ਕਿਓਂਕਿ ਇਹ ਮਨਮੋਹਣ ਸਿੰਘ ਦੀ ਅਗਵਾਈ ਵਾਲੀ ਸਰਕਾਰ ਹੀ ਸੀ ਜਿਸਨੇ ਐਲਾਨਿਆ ਸੀ ਕਿ ਨਰਸਲਵਾਦ ਭਾਰਤ ਲਈ ਇੱਕ ਬਹੁਤ। ਹੀ ਵੱਡਾ ਖ਼ਤਰਾ ਹੈ। ਅਤੇ ਇਸੇ ਖਤਰੇ ਨੂੰ ਹੀ ਜੜੋਂ ਮਿਚਾਉਣ ਲਈ ਸਲਮਾਂ ਜੁੜੇ ਤੇ ਅਪਰੇਸ਼ਨ ਗਰੀਨ ਹੰਟ ਵਰਗੇ ਆਦਿਵਾਸੀਆਂ ਤੇ ਸੰਘਰਸ਼ਸ਼ੀਲ ਲੋਕਾਂ, ਬੁੱਧੀਜੀਵੀਆਂ ਅਤੇ ਹੋਰਨਾਂ ਲੋਕਾਂ ਵਿਰੁੱਧ ਸਰਕਾਰੀ ਜਬਰ ਇਸੇ ਮਨਮੋਹਣ ਸਿੰਘ ਦੀ ਸਰਕਾਰ ਦੀ ਹੀ ਦੇਣ ਸੀ ਜਿਸਨੂੰ ਅੱਜ ਦੀ ਮੋਦੀ ਹਕੂਮਤ ਭਗਵੇਂ ਰੰਗ 'ਚ ਰੰਗਕੇ ਅਜਾਨੀ-ਅੰਬਾਨੀ ਵਰਗੇ ਆਪਣੇ ਚਹੇਤੇ ਕਾਰਪੋਰੇਟਾਂ ਦੇ ਹਵਾਲੇ ਕਰ ਰਹੀ ਹੈ।

1991-96 ਦੇ ਅਰਸੇ ਦੌਰਾਨ ਇਹੀ ਮਨਮੋਹਣ ਸਿੰਘ ਵਿੱਤ ਵਜ਼ੀਰ ਦੇ ਅਹੁਦੇ 'ਤੇ ਬਿਰਾਜਮਾਨ ਸੀ ਜਦੋਂ ਬਾਬਰੀ ਮਸਜਦ ਨੂੰ ਤਹਿਸ਼-ਨਹਿਸ਼ ਕਰਕੇ ਫਿਰਕੂ ਫੱਸਾਦ ਭੜਕਾਏ ਗਏ ਸਨ। ਪਰ ਇਸ ਸਾਊ ਸਾਬਕਾ ਪ੍ਰਧਾਨ ਮੰਤਰੀ ਦੇ ਮੂੰਹੋਂ ਕੋਈ ਰਸਮੀਂ ਅਫ਼ਸੋਸ ਦੇ ਲਫ਼ਜ਼ ਵੀ ਨਹੀਂ ਸਨ ਉੱਚਰੇ ਗਏ।

ਕੋਇਲਾ ਬਲਾਕਾਂ ਦੀ ਵੰਡ-ਵੰਡਾਈ ਯਾਨੀ ਕਿ ਅਲਾਟਮੈਂਟ 'ਚ ਸਾਹਮਣੇ ਆਏ ਘੁਟਾਲਿਆਂ ਬਾਰੇ ਇਸ ਸਾਊ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਦੀ ਜ਼ੁਬਾਨ ਨੂੰ ਤਾਲਾ ਲੱਗਿਆ ਰਿਹਾ। ਵਿਦੇਸ਼ੀ ਵਿੱਤ ਲਈ ਰਾਹ ਖੋਲ੍ਹਣ ਲਈ ਨਿੱਜੀਕਰਣ,ਉਦਾਰੀਕਰਣ ਤੇ ਵਿਸ਼ਵੀਕਰਣ ਵਾਲੀਆਂ ਨੀਤੀਆਂ ਲਿਆਉਣ ਦਾ ਹੀ ਇਹ ਨਤੀਜਾ ਹੈ ਕਿ ਕਿਸਾਨਾਂ ਨੂੰ ਆਪਣੀਆਂ ਫਸਲਾਂ-ਨਸਲਾਂ ਬਚਾਉਣ ਲਈ ਮੀਹਾਂ-ਨ੍ਹੇਰੀਆਂ-ਗੜਿਆਂ-ਠੰਢਾਂ-ਤਪਦੀਆਂ ਗਰਮੀਆਂ 'ਚ ਵੀ ਸੜਕਾਂ 'ਤੇ ਆਪਣੇ ਦਿਨ-ਰਾਤ ਇੱਕ ਕਰਨੇ ਪੈ ਰਹੇ ਹਨ। ਮਨਮੋਹਣ ਸਿੰਘ ਇੱਕ ਵਿਅਕਤੀ ਨਹੀਂ ਸੀ ਇਹ ਤਾਂ ਉਸਦੇ ਉਪਾਸ਼ਕ ਵੀ ਕਹਿੰਦੇ ਹਨ। ਪਰ ਉਹ ਵਿਅਕਤੀ ਕਿਹਨਾਂ ਦਾ ਸੀ ਉਹ ਨਹੀਂ ਦੱਸਦੇ। ਉਹ ਲੋਕਾਂ ਦਾ ਮਿੱਤਰ ਨਹੀਂ ਸੀ, ਉਹ ਲੋਕਾਂ ਨੂੰ ਸੁਖੀ। ਸੱਦੇ ਦੇਖਣ ਵਾਲਿਆਂ 'ਚੋਂ ਨਹੀਂ ਸੀ, ਉਹ ਭਾਈਚਾਰਕ ਏਕਤਾ ਦਾ ਮੁਦੱਈ ਨਹੀਂ ਸੀ, ਉਹ ਭ੍ਰਿਸ਼ਟਾਚਾਰੀਆਂ ਦਾ ਹਮਾਇਤੀ ਸੀ, ਆਪਣੀ ਸਰਕਾਰ ਦੀਆਂ ਪਾਲਸੀਆਂ ਨਾਲ ਲੋਕਾਂ ਦੀ ਮਿਹਨਤ ਨੂੰ ਸਰਮਾਏਦਾਰਾਂ ਦੀ ਝੋਲੀ 'ਚ ਪਾਉਣ ਵਾਲਾ ਸੀ।

# ਪੱਲੇਦਾਰਾਂ, ਮਜ਼ਦੂਰਾਂ, ਕਿਸਾਨਾਂ ਅਤੇ ਸਭਿਆਚਾਰਕ ਕਾਮਿਆਂ ਦੀ ਸਾਂਝੀ ਕੜੀ ਅਜੈਬ ਕਾਲਾਝਾੜ

**- ਅਮੋਲਕ ਸਿੰਘ**

ਐੱਫ. ਸੀ. ਆਈ. ਵਰਕਰਜ਼ ਪੱਲੇਦਾਰ ਯੂਨੀਅਨ ਪੰਜਾਬ ਦੇ ਚੋਟੀ ਦੇ ਆਗੂ ਅਜੈਬ ਸਿੰਘ ਕਾਲਾਝਾੜ ਦੀ ਵਿਰਾਸਤ ਨੂੰ ਅੱਗੇ ਤੋਰਦੇ ਹੋਏ ਉਹਨਾਂ ਦਾ ਸਪੁੱਤਰ ਜਗਤਾਰ ਸਿੰਘ ਕਾਲਾਝਾੜ ਅੱਜ ਕੱਲ੍ਹ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਾ ਜਾਣਿਆਂ ਪਹਿਚਾਣਿਆਂ ਨਾਂਅ ਹੈ।

ਅਜੈਬ ਸਿੰਘ ਦਾ ਇੱਕ ਪੋਤਰਾ ਵਿਦਿਆਰਥੀ ਲਹਿਰ ਵਿੱਚ ਅਤੇ ਦੂਸਰਾ ਸਾਹਿਤਕ ਸਭਿਆਚਾਰਕ ਲਹਿਰ ਵਿੱਚ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਅਜੈਬ ਸਿੰਘ ਕਾਲਾਝਾੜ ਨੂੰ ਸਾਡੇ ਕੋਲੋਂ ਵਿਛੜਿਆਂ ਕੋਈ ਤਿੰਨ ਦਹਾਕੇ ਹੋ ਚੱਲੇ ਉਹਨਾਂ ਦੀਆਂ ਯਾਦਾਂ ਫਰੋਲਦਿਆਂ ਇਉਂ ਲੱਗਦੈ ਜਿਉਂ ਅੱਜ ਦੀ ਗੱਲ ਹੈ।

1952 'ਚ ਪਿੰਡ ਕਾਲਾਝਾੜ (ਸੰਗਰੂਰ) ਵਿੱਚ ਬੇਜ਼ਮੀਨੇ ਮਜ਼ਦੂਰਾਂ ਦੇ ਘਰ ਜਨਮੇ ਅਜੈਬ ਸਿੰਘ ਨੇ ਪਿੰਡ ਦੇ ਹੀ ਸਰਕਾਰੀ ਸਕੂਲ ਵਿੱਚ 2 ਜਮਾਤਾਂ ਪਾਸ ਕੀਤੀਆਂ। ਉਹ ਪੜਨ 'ਚ ਬਹੁਤ ਹੁਸ਼ਿਆਰ ਸਨ। ਘਰ ਦੀ ਆਰਥਿਕ ਮੰਦਹਾਲੀ ਕਾਰਨ ਪੜ੍ਹਾਈ ਦੀ ਡੋਰ ਬਚਪਨ ਵਿਚ ਹੀ ਟੁੱਟ ਗਈ। ਘਰ ਦੀਆਂ ਲੋੜਾਂ ਕਾਰਨ ਪਿੰਡ ਹੀ ਸੀਰੀ ਰਲਣਾ ਪੈ ਗਿਆ। ਆਰਥਿਕ ਤੰਗੀਆਂ ਨੇ ਉਹਨਾਂ ਕੋਲੋਂ ਕਲਮ ਖੋਹਕੇ, ਉਹਨਾਂ ਹੱਥ ਦਾਤੀ, ਖੁਰਪਾ ਅਤੇ ਕਹੀ ਫੜਾ ਦਿੱਤੀ। ਕਈ ਸਾਲ ਹੱਡ-ਭੰਨਵੀਂ ਮਿਹਨਤ ਕਰਕੇ ਸੀਰ ਕੀਤਾ। ਫੇਰ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕੀਤੀ। ਖ਼ੇਤੀ ਵਿਚ ਘਾਟਾ ਪੈਣ ਕਰਕੇ ਭਵਾਨੀਗੜ੍ਹ ਐਫ.ਸੀ.ਆਈ ਡਿਪੂ ਵਿੱਚ ਪੱਲੇਦਾਰੀ ਕਰਨ ਲੱਗ ਪਏ। ਇੱਥੇ ਉਹ ਅਖ਼ਬਾਰਾਂ ਅਤੇ ਕਿਤਾਬਾਂ ਪੜ੍ਹਨ ਵਿਚ ਰੁਚੀ ਲੈਣ ਲੱਗੇ।

ਐਫ.ਸੀ.ਆਈ.ਦੇ ਡਿਪੂਆਂ ਵਿੱਚ ਠੇਕਾਦਾਰਾਂ ਦੁਆਰਾ ਅੰਨ੍ਹੀ ਲੁੱਟ ਖ਼ਿਲਾਫ਼ ਪੱਲੇਦਾਰਾਂ ਦੀਆਂ ਜੱਥੇਬੰਦੀਆਂ ਬਣਨ ਲੱਗੀਆਂ। ਉਹਨਾਂ ਵਿੱਚ ਅਥਾਹ ਮਿਹਨਤ ਕਰਦੇ ਹੋਏ ਅੱਗੇ ਚੱਲ ਕੇ ਪੱਲੇਦਾਰਾਂ ਦੀ ਆਜ਼ਾਦ ਜੱਥੇਬੰਦਕ ਤਾਕਤ ਵਾਲੀ ਐਫ.ਸੀ.ਆਈ. ਵਰਕਰਜ਼ ਪੱਲੇਦਾਰ ਯੂਨੀਅਨ (ਆਜ਼ਾਦ) ਉਸਾਰਨ ਦੇ ਕਾਰਜ਼ ਵਿੱਚ ਲੱਕ ਬੰਨ੍ਹ ਕੇ ਜੁਟ ਗਏ। ਮੰਡੀ ਅਹਿਮਦਗੜ੍ਹ ਡੀਪੂ ਤੋਂ ਉੱਠੀ ਇਸ ਨਿਵੇਕਲੀ ਪੱਲੇਦਾਰਾਂ ਦੀ ਤਾਕਤ ਨਾਲ ਜੁੜਕੇ ਉਹਨਾਂ ਨੇ ਨਮੂਨੇ ਦੀ ਮਜ਼ਦੂਰ ਲਹਿਰ ਅਤੇ ਯੂਨੀਅਨ ਦੀ ਉਸਾਰੀ ਕੀਤੀ। ਉਹਨਾਂ ਨੂੰ ਇਨਕਲਾਬੀ ਸਾਹਿਤ, ਰਸਾਲਿਆਂ ਅਤੇ ਮਜ਼ਦੂਰਾਂ ਦੇ ਘੋਲਾਂ ਦੇ ਅੰਗ ਸੰਗ ਰਹਿੰਦੇ ਹੋਏ ਪੰਜਾਬ ਨਾਟਕ ਕਲਾ ਕੇਂਦਰ ਅਤੇ ਪਲਸ ਮੰਚ ਦੇ ਆਗੂਆਂ ਕਲਾਕਾਰਾਂ ਤੋਂ ਵਿਗਿਆਨਕ ਅਤੇ ਜਮਾਤੀ ਇਨਕਲਾਬੀ ਚੇਤਨਾ ਦੀ ਜਾਗ ਲੱਗੀ। ਉਹ ਆਪਣੀ ਸੂਝ ਬੂਝ, ਮਿਹਨਤ ਅਤੇ ਮਜ਼ਦੂਰ ਹਿੱਤਾਂ ਲਈ ਜੂਝਣ ਦੀ ਲਾ-ਮਿਸਾਲ ਭਾਵਨਾ ਸਦਕਾ ਪਹਿਲਾਂ ਪੱਲੇਦਾਰ ਯੂਨੀਅਨ ਦੀ ਡਿਪੂ ਕਮੇਟੀ ਦੇ ਮੈਂਬਰ ਬਣੇ, ਫੇਰ ਜ਼ਿਲ੍ਹਾ ਕਮੇਟੀ ਦੇ ਆਗੂ ਅਤੇ ਫਿਰ ਐਫ.ਸੀ.ਆਈ ਪੱਲੇਦਾਰ ਕਾਮਿਆਂ ਦੀ ਯੂਨੀਅਨ (ਆਜ਼ਾਦ) ਦੇ ਸੂਬਾ ਪ੍ਰਧਾਨ ਦੇ ਅਹੁਦੇ ਤੱਕ ਪਹੁੰਚੇ। ਉਹ ਆਪਣੇ ਆਖ਼ਰੀ ਦਮ ਤੱਕ ਸੂਬਾ ਪ੍ਰਧਾਨ ਦੇ ਅਹੁਦੇ 'ਤੇ ਰਹੇ। ਪੰਜਾਬ ਭਰ ਦੇ ਵੱਖ ਵੱਖ ਡਿਪੂਆਂ ਅਤੇ ਹੋਰਨਾਂ ਸੂਬਿਆਂ ਵਿੱਚ ਜਾ ਕੇ ਪੱਲੇਦਾਰਾਂ ਨੂੰ ਐਫ.ਸੀ.ਆਈ 'ਚ ਠੇਕਾ ਪ੍ਰਣਾਲੀ ਖਿਲਾਫ਼ ਅਤੇ ਪੱਕੇ ਰੁਜ਼ਗਾਰ ਦੀ ਮੰਗ ਲਈ ਜੱਥੇਬੰਦ ਕੀਤਾ। ਭਾਰਤ ਪੱਧਰ 'ਤੇ ਪੱਲੇਦਾਰਾਂ ਨੂੰ ਇੱਕਜੁੱਟ ਕਰਨ ਲਈ ਵੀ ਉਹ ਸਦਾ ਯਤਨਸ਼ੀਲ ਰਹੇ। ਸਰਕਾਰ ਅੱਗੇ ਪੱਲੇਦਾਰਾਂ ਦੀਆਂ ਧੜੱਲੇ ਨਾਲ ਮੰਗਾਂ ਰੱਖੀਆਂ। ਜੱਥੇਬੰਦੀ ਦੀਆਂ ਕਮੇਟੀਆਂ ਵਿਚ ਉੱਠਦੇ ਆਪਸੀ ਵਿਰੋਧਾਂ/ਮਸਲਿਆਂ ਦੌਰਾਨ ਪੱਲੇਦਾਰਾਂ ਦੇ ਹਿੱਤਾਂ ਦੀ ਸਹੀ ਤਰਜਮਾਨੀ ਕੀਤੀ। ਪੱਲੇਦਾਰ ਲਹਿਰ 'ਚ ਲਗਪਗ 10 ਸਾਲ ਅਹਿਮ ਭੂਮਿਕਾ ਨਿਭਾਈ। ਸਾਦੀ ਰਹਿਣੀ ਬਹਿਣੀ ਦੇ ਮਾਲਕ ਅਜੈਬ ਸਿੰਘ ਆਪਣੀ ਯੂਨੀਅਨ ਅੰਦਰ ਬਾ-ਦਲੀਲ ਸੰਵਾਦ ਰਚਾਉਂਦੇ ਰਹੇ। ਸਾਥੀਆਂ ਨੂੰ ਸੂਝ ਬੂਝ ਨਾਲ ਲੈਸ ਕਰਕੇ ਜੱਥੇਬੰਦੀ ਅਤੇ ਵਿਚਾਰਾਂ ਦੇ ਕਲਾਵੇ ਵਿੱਚ ਲੈਂਦੇ ਰਹੇ। ਅਣਥੱਕ ਮਿਹਨਤੀ ਕਾਮੇ ਅਜੈਬ ਸਿੰਘ ਨੇ ਪਿੰਡ ਕਾਲਾਝਾੜ ਦੇ ਆਰਥਿਕ ਮੰਦਹਾਲੀ ਅਤੇ ਥੁੜ੍ਹਾਂ ਮਾਰੇ ਬੇਜ਼ਮੀਨੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਪ੍ਰਤੀ ਜੱਥੇਬੰਦ ਅਤੇ ਚੇਤਨ ਕੀਤਾ। ਪਿੰਡ ਵਿੱਚ ਮਜ਼ਦੂਰਾਂ ਦੀ ਜੱਥੇਬੰਦੀ ਬਣਾਈ। ਪਿੰਡ ਦੇ ਦਰਜਨਾਂ ਨੌਜਵਾਨਾਂ ਅਤੇ ਮਜ਼ਦੂਰਾਂ ਨੂੰ ਸੰਘਰਸ਼ਾਂ ਦੀ ਚੇਟਕ ਲਾਈ। ਪਿੰਡ ਦੇ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨ ਵਿੱਚੋਂ ਰਿਹਾਇਸ਼ੀ ਪਲਾਟ ਦਿਵਾਉਣ ਲਈ ਕਈ ਸਾਲ ਲਗਾਤਾਰ ਜੱਦੋ ਜਹਿਦ ਕੀਤੀ। ਪਲਾਟਾਂ ਵਾਲੇ ਮਸਲੇ 'ਚ ਪਿੰਡ ਦੇ ਮਜ਼ਦੂਰਾਂ ਸਮੇਤ ਕਈ ਦਿਨ ਜੇਲ੍ਹ ਰਹੇ। ਅਖੀਰ ਉਹਨਾਂ ਦੀ ਯੋਗ ਅਗਵਾਈ ਹੇਠ ਮਜ਼ਦੂਰਾਂ ਦੇ ਏਕੇ ਦੀ ਜਿੱਤ ਹੋਈ। ਮਜ਼ਦੂਰਾਂ ਨੂੰ ਸ਼ਾਮਲਾਟ ਜ਼ਮੀਨ ਵਿੱਚੋਂ ਪਲਾਟ ਮਿਲੇ। ਪਿੰਡ ਦੇ ਮਜ਼ਦੂਰ ਜਿਹੜੇ ਘੁੱਪ ਹਨੇਰੇ ਕਮਰਿਆਂ ਵਿੱਚ ਰਹਿਣ ਲਈ ਮਜਬੂਰ ਸਨ, ਉਹ ਅੱਜ ਕੱਲ੍ਹ ਬਹੁਤ ਖੁੱਲ੍ਹੀਆਂ ਥਾਵਾਂ 'ਚ ਘਰ ਬਣਾ ਕੇ ਰਹਿ ਰਹੇ ਹਨ। ਪੱਲੇਦਾਰ ਜੱਥੇਬੰਦੀ ਦੀਆਂ ਰੋਜ਼ ਮਰ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਕਈ ਕਈ ਦਿਨ ਘਰੇ ਨਾ ਆਉਣਾ। ਵੱਖ ਵੱਖ ਡਿਪੂਆਂ ਖਨੌਰੀ,ਦਿੜ੍ਹਬਾ ਮੰਡੀ, ਮੌੜ ਮੰਡੀ, ਤਲਵੰਡੀ ਸਾਬੋ, ਅਮਰਗੜ੍ਹ, ਅਹਿਮਦਗੜ੍ਹ ਆਦਿ ਡਿਪੂਆਂ ਵਿਚ ਪੱਲੇਦਾਰਾਂ ਦੀਆਂ ਮੀਟਿੰਗਾਂ ਕਰਵਾਉਣੀਆਂ। ਠੇਕੇਦਾਰਾਂ ਦੀਆਂ ਮਨਮਾਨੀਆਂ ਖ਼ਿਲਾਫ਼ ਸੰਘਰਸ਼ 'ਚ ਪੱਲੇਦਾਰਾਂ ਲਈ ਦਿਨ ਰਾਤ ਇੱਕ ਕਰਕੇ ਅਗਵਾਈ ਕਰਨੀ। ਹੋਰਨਾਂ ਸੂਬਿਆਂ ਵਿੱਚ ਜਾ ਕੇ ਪੱਲੇਦਾਰਾਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਰਹੇ। ਸੰਘਰਸ਼ਾਂ



ਦੌਰਾਨ ਕਈ ਵਾਰ ਜੇਲ੍ਹ ਗਏ।

ਪੰਜਾਬ ਅਤੇ ਮੁਲਕ ਅੰਦਰ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਨਾਂਅ 'ਤੇ ਹੱਲਾ ਬੋਲਣ ਦੀ ਕਿਸੇ ਹੱਦ ਤੱਕ ਜਿੰਨੀਂ ਵਿਆਪਕ ਮਾਰ ਪਈ ਓਨਾ ਇਹ ਵੀ ਸੱਚ ਹੈ ਕਿ ਨਿੱਜੀਕਰਨ ਅਤੇ ਵਪਾਰੀਕਰਨ ਖ਼ਿਲਾਫ਼ ਵਿਰੋਧ ਤੋਂ ਹੁੰਦੇ ਹੋਏ ਸਿੱਧੀਆਂ ਟੱਕਰਾਂ ਹੋਣਾ ਉਹਨਾਂ ਦੀ ਜੱਥੇਬੰਦੀ ਦਾ ਰੋਜ਼ਮਰ੍ਹਾ ਦਾ ਕੰਮ ਬਣ ਗਿਆ। ਮੰਡੀ ਅਹਿਮਦਗੜ੍ਹ ਡਿਪੂ ਦੇ ਕੋਈ ਅੱਧੀ ਦਰਜਣ ਸਾਥੀਆਂ ਦੀਆਂ ਇੱਕੋ ਵੇਲੇ ਸ਼ਹਾਦਤਾਂ ਤੋਂ ਇਲਾਵਾ ਪੱਲੇਦਾਰਾਂ ਉਪਰ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਨਾ ਆਮ ਜਿਹੀ ਗੱਲ ਬਣ ਗਈ ਸੀ।

ਇਹਨਾਂ ਪੱਲੇਦਾਰਾਂ ਵਿੱਚ ਚੇਤਨ ਟੀਮਾਂ ਬਣੀਆਂ। ਉਹ ਪਿੰਡਾਂ ਦੇ ਲੋਕਾਂ ਨੂੰ ਆਪਣੇ ਘੋਲ ਦੀ ਮੱਦਦ ਅਤੇ ਉਹਨਾਂ ਨੂੰ ਆਪਣੇ ਹੱਕਾਂ ਲਈ ਜੂਝਣ ਲਈ ਚੇਤਨ, ਜੱਥੇਬੰਦ ਹੋ ਕੇ ਸੰਘਰਸ਼ ਕਰਨ ਦਾ ਪੈਗ਼ਾਮ ਦੇਣ ਲੱਗੇ।

ਪੰਜਾਬ ਨਾਟਕ ਕਲਾ ਕੇਂਦਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੀਆਂ ਸਭਿਆਚਾਰਕ ਸਰਗਰਮੀਆਂ ਦੇ ਨਾਲ ਨਾਲ ਪੇਂਡੂ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜੱਥੇਬੰਦ ਕਰਨ ਲਈ ਭਵਾਨੀਗੜ੍ਹ, ਅਹਿਮਦਗੜ੍ਹ ਅਤੇ ਮਲੇਰਕੋਟਲਾ ਖੇਤਰ ਵਿਚ ਪੂਰੀ ਮੱਦਦ ਕਰਦੇ ਰਹੇ। ਅਜੈਬ ਸਿੰਘ ਕਾਲਾਝਾੜ, ਫਕੀਰੀਆ, ਨਿਜ਼ਾਮੁਦੀਨ,ਕਰਮਦੀਨ ਫੱਲੇਵਾਲ ਮੰਡੀ ਅਹਿਮਦਗੜ੍ਹ ਆਦਿ ਪਿੰਡਾਂ ਵਿੱਚ ਪੰਜਾਬ ਦਿਹਾਤੀ ਮਜ਼ਦੂਰ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਇਸਤਰੀ ਭਲਾਈ ਸਭਾ ਅਤੇ ਰੰਗਮੰਚ ਦੀਆਂ ਸਰਗਰਮੀਆਂ ਦੇ ਜ਼ੋਰ ਲੋਕਾਂ ਨੂੰ ਲਾਮਬੰਦ ਕਰਨ ਲੱਗੇ। ਨੌਰੰਗ ਭਵਾਨੀਗੜ੍ਹ ਵਰਗੇ ਪੱਲੇਦਾਰ ਸਾਥੀ ਸਾਰਾ ਦਿਨ ਕੁਇੰਟਲ ਦੀਆਂ ਬੋਰੀਆਂ ਗੁਦਾਮਾਂ ਚੁੱਕਦੇ ਰਾਤਾਂ ਨੂੰ ਨਾਟਕ ਟੀਮਾਂ ਨਾਲ ਜਾ ਕੇ ਗਾਇਕੀ ਦੇ ਰੰਗ ਵਿੱਚ ਰੰਗ ਕੇ ਸੁੱਤੇ ਲੋਕਾਂ ਨੂੰ ਜਗਾਉਣ ਦਾ ਕੰਮ ਕਰਦੇ। ਲੇਖਕ ਦੇ ਲਿਖੇ ਨੌਰੰਗ ਭਵਾਨੀਗੜ੍ਹ ਦੀ ਆਵਾਜ਼ ਵਿਚ ਗਾਏ ਗੀਤ ਲੋਕਾਂ ਅੰਦਰ ਇਸ ਜਾਬਰ ਪ੍ਰਬੰਧ ਖ਼ਿਲਾਫ਼ ਤਿੱਖੀ ਜਮਾਤੀ ਸੂਝ ਬੂਝ ਪੈਦਾ ਕਰਨ ਲੱਗੇ।

**...ਵੇ ਪੁੱਤਾਂ ਗਿਐਂ ਤੂੰ ਮੁਕਾਬਲੇ 'ਚ ਮਾਰਿਆ'**
**'ਦੂਸਰੀ ਦੀਵਾਲੀ ਬੀਤ ਗਈ**
**ਕਿੱਥੋਂ ਚਾਨਣਾ ਵੇ ਭਾਲ ਕੇ ਲਿਆਵਾਂ'**
**ਵਰਗੇ ਗੀਤ**

ਭਵਾਨੀਗੜ੍ਹ ਇਲਾਕੇ ਵਿੱਚ ਇਨਕਲਾਬੀ ਮੈਗਜ਼ੀਨ ਸੁਰਖ਼ ਰੇਖਾ (ਹੁਣ ਸੁਰਖ਼ ਲੀਹ) ਪਹੁੰਚਾਉਣ ਲਈ ਅਜੈਬ ਸਿੰਘ ਸਮੇਤ ਦਰਜਨਾਂ ਪੱਲੇਦਾਰ ਕਾਮੇ ਕੰਮ ਕਰਦੇ।

ਹੋਰਨਾਂ ਤਬਕਿਆਂ ਜਿਵੇਂ ਦੋਧੀਆਂ, ਟਰੱਕ ਡਰਾਈਵਰਾਂ, ਕਿਸਾਨਾਂ, ਮਜ਼ਦੂਰਾਂ, ਦਾਣਾ ਮੰਡੀਆਂ ਦੇ ਕਾਮਿਆਂ, ਬਿਜਲੀ ਕਾਮਿਆਂ ਦੇ ਸੰਘਰਸ਼ਾਂ ਦੀ ਹਮਾਇਤ ਵਿੱਚ ਅਤੇ ਪਿੰਡਾਂ ਅੰਦਰ ਲੋਕ ਪੱਖੀ ਸਭਿਆਚਾਰਕ ਮੁਹਿੰਮ ਵਿੱਚ ਪੱਲੇਦਾਰਾਂ ਵੱਲੋਂ ਭਰਵੀਂ ਸ਼ਮੂਲੀਅਤ ਕਰਦੇ ਰਹੇ। ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੇ ਸ਼ਹੀਦਾਂ ਦੇ ਦਿਨਾਂ 'ਤੇ ਹੁੰਦੇ ਸਮਾਗਮਾਂ ਵਿੱਚ ਵੀ ਹਾਜ਼ਰੀ ਲਗਵਾਉਂਦੇ ਰਹੇ। ਪੰਜਾਬ ਦੇ ਕਾਲੇ ਦੌਰ ਵਿੱਚ ਹਕੂਮਤੀ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਖਿਲਾਫ਼ ਲੋਕਾਂ ਨੂੰ ਭਾਈਚਾਰਕ ਸਾਂਝ ਬਰਕਰਾਰ ਰੱਖਦਿਆਂ ਜਨਤਕ ਟਾਕਰਾ ਕਰਨ ਦਾ ਸੱਦਾ ਦਿੱਤਾ। ਮੈਂ, ਜੋਰਾ ਸਿੰਘ ਨਸਰਾਲੀ, ਸ਼ਹੀਦ ਨਿਧਾਨ ਸਿੰਘ, ਹਰਿੰਦਰ ਲੋਪੋ, ਨਿਰਮਲ ਕੰਗਣਵਾਲ, ਮੇਲਾ ਸਿੰਘ ਕੰਗਣਵਾਲ, ਅਮਰਜੀਤ ਮੱਲ੍ਹੀ ਕਸਤੂਰੀ ਲਾਲ, ਹੰਸਾ ਸਿੰਘ, ਕਮਲਜੀਤ ਬਰਨਾਲਾ,ਸੁਮਨ ਲਤਾ ਆਦਿ ਕਿੰਨਿਆਂ ਨੇ ਪੱਲੇਦਾਰ ਕਾਮਿਆਂ ਨੂੰ ਚੇਤਨ ਕਰਨ ਦਾ ਹਰ ਸੰਭਵ ਯਤਨ ਕੀਤਾ। ਵਰ੍ਹਿਆਂ ਬੱਧੀ ਪੱਲੇਦਾਰ ਕਾਮਿਆਂ ਵਿੱਚ ਹੀ ਜ਼ਿੰਦਗੀ ਗੁਜ਼ਾਰੀ। ਪਿੰਡਾਂ ਵਿਚ ਘਰ ਘਰ ਸਰਗਰਮੀਆਂ ਦਾ ਦਫ਼ਤਰ ਹੀ ਬਣਿਆ ਰਹਿੰਦਾ। ਮੀਟਿੰਗਾਂ, ਵਿਚਾਰਾਂ ਚੱਲਦੀਆਂ ਰਹਿੰਦੀਆਂ। ਇਸ ਸਭਿਆਚਾਰ ਦੇ ਮਾਹੌਲ ਵਿੱਚ ਰੰਗੇ ਜਾਣ ਕਾਰਨ ਹੀ ਅਜੈਬ ਸਿੰਘ ਦਾ ਪਰਿਵਾਰ ਅਗਾਂਹ ਵਧੂ ਇਨਕਲਾਬੀ ਵਿਚਾਰਾਂ ਦੀ ਗੁੜ੍ਹਤੀ ਲੈ ਜੁਆਨ ਹੋਇਆ ਮਸ਼ਾਲ ਬੁਲੰਦ ਰੱਖ ਰਿਹਾ ਹੈ। ਉਸਦੇ ਸਾਰੇ ਪਰਿਵਾਰ ਨੇ ਉਹਨਾਂ ਨਾਲ ਘਰ ਆਉਂਦੇ ਜੱਥੇਬੰਦੀ ਦੇ ਸਾਥੀਆਂ ਨੂੰ ਚਾਈਂ ਚਾਈਂ ਹੱਥਾਂ ਤੇ ਚੁੱਕਿਆ। ਉਹਨਾਂ ਦੀ ਜੀਵਨ ਸਾਥਣ ਮਹਿੰਦਰ ਕੌਰ ਨੇ ਘਰ ਆਏ ਸਾਥੀਆਂ ਨੂੰ ਆਪਣੇ ਭੈਣ ਭਰਾਵਾਂ ਤੋਂ ਵੀ ਵੱਧ ਪਿਆਰ ਦਿੱਤਾ।

ਪੱਲੇਦਾਰਾਂ ਦੇ ਮਸਲਿਆਂ ਸੰਬੰਧੀ ਹੋਈ ਦਿੱਲੀ ਮੀਟਿੰਗ ਤੋਂ 21 ਦਸੰਬਰ 1996 ਨੂੰ ਵਾਪਸ ਘਰ ਮੁੜਦਿਆਂ ਪਟਿਆਲੇ ਤੋਂ ਪਿੰਡ ਨੂੰ ਆਉਂਦੀ ਸੜਕ 'ਤੇ ਹਾਦਸੇ ਦੌਰਾਨ ਸਾਥੀ ਅਜੈਬ ਸਿੰਘ ਕਾਲਾਝਾੜ ਸਦੀਵੀ ਵਿਛੋੜਾ ਦੇ ਗਏ। ਪਰ ਇਹ ਗੱਲ ਹਾਲੇ ਵੀ ਇੱਕ ਰਹੱਸ਼ ਹੀ ਹੈ ਕਿ ਉਹ ਸੜਕ ਹਾਦਸਾ ਸੀ ਜਾਂ ਕੁੱਝ ਹੋਰ। ਇਹ ਦਿਨ ਸਾਰੇ ਪਰਿਵਾਰ, ਪਿੰਡ ਦੇ ਲੋਕਾਂ ਅਤੇ ਪੱਲੇਦਾਰਾਂ ਦੇ ਲਈ ਦੁੱਖਾਂ ਦਾ ਪਹਾੜ ਲੈ ਕੇ ਆਇਆ। ਪਰਿਵਾਰ ਦਾ ਮੋਢੀ, ਪਿੰਡ ਦੇ ਮਜ਼ਦੂਰਾਂ ਅਤੇ ਪੱਲੇਦਾਰਾਂ ਅਤੇ ਲੁੱਟੇ ਪੁੱਟੇ ਜਾ ਰਹੇ ਲੋਕਾਂ ਦਾ ਚੇਤਨ ਆਗੂ ਸਦਾ ਲਈ ਵਿਛੜ ਗਿਆ। ਕਾਲਜ਼ੇ ਰੁੱਗ ਭਰਵੀਂ ਇਹ ਖ਼ਬਰ ਸੁਣ ਕੇ ਹਰ ਅੱਖ ਨਮ ਹੋਈ ਸੀ। ਪਿੰਡ ਵਿੱਚ ਮਾਤਮ ਛਾ ਗਿਆ। ਸਾਥੀ ਅਜੈਬ ਸਿੰਘ ਆਪਣੇ ਪਿੱਛੇ ਆਪਣੀ ਪਤਨੀ ਮਹਿੰਦਰ ਕੌਰ, ਦੋ ਪੁੱਤ ਜਗਤਾਰ ਸਿੰਘ ਤੇ ਅਵਤਾਰ ਸਿੰਘ (ਉਸ ਵੇਲੇ ਉਮਰ ਕ੍ਰਮਵਾਰ 17,12 ਸਾਲ), ਇੱਕ ਧੀ ਕਰਨਵੀਰ ਕੌਰ ਜੋ ਉਸ ਸਮੇਂ ਸਿਰਫ਼ 9 ਸਾਲ ਦੀ ਹੀ ਸੀ, ਛੱਡ ਗਏ ਸਨ। ਉਹ ਆਪਣੇ ਅਖੀਰੀ ਦਮ ਤੱਕ ਪੱਲੇਦਾਰਾਂ, ਬੇਜ਼ਮੀਨੇ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਲਈ ਲੜਦੇ ਰਹੇ। ਸਦੀਵੀ ਵਿਛੋੜੇ ਤੋਂ ਬਾਅਦ ਪੱਲੇਦਾਰ ਯੂਨੀਅਨ ਅਤੇ ਪਰਿਵਾਰ ਨੇ ਉਹਨਾਂ ਦੁਆਰਾ ਉਮਰ ਭਰ ਘਾਲੀ ਘਾਲਣਾ ਨੂੰ ਸਦਾ ਚੇਤਿਆਂ 'ਚ ਵਸਾਈ ਰੱਖਣ ਦੇ ਪ੍ਰਤੀਕ ਵਜੋਂ ਉਹਨਾਂ ਦੀ ਯਾਦਗਾਰ ਬਣਾਈ। ਜਿੱਥੇ ਹਰ ਸਾਲ ਉਹਨਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ ਕੀਤਾ ਜਾਂਦਾ ਹੈ।

ਉਹਨਾਂ ਦੁਆਰਾ ਜ਼ਿੰਦਗੀ ਭਰ ਘਾਲੀ ਘਾਲਣਾ ਤੋਂ ਸੇਧ ਲੈ ਕੇ ਅੱਜ ਉਹਨਾਂ ਦੇ ਪੁੱਤਰ ਜਗਤਾਰ ਸਿੰਘ ਕਾਲਾਝਾੜ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਸੂਬਾਈ ਕਮੇਟੀ ਵਿੱਚ ਆਗੂ ਭੂਮਿਕਾ ਨਿਭਾਅ ਰਹੇ ਹਨ। ਕਰਨਵੀਰ ਕੌਰ ਵੱਖ ਵੱਖ ਸਟੇਜਾਂ 'ਤੇ ਕਵਿਤਾਵਾਂ ਪੇਸ਼ ਕਰਦੇ ਰਹੇ। ਦੂਜਾ ਪੁੱਤਰ ਅਵਤਾਰ ਸਿੰਘ ਰੰਗ ਮੰਚ ਨੂੰ ਸੇਵਾਵਾਂ ਦਿੰਦਾ ਰਿਹਾ। ਪਿੰਡ ਵਿੱਚ ਇਨਕਲਾਬੀ ਸਿਆਸਤ ਦਾ ਬੂਟਾ ਲਾਉਣ ਵਾਲੇ ਉਸ ਘੁਲਾਟੀਏ ਤੋਂ ਪ੍ਰੇਰਨਾ ਲੈ ਕੇ ਉਹਨਾਂ ਦਾ ਭਤੀਜਾ ਪ੍ਰਗਟ ਸਿੰਘ ਕਾਲਾਝਾੜ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾਈ ਆਗੂ ਵਜੋਂ ਜ਼ਮੀਨ ਦੀ ਕਾਣੀ ਵੰਡ ਖਤਮ ਕਰਕੇ ਬੇਜ਼ਮੀਨਿਆਂ ਅਤੇ ਥੁੜ ਜ਼ਮੀਨਿਆ ਵਿੱਚ ਵੰਡਣ ਲਈ ਲਹਿਰ ਦੀ ਉਸਾਰੀ ਵਿੱਚ ਕਈ ਸਾਲਾਂ ਤੋਂ ਡਟੇ ਹੋਏ ਹਨ। ਰਮਨ ਕਾਲਾਝਾੜ ਵਿਦਿਆਰਥੀਆਂ ਵਿਚ ਅਤੇ ਅਰਸ਼ਦੀਪ ਅਰਸ਼ ਕਾਲਾਝਾੜ ਰੰਗ ਕਰਮੀ ਲੋਕਾਂ 'ਚ ਇਨਕਲਾਬੀ ਸਭਿਆਚਾਰਕ ਕਦਰਾਂ ਕੀਮਤਾਂ ਦਾ ਛੱਟਾ ਦੇ ਰਿਹਾ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਹਰ ਸਾਲ ਪਹਿਲੀ ਨਵੰਬਰ ਨੂੰ ਲੱਗਦੇ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਪੇਸ਼ ਕੀਤੇ ਜਾਂਦੇ ਝੰਡੇ ਦੇ ਗੀਤ ਵਿੱਚ ਕਈ ਸਾਲਾਂ ਤੋਂ ਕੰਮ ਕਰਦਾ ਹੈ। ਬਾਕੀ ਸਾਰਾ ਪਰਿਵਾਰ ਵੀ ਅਜੈਬ ਸਿੰਘ ਦੇ ਦਿਖਾਏ ਰਾਹ 'ਤੇ ਚੱਲ ਰਿਹਾ ਹੈ। ਦੱਬੇ ਕੁਚਲੇ ਲੋਕਾਂ ਦੀ ਲਹਿਰ ਵਿੱਚ ਹਿੱਸਾ ਪਾ ਰਿਹਾ ਹੈ। ਬੇਜ਼ਮੀਨਾ ਮਜ਼ਦੂਰ ਪਰਿਵਾਰ ਇਸ ਤਰ੍ਹਾਂ ਲੰਮੇ ਸਮਾਂ ਤੋਂ ਲੋਕ ਹੱਕਾਂ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ।

# ਪੈਗਾਸਸ ਵਿਵਾਦ, ਨਿੱਜਤਾ ਦਾ ਸਵਾਲ ਅਤੇ ਭਾਰਤ



ਬੂਟਾ ਸਿੰਘ ਮਹਿਮੂਦਪੁਰ
94634-74342

*ਅਮਰੀਕਾ ਦੀ ਅਦਾਲਤ ਵੱਲੋਂ ਪੈਗਾਸਸ ਜਾਸੂਸੀ ਸਾਫ਼ਟਵੇਅਰ ਮਾਮਲੇ 'ਚ ਇਜ਼ਰਾਇਲ ਦੇ ਐੱਨਐੱਸਓ ਗਰੁੱਪ ਨੂੰ ਜਵਾਬਦੇਹ ਠਹਿਰਾਉਣਾ ਨਿੱਜਤਾ ਦੀ ਰਾਖੀ ਦੇ ਨਜ਼ਰੀਏ ਤੋਂ ਮਹੱਤਵਪੂਰਨ ਘਟਨਾਕ੍ਰਮ ਹੈ। ਇਸ ਕੇਸ ਅਤੇ ਪੈਗਾਸਸ ਰਾਹੀਂ ਜਾਸੂਸੀ ਨਾਲ ਗੰਭੀਰ ਚਿੰਤਾਵਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ*

ਕੈਲੀਫੋਰਨੀਆ (ਅਮਰੀਕਾ) ਦੀ ਇਕ ਜ਼ਿਲ੍ਹਾ ਅਦਾਲਤ ਵੱਲੋਂ ਇਜ਼ਰਾਇਲ ਦੇ ਐੱਨਐੱਸਓ ਗਰੁੱਪ ਨੂੰ ਵੱਟਸਐਪ ਦੇ ਮੁਕੱਦਮੇ ਵਿਚ ਜਵਾਬਦੇਹ ਠਹਿਰਾਏ ਜਾਣ ਨਾਲ ਸਰਕਾਰਾਂ ਵੱਲੋਂ ਆਪਣੇ ਨਾਗਰਿਕਾਂ ਦੀ ਨਿੱਜਤਾ ਵਿਚ ਸੰਨ੍ਹ ਲਾਉਣ ਦਾ ਸਵਾਲ ਮੁੜ ਚਰਚਾ 'ਚ ਹੈ।

ਐੱਨਐੱਸਓ ਗਰੁੱਪ ਇਜ਼ਰਾਇਲੀ ਕੰਪਨੀ ਹੈ ਜੋ ਬਹੁਤ ਹੀ ਬਦਨਾਮ ਜਾਸੂਸੀ ਸਾਫ਼ਟਵੇਅਰ ਪੈਗਾਸਸ ਦੀ ਨਿਰਮਾਤਾ ਹੈ। ਪੈਗਾਸਸ ਮਿਲਟਰੀ ਗਰੇਡ ਸਾਫ਼ਟਵੇਅਰ (ਯੁੱਧ 'ਚ ਹਥਿਆਰ ਵਾਂਗ ਵਰਤਿਆ ਜਾਣ ਵਾਲਾ) ਹੈ ਜੋ ਮੁੱਖ ਤੌਰ 'ਤੇ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ। ਵੱਟਸਐਪ ਨੇ 2019 'ਚ ਇਸ ਵਿਰੁੱਧ ਮੁਕੱਦਮਾ ਦਾਇਰ ਕੀਤਾ ਸੀ ਕਿ ਸਰਕਾਰਾਂ ਵੱਲੋਂ ਤਕਰੀਬਨ 1400 ਮੋਬਾਈਲ ਫ਼ੋਨਾਂ ਅਤੇ ਹੋਰ ਡਿਜੀਟਲ ਯੰਤਰਾਂ ਵਿਚ ਪੈਗਾਸਾਸ ਸਾਫ਼ਟਵੇਅਰ ਲਗਾ ਕੇ ਉਨ੍ਹਾਂ ਦੀ ਜਾਸੂਸੀ ਕੀਤੀ ਗਈ ਜੋ ਫੈਡਰਲ ਕੰਪਿਊਟਰ ਫਰਾਡ ਐਂਡ ਐਬਿਊਜ਼ ਐਕਟ ਅਤੇ ਕੈਲੀਫੋਰਨੀਆ ਦੇ ਕੰਪਰੀਹੈਂਸਿਵ ਕੰਪਿਊਟਰ ਡੇਟਾ ਐਕਸੈੱਸ ਐਂਡ ਫਰਾਡ ਐਕਟ ਦੋਹਾਂ ਦੀ ਉਲੰਘਣਾ ਹੈ।


ਐੱਨਐੱਸਓ ਗਰੁੱਪ ਦੀਆਂ ਆਪਣੇ ਜਾਸੂਸੀ ਸਾਫ਼ਟਵੇਅਰ ਨੂੰ ਵਾਜਬ ਠਹਿਰਾਉਣ ਲਈ ਪੇਸ਼ ਕੀਤੀਆਂ ਕੋਈ ਵੀ ਸ਼ਾਤਰ ਦਲੀਲਾਂ ਜੱਜ ਨੂੰ ਕਾਇਲ ਨਹੀਂ ਕਰ ਸਕੀਆਂ। ਮੁਕੱਦਮੇ ਦੌਰਾਨ ਐੱਨਐੱਸਓ ਗਰੁੱਪ ਨੇ ਕਿਹਾ ਕਿ ਖ਼ਰੀਦਣ ਵਾਲੀਆਂ ਸਰਕਾਰਾਂ ਹੀ ਪੈਗਾਸਸ ਦੀ ਵਰਤੋਂ ਨੂੰ ਕੰਟਰੋਲ ਕਰਦੀਆਂ ਹਨ ਅਤੇ ਉਹ ਹੀ ਇਸ ਜ਼ਰੀਏ ਹੈਕਿੰਗ ਲਈ ਜ਼ਿੰਮੇਵਾਰ ਹਨ। ਪਰ ਰਿਪੋਰਟਾਂ ਦੱਸਦੀਆਂ ਹਨ ਕਿ ਕੰਟਰੋਲ ਐੱਨਐੱਸਓ ਕੋਲ ਹੀ ਰਹਿੰਦਾ ਹੈ। ਐੱਨਐੱਸਓ ਨੇ ਇਹ ਵੀ ਕਿਹਾ ਕਿ ਇਹ ਆਪਣੇ ਸੋਰਸ ਕੋਡ ਸਿਰਫ਼ ਕਿਸੇ ਇਜ਼ਰਾਇਲੀ ਨਾਗਰਿਕ ਨੂੰ ਹੀ ਦਿਖਾ ਸਕਦਾ ਹੈ, ਜਿਸ ਨੂੰ ਜੱਜ ਨੇ ਗ਼ੈਰਵਿਹਾਰਕ ਕਹਿ ਕੇ ਰੱਦ ਕਰ ਦਿੱਤਾ।

ਜੱਜ ਨੇ ਆਪਣੇ ਆਦੇਸ਼ 'ਚ ਕਿਹਾ ਕਿ ਪੈਗਾਸਸ ਸਾਫ਼ਟਵੇਅਰ ਆਪਣੇ ਗਾਹਕਾਂ ਨੂੰ ਵੱਟਸਐਪ ਦਾ ਸੋਧਿਆ ਹੋਇਆ ਰੂਪ ਵਰਤਣ ਦੀ ਇਜਾਜ਼ਤ ਦਿੰਦਾ ਹੈ ਅਤੇ ਪੈਗਾਸਸ ਖ਼ਰੀਦਣ ਵਾਲੇ ਇਸ ਜ਼ਰੀਏ ਫ਼ੋਨਾਂ ਤੇ ਹੋਰ ਡਿਜੀਟਲ ਯੰਤਰ ਵਰਤਣ ਵਾਲਿਆਂ ਨੂੰ "ਇੰਸਟਾਲੇਸ਼ਨ ਵੈਕਟਰਾਂ" ਦੇ ਨਾਲ-ਨਾਲ "ਸਿਫ਼ਰ" ਫ਼ਾਈਲਾਂ ਭੇਜ ਕੇ ਉਨ੍ਹਾਂ ਦੀ ਜਾਸੂਸੀ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ, ਐੱਨਐੱਸਓ ਗਰੁੱਪ ਨੇ ਯੂ.ਐੱਸ. ਦੇ ਕੰਪਿਊਟਰ ਫਰਾਡ ਐਂਡ ਐਬਿਊਜ਼ ਐਕਟ ਅਤੇ ਵੱਟਸ ਦੀਆਂ ਆਪਣੀਆਂ ਸੇਵਾਵਾਂ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ। ਜੱਜ ਨੇ ਇਹ ਵੀ ਨੋਟ ਕੀਤਾ ਕਿ ਗਰੁੱਪ "ਪ੍ਰਸੰਗਿਕ ਖੋਜ" ਪੇਸ਼ ਕਰਨ 'ਚ ਅਤੇ "ਅਜਿਹੀ ਖੋਜ ਸੰਬੰਧੀ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ 'ਚ ਲਗਾਤਾਰ ਅਸਫ਼ਲ ਰਿਹਾ।" ਵੱਟਸਐਪ ਦੇ ਅਧਿਕਾਰੀਆਂ ਨੇ ਇਸ ਅਦਾਲਤੀ ਆਦੇਸ਼ ਨੂੰ "ਨਿੱਜਤਾ ਦੀ ਵੱਡੀ ਜਿੱਤ" ਕਿਹਾ ਹੈ। ਇਹ ਵੀ ਰਿਪੋਰਟ ਹੈ ਕਿ ਮਾਰਚ 2025 'ਚ ਐੱਨਐੱਸਓ ਨੂੰ ਵੱਟਸਐਪ ਨੂੰ ਹੋਏ ਨੁਕਸਾਨ ਦੇ ਇਕ ਵੱਖਰੇ ਮੁਕੱਦਮੇ ਦਾ ਸਾਹਮਣਾ ਵੀ ਕਰਨਾ ਪਵੇਗਾ।

ਪਿਛਲੇ ਸਾਲਾਂ 'ਚ ਇਹ ਭੇਤ ਖੁੱਲ੍ਹਿਆ ਸੀ ਕਿ 'ਪੈਗਾਸਸ' ਜ਼ਰੀਏ ਸਟੇਟ ਅਤੇ ਹੋਰ ਏਜੰਸੀਆਂ ਨਾਪਸੰਦ ਵਿਅਕਤੀ ਦੀ ਨਿੱਜਤਾ ਨੂੰ ਜਦੋਂ ਚਾਹੁਣ ਨਿਸ਼ਾਨਾ ਬਣਾ ਸਕਦੀਆਂ ਹਨ। ਅਜਿਹੇ ਵਿਅਕਤੀਆਂ ਦੇ ਫ਼ੋਨ ਜਾਂ ਕੰਪਿਊਟਰ ਵਿਚ ਚੋਰੀ-ਚੋਰੀ ਸਾਫ਼ਟਵੇਅਰ ਭੇਜ ਦਿੱਤਾ ਜਾਂਦਾ ਹੈ। ਫ਼ੋਨ ਵਰਤੋਂਕਾਰ ਵੱਲੋਂ ਬਿਨਾਂ ਕਲਿੱਕ ਕੀਤੇ ਹੀ ਸਾਫ਼ਟਵੇਅਰ ਆਪਣੇ ਆਪ ਚੱਲ ਪੈਂਦਾ ਹੈ ਅਤੇ ਡਿਜੀਟਲ ਯੰਤਰ ਪੂਰੀ ਤਰ੍ਹਾਂ ਜਾਸੂਸੀ ਕਰਨ ਵਾਲਿਆਂ ਦੇ ਕੰਟਰੋਲ 'ਚ ਆ ਜਾਂਦਾ ਹੈ। ਇਹ ਫ਼ੋਨ ਦਾ ਸਮੁੱਚਾ ਡੇਟਾ ਚੁਰਾਉਣ ਦੇ ਨਾਲ-ਨਾਲ ਫ਼ੋਨ ਦੇ ਕੈਮਰੇ ਅਤੇ ਮਾਈਕ ਨੂੰ ਆਪਣੇ ਆਪ ਚਲਾ ਕੇ ਵਾਇਸ ਅਤੇ ਵੀਡੀਓ ਕਾਲ ਦੀ ਲਾਈਵ ਰਿਕਾਰਡਿੰਗ ਕਰਨ ਦੇ ਸਮਰੱਥ ਹੈ। ਇੰਞ, ਨਾਗਰਿਕਾਂ ਦੀ ਨਿੱਜਤਾ ਪੂਰੀ ਤਰ੍ਹਾਂ ਸਾਫ਼ਟਵੇਅਰ ਖ਼ਰੀਦਦਾਰ ਦੇ ਕੰਟਰੋਲ 'ਚ ਹੈ, ਖ਼ਰੀਦਦਾਰ ਚਾਹੇ ਸਟੇਟ ਹੋਵੇ ਜਾਂ ਕੋਈ ਹੋਰ ਤਾਕਤਵਰ ਏਜੰਸੀ।

ਇਹ ਸਾਫ਼ਟਵੇਅਰ ਐਨਾ ਜ਼ਿਆਦਾ ਮਹਿੰਗਾ ਹੈ ਕਿ ਇਸ ਨੂੰ ਸਰਕਾਰ ਅਤੇ ਵੱਡੇ ਕਾਰੋਬਾਰੀ ਹੀ ਖ਼ਰੀਦ ਸਕਦੇ ਹਨ। ਇਹ ਸਾਫ਼ਟਵੇਅਰ ਲਗਾਉਣ ਦੀ ਮੁੱਢਲੀ ਫ਼ੀਸ ਹੀ ਸਾਢੇ ਤਿੰਨ ਕਰੋੜ ਰੁਪਏ ਹੈ। 10 ਐਂਡਰੌਇਡ ਜਾਂ ਆਈਫ਼ੋਨਾਂ ਦੀ ਜਾਸੂਸੀ ਕਰਨ ਦਾ ਖ਼ਰਚਾ ਪੰਜ ਕਰੋੜ ਇਸ ਤੋਂ ਵੱਖਰਾ ਹੈ। ਨਿਰਸੰਦੇਹ, ਸਰਕਾਰਾਂ ਜਾਂ ਖ਼ੁਫ਼ੀਆ ਏਜੰਸੀਆਂ ਹੀ ਇਸ ਦੀ ਵਰਤੋਂ ਕਰ ਸਕਦੀਆਂ ਹਨ। ਭਾਰਤ ਦੀ ਮੌਜੂਦਾ ਹਕੂਮਤ ਆਪਣੇ ਸੌੜੇ ਸਵਾਰਥਾਂ ਲਈ ਇਸ ਸਾਫ਼ਟਵੇਅਰ ਦੀ ਵਿਆਪਕ ਪੈਮਾਨੇ 'ਤੇ ਦੁਰਵਰਤੋਂ ਕਰਨ ਦੀ ਸਿਰਫ਼ ਤਾਕਤ ਹੀ ਨਹੀਂ ਰੱਖਦੀ, ਸਗੋਂ ਆਪਣੇ ਹਿੰਦੂਤਵ ਪ੍ਰੋਜੈਕਟ ਅਨੁਸਾਰ ਸਮਾਜ ਦੀ ਭੰਨਘੜ ਕਰਨ ਲਈ ਨਾਪਸੰਦ ਖ਼ਿਆਲਾਂ ਨੂੰ ਨਿਸ਼ਾਨਾ ਬਣਾਉਣਾ ਇਸ ਦਾ ਬਕਾਇਦਾ ਏਜੰਡਾ ਹੈ। ਜੁਡੀਸ਼ਰੀ, ਚੋਣ ਕਮਿਸ਼ਨ, ਵਿਰੋਧੀ-ਧਿਰ, ਕੈਬਨਿਟ ਮੰਤਰੀ ਅਤੇ ਮੀਡੀਆ ਸਭ ਦੀ ਜਾਸੂਸੀ ਹੋ ਰਹੀ ਹੈ। ਉੱਘੇ ਪੱਤਰਕਾਰਾਂ ਤੋਂ ਲੈ ਕੇ ਸਰਕਾਰ ਦੇ ਚਹੇਤੇ ਕਾਰਪੋਰੇਟਾਂ, ਮੋਦੀ ਦੇ ਚਹੇਤੇ ਸੀਨੀਅਰ ਸੀ.ਬੀ.ਆਈ. ਅਫ਼ਸਰਾਂ ਅਤੇ ਹਿੰਦੂਤਵ ਆਗੂ ਪ੍ਰਵੀਨ ਤੋਗੜੀਆ ਤੱਕ ਦੀ ਜਾਸੂਸੀ ਤੋਂ ਸਪਸ਼ਟ ਹੈ ਕਿ ਜਿਸ ਦਾ ਵਤੀਰਾ ਸਰਕਾਰ ਵਿਰੋਧੀ ਹੈ ਜਾਂ ਜਿਸ ਦੀ ਸੱਤਾ ਪ੍ਰਤੀ ਵਫ਼ਾਦਾਰੀ ਉੱਪਰ ਸ਼ੱਕ ਹੈ ਜਾਂ ਜਿਸ ਕੋਲ ਸਰਕਾਰ ਬਣਾਉਣ ਉੱਪਰ ਅਸਰਅੰਦਾਜ਼ ਹੋਣ ਦੀ ਤਾਕਤ ਹੈ ਉਹ ਸਾਰੇ ਪੈਗਾਸਸ ਦੇ ਨਿਸ਼ਾਨੇ 'ਤੇ ਹਨ।

2019 'ਚ ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਦੇ ਖ਼ੁਲਾਸੇ ਨੇ ਦੁਨੀਆ ਨੂੰ ਚੌਕਸ ਕੀਤਾ ਸੀ ਕਿ 2016-2018 ਦੇ ਦੋ ਸਾਲ ਦੇ ਅਰਸੇ ਵਿਚ ਕੈਨੇਡਾ, ਬਰਾਜ਼ੀਲ ਅਤੇ ਭਾਰਤ ਸਮੇਤ 45 ਮੁਲਕਾਂ ਵਿਚ ਪੈਗਾਸਸ ਰਾਹੀਂ ਨਾਗਰਿਕਾਂ ਦੀ ਨਿੱਜਤਾ ਨੂੰ ਨਿਸ਼ਾਨਾ ਬਣਾਇਆ ਗਿਆ। ਵੱਟਸਐਪ ਰਾਹੀਂ ਸੰਨ੍ਹ ਲਗਾ ਕੇ ਦੁਨੀਆ ਭਰ ਦੇ 1400 ਵਰਤੋਂਕਾਰਾਂ ਦੀ ਡਿਜੀਟਲ ਜਾਸੂਸੀ ਕੀਤੀ ਗਈ। ਭਾਰਤ ਦੇ ਅੱਠ ਮੋਬਾਈਲ ਨੈੱਟਵਰਕਾਂ ਨੂੰ ਇਸਤੇਮਾਲ ਕਰਕੇ 121 ਵਿਅਕਤੀਆਂ ਦੇ ਫ਼ੋਨਾਂ ਵਿਚ ਘੁਸਪੈਠ ਕੀਤੀ ਗਈ। ਇਨ੍ਹਾਂ ਵਿੱਚੋਂ 20 ਦੇ ਕਰੀਬ ਸ਼ਖ਼ਸੀਅਤਾਂ ਨੂੰ ਵੱਟਸਐਪ ਅਤੇ ਸਿਟੀਜ਼ਨ ਲੈਬ ਦੋਨਾਂ ਵੱਲੋਂ ਸੰਪਰਕ ਕਰਕੇ ਇਸ ਬਾਰੇ ਚੁਕੰਨੇ ਕੀਤਾ ਗਿਆ। ਫਿਰ 2021 'ਚ 'ਪੈਗਾਸਸ ਪ੍ਰੋਜੈਕਟ' ਤਹਿਤ 10 ਮੁਲਕਾਂ ਦੀਆਂ 17 ਮੀਡੀਆ ਸੰਸਥਾਵਾਂ, ਜਿਨ੍ਹਾਂ ਵਿਚ ਭਾਰਤ ਦਾ ਸੁਤੰਤਰ ਨਿਊਜ਼ ਪੋਰਟਲ ਦ ਵਾਇਰ ਵੀ ਸ਼ਾਮਿਲ ਸੀ, ਦੇ 80 ਪੱਤਰਕਾਰਾਂ ਵੱਲੋਂ ਐਮਨੈਸਟੀ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਜੋ ਛਾਣਬੀਣ ਕੀਤੀ ਗਈ, ਉਸ ਨੇ ਡਿਜੀਟਲ ਜਾਸੂਸੀ ਦੀਆਂ ਹੋਰ ਬਹੁਤ ਸਾਰੀਆਂ ਪਰਤਾਂ ਸਾਹਮਣੇ ਲਿਆਂਦੀਆਂ। ਇਸ ਪ੍ਰੋਜੈਕਟ ਦੀ ਤਾਲਮੇਲ ਕਰਤਾ ਫਰਾਂਸ ਦੀ ਸੁਤੰਤਰ ਮੀਡੀਆ ਸੰਸਥਾ ਫਾਰਬਿਡਨ ਸਟੋਰੀਜ਼ ਸੀ ਜੋ ਸੈਂਸਰਸ਼ਿਪ ਤੋਂ ਬੇਪ੍ਰਵਾਹ ਹੋ ਕੇ ਸੰਵੇਦਨਸ਼ੀਲ ਮੁੱਦਿਆਂ ਉੱਪਰ ਖੋਜੀ ਪੱਤਰਕਾਰਾਂ ਦੀਆਂ ਰਿਪੋਰਟਾਂ ਛਾਪਦੀ ਹੈ। ਇਸ ਪ੍ਰੋਜੈਕਟ ਨੇ 50 ਹਜ਼ਾਰ ਫ਼ੋਨ ਨੰਬਰਾਂ ਦੇ ਲੀਕ ਹੋਏ ਡੇਟਾਬੇਸ ਦੀ ਛਾਣਬੀਣ ਕੀਤੀ ਜਿਨ੍ਹਾਂ ਨੂੰ ਇਸ ਸਪਾਈਵੇਅਰ ਰਾਹੀਂ ਜਾਸੂਸੀ ਦਾ ਨਿਸ਼ਾਨਾ ਬਣਾਏ ਜਾਣ ਦਾ ਸ਼ੱਕ ਸੀ। ਇਨ੍ਹਾਂ ਵਿੱਚੋਂ 10 ਮੁਲਕਾਂ ਦੇ 1571 ਤੋਂ ਵੱਧ ਨੰਬਰਾਂ ਦੇ ਮਾਲਕਾਂ ਦੀ ਸ਼ਨਾਖ਼ਤ ਵੀ ਹੋ ਗਈ। ਫਾਰੈਂਸਿਕ ਜਾਂਚ ਕਰਨ 'ਤੇ ਪਤਾ ਲੱਗਿਆ ਕਿ ਡੇਟਾਬੇਸ ਵਿਚ ਸ਼ਾਮਿਲ ਕਿਹੜੇ ਨੰਬਰ ਨੂੰ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਜਾਂ ਇਹ ਕੋਸ਼ਿਸ਼ ਕਾਮਯਾਬ ਰਹੀ। ਜੋ ਨੰਬਰ ਡੇਟਾਬੇਸ ਸੂਚੀ ਵਿਚ ਹੈ ਪਰ ਜਿਸ ਦੇ ਫ਼ੋਨ ਦੀ ਫਾਰੈਂਸਿਕ ਜਾਂਚ ਨਹੀਂ ਕੀਤੀ ਗਈ, ਉਹ ਸੰਭਾਵੀ ਨਿਸ਼ਾਨਾ ਵੀ ਹੋ ਸਕਦਾ ਹੈ। ਇਸ ਜਾਂਚ ਦੌਰਾਨ ਐੱਨਐੱਸਓ ਨੇ ਆਪਣੇ ਗਾਹਕਾਂ, ਜਿਨ੍ਹਾਂ ਨੂੰ ਇਹ ਸਾਫ਼ਟਵੇਅਰ ਵੇਚਿਆ ਗਿਆ ਸੀ, ਦੀ ਸੂਚੀ ਜਨਤਕ ਕਰਨ ਤੋਂ ਨਾਂਹ ਕਰ ਦਿੱਤੀ। ਪਰ ਭਾਰਤ ਵਿਚ ਪੈਗਾਸਸ ਵਰਤੇ ਜਾਣ ਦੇ ਸੁਰਾਗ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਚੁਣਿਆ ਗਿਆ, ਉਸ ਤੋਂ ਮਜ਼ਬੂਤ ਸੰਕੇਤ ਮਿਲ ਗਏ ਕਿ ਇੱਥੇ ਇਹ ਸਾਫ਼ਟਵੇਅਰ ਵਰਤਣ ਵਾਲੀ ਕੋਈ ਸਰਕਾਰੀ ਏਜੰਸੀ ਹੀ ਹੈ।



ਦ ਵਾਇਰ ਅਤੇ ਐਮਨੈਸਟੀ ਇੰਟਰਨੈਸ਼ਨਲ ਨੇ ਮੁੱਢਲੇ ਤੌਰ 'ਤੇ 136 ਵਿਅਕਤੀਆਂ ਦੀ ਸੂਚੀ ਨਸ਼ਰ ਕੀਤੀ ਜੋ ਨਿਸ਼ਾਨਾ ਬਣੇ ਜਾਂ ਨਿਸ਼ਾਨਾ ਬਣੇ ਹੋ ਸਕਦੇ ਹਨ। ਇਨ੍ਹਾਂ ਵਿਚ ਘੱਟੋਘੱਟ 40 ਭਾਰਤੀ ਪੱਤਰਕਾਰ ਸ਼ਾਮਿਲ ਸਨ ਜਿਨ੍ਹਾਂ ਵਿੱਚੋਂ ਕਈਆਂ ਦੇ ਫ਼ੋਨਾਂ ਉੱਪਰ ਪੈਗਾਸਸ ਦੀ ਮੌਜੂਦਗੀ ਸਾਬਤ ਹੋ ਗਈ। ਸੀਨੀਅਰ ਪੱਤਰਕਾਰਾਂ ਐੱਮ.ਕੇ.ਵੇਨੂ, ਸਿਧਾਰਥ ਵਰਧਰਾਜਨ, ਸੁਸ਼ਾਂਤ ਸਿੰਘ, ਪਰੰਜੇ ਗੁਹਾ ਠਾਕੁਰਤਾ, ਐੱਸ.ਐੱਨ.ਐੱਮ.ਅਬਦੀ, ਵਿਜੇਤਾ ਸਿੰਘ, ਸਮਿਤਾ ਸ਼ਰਮਾ ਦੇ ਫ਼ੋਨਾਂ ਉੱਪਰ ਸਪਾਈਵੇਅਰ ਦੀ ਪੁਸ਼ਟੀ ਹੋਈ। ਸੂਚੀ ਵਿਚ ਜੋ ਹੋਰ ਸੀਨੀਅਰ ਪੱਤਰਕਾਰਾਂ ਦੇ ਨਾਂ ਸ਼ਾਮਿਲ ਸਨ ਜਿਵੇਂ ਰੋਹਿਨੀ ਸਿੰਘ, ਪ੍ਰਸ਼ਾਂਤ ਝਾਅ, ਪ੍ਰੇਮ ਸ਼ੰਕਰ ਝਾਅ, ਮੁਜ਼ਾਮਿਲ ਜਲੀਲ, ਜੇ.ਗੋਪੀਕ੍ਰਿਸ਼ਨ, ਸੈਕਤ ਦੱਤਾ, ਇਫ਼ਤਿਖ਼ਾਰ ਗਿਲਾਨੀ, ਜਸਪਾਲ ਸਿੰਘ ਹੇਰਾਂ (ਮੁੱਖ ਸੰਪਾਦਕ ਰੋਜ਼ਾਨਾ ਪਹਿਰੇਦਾਰ), ਰੂਪੇਸ਼ ਕੁਮਾਰ ਸਿੰਘ ਆਦਿ, ਉਹ ਵੀ ਨਿਸ਼ਾਨੇ 'ਤੇ ਸਨ। ਪੱਤਰਕਾਰਾਂ ਤੋਂ ਇਲਾਵਾ, ਉੱਘੇ ਮੁੱਖਧਾਰਾ ਸਿਆਸਤਦਾਨਾਂ ਅਤੇ ਸੀਬੀਆਈ ਦੇ ਸੀਨੀਅਰ ਅਧਿਕਾਰੀਆਂ, ਵਿਗਿਆਨੀਆਂ, ਨਾਗਾ ਤੇ ਕਸ਼ਮੀਰੀ ਆਗੂਆਂ ਅਤੇ ਉੱਤਰ-ਪੂਰਬ ਦੀਆਂ ਹੋਰ ਸ਼ਖ਼ਸੀਅਤਾਂ ਦੇ ਨਾਂ ਵੀ ਸੂਚੀ ਵਿਚ ਸਨ। ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ ਫਸਾਏ ਬੁੱਧੀਜੀਵੀਆਂ ਵਿੱਚੋਂ ਨੌਂ ਸ਼ਖ਼ਸੀਅਤਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਉਨ੍ਹਾਂ ਦੇ ਵਕੀਲਾਂ, ਹੋਰ ਉੱਘੇ ਕਾਰਕੁੰਨਾਂ ਅਤੇ ਜੇ.ਐੱਨ.ਯੂ. ਦੇ ਤਿੰਨ ਸਾਬਕਾ ਵਿਦਿਆਰਥੀ ਆਗੂਆਂ ਦੇ ਨਾਂ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਉੱਪਰ ਸਰਕਾਰ ਦੇ ਆਲੋਚਕ ਹੋਣ ਕਾਰਨ ਨਜ਼ਰ ਰੱਖੀ ਜਾ ਰਹੀ ਸੀ। ਰੱਖਿਆ ਮਾਮਲਿਆਂ ਦੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦੀ ਜਾਸੂਸੀ ਤੋਂ ਜ਼ਾਹਿਰ ਸੀ ਕਿ ਰਾਫ਼ੇਲ ਘੋਟਾਲੇ ਨਾਲ ਜੁੜੀਆਂ ਖ਼ਬਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਸੀ। ਮੋਦੀ ਦੇ ਚਹੇਤੇ ਸੀਬੀਆਈ ਦੇ ਸੀਨੀਅਰ ਅਫ਼ਸਰਾਂ ਦੀ ਜਾਸੂਸੀ ਤੋਂ ਸਪਸ਼ਟ ਸੀ ਕਿ ਉਨ੍ਹਾਂ ਦੀ ਵਫ਼ਾਦਾਰੀ ਵੀ ਨਿਗਰਾਨੀ ਹੇਠ ਸੀ। ਸੀਬੀਆਈ ਦੇ ਤੱਤਕਾਲੀ ਨਿਰਦੇਸ਼ਕ ਆਲੋਕ ਵਰਮਾ ਅਤੇ ਉਸ ਦੇ ਪਰਿਵਾਰ ਦੇ ਅੱਠ ਜੀਆਂ ਦੀ ਜਾਸੂਸੀ ਦੀ ਕੋਈ ਖ਼ਾਸ ਵਜ੍ਹਾ ਹੋਵੇਗੀ। ਅਨਿਲ ਅੰਬਾਨੀ, ਰਾਫ਼ੇਲ ਜਹਾਜ਼ ਨਿਰਮਾਤਾ ਕੰਪਨੀ ਦੇ ਨੁਮਾਇੰਦੇ ਵੈਂਕਟ ਰਾਓ, ਸਾਬ ਇੰਡੀਆ ਦੇ ਮੁਖੀ ਇੰਦਰਜੀਤ ਸਿਆਲ ਅਤੇ ਬੋਇੰਗ ਇੰਡੀਆ ਦੇ ਮੁਖੀ ਪ੍ਰਤਿਊਸ਼ ਕੁਮਾਰ, ਫਰਾਂਸ ਦੀ ਕੰਪਨੀ ਐਨਰਜੀ ਈਡੀਐੱਫ ਦੇ ਮੁਖੀ ਹਰਮਨਜੀਤ ਨੇਗੀ ਆਦਿ ਵੱਡੇ ਕਾਰੋਬਾਰੀਆਂ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਦੇ ਫ਼ੋਨ ਨੰਬਰ ਵੀ ਲੀਕ ਹੋਏ ਡੇਟਾ ਵਿਚ ਮਿਲੇ। ਜ਼ਾਹਿਰ ਹੈ ਕਿ ਕਿਸੇ ਖ਼ਾਸ ਮਨੋਰਥ ਤਹਿਤ ਉਹ ਸਾਰੇ ਨਿਗਰਾਨੀ ਹੇਠ ਸਨ। ਅਨਿਲ ਅੰਬਾਨੀ ਅਤੇ ਉਸ ਦੇ ਅਧਿਕਾਰੀ ਇਸ ਲਈ ਨਿਗਰਾਨੀ ਹੇਠ ਸਨ ਕਿ ਉਹ ਰਾਫ਼ੇਲ ਘੁਟਾਲੇ ਵਿਚ ਕੋਈ ਬਿਆਨ ਦੇ ਕੇ ਮੋਦੀ ਵਜ਼ਾਰਤ ਲਈ ਕੋਈ ਮੁਸੀਬਤ ਖੜ੍ਹੀ ਨਾ ਕਰ ਦੇਣ।

ਆਰਐੱਸਐੱਸ-ਬੀਜੇਪੀ ਸਰਕਾਰ ਨੇ ਇਹ ਝੂਠ ਪ੍ਰਚਾਰਨ ਦੀ ਕੋਸ਼ਿਸ ਕੀਤੀ ਕਿ ਇਸ ਦਾ ਜਾਸੂਸੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਵੀ ਕਿਹਾ ਗਿਆ ਕਿ ਇਹ ਸਰਕਾਰ ਨੂੰ ਬਦਨਾਮ ਕਰਨ ਦੀ ਵਿਰੋਧੀ ਧਿਰ ਦੀ ਸਾਜ਼ਿਸ਼ ਹੈ। ਜਾਅਲੀ ਖ਼ਬਰਾਂ ਅਤੇ ਅਫ਼ਵਾਹਾਂ ਦੇ ਮਾਹਿਰ ਸੰਘ ਬਰਗੇਡ ਨੇ ਇਨ੍ਹਾਂ ਖ਼ੁਲਾਸਿਆਂ ਨੂੰ "ਪੀਲੀ ਪੱਤਰਕਾਰੀ" ਦਾ ਨਾਂ ਦਿੱਤਾ। ਪਰ ਉਨ੍ਹਾਂ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਕਿ ਜੋ ਸਾਫ਼ਟਵੇਅਰ ਸਿਰਫ਼ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ ਅਤੇ ਜੋ ਆਮ ਨਾਗਰਿਕਾਂ ਦੀ ਪਹੁੰਚ ਵਿਚ ਨਹੀਂ ਹੈ, ਉਹ ਭਾਰਤ ਵਿਚ ਕਿਵੇਂ ਵਰਤਿਆ ਗਿਆ। ਜੇ ਭਾਰਤ ਸਰਕਾਰ ਨੇ ਨਹੀਂ ਖ਼ਰੀਦਿਆ, ਫਿਰ ਉਹ ਕਿਹੜੀ ਏਜੰਸੀ ਹੈ ਜਿਸ ਨੇ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਹੀ ਖ਼ਰੀਦ ਕੇ ਐਨੇ ਲੋਕਾਂ ਦੀ ਜਾਸੂਸੀ ਕੀਤੀ ਅਤੇ ਉਸ ਦਾ ਮਨੋਰਥ ਕੀ ਸੀ? ਫਰਾਂਸ ਨੇ ਇਸ ਦੀ ਪਾਰਲੀਮੈਂਟਰੀ ਜਾਂਚ ਦਾ ਆਦੇਸ਼ ਦਿੱਤਾ; ਜਰਮਨੀ ਦੇ ਚਾਂਸਲਰ ਨੇ ਇਸ ਸਾਫ਼ਟਵੇਅਰ ਦੇ ਵਪਾਰ ਉੱਪਰ ਬੰਦਸ਼ਾਂ ਲਾਉਣ ਦਾ ਸੱਦਾ ਦਿੱਤਾ; ਹੰਗਰੀ ਨੇ ਵੀ ਜਾਂਚ ਕਰਾਉਣ ਦਾ ਐਲਾਨ ਕੀਤਾ, ਪਰ ਭਾਰਤ ਦੀ ਭਗਵਾ ਸਰਕਾਰ ਜਾਂਚ ਕਰਾਉਣ ਤੋਂ ਹੀ ਟਾਲਮਟੋਲ ਕਰਦੀ ਰਹੀ। ਨਾ ਇਸ ਨੇ ਸਾਫ਼ਟਵੇਅਰ ਖ਼ਰੀਦਣ ਦੀ ਪੁਸ਼ਟੀ ਕੀਤੀ ਅਤੇ ਨਾ ਇਨਕਾਰ ਕੀਤਾ। 2021 'ਚ ਸੁਪਰੀਮ ਕੋਰਟ ਦੇ ਆਦੇਸ਼ 'ਤੇ ਬਣਾਈ ਤਕਨੀਕੀ ਕਮੇਟੀ ਨੇ ਪੰਜ ਫ਼ੋਨਾਂ ਦੀ ਜਾਂਚ ਕਰਕੇ ਕਿਹਾ ਕਿ ਉਨ੍ਹਾਂ ਨੂੰ ਸਿੱਟਾਜਨਕ ਸਬੂਤ ਤਾਂ ਨਹੀਂ ਮਿਲਿਆ, ਪਰ ਇਹ ਗੱਲ ਵੀ ਕਹੀ ਕਿ ਕੇਂਦਰ ਸਰਕਾਰ ਨੇ ਜਾਂਚ 'ਚ ਸਹਿਯੋਗ ਨਹੀਂ ਦਿੱਤਾ। ਰਿਪੋਰਟ ਅਜੇ ਵੀ ਸੀਲਬੰਦ ਪਈ ਹੈ।

ਭਾਰਤ ਵਰਗੇ ਮੁਲਕਾਂ 'ਚ ਜਿੱਥੇ ਨਾਗਰਿਕਾਂ ਦੀ ਨਿੱਜਤਾ ਦੀ ਸੁਰੱਖਿਆ ਲਈ ਭਰੋਸੇਯੋਗ ਸੰਵਿਧਾਨਕ ਵਿਵਸਥਾ ਨਾ ਹੋਣ ਕਾਰਨ ਸਰਕਾਰ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਜਿੱਥੇ ਸੰਵਿਧਾਨ ਦੀਆਂ ਸਭ ਤੋਂ ਵੱਧ ਧੱਜੀਆਂ ਹਕੂਮਤ ਵੱਲੋਂ ਹੀ ਉਡਾਈਆਂ ਜਾਂਦੀਆਂ ਹਨ, ਉੱਥੇ ਕੇਂਦਰ ਸਰਕਾਰ ਵੱਲੋਂ ਆਪਣੀ ਕਿਸੇ ਖ਼ੁਫ਼ੀਆ ਏਜੰਸੀ ਰਾਹੀਂ ਨਾਗਰਿਕਾਂ ਦੀ ਨਿੱਜਤਾ 'ਚ ਸੰਨ੍ਹ ਲਾਉਣਾ ਬਹੁਤ ਸੌਖਾ ਹੈ। ਏਸ਼ੀਆ ਟਾਈਮਜ਼ ਦੀ 2019 ਦੀ ਰਿਪੋਰਟ ਅਨੁਸਾਰ, "ਘੱਟੋਘੱਟ ਇਕ ਕੇਂਦਰੀ ਖ਼ੁਫ਼ੀਆ ਏਜੰਸੀ ਪੈਗਾਸਸ ਜਾਸੂਸੀ ਸਾਫ਼ਟਵੇਅਰ ਦੇ ਖ਼ਰੀਦਦਾਰਾਂ ਚੋਂ ਇਕ ਸੀ ਜੋ ਹਰ ਸੂਬੇ ਤੋਂ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਦੀ ਹੈ।" ਕੇਂਦਰੀ ਏਜੰਸੀ ਆਈਬੀ (ਇੰਟੈਲੀਜੈਂਸ ਬਿਊਰੋ) ਬਰਤਾਨਵੀ ਹਕੂਮਤ ਦੇ 1887 ਦੇ ਇਕ ਹੁਕਮ ਤਹਿਤ ਬਣਾਈ ਗਈ ਸੀ ਅਤੇ ਰਾਅ ਵੀ 1968 'ਚ ਸਿਰਫ਼ ਇਕ ਸਰਕਾਰੀ ਹੁਕਮ ਰਾਹੀਂ ਬਣਾਈ ਗਈ ਸੀ। ਆਈਬੀ ਦਾ ਸਾਬਕਾ ਜੁਆਇੰਟ ਡਾਇਰੈਕਟਰ ਮਲੋਏ ਕ੍ਰਿਸ਼ਨਾ ਧਰ ਆਪਣੀ ਚਰਚਿਤ ਕਿਤਾਬ "ਖੁੱਲ੍ਹੇ ਭੇਤ" ਵਿਚ ਏਜੰਸੀ ਦੀਆਂ ਮਨਮਾਨੀਆਂ ਉੱਪਰ ਗੰਭੀਰ ਸਵਾਲ ਉਠਾ ਚੁੱਕਾ ਹੈ। ਇਹ ਏਜੰਸੀਆਂ ਸਿੱਧੀਆਂ ਕੇਂਦਰ ਸਰਕਾਰ ਦੇ ਹੁਕਮਾਂ ਅਨੁਸਾਰ ਕੇਂਦਰੀ ਵਜ਼ਾਰਤ, ਖ਼ਾਸ ਕਰਕੇ ਪ੍ਰਧਾਨ ਮੰਤਰੀ ਦੀਆਂ ਨਿੱਜੀ ਏਜੰਸੀਆਂ ਵਜੋਂ ਕੰਮ ਕਰਦੀਆਂ ਹਨ। ਕੇਂਦਰ ਸਰਕਾਰ ਦੀਆਂ ਖ਼ੁਫ਼ੀਆ ਜਾਣਕਾਰੀ ਹਾਸਲ ਕਰਨ ਦੀਆਂ ਸਮਰੱਥਾਵਾਂ ਉੱਪਰ ਸੰਸਦ ਦਾ ਕੋਈ ਕੁੰਡਾ ਨਹੀਂ ਹੈ ਅਤੇ ਕੋਈ ਸੰਸਦੀ ਕਮੇਟੀ ਇਨ੍ਹਾਂ ਦੀ ਨਿਗਰਾਨੀ ਨਹੀਂ ਕਰਦੀ।

ਐੱਨਐੱਸਓ ਗਰੁੱਪ ਦਾ ਇਜ਼ਰਾਇਲੀ ਸਟੇਟ ਨਾਲ ਗੂੜ੍ਹਾ ਰਿਸ਼ਤਾ ਹੈ। ਪੈਗਾਸਸ ਇਜ਼ਰਾਇਲ ਦੇ ਰੱਖਿਆ ਮੰਤਰਾਲੇ ਦੀ ਮਨਜ਼ੂਰੀ ਨਾਲ ਵੇਚਿਆ ਜਾਂਦਾ ਹੈ। ਫਾਸ਼ੀਵਾਦੀ ਇਜ਼ਰਾਇਲੀ ਰਾਜ ਦੀ ਭਾਰਤੀ ਰਾਜ ਨਾਲ ਗੂੜ੍ਹੀ ਸਾਂਝ ਹੈ ਅਤੇ ਪੈਗਾਸਸ ਵਰਗੇ ਅਤਿ-ਆਧੁਨਿਕ, ਅਤਿ ਮਹਿੰਗੇ ਸਾਫ਼ਟਵੇਅਰ ਸਿਰਫ਼ ਭਾਰਤ ਸਰਕਾਰ ਹੀ ਵਰਤ ਸਕਦੀ ਹੈ। ਜਾਸੂਸੀ ਦੇ ਸਮੇਂ ਅਤੇ ਭਾਰਤ ਵਿਚਲੇ ਤੱਤਕਾਲੀ ਘਟਨਾਕ੍ਰਮ ਨੂੰ ਦੇਖਦਿਆਂ ਪੈਗਾਸਸ ਦਾ ਸੰਬੰਧ ਮੋਦੀ ਸਰਕਾਰ ਨਾਲ ਜੁੜਦਾ ਹੈ। ਤੱਥਾਂ ਅਨੁਸਾਰ ਭਾਰਤ ਵਿਚ ਪੈਗਾਸਸ ਦਾ ਇਸਤੇਮਾਲ 2017 'ਚ ਨਰਿੰਦਰ ਮੋਦੀ ਦੀ ਇਜ਼ਰਾਇਲ ਫੇਰੀ ਅਤੇ ਇਜ਼ਰਾਇਲੀ ਦੇ ਤੱਤਕਾਲੀ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਨਾਲ ਲੰਮੀ ਮੁਲਾਕਾਤ ਤੋਂ ਬਾਦ ਸ਼ੁਰੂ ਹੋਇਆ। ਉੱਘੇ ਵਕੀਲ ਪ੍ਰਸ਼ਾਂਤ ਭੂਸ਼ਨ ਵੱਲੋਂ ਕੀਤੇ ਖ਼ੁਲਾਸੇ ਅਨੁਸਾਰ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦਾ ਬਜਟ ਜੋ 2016-17 'ਚ 33 ਕਰੋੜ ਰੁਪਏ ਸੀ ਉਹ 2017-18 'ਚ ਦਸ ਗੁਣਾਂ ਵਧਾ ਕੇ 333 ਕਰੋੜ ਰੁਪਏ ਕੀਤਾ ਗਿਆ ਜਿਸ ਦਾ ਦੋ-ਤਿਹਾਈ ਹਿੱਸਾ ਸਾਈਬਰ ਸਕਿਊਰਿਟੀ ਰਿਸਰਚ ਲਈ ਸੀ। ਇਹ ਉਹੀ ਵਕਤ ਹੈ ਜਦੋਂ 100 ਕਰੋੜ ਰੁਪਏ ਪੈਗਾਸਸ ਖ਼ਰੀਦਣ ਉੱਪਰ ਖ਼ਰਚੇ ਗਏ।

ਦੂਜੇ ਪਾਸੇ, ਪੱਛਮੀ ਬੰਗਾਲ ਦੀ ਮੁੱਖ

ਮੰਤਰੀ ਮਮਤਾ ਬੈਨਰਜੀ ਨੇ ਖ਼ੁਲਾਸਾ ਕੀਤਾ ਕਿ ਚਾਰ-ਪੰਜ ਸਾਲ ਪਹਿਲਾਂ ਉਸ ਨੂੰ ਰਾਜ ਦੀ ਪੁਲਿਸ ਲਈ 25 ਕਰੋੜ ਰੁਪਏ 'ਚ ਪੈਗਾਸਸ ਮੁਹੱਈਆ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ। ਆਂਧਰਾ ਪ੍ਰਦੇਸ਼ 'ਚ ਵੀ ਪੈਗਾਸਸ ਦੀ ਵਰਤੋਂ ਵਾਈਐੱਸਆਰ ਕਾਂਗਰਸ ਪਾਰਟੀ ਅਤੇ ਤੇਲਗੂ ਦੇਸਮ ਪਾਰਟੀ ਦਰਮਿਆਨ ਰਾਜਨੀਤਕ ਮੁੱਦਾ ਬਣੀ ਹੋਈ ਹੈ। 2022 'ਚ ਤਤਕਾਲੀ ਸਰਕਾਰ ਨੇ ਇਹ ਜਾਂਚ ਕਰਾਉਣ ਲਈ ਵਿਧਾਨਸਭਾ 'ਚ ਮਤਾ ਪਾਸ ਕੀਤਾ ਕਿ ਕੀ ਚੰਦਰਬਾਬੂ ਨਾਇਡੂ ਵੱਲੋਂ ਆਪਣੇ ਰਾਜਨੀਤਕ ਸ਼ਰੀਕਾਂ ਦੀ ਜਾਸੂਸੀ ਲਈ ਪੈਗਾਸਸ ਖ਼ਰੀਦਿਆ ਗਿਆ ਸੀ? 2024 'ਚ ਚੰਦਰਬਾਬੂ ਦੀ ਸਰਕਾਰ ਬਣੀ ਤਾਂ ਉਸਨੇ ਡੀਜੀਪੀ ਤੋਂ ਰਿਪੋਰਟ ਮੰਗ ਲਈ ਕਿ ਕੀ ਜਗਨ ਮੋਹਨ ਰੈਡੀ ਦੀ ਸਰਕਾਰ ਨੇ ਉਸਦੇ ਅਤੇ ਉਸਦੇ ਪੁੱਤਰ ਦੇ ਫ਼ੋਨਾਂ ਦੀ ਜਾਸੂਸੀ ਲਈ ਪੈਗਾਸਸ ਵਰਤਿਆ ਸੀ ਜਾਂ ਨਹੀਂ। ਇਹ ਵੀ ਭਾਰਤ ਸਰਕਾਰ ਦੀ ਮਨਜ਼ੂਰੀ ਨਾਲ ਪੈਗਾਸਸ ਵਰਤਣ ਦੇ ਸੰਕੇਤ ਹਨ।

ਮਨੁੱਖਤਾ ਵਿਰੋਧੀ ਇਸ ਮਹਾਂ-ਜੁਰਮ ਲਈ ਸਿਰਫ਼ ਇਜ਼ਰਾਇਲੀ ਕੰਪਨੀ ਜ਼ਿੰਮੇਵਾਰ ਨਹੀਂ ਹੈ, ਅਸਲ ਜ਼ਿੰਮੇਵਾਰ ਇਜ਼ਰਾਇਲੀ ਸਟੇਟ ਅਤੇ ਉਸ ਦਾ ਸਰਪ੍ਰਸਤ ਅਮਰੀਕਾ ਹੈ ਜਿਸ ਦੀ ਮਨਜ਼ੂਰੀ ਤੋਂ ਬਿਨਾਂ ਸਾਫ਼ਟਵੇਅਰ ਵੇਚਣਾ ਸੰਭਵ ਹੀ ਨਹੀਂ ਹੈ। ਅਮਰੀਕਾ ਦੇ ਫ਼ੋਨ ਨੈੱਟਵਰਕ ਇਸ ਸਾਫ਼ਟਵੇਅਰ ਦੀ ਮਾਰ ਤੋਂ ਬਾਹਰ ਰੱਖੇ ਗਏ ਹਨ। ਇਸ ਕਰਕੇ ਇਸ ਦਾ ਅਸਲ ਯੋਜਨਾਘਾੜਾ ਅਮਰੀਕਨ-ਇਜ਼ਰਾਇਲੀ ਗੱਠਜੋੜ ਹੈ ਅਤੇ ਪੈਗਾਸਸ ਦੀ ਵਰਤੋਂ ਉਨ੍ਹਾਂ ਮੁਲਕਾਂ 'ਚ ਸਾਹਮਣੇ ਆਈ ਹੈ ਜਿੱਥੇ ਅਮਰੀਕਾ-ਇਜ਼ਰਾਇਲ ਗੱਠਜੋੜ ਦੇ ਭੂਗੋਲਿਕ-ਰਾਜਨੀਤਕ ਹਿਤ ਹਨ। ਇਸ ਲਈ ਜਾਸੂਸੀ ਉੱਪਰ ਅਮਰੀਕਨ ਹੁਕਮਰਾਨਾਂ ਦੀ ਖੇਖਣਹਾਰ ਚਿੰਤਾ ਨਿਰਾ ਢੌਂਗ ਹੈ। ਵਿਵਾਦ ਪੈਦਾ ਹੋਣ 'ਤੇ 2021 'ਚ ਬਾਇਡਨ ਸਰਕਾਰ ਨੇ ਐੱਨਐੱਸਓ ਨੂੰ ਕਾਲੀ ਸੂਚੀ ਵਿਚ ਪਾ ਦਿੱਤਾ ਸੀ ਅਤੇ ਅਮਰੀਕਾ ਦੀਆਂ ਸਰਕਾਰੀ ਏਜੰਸੀਆਂ ਨੂੰ ਇਸ ਦਾ ਸਮਾਨ ਖ਼ਰੀਦਣ ਦੀ ਮਨਾਹੀ ਕਰ ਦਿੱਤੀ ਸੀ। ਇਹ ਨਹੀਂ ਕਿਹਾ ਜਾ ਸਕਦਾ ਕਿ ਬਾਇਡਨ ਪ੍ਰਸ਼ਾਸਨ ਨਾਗਰਿਕਤਾ ਦੀ ਨਿੱਜਤਾ ਲਈ ਗੰਭੀਰ ਸੀ। ਇਸ ਦਾ ਕਾਰਨ ਭਰੋਸੇਯੋਗਤਾ ਬਣਾਈ ਰੱਖਣ ਦੀ ਜ਼ਰੂਰਤ ਵੀ ਹੋ ਸਕਦਾ ਹੈ ਅਤੇ ਇਜ਼ਰਾਇਲ ਤੋਂ ਛੋਟਾਂ ਲੈਣ ਲਈ ਉਸ ਉੱਪਰ ਦਬਾਅ ਪਾਉਣਾ ਵੀ।

ਪੈਗਾਸਸ ਸਾਫ਼ਟਵੇਅਰ ਰਾਹੀਂ ਡਿਜੀਟਲ ਜਾਸੂਸੀ ਦੇ ਵਾਰ-ਵਾਰ ਖ਼ੁਲਾਸੇ ਦੁਨੀਆ ਲਈ ਗੰਭੀਰ ਚੇਤਾਵਨੀ ਹਨ ਕਿ ਨਾਗਰਿਕਾਂ ਦੀ ਨਿੱਜਤਾ ਅਤਿਅੰਤ ਖ਼ਤਰਨਾਕ ਹਮਲੇ ਦੀ ਮਾਰ ਹੇਠ ਹੈ। ਨਿੱਜਤਾ 'ਚ ਇਹ ਸੰਨ੍ਹ ਸਟੇਟ ਵੱਲੋਂ ਹੋਣ ਕਾਰਨ ਇਸ ਦਾ ਦਾਇਰਾ ਅਤਿਅੰਤ ਵਸੀਹ ਹੈ। ਵੱਟਸਐਪ, ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਐਪਸ ਦੇ ਵਰਤੋਂਕਾਰਾਂ ਦੀ ਨਿੱਜੀ ਜਾਣਕਾਰੀ ਨੂੰ ਬਿਨਾਂ ਦੱਸੇ ਕਿੱਥੇ ਅਤੇ ਕਿਵੇਂ ਇਸਤੇਮਾਲ ਕਰਨਾ ਹੈ, ਇਹ ਹਕੂਮਤੀ ਦੀ ਮਿਲੀਭੁਗਤ ਨਾਲ ਪੂਰੀ ਤਰ੍ਹਾਂ ਕਾਰਪੋਰੇਟ ਸਰਮਾਏਦਾਰੀ ਦੇ ਕੰਟਰੋਲ 'ਚ ਹੈ। ਭਾਰਤ ਵਿਚ ਫ਼ੋਨ ਅਤੇ ਹੋਰ ਜਾਣਕਾਰੀ ਨੂੰ ਆਧਾਰ ਨੰਬਰ ਨਾਲ ਜੋੜਣ ਦਾ ਮਨੋਰਥ ਵੀ ਕਥਿਤ ਸੁਰੱਖਿਆ ਅਤੇ ਸਹੂਲਤ ਦੀ ਬਜਾਏ ਨਾਗਰਿਕਾਂ ਦੀ ਨਿੱਜਤਾ ਉੱਪਰ ਕੰਟਰੋਲ ਹੀ ਹੈ। ਅਤਿ-ਆਧੁਨਿਕ ਸਾਫ਼ਟਵੇਅਰ ਜਾਂ ਸਪਾਈਵੇਅਰ ਨਾਲ ਲੈਸ ਏਜੰਸੀਆਂ ਨੇ ਕਦੋਂ, ਕਿਸ ਨੂੰ ਨਿਸ਼ਾਨਾ ਬਣਾਉਣਾ ਹੈ ਇਹ ਹਾਸਲ ਹਾਲਾਤ ਵਿਚ ਹੁਕਮਰਾਨ ਧਿਰ ਦੇ ਏਜੰਡਿਆਂ ਅਤੇ ਜ਼ਰੂਰਤਾਂ ਤੋਂ ਤੈਅ ਹੁੰਦਾ ਹੈ।

ਭਾਰਤ ਦੀ ਤ੍ਰਾਸਦੀ ਇਹ ਹੈ ਕਿ ਇੱਥੇ ਨਾਗਰਿਕਾਂ 'ਚ ਡਿਜੀਟਲ ਤਕਨਾਲੋਜੀ ਵਰਤਣ ਦਾ ਜਨੂੰਨ ਤਾਂ ਹੈ ਪਰ ਅਜੇ ਨਿੱਜਤਾ ਬਾਰੇ ਜਾਗਰੂਕਤਾ ਬਿਲਕੁਲ ਨਹੀਂ ਹੈ। ਲਿਹਾਜ਼ਾ, ਭਗਵਾ ਹਕੂਮਤ ਨੂੰ ਉਪਰੋਕਤ ਘਿਣਾਉਣੀ ਜਾਸੂਸੀ ਰਾਹੀਂ ਨਿੱਜਤਾ ਨੂੰ ਕੰਟਰੋਲ ਕਰਨ ਸਮੇਂ ਕਿਸੇ ਵੱਡੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਜਦੋਂ ਕਦੇ ਭਵਿੱਖ 'ਚ ਭਾਰਤ ਦੇ ਅਵਾਮ ਇਸ ਬਾਰੇ ਜਾਗਰੂਕ ਹੋਏ, ਉਦੋਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

# ਸੰਕਟਗ੍ਰਸਤ ਪੰਜਾਬ ਦੀਆਂ ਪਰਤਾਂ ਦੇ ਆਰ-ਪਾਰ

ਪ੍ਰੋ. (ਡਾ.) ਮੇਹਰ ਮਾਣਕ





ਪੰਜਾਬ ਭਾਰਤ ਦੇ ਉੱਤਰੀ ਪੱਛਮੀ ਬਾਰਡਰ ਉੱਤੇ ਵਸਿਆ ਉਹ ਪ੍ਰਾਂਤ ਹੈ ਜਿਸ ਦਾ ਖੇਤਰ 503620 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਪੰਜਾਬ ਭਾਰਤ ਦੇ 1.53 ਪ੍ਰਤੀਸ਼ਤ ਖੇਤਰ ਵੱਸਿਆ ਹੋਇਆ ਹੈ। ਪੰਜਾਬ ਦੀ ਮਿਹਨਤੀ ਅਤੇ ਹਿੰਮਤੀ ਵਿਰਾਸਤ ਸਦਕਾ ਇਸ ਨੂੰ ਹਰੇ ਇਨਕਲਾਬ ਦੇ ਇੱਕ ਵਿਸ਼ੇਸ਼ ਖੇਤਰ ਵੱਜੋਂ ਚੁਣਿਆ ਗਿਆ ਤਾਂ ਕਿ ਭਾਰਤ ਦੀ ਧਰਤੀ ਤੋਂ ਭੁਖਮਰੀ ਖਤਮ ਕਰਨ ਲਈ ਲੋੜੀਂਦਾ ਅੰਨ ਉਗਾਇਆ ਜਾ ਸਕੇ ਅਤੇ ਭਾਰਤ ਆਤਮ ਨਿਰਭਰ ਹੋ ਸਕੇ। ਪੰਜਾਬ ਨੇ ਨਵੇਂ ਬੀਜਾਂ, ਨਵੀਆਂ ਖਾਂਦਾਂ ਅਤੇ ਨਵੀਂ ਮਸ਼ੀਨਰੀ ਅਤੇ ਤਕਨੀਕਾਂ ਦੀ ਵਰਤੋਂ ਕਰਕੇ ਭਾਰਤ ਨੂੰ ਦੂਸਰੇ ਦੇਸ਼ਾਂ ਦੀ ਨਿਰਭਰਤਾ ਵਿੱਚੋਂ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਈ। ਅੱਜ ਉਹ ਭਾਰਤ ਦਾ 15-20 ਪ੍ਰਤੀਸ਼ਤ ਕਣਕ, 12 ਪ੍ਰਤੀਸ਼ਤ ਚੌਲ ਅਤੇ 5 ਪ੍ਰਤੀਸ਼ਤ ਚੌਲ ਪੈਦਾ ਕਰਦਾ ਹੈ। ਇਸ ਤਰ੍ਹਾਂ ਉਹ ਦੁਨੀਆਂ ਦੀ 2 ਪ੍ਰਤੀਸ਼ਤ ਕਣਕ, 2 ਪ੍ਰਤੀਸ਼ਤ ਕਪਾਹ ਅਤੇ 1 ਪ੍ਰਤੀਸ਼ਤ ਚੌਲ ਪੈਦਾ ਕਰਦਾ ਹੈ। ਖੇਤੀ ਦੇ ਵਿਕਾਸ ਮਾਡਲ ਨੇ ਪੈਦਾਵਾਰ ਵਿੱਚ ਬੇਹੱਦ ਵਾਧਾ ਕਰ ਦਿੱਤਾ, ਕੁੱਝ ਦੇਰ ਲਈ ਮੁਨਾਫ਼ੇ ਦਾ ਵੀ ਵਾਧਾ ਕੀਤਾ ਪਰ ਖੇਤੀ ਦੇ 'ਵਿਕਾਸਮਾਡਲ' ਨੇ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਦੇ ਸਮੇਂ ਤੋਂ ਆਰਥਿਕ, ਸਮਾਜਿਕ ਅਤੇ ਵਾਤਾਵਰਨ ਦੇ ਖੇਤਰਾਂ ਵਿੱਚ ਆਪਣੇ ਮਾਰੂ ਪ੍ਰਭਾਵ ਦਿਖਾਉਣੇ ਸ਼ੁਰੂ ਕਰ ਦਿੱਤੇ।

ਪੰਜਾਬ ਅੱਜ ਉਹ ਉਪਜੀ ਸਥਿਤੀ ਸਾਹਮਣੇ ਬੇਵਸ ਹੋਇਆ ਦਿਖਾਈ ਦੇ ਰਿਹਾ ਹੈ। ਪੰਜਾਬ ਦੇ ਪਾਣੀ ਜਿਸ ਕਾਰਨ ਉਸ ਦੀ ਸਰਦਾਰੀ ਸੀ, ਉਸ ਦੀ ਅਣਗਹਿਲੀ ਅਤੇ ਰਾਜਸੀ ਸਾਜ਼ਿਸ਼ਾਂ ਕਾਰਨ ਉਸ ਦੀ ਤਰਸਯੋਗ ਹਾਲਤ ਬਣ ਗਈ ਹੈ। 'ਹਰੇ ਇਨਕਲਾਬ' ਦੇ ਨਾਅਰੇ ਹੇਠ ਆਪਣੀਆਂ ਰਵਾਇਤੀ ਕੁਦਰਤੀਂ ਫਸਲਾਂ ਨੂੰ ਮੁਨਾਫਿਆਂ ਕਾਰਨ ਤਿਆਗ ਜੋ ਇਸ ਨੇ "ਕਣਕ-ਝੋਨੇ" ਦਾ ਫ਼ਸਲੀ ਚੱਕਰ' ਅਪਣਾਇਆ ਉਹ ਹੁਣ ਆਪਣੇ ਖਤਰਨਾਕ ਮਾਰੂ ਪ੍ਰਭਾਵ ਦਿਖਾ ਰਿਹਾ ਹੈ। ਸਾਡੇ "ਤਰੱਕੀ ਅਤੇ ਖੁਸ਼ਹਾਲੀ" ਵਾਲੇ ਪੰਜਾਬ ਦੀ ਇਹ ਹਾਲਤ ਹੈ ਕਿ ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਚਾਈ ਖਾਤਰ ਲੱਗੇ ਹੋਏ ਹਨ। ਝੋਨੇ ਦੀ ਫ਼ਸਲ ਲਈ ਅੰਨੇਵਾਹ ਧਰਤੀ ਹੇਠਲਾ ਪਾਣੀ ਕੱਢਿਆ ਜਾ ਰਿਹਾ ਹੈ ਜਿਸ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਉਹ ਹਨ ਜਿਥੇ ਬੇਹਿਸਾਬ ਪਾਣੀਂ ਕੱਢੇ ਜਾਣ ਕਾਰਨ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਹਰ ਸਾਲ ਇੱਕ ਮੀਟਰ ਤੋਂ ਵੀ ਵੱਧ ਧਰਤੀ ਹੇਠਲਾ ਪਾਣੀ ਨੀਵਾਂ ਹੋ ਰਿਹਾ ਹੈ। ਜਿਉਂ ਜਿਉਂ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਤਿਉਂ ਤਿਉਂ ਬੋਰਾਂ ਨੂੰ ਡੂੰਘਾ ਕਰਨ ਅਤੇ ਮੁੜ ਜਿਆਦਾ ਪਾਵਰ ਵਾਲੀਆਂ ਸਬਮਰਸੀਬਲ ਮੋਟਰਾਂ ਲਾਉਣ ਨਾਲ ਖਰਚਿਆਂ ਦਾ ਬੋਝ ਵੱਧ ਰਿਹਾ ਹੈ।। ਸੈਂਟਰਲ ਬੋਰਡ ਆਫ਼ ਗਰਾਉਂਡ ਵਾਟਰ ਦੇ ਮੁਤਾਬਿਕ ਸੰਨ 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ। ਮਤਲਬ ਪੰਜਾਬ ਰੇਗਸਤਾਨ ਬਣ ਜਾਵੇਗਾ। ਇਸ ਸਬੰਧੀ ਪ੍ਰੋਫੈਸਰ ਬੀ. ਡੀ. ਧਵਨ ਨੇ ਅਕਾਦਮਿਕ ਖੇਤਰ ਵਿੱਚ ਖੋਜ ਭਰਪੂਰ ਲੇਖ ਲਿਖਕੇ ਇਸ ਖੇਤਰ ਦੇ ਮਾਹਿਰਾਂ ਨੂੰ ਕੁੱਝ ਕਰਨ ਲਈ ਵਾਰ ਵਾਰ ਕਿਹਾ ਪਰ ਇਸ ਸਬੰਧੀ ਕਿਸੇ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਅੱਜ ਸਿੱਟਾ ਸਭ ਦੇ ਸਾਹਮਣੇ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਅੱਜ ਵੀ ਸਰਕਾਰ ਅਤੇ ਸਮਾਜ ਕੋਈ ਵੀ ਜ਼ਿੰਮੇਵਾਰੀ ਕਬੂਲਣ ਜਾਂ ਇਸ ਸੰਕਟ ਨੂੰ ਨਜਿਠਣ ਲਈ ਤਿਆਰ ਨਹੀਂ।


ਇਹ ਸਭ ਨੂੰ ਭਲੀਭਾਂਤ ਪਤਾ ਹੈ ਕਿ ਚੌਲ ਪੰਜਾਬ ਦੀ ਰਵਾਇਤੀ ਖੁਰਾਕ ਦਾ ਹਿੱਸਾ ਨਹੀਂ। ਭਾਵੇਂ ਪੰਜਾਬ ਕਾਫੀ ਲੰਮੇ ਅਰਸੇ ਤੋਂ ਇਸ ਦਿਨ ਉਤਪਾਦਨ ਕਰਦਾ ਆ ਰਿਹਾ ਹੈ ਪਰ ਫੇਰ ਵੀ ਇਹ ਪੰਜਾਬੀਆਂ ਦੀ ਖੁਰਾਕ ਦਾ ਹਿੱਸਾ ਨਹੀਂ ਬਣ ਸਕੀ। ਮੁਨਾਫ਼ੇ ਦੇ ਗਧੀਗੇੜ ਵਿੱਚ ਪਈ ਕਿਸਾਨੀ ਕਾਰਨ ਪੰਜਾਬ ਵਿੱਚ ਹਰ ਸਾਲ ਝੋਨੇ ਦਾ ਰਕਬਾ ਵਧ ਰਿਹਾ ਹੈ ਜੋ ਕਿ ਹੁਣ 32 ਲੱਖ ਹੈਕਟੇਅਰ 'ਤੇ ਪਹੁੰਚ ਗਿਆ ਹੈ। ਉਤਪਾਦਨ ਭਾਵੇਂ ਜ਼ੋਰਾਂ 'ਤੇ ਹੈ ਪਰ ਝੋਨੇ ਦੀ ਫ਼ਸਲ ਮੰਡੀਆਂ ਵਿੱਚ ਰੁਲਦੀ ਰਹਿੰਦੀ ਹੈ। ਪੈਦਾਵਾਰ ਅਤੇ ਕਿਸਾਨੀ ਦੀ ਹੋ ਰਹੀ ਦੁਰਦਸ਼ਾ ਹੁਣ ਕਿਸੇ ਤੋਂ ਛੁਪੀ ਨਹੀਂ। ਅਜਿਹੀ ਸਥਿਤੀ ਵਿੱਚ ਬਦਲਵੀਆਂ ਫ਼ਸਲਾਂ ਜਿਵੇਂ ਦਾਲਾਂ, ਤੇਲ ਬੀਜਾਂ ਆਦਿ ਨੂੰ ਪ੍ਰਫੁੱਲਿਤ ਕਰਨ ਦੀ ਅਥਾਹ ਲੋੜ ਹੈ। ਇਨ੍ਹਾਂ ਬਦਲਵੀਆਂ ਫ਼ਸਲਾਂ ਨੂੰ ਪ੍ਰਫੁੱਲਿਤ ਕਰਨ ਲਈ ਐਮ. ਐਸ. ਪੀ. ਦੀ ਖਰੀਦ ਦਾ ਵਿਸਥਾਰ, ਵੰਨ ਸਵੰਨਤਾ ਅਤੇ ਸਿਹਤਮੰਦ ਖੇਤੀ ਅਮਲਾਂ ਨੂੰ ਉਤਸ਼ਾਹਿਤ ਕਰਨ ਲਈ ਕਦਮ ਪੁੱਟਣੇ ਦੀ ਅਥਾਹ ਜ਼ਰੂਰਤ ਹੈ। ਕੋਲਡ ਸਟੋਰੇਜ, ਵੇਅਰਹਾਊਸਿੰਗ, ਪ੍ਰੋਸੈਸਿੰਗ ਯੂਨਿੰਟਾਂ ਅਤੇ ਆਵਾਜਾਈ ਸਿਸਟਮ ਵਿੱਚ ਸਰਕਾਰੀ ਨਿਵੇਸ਼ ਦੀ ਜ਼ਰੂਰਤ ਹੈ ਜਿਸ ਨਾਲ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦਾ ਵਾਧਾ ਹੋਵੇਗਾ। ਇਸ ਨਾਲ ਆਮਦਨ ਦੇ ਨਵੇਂ ਰਾਹ ਖੁੱਲਣਗੇ ਅਤੇ ਇਹ ਪ੍ਰਵਾਸ ਨੂੰ ਵੀ ਠੱਲ ਪਾਵੇਗਾ। ਸਰਕਾਰ ਕੋਲ ਕਣਕ ਝੋਨੇ ਦੀਆਂ ਬਦਲਵੀਆਂ ਫ਼ਸਲਾਂ ਦੇ ਮਾਡਲ ਨੂੰ ਘੜਨ ਅਤੇ ਲਾਗੂ ਕਰਨ ਲਈ ਕੋਈ ਇੱਛਾ ਸ਼ਕਤੀ ਦਿਖਾਈ ਨਹੀਂ ਦੇ ਰਹੀ ਜਦ ਕਿ ਪੰਜਾਬ ਦੀ ਅੱਧ ਤੋਂ ਵੱਧ ਜਨ ਸੰਖਿਆ ਦੀ ਰੋਜ਼ੀ ਰੋਟੀ ਦਾ ਅਧਾਰ ਖੇਤੀ ਹੈ। ਇਸ ਸੰਦਰਭ ਵਿੱਚ ਸਰਕਾਰ ਅਤੇ ਨੀਤੀਵਾਨਾਂ ਨੂੰ ਇਹ ਮਸਲੇ ਦੀ ਗੰਭੀਰਤਾ ਨੂੰ ਸਮਝਦਿਆਂ ਕਿਸੇ ਵਾਜਬ ਹੱਲ ਵੱਲ ਤੁਰਨਾ ਚਾਹੀਦਾ ਹੈ।

ਪੰਜਾਬ ਉਹ ਸੂਬਾ ਹੈ ਜਿੱਥੇ ਜ਼ਿਆਦਾਤਰ ਦਰਮਿਆਨੀ ਅਤੇ ਛੋਟੀ ਕਿਸਾਨੀ ਹੈ। ਤੱਥਾਂ ਉੱਤੇ ਨਿਗਾਹ ਮਾਰਦਿਆਂ ਪਤਾ ਚੱਲਦਾ ਹੈ ਕਿ ਪੰਜਾਬ ਵਿੱਚ ਬਹੁ ਗਿਣਤੀ ਕਿਸਾਨਾਂ ਕੋਲ? 10 ਏਕੜ ਤੋਂ ਘੱਟ ਜ਼ਮੀਨ ਹੈ ਅਤੇ ਇੱਕ ਤਿਹਾਈ ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ। ਕਿਸਾਨੀ ਦੀ ਸੰਰਚਨਾ ਅਤੇ ਮੰਦੀ ਹੋ ਰਹੀ ਆਰਥਿਕ ਸਥਿਤੀ ਨੇ ਉਨ੍ਹਾਂ ਵਿੱਚ ਬੇਯਕੀਨੀ ਦਾ ਆਲਮ ਪੈਦਾ ਕਰ ਦਿੱਤਾ ਹੈ। ਇਸ ਕਰਕੇ ਕਿਸਾਨ ਵੀ ਕਿਤੇ ਨਾ ਕਿਤੇ ਕੁੱਝ ਕਾਰਨਾ ਕਰਕੇ ਇਸ ਫ਼ਸਲੀ ਚੱਕਰ ਵਿੱਚੋਂ ਨਿਕਲਣ ਲਈ ਤਿਆਰ ਨਹੀਂ। ਦਿਨ-ਬ-ਦਿਨ ਵੱਧ ਰਹੀਆਂ ਲਾਗਤਾਂ ਅਤੇ ਮੁਨਾਫ਼ੇ ਵਿਚ ਆਈ ਤੇਜ਼ੀ ਨਾਲ ਗਿਰਾਵਟ ਕਾਰਨ ਖੇਤੀ ਪਹਿਲਾਂ ਹੀ ਘਾਟੇ ਦਾ ਸੌਦਾ ਸਿਧ ਹੋਣ ਕਰਕੇ ਸਮੁਚਾ ਅਰਥਚਾਰਾ ਮੰਦੀ ਦੀ ਲਪੇਟ ਵਿਚ ਆ ਚੁਕਿਆ ਹੈ। ਕਰਜਦਾਰੀ ਦੇ ਬੋਝ ਅਤੇ ਬਦਲਵਾਂ ਕੋਈ ਰਾਹ ਨਾ ਦਿਸਣ ਕਾਰਨ ਮਾਨਸਿਕ ਦਬਾਓ ਕਾਰਨ ਕਿਸਾਨ ਤੇ ਮਜ਼ਦੂਰ ਆਤਮਘਾਤੀ ਪ੍ਰਵਿਰਤੀਆਂ ਦੇ ਸ਼ਿਕਾਰ ਹੋ ਚੁੱਕੇ ਹਨ। ਇਹ ਰੁਝਾਨ 1990 ਤੋਂ ਸ਼ੁਰੂ ਹੋਇਆ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੁਣ ਤੱਕ ਪੰਜਾਬ ਅੰਦਰ ਵੱਡੀ ਗਿਣਤੀ ਵਿੱਚ ਆਤਮਹੱਤਿਆਵਾਂ ਹੋ ਚੁੱਕੀਆਂ ਹਨ। ਪ੍ਰਸਿੱਧ ਸਮਾਜ ਵਿਗਿਆਨੀ ਟੌਮ ਬਰਾਸ ਨੇ ਕਿਹਾ ਹੈ ਕਿ ਸਰਕਾਰ ਜਾਣਬੁੱਝ ਕੇ ਸਹੀ ਤੱਥ ਪੇਸ਼ ਨਹੀਂ ਕਰ ਰਹੀ। ਸਰਕਾਰ ਨੇ ਆਪਣੀ ਰਿਪੋਰਟ ਵਿੱਚ1991 ਤੋਂ 2000 ਤੱਕ 3100 , ਸੰਨ 2000 ਤੋਂ 2015 ਤੱਕ 16661 ਅਤੇ 2015 ਤੋਂ 2017 ਤੱਕ 2200 ਕੇਸਾਂ ਦਾ ਜ਼ਿਕਰ ਕੀਤਾ ਹੈ। ਇਸ ਤੋਂ ਬਾਅਦ ਸਰਕਾਰ ਨੇ ਜਾਣਕਾਰੀ ਦੇਣੀ ਬੰਦ ਕਰ ਦਿੱਤੀ। ਜੇਕਰ ਇਸ ਜਾਣਕਾਰੀ ਅਧਾਰਤ 2024 ਤੱਕ ਔਸਤ ਕੱਢੀਏ ਤਾਂ ਕੇਸਾਂ ਦੀ ਗਿਣਤੀ 30000 ਬਣਦੀ ਹੈ। ਪਰ ਗਰਾਉਂਡ ਲੈਵਲ ਉੱਤੇ ਕਈ ਕਾਰਨਾਂ ਕਰਕੇ ਕਈ ਵਾਰ ਰਿਪੋਰਟਿੰਗ ਨਹੀਂ ਕੀਤੀ ਜਾਂਦੀ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਪੇਂਡੂ ਖੇਤਰਾਂ ਵਿੱਚ ਆਤਮ ਹੱਤਿਆਵਾ ਦੇ ਵਰਤਾਰੇ ਦੀ ਮੁੱਖ ਵਜਾਹ ਆਰਥਿਕ ਤੰਗੀ ਅਤੇ ਕਰਜਦਾਰੀ ਸੀ। ਇਹ ਗੱਲ ਡਾ. ਸੁੱਚਾ ਸਿੰਘ ਗਿੱਲ, ਪ੍ਰੋਫੈਸਰ ਲਖਵਿੰਦਰ ਸਿੰਘ ਗਿੱਲ, ਡਾ. ਅਨੀਤਾ ਗਿੱਲ, ਪ੍ਰੋਫੈਸਰ ਕੇਸਰ ਸਿੰਘ ਭੰਗੂ, ਪ੍ਰੋਫੈਸਰ ਰਣਜੀਤ ਸਿੰਘ ਘੁੰਮਣ ਡਾ. ਸੁਖਪਾਲ ਸਿੰਘ, ਪ੍ਰੋਫੈਸਰ ਕੇ. ਗੋਪਾਲ ਅਈਅਰ ਅਤੇ ਡਾ. ਮੇਹਰ ਮਾਣਕ ਨੇ ਆਪਣੇ ਖੋਜ ਕਾਰਜਾਂ ਵਿੱਚ ਤੱਥਾਂ ਸਹਿਤ ਸਿੱਧ ਕੀਤੀ ਹੈ। ਉਪਰੋਕਤ ਖੋਜ ਰਿਪੋਰਟਾਂ ਇਸ ਨਤੀਜੇ ਉੱਤੇ ਪਹੁੰਚੀਆਂ ਹਨ ਕਿ ਆਤਮ ਹੱਤਿਆ ਕਰਨ ਵਾਲੇ ਗਰੀਬ ਕਿਸਾਨ ਅਤੇ ਪੇਂਡੂ ਮਜ਼ਦੂਰ ਸਨ ਅਤੇ ਇਨ੍ਹਾਂ ਵਿੱਚ ਬਹੁਤ ਗਿਣਤੀ ਨੌਜਵਾਨਾਂ ਦੀ ਸੀ। ਪੇਂਡੂ ਅਰਥਚਾਰੇ ਨਾਲ ਜੁੜੇ ਨੌਜਵਾਨਾਂ ਦੀਆਂ ਆਤਮਹੱਤਿਆਵਾਂ ਬੜੀ ਚਿੰਤਾ ਦਾ ਵਿਸ਼ਾ ਹਨ ਕਿਉਂਕਿ ਇਹ ਉਮਰ ਹੀ ਕਿਰਤ ਦੇ ਖੇਤਰ ਵਿੱਚ ਕਾਫ਼ੀ ਹੱਦ ਤੱਕ ਮੁੱਖ ਭੂਮਿਕਾ ਨਿਭਾਉਂਦੀ ਹੈ। ਇਸ ਤੋਂ ਇਲਾਵਾ ਪੰਜਾਬ ਦੀ ਜਵਾਨੀ ਦਾ ਵਿਦੇਸ਼ਾਂ ਵੱਲ ਹੋ ਰਿਹਾ ਪ੍ਰਵਾਸ ਵੀ ਫੈਲ ਰਹੀ ਨਿਰਾਸ਼ਤਾ ਅਤੇ ਬੇਯਕੀਨੀ ਦਾ ਹੀ ਪ੍ਰਤੀਕ ਕਿਹਾ ਜਾ ਸਕਦਾ ਹੈ।

ਅਜਿਹੀ 'ਕਰੋ ਜਾਂ ਮਰੋ' ਵਾਲੀ ਸਥਿਤੀ ਵਿੱਚ ਜਨਤਕ ਅੰਦੋਲਨਾਂ ਦਾ ਪੈਦਾ ਹੋਣਾ ਸੁਭਾਵਕ ਹੈ। ਦਿੱਲੀ ਮੋਰਚੇ ਵਿੱਚ ਭਰਵੀਂ ਸ਼ਮੂਲੀਅਤ ਅਤੇ ਜਿੱਤ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਲੋਕਾਂ ਦਾ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਵਿਸਵਾਸ਼ ਉੱਠ ਚੁੱਕਾ ਹੈ। ਕੇਂਦਰ ਸਰਕਾਰ ਨੇ ਮੰਗਾਂ ਮੰਨ ਕੇ ਵੀ ਨਹੀਂ ਮੰਨੀਆਂ। ਕੇਂਦਰ ਦੀਆਂ ਅਜਿਹੀਆਂ ਚਾਲਾਂ ਨੇ ਕੰਮ ਕਰਕੇ ਪੇਟ ਭਰਨ ਵਾਲੇ ਤਬਕਿਆਂ ਦੇ ਮਨਾਂ ਅੰਦਰ ਦਿਨ ਬ ਦਿਨ ਫੈਲ ਰਹੀ ਬੇਵਿਸਾਹੀ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਭਾਰਤ ਜਿਹੇ ਅਸਾਵੇਂ ਸਮਾਜ ਵਿੱਚ ਕਾਰਪੋਰੇਟੀ ਮਦਦ ਨਾਲ? ਚੱਲ ਰਹੀ ਸਰਕਾਰ ਲਈ ਅਜੋਕੇ ਸਮੇਂ ਵਿੱਚ ਆਪਣੇ ਹਿੱਤ ਪਹਿਲਾਂ ਹਨ। ਦੂਸਰਾ, ਉਹ ਅੱਜ ਕੱਲ ਆਪਣੇ ਸਾਧਨਾਂ ਅਤੇ ਚਾਲਾਂ ਰਾਹੀਂ ਇੱਕ 'ਇੱਛਤ ਸਮਾਜ' ਸਿਰਜਣ ਦੀ ਪ੍ਰਕਿਰਿਆ ਵਿੱਚ ਪਈ ਹੋਈ ਹੈ। ਤੀਸਰਾ, ਦਿੱਲੀ ਮੋਰਚੇ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਕਿਸਾਨ ਜਥੇਬੰਦੀਆਂ/ਧਿਰਾਂ ਅਤੇ ਨੇਤਾਵਾਂ ਦਾ ਦੋ ਖੇਮਿਆਂ ਵਿੱਚ ਵੰਡੇ ਜਾਣਾ ਵੀ ਕਿਸਾਨਾਂ ਅੰਦਰਲੀ ਨਿਰਾਸ਼ਤਾ ਵਿੱਚ ਵਾਧਾ ਕਰ ਰਿਹਾ ਹੈ। ਸਯੁੰਕਤ ਕਿਸਾਨ ਮੋਰਚਾ ( ਗੈਰ ਰਾਜਨੀਤਕ) ਵੱਲੋਂ ਕਿਸਾਨਾਂ ਦੀ ਸਭ ਤੋਂ ਵੱਡੀ ਧਿਰ ਸਯੁੰਕਤ ਕਿਸਾਨ ਮੋਰਚੇ ਨੂੰ ਅੱਖੋ ਪਰੋਖੇ ਕਰਕੇ ਕਿਸਾਨੀ ਮੰਗਾਂ ਲਈ ਸ਼ੰਭੂ ਅਤੇ ਖਨੌਰੀ ਮੋਰਚਾ ਲਾ ਕੇ ਦਿੱਲੀ ਦੀ ਸਤ੍ਹਾ ਨਾਲ ਟੱਕਰ ਲੈਣ ਦੀ ਖੁਸ਼ਫਹਿਮੀ, ਕਿਸਾਨਾਂ ਉੱਤੇ ਹੋ ਰਿਹਾ ਤਸ਼ੱਦਦ ਅਤੇ ਚਾਲੂ ਕੀਤੇ ਮੋਰਚੇ ਦਾ ਆਪਣੇ ਹੀ ਮੋਰਚੇ ਵਿੱਚ ਘਿਰ ਜਾਣਾ, ਅੰਦੋਲਨ ਕਰਨ ਵਾਲੇ ਲੋਕਾਂ ਲਈ ਨਿਰਾਸ਼ਾਜਨਕ ਅਤੇ ਚਿੰਤਾ ਦਾ ਵਿਸ਼ਾ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਸਯੁੰਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਵੱਲੋਂ ਹਰਿਆਣੇ ਦੇ ਬਾਰਡਰ 'ਤੇ ਪਿਛਲੇ 10 ਮਹੀਨਿਆਂ ਤੋਂ ਚੱਲ ਰਹੇ ਅੰਦੋਲਨ ਵਿੱਚ ਹੁਣ ਤੱਕ 400 ਤੋਂ ਵੱਧ ਕਿਸਾਨ ਫੱਟੜ ਹੋਏ, ਕੁੱਝ ਕਿਸਾਨਾਂ ਦੀਆਂ ਦੋਵੇਂ ਅੱਖਾਂ ਚੱਲੀਆਂ ਗਈਆਂ ਅਤੇ ਇੱਕ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਪਰ ਹੱਥ ਪੱਲੇ ਕੱਝ ਵੀ ਨਹੀਂ ਪਿਆ। ਚੌਥਾ, ਕਿਸਾਨ ਭਾਰਤ ਦੇ ਮਾਣਯੋਗ ਨਾਗਰਿਕ ਹਨ ਸਰਕਾਰ ਵੱਲੋਂ ਉਨ੍ਹਾਂ ਲਈ ਵਾਰ ਵਾਰ ਹਰਿਆਣਾ ਦੇ ਬਾਡਰ ਸੀਲ ਕਰਨੇ, ਉਨ੍ਹਾਂ ਦੇ ਮਨਾਂ ਅੰਦਰ ਸਰਕਾਰ ਦਾ ਅਜਿਹਾ ਵਤੀਰਾ ਬੇਗਾਨਗੀ ਦਾ ਆਲਮ ਪੈਦਾ ਕਰ ਰਿਹਾ ਹੈ। ਕਿਸੇ ਵੀ ਲੋਕਤੰਤਰਿਕ ਸਮਾਜ ਵਿੱਚ ਅਜਿਹੇ ਤੌਰ ਤਰੀਕੇ ਕਦੇ ਵੀ ਚੰਗੇ ਸਿੱਟੇ ਨਹੀਂ ਕੱਢਦੇ। ਸਮਾਜ ਅਤੇ ਸਤ੍ਹਾ ਵਿਚਕਾਰ ਪਾੜਾ ਦਿਨ ਬ ਦਿਨ ਵੱਧਦਾ ਜਾ ਰਿਹਾ ਹੈ। ਇਸ ਤਰ੍ਹਾਂ ਸਮੁੱਚੀ ਕਿਸਾਨੀ ਅਤੇ ਪੇਂਡੂ ਸਮਾਜ ਸਾਹਮਣੇ ਅਹਿਮ ਚਣੌਤੀਆਂ ਹਨ। ਦੁਨੀਆਂ ਪੱਧਰ ਉੱਤੇ ਉਸਰ ਰਹੇ ਨਵੇਂ ਮਾਡਲ ਅਤੇ ਸਰਕਾਰ ਦੇ ਵਤੀਰੇ ਦੇ ਸੰਦਰਭ ਵਿੱਚ ਪੰਜਾਬ ਦੇ ਪੇਂਡੂ ਸਮਾਜ ਦਾ ਭਵਿੱਖ ਕੀ ਹੈ ਇਹ ਤਾਂ ਸਮਾਂ ਹੀ ਦੱਸੇਗਾ ਪਰ ਪੰਜਾਬ ਕੋਲ ਹਾਰ ਨਾ ਮੰਨਣ ਵਾਲੀ ਸੰਘਰਸ਼ਮਈ ਵਿਰਾਸਤ ਹੈ।

**ਰਾਇਤ ਬਾਹਰਾ ਯੂਨੀਵਰਸਿਟੀ**
**ਮੁਹਾਲੀ ਕੈਂਪਸ (ਪੰਜਾਬ)**



# ਕਿਰਤੀਆਂ ਦੀ ਮੁਕਤੀ ਨੂੰ ਸਮਰਪਿਤ 'ਨਾਰਮਨ ਬੈਥਿਊਂ' ਦੀ ਗਾਥਾ

*ਕੈਨੇਡਾ 'ਚ ਜਨਮਿਆ ਡਾਕਟਰ ਨਾਰਮਨ ਬੇਥਿਊਂ ਸਪੇਨ ਵਿਚ ਫ਼ਾਸ਼ੀਵਾਦ ਵਿਰੁੱਧ ਲੜ ਰਹੇ ਜਮਹੂਰੀ ਤੇ ਖੱਬੇਪੱਖੀ ਲੋਕਾਂ ਦੀ ਸਹਾਇਤਾ ਕਰਨ ਪਹੁੰਚਿਆ। ਉਸ ਨੇ ਦੂਜੀ ਆਲਮੀ ਜੰਗ ਦੌਰਾਨ ਜਪਾਨੀਆਂ ਦਾ ਸਾਹਮਣਾ ਕਰ ਰਹੇ ਚੀਨੀ ਲੋਕਾਂ ਦੀ ਸਹਾਇਤਾ ਕਰਦਿਆਂ ਜਾਨ ਕੁਰਬਾਨ ਕਰ ਦਿੱਤੀ। ਇਹ ਲੇਖ ਦਵਾਈਆਂ ਨੂੰ ਮੁਨਾਫ਼ੇ ਤੋਂ ਰਹਿਤ ਬਣਾਉਣ ਦੇ ਇਸ ਹਮਾਇਤੀ ਦੇ ਮਨੁੱਖਤਾ ਨੂੰ ਸਮਰਪਿਤ ਜੀਵਨ 'ਤੇ ਰੌਸ਼ਨੀ ਪਾਉਂਦਾ ਹੈ।*

- ਗੁਰਪ੍ਰੀਤ

'ਦਵਾਈਆਂ ਦਾ ਜਿਹੜਾ ਚਲਨ ਅਸੀਂ ਦੇਖ ਰਹੇ ਹਾਂ, ਇਹ ਅੱਯਾਸ਼ ਵਪਾਰ ਹੈ। ਅਸੀਂ ਗਹਿਣਿਆਂ ਦੀ ਕੀਮਤ 'ਤੇ ਰੋਟੀ ਵੇਚ ਰਹੇ ਹਾਂ। ਗ਼ਰੀਬ, ਜੋ ਕਿ ਸਾਡੀ ਆਬਾਦੀ ਦਾ 50 ਫ਼ੀਸਦੀ ਹਿੱਸਾ ਹਨ, ਇਸ ਦਾ ਭੁਗਤਾਨ ਨਹੀਂ ਕਰ ਸਕਦੇ ਅਤੇ ਭੁੱਖੇ ਮਰ ਰਹੇ ਹਨ… ਦਵਾਈਆਂ ਦਾ ਸਮਾਜੀਕਰਨ ਕਰਨਾ ਅਤੇ ਡਾਕਟਰੀ ਦੀ ਨਿੱਜੀ ਪ੍ਰੈਕਟਿਸ ਨੂੰ ਰੋਕਣਾ ਜਾਂ ਖ਼ਤਮ ਕਰਨਾ ਹੀ ਇਸ ਸਮੱਸਿਆ ਦਾ ਹਕੀਕੀ ਹੱਲ ਹੋਵੇਗਾ। ਆਓ ਅਸੀਂ ਮੁਨਾਫ਼ੇ, ਨਿੱਜੀ ਆਰਥਿਕ ਮੁਨਾਫ਼ੇ ਨੂੰ ਦਵਾਈਆਂ ਤੋਂ ਬਾਹਰ ਕੱਢੀਏ ਅਤੇ ਆਪਣੇ ਕਿੱਤੇ ਨੂੰ ਹਾਬੜੇ ਹੋਏ ਵਿਅਕਤੀਵਾਦ ਤੋਂ ਮੁਕਤ ਕਰੀਏ। …ਆਪਣੇ ਵਰਗੇ ਲੋਕਾਂ ਦੀ ਦੁੱਖਾਂ ਦੀ ਕੀਮਤ 'ਤੇ ਖ਼ੁਦ ਅਮੀਰ ਹੋਣ ਨੂੰ ਅਪਮਾਨਜਨਕ ਕਰਾਰ ਦੇਈਏ। … ਆਓ ਲੋਕਾਂ ਨੂੰ ਇਹ ਨਾ ਕਹੀਏ ਕਿ ÷ਤੁਹਾਡੇ ਕੋਲ ਕਿੰਨਾ ਪੈਸਾ ਹੈ?' ਸਗੋਂ ਇਹ ਕਹੀਏ ਕਿ 'ਅਸੀਂ ਬਿਹਤਰ ਤਰੀਕੇ ਨਾਲ ਤੁਹਾਡੀ ਸੇਵਾ ਕਿਵੇਂ ਕਰ ਸਕਦੇ ਹਾਂ?'

ਇਹ ਸ਼ਬਦ ਕੈਨੇਡਾ ਦੇ ਪ੍ਰਸਿੱਧ ਡਾਕਟਰ ਨਾਰਮਨ ਬੈਥਿਊ ਦੇ ਹਨ। ਉਹ ਅਜਿਹਾ ਡਾਕਟਰ ਸੀ ਜਿਸ ਲਈ ਡਾਕਟਰੀ ਦਾ ਕਿੱਤਾ ਵੱਧ ਤੋਂ ਵੱਧ ਲੋਕਾਂ ਦੀ ਸੇਵਾ ਕਰਨ ਦਾ ਸਾਧਨ ਸੀ। ਉਸ ਨੇ ਸਿਹਤ ਸਹੂਲਤਾਂ ਨੂੰ ਕਾਰੋਬਾਰ ਬਣਾਉਣ ਦੀ ਥਾਂ ਇਨ੍ਹਾਂ ਨੂੰ ਹਰ ਨਾਗਰਿਕ ਦਾ ਹੱਕ ਬਣਾਉਣ ਦਾ ਸੁਪਨਾ ਦੇਖਿਆ ਤੇ ਇਸ ਲਈ ਕੰਮ ਕੀਤਾ। ਡਾਕਟਰ ਨਾਰਮਨ ਬੈਥਿਊ ਦਾ ਜਨਮ 3 ਮਾਰਚ 1890 ਨੂੰ ਕੈਨੇਡਾ ਦੇ ਓਂਟਾਰੀਓ ਸੂਬੇ ਵਿਚ ਹੋਇਆ। ਉਹਦਾ ਪਿਓ ਚਰਚ ਦਾ ਪਾਦਰੀ ਸੀ ਜਿਸ ਕਰਕੇ ਉਸ ਦਾ ਪਰਿਵਾਰ ਵੱਖ-ਵੱਖ ਸ਼ਹਿਰਾਂ ਵਿਚ ਘੁੰਮਦਾ ਰਿਹਾ। 1909 ਵਿਚ ਉਹ ਟਰਾਂਟੋ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ, ਪਰ ਕੁਝ ਕਾਰਨਾਂ ਕਰਕੇ ਉਸ ਨੂੰ ਪੜ੍ਹਾਈ ਵਿਚਕਾਰ ਛੱਡਣੀ ਪਈ। ਉਸ ਨੇ ਆਪਣੇ ਗੁਜ਼ਾਰੇ ਲਈ ਮਜ਼ਦੂਰੀ ਵੀ ਕੀਤੀ ਤੇ ਅਧਿਆਪਨ ਵੀ ਕੀਤਾ। ਫਿਰ 1912 ਵਿਚ ਇਸੇ ਯੂਨੀਵਰਸਿਟੀ ਦੇ ਮੈਡੀਕਲ ਸਕੂਲ ਵਿਚ ਦਾਖਲਾ ਲੈ ਲਿਆ। 1914 ਵਿਚ ਪਹਿਲੀ ਆਲਮੀ ਜੰਗ ਸ਼ੁਰੂ ਹੋਈ ਤਾਂ ਪੜ੍ਹਾਈ ਛੱਡ ਕੇ ਜੰਗ ਵਿਚ ਜ਼ਖ਼ਮੀਆਂ ਦੀ ਸੇਵਾ ਕਰਨ ਲਈ ਚਲਾ ਗਿਆ। ਇਸ ਕੰਮ ਦੌਰਾਨ ਉਹ ਖ਼ੁਦ ਜ਼ਖ਼ਮੀ ਹੋ ਗਿਆ ਜਿਸ ਕਰਕੇ ਛੇ ਮਹੀਨੇ ਹਸਪਤਾਲ ਬਿਤਾਉਣੇ ਪਏ। ਇਸ ਤੋਂ ਬਾਅਦ ਉਸ ਨੇ ਡਾਕਟਰੀ ਦੀ ਪੜ੍ਹਾਈ ਮੁੜ ਸ਼ੁਰੂ ਕੀਤੀ ਤੇ 1916 ਵਿਚ ਪੜ੍ਹਾਈ ਪੂਰੀ ਕੀਤੀ।

1924 ਵਿਚ ਉਸ ਨੇ ਅਮਰੀਕਾ ਦੇ ਡੈਟਰਾਇਟ ਸ਼ਹਿਰ ਵਿਚ ਡਾਕਟਰੀ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਇੱਥੇ ਉਸ ਦੇ ਬਹੁਤੇ ਮਰੀਜ਼ ਗ਼ਰੀਬ ਮਜ਼ਦੂਰ ਹੁੰਦੇ ਸਨ ਜਿਨ੍ਹਾਂ ਲਈ ਉਸ ਨੂੰ ਕੋਈ ਵੀ ਪੈਸਾ ਦੇਣਾ ਸੰਭਵ ਨਾ ਹੁੰਦਾ। ਉਹ ਅਜਿਹੇ ਮਰੀਜ਼ਾਂ ਦਾ ਬਿਨਾਂ ਫੀਸ ਜਾਂ ਬਹੁਤ ਘੱਟ ਪੈਸੇ ਲੈ ਕੇ ਵੀ ਇਲਾਜ ਕਰਦਾ। ਇਕ ਵਾਰ ਉਸ ਨੂੰ ਇਕ ਮਜ਼ਦੂਰ ਪਰਿਵਾਰ ਵਿਚ ਬੱਚੇ ਦੇ ਜਣੇਪੇ ਲਈ ਸੱਦਿਆ ਗਿਆ ਜੋ ਰੇਲਗੱਡੀ ਦੇ ਨਕਾਰਾ ਹੋ ਚੁੱਕੇ ਡੱਬੇ ਵਿਚ ਰਹਿ ਰਿਹਾ ਸੀ। ਬੱਚਾ ਜੰਮਣ ਤੋਂ ਬਾਅਦ ਉਸ ਨੇ ਪਰਿਵਾਰ ਤੋਂ ਕੋਈ ਫੀਸ ਨਾ ਲਈ, ਪਰ ਇਹ ਖ਼ਿਆਲ ਉਸਨੂੰ ਪ੍ਰੇਸ਼ਾਨ ਕਰਦਾ ਰਿਹਾ ਕਿ ਅਜਿਹੀਆਂ ਹਾਲਤਾਂ ਵਿਚ ਇਹ ਬੱਚਾ ਕਿੰਨੇ ਦਿਨ ਜਿਉਂਦਾ ਰਹੇਗਾ। ਅਜਿਹੀਆਂ ਘਟਨਾਵਾਂ ਨੇ ਉਸ ਨੂੰ ਇਹ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਨਾ ਹੀ ਕਾਫ਼ੀ ਨਹੀਂ ਹੈ ਸਗੋਂ ਸਮਾਜਿਕ ਬੇਇਨਸਾਫ਼ੀ ਨੂੰ ਖ਼ਤਮ ਕਰਨਾ ਤੇ ਡਾਕਟਰੀ ਦੇ ਕਿੱਤੇ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਕਿਸੇ ਨੂੰ ਗਰੀਬੀ ਕਾਰਨ ਇਲਾਜ ਤੋਂ ਵਿਰਵੇ ਨਾ ਰਹਿਣਾ ਪਵੇ। ਉਸ ਦਾ ਕਹਿਣਾ ਸੀ। ਸਾਨੂੰ ਦਾਨ ਨੂੰ ਖ਼ਤਮ ਕਰਕੇ ਇਨਸਾਫ਼ ਦੇਣਾ ਚਾਹੀਦਾ ਹੈ।

ਇੱਥੇ ਲਗਾਤਾਰ ਗ਼ਰੀਬਾਂ ਦਾ ਇਲਾਜ ਕਰਨ ਤੇ ਮਾੜੀਆਂ ਹਾਲਤਾਂ 'ਚ ਰਹਿਣ ਕਾਰਨ 1926 ਵਿਚ ਉਸ ਨੂੰ ਟੀ.ਬੀ. ਦੀ ਬਿਮਾਰੀ ਹੋ ਗਈ ਜਿਸ ਕਰਕੇ ਉਸ ਨੂੰ ਇਕ ਸਾਲ ਨਿਊਯਾਰਕ ਦੇ ਟਰੂਡੋ ਅਰੋਗ ਘਰ ਵਿਚ ਰਹਿਣਾ ਪਿਆ। 1927 ਵਿਚ ਉਸ ਨੇ ਇਕ ਰਸਾਲੇ ਵਿਚ ਟੀ.ਬੀ. ਦੇ ਇਲਾਜ ਲਈ ਇਕ ਵਿਧੀ ਦੇ ਖਿਆਲ ਬਾਰੇ ਪੜ੍ਹਿਆ ਤੇ ਜਾਨ ਦਾ ਖ਼ਤਰਾ ਹੋਣ ਦੇ ਬਾਵਜੂਦ ਉਸ ਨੇ ਡਾਕਟਰਾਂ ਨੂੰ ਆਪਣੇ ਉੱਪਰ ਇਹ ਇਲਾਜ ਅਜ਼ਮਾਉਣ ਲਈ ਮਨਾ ਲਿਆ। 27 ਅਕਤੂਬਰ 1927 ਨੂੰ ਉਸ ਦਾ ਸਫਲ ਅਪ੍ਰੇਸ਼ਨ ਹੋਇਆ ਤੇ ਦੋ ਮਹੀਨੇ ਬਾਅਦ ਉਹ ਸਿਹਤਮੰਦ ਹੋ ਕੇ ਨਿਕਲਿਆ। ਉਸ ਦੇ ਇਸ ਜੋਖ਼ਮ ਉਠਾਉਣ ਨਾਲ ਟੀ.ਬੀ. ਦੀ ਬਿਮਾਰੀ ਦਾ ਇਲਾਜ ਲੱਭ ਗਿਆ। ਇਸ ਤੋਂ ਬਾਅਦ ਉਸ ਨੇ ਤਕਰੀਬਨ ਦੋ ਸਾਲ ਟੀ.ਬੀ. ਹਸਪਤਾਲ ਵਿਚ ਕੰਮ ਕੀਤਾ ਤੇ ਫਿਰ 1929 ਵਿਚ ਕੈਨੇਡਾ ਦੇ ਕਿਊਬਕ ਸੂਬੇ ਵਿਚ ਰਾਇਲ ਵਿਕਟੋਰੀਆ ਹਸਪਤਾਲ, ਮੌਂਟਰਿਅਲ ਵਿਚ ਸਰਜਨ ਤੇ ਅਧਿਆਪਕ ਵਜੋਂ ਕੰਮ ਕੀਤਾ। ਇਸ ਦੌਰਾਨ ਉਸ ਨੇ ਕਈ ਨਵੀਆਂ ਇਲਾਜ ਵਿਧੀਆਂ ਉੱਪਰ ਕੰਮ ਕੀਤਾ ਤੇ ਸਰਜਰੀ ਦੇ ਕਈ ਨਵੇਂ ਔਜ਼ਾਰ ਇਜਾਦ ਕੀਤੇ।

1935 ਦਾ ਵਰ੍ਹਾ ਉਸ ਦੀ ਜ਼ਿੰਦਗੀ ਦਾ ਕੂਹਣੀ ਮੋੜ ਸਾਬਿਤ ਹੋਇਆ ਜਦੋਂ ਉਸ ਨੂੰ ਸਮਾਜਵਾਦੀ ਸੋਵੀਅਤ ਯੂਨੀਅਨ ਵਿਚ ਜਾਣ ਦਾ ਮੌਕਾ ਮਿਲਿਆ। ਇੱਥੇ ਉਸ ਨੇ ਦੇਖਿਆ ਕਿ ਇਲਾਜ਼ ਤੇ ਸਿਹਤਮੰਦ ਜ਼ਿੰਦਗੀ ਨੂੰ ਹਰ ਮਨੁੱਖ ਦਾ ਹੱਕ ਬਣਾਉਣ ਦਾ ਜਿਹੜਾ ਉਹ ਸੁਪਨਾ ਲੈ ਰਿਹਾ ਸੀ ਉਹ ਇੱਥੇ ਹਕੀਕਤ ਬਣ ਚੁੱਕਾ ਸੀ। ਸਿਹਤ ਵਿਗਿਆਨ ਦੇ ਖੇਤਰ ਵਿਚ ਹੋਰ ਵੀ ਬਹੁਤ ਕੁਝ ਨਵਾਂ ਕੀਤਾ ਜਾ ਰਿਹਾ ਸੀ। ਉਸ ਨੇ ਸਮਾਜਿਕ ਜੀਵਨ ਵਿਚ ਵੀ ਬੇਇਨਸਾਫ਼ੀ ਦਾ ਖ਼ਾਤਮਾ ਦੇਖਿਆ। ਇਸ ਅੱਖੀਂ ਡਿੱਠੇ ਤਜ਼ਰਬੇ ਤੋਂ ਪ੍ਰਭਾਵਿਤ ਹੋ ਕੇ ਉਹ ਕਮਿਊਨਿਸਟ ਬਣ ਗਿਆ ਤੇ ਕੈਨੇਡਾ ਮੁੜਨ ਪਿੱਛੋਂ ਕੈਨੇਡਾ ਦੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਇਸ ਤੋਂ ਬਾਅਦ ਉਸ ਦੀ ਕਮਿਊਨਿਸਟ ਕਾਰਕੁੰਨ ਵਜੋਂ ਜ਼ਿੰਦਗੀ ਦੀ ਸ਼ੁਰੂਆਤ ਹੋਈ ਜਿਹੜੀ ਸਿਰਫ਼ ਚਾਰ ਸਾਲ ਦੀ ਸੀ ਪਰ ਯੁੱਗਾਂ ਉੱਪਰ ਆਪਣੀ ਛਾਪ ਛੱਡ ਗਈ।

1936 ਵਿਚ ਸਪੇਨ ਦੇ ਰਾਸ਼ਟਰਪਤੀ ਮੈਨੁਅਲ ਆਜਾਨਾ ਦੀ ਅਗਵਾਈ ਵਾਲੀ ਰਿਪਬਲੀਕਨਾਂ ਦੀ ਸਰਕਾਰ ਨੂੰ ਫਾਸ਼ੀਵਾਦੀ ਜਰਨਲ ਫਰਾਂਸਿਸ ਫਰਾਂਕੋ ਨੇ ਉਲਟਾਉਣ ਦੀ ਕੋਸ਼ਿਸ਼ ਕੀਤੀ ਜਿਸ ਸਦਕਾ ਉੱਥੇ ਖਾਨਾਜੰਗੀ ਸ਼ੁਰੂ ਹੋ ਗਈ। ਕਈ ਦੇਸ਼ਾਂ 'ਚੋਂ ਕਮਿਊਨਿਸਟ ਕਾਰਕੁਨ ਸਪੇਨ ਵਿਚ ਫਾਸ਼ੀਵਾਦੀਆਂ ਖਿਲਾਫ਼ ਲੋਕਾਂ ਦਾ ਸਾਥ ਦੇਣ ਲਈ ਆਏ। 24 ਅਕਤੂਬਰ 1936 ਨੂੰ ਡਾਕਟਰ ਨਾਰਮਨ ਬੈਥਿਊ ਵੀ ਸਪੇਨ ਪਹੁੰਚ ਗਿਆ ਤੇ ਜੰਗ ਦੇ ਮੋਰਚੇ ਵਿਚ ਜ਼ਖ਼ਮੀਆਂ ਦੇ ਇਲਾਜ ਵਿਚ ਜੁਟ ਗਿਆ। ਪਹਿਲੀ ਆਲਮੀ ਜੰਗ ਵਿਚ ਉਸ ਨੇ ਬਹੁਤ ਸਾਰੇ ਸਿਪਾਹੀਆਂ ਨੂੰ ਲਹੂ ਵਗਣ ਕਾਰਨ ਮਰਦੇ ਦੇਖਿਆ ਸੀ। ਇਸ ਲਈ ਉਸ ਨੇ ਜ਼ਖ਼ਮੀਆਂ ਨੂੰ ਹਸਪਤਾਲ ਲਿਆਉਣ ਦੀ ਥਾਂ ਮੁਹਾਜ਼ ਉੱਪਰ ਹੀ ਉਨ੍ਹਾਂ ਨੂੰ ਲਹੂ ਚੜ੍ਹਾਉਣ ਦੀ ਨਵੀਂ ਵਿਧੀ ਇਜਾਦ ਕੀਤੀ ਜਿਸ ਸਦਕਾ ਹਜ਼ਾਰਾਂ ਲੜਾਕਿਆਂ ਦੀ ਜਾਨ ਬਚਾਈ। 27 ਅਕਤੂਬਰ 1937 ਨੂੰ ਉਹ ਸਪੇਨ ਤੋਂ ਵਾਪਸ ਕੈਨੇਡਾ ਆ ਗਿਆ ਤੇ ਸਪੇਨ ਦੇ ਲੋਕਾਂ ਲਈ ਹਮਾਇਤ ਜੁਟਾਉਣ ਤੇ ਫੰਡ ਇਕੱਠਾ ਕਰਨ ਦੇ ਕੰਮ ਵਿਚ ਲੱਗ ਗਿਆ।

ਇਸ ਦੌਰਾਨ ਚੀਨ ਉੱਪਰ ਜਪਾਨ ਨੇ ਹਮਲਾ ਕਰ ਦਿੱਤਾ। ਚੀਨ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਲੋਕ ਜਪਾਨੀ ਹਮਲੇ ਖਿਲਾਫ਼ ਜੰਗ ਵਿਚ ਕੁੱਦ ਗਏ। ਇਸ ਜੰਗ ਵਿਚ ਲੋਕਾਂ ਦੀ ਮਦਦ ਕਰਨ ਲਈ ਡਾਕਟਰ ਨਾਰਮਨ 2 ਜਨਵਰੀ 1938 ਨੂੰ ਚੀਨ ਜਾ ਪਹੁੰਚਿਆ। ਇੱਥੇ ਉਸ ਦੀ ਚੀਨ ਦੀ ਕਮਿਊਨਿਸਟ ਪਾਰਟੀ ਦੇ ਆਗੂ ਮਾਓ ਦੇ ਤੁੰਗ ਨਾਲ ਮੁਲਾਕਾਤ ਵੀ ਹੋਈ। ਉਸ ਤੋਂ ਬਾਅਦ ਉਹ ਸਿਹਤ ਸੇਵਾਵਾਂ ਦੇਣ ਲਈ ਜੰਗ ਦੇ ਮੈਦਾਨ ਵਿਚ ਚਲਾ ਗਿਆ। ਚੀਨੀ ਲੋਕਾਂ ਦੀ ਇਸ ਫ਼ੌਜ ਕੋਲ ਨਾ ਕੋਈ ਢੰਗ ਦੇ ਹਸਪਤਾਲ ਸਨ, ਨਾ ਪੂਰੇ ਡਾਕਟਰੀ ਔਜ਼ਾਰ ਤੇ ਨਾ ਹੀ ਦਵਾਈਆਂ। ਇਸ ਦੌਰਾਨ ਉਸ ਨੇ ਚੀਨੀ ਲੜਾਕਿਆਂ ਨੂੰ ਸਿਹਤ ਸੇਵਾਵਾਂ ਦੇਣ ਦਾ ਸਫ਼ਰ ਸ਼ੁਰੂ ਕਰ ਦਿੱਤਾ। ਚਾਰ ਮਹੀਨਿਆਂ ਵਿਚ ਹੀ ਉਨ੍ਹਾਂ ਨੇ 750 ਕਿਲੋਮੀਟਰ ਦਾ ਸਫ਼ਰ ਕਰਦਿਆਂ 300 ਤੋਂ ਵੱਧ ਅਪਰੇਸ਼ਨ ਕੀਤੇ ਜ਼ਖ਼ਮੀਆਂ ਦੇ ਇਲਾਜ ਲਈ 13 ਸਿਹਤ ਕੇਂਦਰ ਉਸਾਰੇ ਤੇ ਬਹੁਤ ਸਾਰੇ ਲੋਕਾਂ ਨੂੰ ਮੁੱਢਲੀ ਡਾਕਟਰੀ ਸਿਖਲਾਈ ਦਿੱਤੀ।

ਚੀਨੀ ਲੋਕਾਂ ਦੀ ਭਾਸ਼ਾ ਤੋਂ ਅਣਜਾਣ ਹੋਣ ਦੇ ਬਾਵਜੂਦ ਉਹ ਇੱਥੇ ਲੋਕਾਂ ਨਾਲ ਘੁਲ-ਮਿਲ ਗਿਆ ਤੇ ਲੋਕਾਂ ਤੋਂ ਉਸ ਨੂੰ ਅਥਾਹ ਪਿਆਰ ਸਤਿਕਾਰ ਮਿਲਿਆ। ਡਾਕਟਰ ਨਾਰਮਨ ਜੰਗ ਦੇ ਮੈਦਾਨ ਵਿਚ ਸਿਹਤ ਸੇਵਾਵਾਂ ਦੇ ਰਿਹਾ ਸੀ ਜਿੱਥੇ ਕਿਸੇ ਵੀ ਵੇਲੇ ਜਪਾਨੀ ਹਮਲੇ ਦੇ ਸ਼ਿਕਾਰ ਹੋਣ ਦਾ ਖ਼ਤਰਾ ਸਿਰ ਮੰਡਰਾਉਂਦਾ ਰਹਿੰਦਾ ਸੀ। 1939 ਵਿਚ ਉਸ ਨੇ ਕੈਨੇਡਾ ਮੁੜਨ ਦਾ ਫ਼ੈਸਲਾ ਕਰ ਲਿਆ ਤਾਂ ਜੋ ਚੀਨ ਦੀ ਮਦਦ ਲਈ ਆਰਥਿਕ ਵਸੀਲੇ ਇਕੱਠੇ ਕੀਤੇ ਜਾ ਸਕਣ, ਪਰ ਉਸ ਵੇਲੇ ਹੀ ਜਪਾਨ ਨੇ ਮੁੜ ਵੱਡਾ ਹਮਲਾ ਕਰ ਦਿੱਤਾ। ਉਸ ਨੇ ਆਪਣਾ ਫ਼ੈਸਲਾ ਬਦਲ ਲਿਆ ਤੇ ਮੁੜ ਇਲਾਜ ਕਰਨ ਲੱਗ ਗਿਆ। ਇਸ ਦੌਰਾਨ ਉਸ ਨੇ ਲਗਾਤਾਰ ਜਾਗ ਕੇ 69 ਘੰਟਿਆਂ ਵਿਚ 115 ਅਪਰੇਸ਼ਨ ਕੀਤੇ। ਉਸ ਦੇ ਸਾਥੀ ਵਾਰ-ਵਾਰ ਉਸ ਨੂੰ ਆਰਾਮ ਕਰਨ ਲਈ ਆਖ ਰਹੇ ਸਨ, ਪਰ ਆਖ਼ਰੀ ਮਰੀਜ਼ ਦਾ ਇਲਾਜ ਕਰਨ ਤੱਕ ਉਹ ਕੰਮ ਵਿਚ ਲੱਗਿਆ ਰਿਹਾ। ਇੱਥੋਂ ਦੀ ਜ਼ਿੰਦਗੀ ਬਾਰੇ ਉਸ ਨੇ ਆਪਣੇ ਇਕ ਦੋਸਤ ਨੂੰ ਚਿੱਠੀ 'ਚ ਲਿਖਿਆ, 'ਇਹ ਸੱਚ ਹੈ ਕਿ ਮੈਂ ਥੱਕਿਆ ਹੋਇਆ ਹਾਂ, ਪਰ ਮੈਨੂੰ ਲੱਗਦਾ ਹੈ ਕਿ ਮੈਂ ਜ਼ਿੰਦਗੀ 'ਚ ਪਹਿਲਾਂ ਕਦੇ ਇੰਨਾ ਖ਼ੁਸ਼ ਨਹੀਂ ਰਿਹਾ। ਮੈਂ ਉਹ ਕੰਮ ਕਰ ਰਿਹਾ ਹਾਂ ਜੋ ਮੈਂ ਕਰਨਾ ਚਾਹੁੰਦਾ ਹਾਂ ਮੇਰੇ ਕੋਲ ਕੋਈ ਪੈਸਾ ਨਹੀਂ ਤੇ ਨਾ ਹੀ ਮੈਨੂੰ ਇਸ ਦੀ ਲੋੜ ਹੈ। ਇੱਥੇ ਮੈਨੂੰ ਮੇਰੀ ਲੋੜ ਦੀ ਹਰ ਚੀਜ਼ ਮਿਲ ਜਾਂਦੀ ਹੈ। ਮੇਰੀ ਕੋਈ ਇੱਛਾ, ਸੱਧਰ ਅਧੂਰੀ ਨਹੀਂ ਰਹੀ। ਮੇਰੇ ਨਾਲ ਓਨੇ ਹੀ ਪਿਆਰ ਤੇ ਸਤਿਕਾਰ ਨਾਲ ਇਕ ਅਹਿਮ ਕਾਮਰੇਡ ਜਿਹਾ ਸਲੂਕ ਕੀਤਾ ਜਾਂਦਾ ਹੈ ਜਿੰਨੇ ਦੀ ਵੀ ਕਲਪਨਾ ਕੀਤੀ ਜਾ ਸਕਦੀ ਹੈ।'

ਪਹਿਲੀ ਨਵੰਬਰ 1939 ਨੂੰ ਇਕ ਜ਼ਖ਼ਮੀ ਦਾ ਇਲਾਜ ਕਰਦਿਆਂ ਉਸ ਦੇ ਹੱਥ ਵਿਚ ਬਲੇਡ ਵੱਜ ਗਿਆ ਕਿਉਂਕਿ ਉਸ ਕੋਲ ਇਲਾਜ ਲਈ ਦਸਤਾਨੇ ਨਹੀਂ ਸਨ। ਇਸ ਕਾਰਨ ਉਸ ਦੇ ਖ਼ੂਨ ਵਿਚ ਇਨਫੈਕਸ਼ਨ ਫੈਲ ਗਈ। ਉਹ ਫਿਰ ਵੀ ਇਲਾਜ ਵਿਚ ਲੱਗਿਆ ਰਿਹਾ। ਇਸ ਕਾਰਨ ਉਸ ਨੂੰ ਤੇਜ਼ ਬੁਖਾਰ ਨਾਲ ਉਲਟੀਆਂ ਸ਼ੁਰੂ ਹੋ ਗਈਆਂ। ਉਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਪਰ ਉਦੋਂ ਤੱਕ ਇਨਫੈਕਸ਼ਨ ਪੂਰੇ ਸਰੀਰ ਵਿਚ ਫੈਲ ਚੁੱਕੀ ਸੀ। ਉਸ ਨੂੰ ਖ਼ੁਦ ਵੀ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਆਖ਼ਰੀ ਵੇਲਾ ਆ ਗਿਆ ਹੈ। ਬਾਰਾਂ ਨਵੰਬਰ ਨੂੰ ਉਸ ਨੇ ਆਪਣੇ ਇਕ ਦੋਸਤ ਨੂੰ ਅਲਵਿਦਾ ਚਿੱਠੀ ਲਿਖੀ ਤੇ 13 ਨਵੰਬਰ 1939 ਦੀ ਸਵੇਰ 5:23 ਵਜੇ ਆਖ਼ਰੀ ਸਾਹ ਲਿਆ। ਉਸ ਨੂੰ ਜਾਣਨ ਵਾਲੇ ਲੋਕਾਂ ਵਿਚ ਸੋਗ ਦੀ ਲਹਿਰ ਦੌੜ ਗਈ। ਸਤਾਰਾਂ ਨਵੰਬਰ ਨੂੰ ਉਸ ਦੀਆਂ ਅੰਤਿਮ ਰਸਮਾਂ ਨਾਲ ਦਫਨਾਇਆ ਗਿਆ। 1 ਦਸੰਬਰ ਨੂੰ ਉਸ ਦੀ ਯਾਦ ਵਿਚ ਵੱਡੀ ਸਭਾ ਕੀਤੀ ਗਈ।

ਉਸ ਦੀ ਯਾਦ ਵਿਚ ਚੀਨ ਦੇ ਕਮਿਊਨਿਸਟ ਆਗੂ ਮਾਓ ਜ਼ੇ ਤੁੰਗ ਨੇ ਲਿਖਿਆ, ÷ਇਹ ਕਿਹੋ ਜਿਹੀ ਭਾਵਨਾ ਹੈ ਜੋ ਇਕ ਵਿਦੇਸ਼ੀ ਨੂੰ ਨਿਸਵਾਰਥ ਹੋ ਕੇ ਚੀਨੀ ਲੋਕਾਂ ਦੀ ਮੁਕਤੀ ਦੇ ਕਾਰਜ ਨੂੰ ਆਪਣਾ ਮੰਨਣ ਲਾ ਦਿੰਦੀ ਹੈ? ਇਹ ਕੌਮਾਂਤਰੀਵਾਦ ਦੀ ਭਾਵਨਾ, ਕਮਿਊਨਿਜ਼ਮ ਦੀ ਭਾਵਨਾ ਹੈ ਜਿਸ ਤੋਂ ਹਰ ਚੀਨੀ ਕਮਿਊਨਿਸਟ ਨੂੰ ਸਿੱਖਣਾ ਚਾਹੀਦਾ ਹੈ। .. ਮੈਨੂੰ ਉਸ ਦੀ ਮੌਤ ਦਾ ਬਹੁਤ ਦੁੱਖ ਹੈ। ਹੁਣ ਅਸੀਂ ਸਾਰੇ ਉਸ ਨੂੰ ਯਾਦ ਕਰ ਰਹੇ ਹਾਂ, ਜੋ ਦਰਸਾਉਂਦਾ ਹੈ ਕਿ ਉਸ ਦਾ ਜਜ਼ਬਾ ਹਰ ਕਿਸੇ ਨੂੰ ਕਿੰਨੀ ਡੂੰਘਾਈ ਨਾਲ ਪ੍ਰੇਰਿਤ ਕਰਦਾ ਹੈ। ਸਾਨੂੰ ਸਾਰਿਆਂ ਨੂੰ ਉਸ ਤੋਂ ਪੂਰਨ ਨਿਸਵਾਰਥ ਦੀ ਭਾਵਨਾ ਸਿੱਖਣੀ ਚਾਹੀਦੀ ਹੈ। ਇਸ ਭਾਵਨਾ ਨਾਲ ਹਰ ਕੋਈ ਲੋਕਾਂ ਲਈ ਬਹੁਤ ਲਾਭਦਾਇਕ ਹੋ ਸਕਦਾ ਹੈ। ਇਕ ਆਦਮੀ ਦੀ ਯੋਗਤਾ ਵੱਡੀ ਜਾਂ ਛੋਟੀ ਹੋ ਸਕਦੀ ਹੈ, ਪਰ ਜੇ ਉਸ ਵਿਚ ਇਹ ਭਾਵਨਾ ਹੈ ਤਾਂ ਉਹ ਪਹਿਲਾਂ ਹੀ ਨੇਕ ਦਿਲ ਅਤੇ ਸ਼ੁੱਧ, ਨੈਤਿਕ ਇਮਾਨਦਾਰੀ ਵਾਲਾ ਅਤੇ ਕੁੱਝੇ ਹਿੱਤਾਂ ਤੋਂ ਉੱਪਰ ਉਠਿਆ ਅਜਿਹਾ ਸ਼ਖ਼ਸ ਹੈ ਜੋ ਲੋਕਾਂ ਲਈ ਅਹਿਮ ਹੈ। ਇਉਂ ਡਾਕਟਰ ਨਾਰਮਨ ਬੈਥਿਊ ਸੱਚ ਅਰਥਾਂ ਵਿਚ ਲੋਕਾਂ ਦਾ ਡਾਕਟਰ ਸੀ। ਉਸ ਦੀ ਇਹ ਭਾਵਨਾ ਸਿਰਫ਼ ਮਾਨਵਤਾਵਾਦ ਤੋਂ ਪ੍ਰਭਾਵਿਤ ਨਹੀਂ ਸੀ ਸਗੋਂ ਇਸ ਪਿੱਛੇ ਸਮਾਜਿਕ ਬੇਇਨਸਾਫ਼ੀ ਨੂੰ ਖ਼ਤਮ ਕਰਨ ਤੇ ਲੁੱਟ, ਜਬਰ ਤੋਂ ਮੁਕਤ ਸਮਾਜ ਸਿਰਜਣ ਦੀ ਸੋਚ ਸੀ। ਸਪੇਨ ਦੀ ਜੰਗ ਦੌਰਾਨ ਸ਼ਹੀਦ ਹੋਏ ਲੜਾਕਿਆਂ ਨੂੰ ਸੰਬੋਧਨ ਕਰਦਿਆਂ ਉਸ ਨੇ ਇਕ ਕਵਿਤਾ ਲਿਖੀ ਸੀ ਤੇ ਉਸ ਕਵਿਤਾ ਦੀਆਂ ਇਨ੍ਹਾਂ ਆਖ਼ਰੀ ਸਤਰਾਂ ਨਾਲ ਉਸ ਨੂੰ ਸ਼ਰਧਾਂਜਲੀ ਹੈ:

**ਉਸ ਮੁਰਝਾਏ ਚੰਨ ਵੱਲ,**
**ਅਸੀਂ ਆਪਣੀਆਂ ਬੰਦ ਮੁੱਠੀਆਂ ਨੂੰ ਚੁੱਕਦੇ ਹਾਂ**
**ਤੇ ਬੇਨਾਮ ਸ਼ਹੀਦਾਂ ਨੂੰ ਚੇਤੇ ਕਰਦਿਆਂ ਆਪਣਾ ਸੰਕਲਪ ਦੁਹਰਾਉਂਦੇ ਹਾਂ**
**'ਆਜ਼ਾਦੀ ਤੇ ਭਵਿੱਖ ਦੇ ਸੰਸਾਰ ਲਈ ਲੜਨ ਵਾਲੇ ਕਾਮਰੇਡ,**
**ਤੁਸੀਂ ਜੋ ਸਾਡੇ ਲਈ ਮਰੇ,**
**ਅਸੀਂ ਤੁਹਾਨੂੰ ਯਾਦ ਰੱਖਾਂਗੇ'**



# ਅਸਾਦ ਦਾ ਪਤਨ, ਤੁਰਕੀ ਦੀ ਜਿੱਤ ? ਇੱਕ ਨਾਜ਼ੁਕ ਮੁਲਾਂਕਣ

## ਮਹਿਮੇਤ ਇਰਮਨ ਏਰੋਲ

8 ਦਸੰਬਰ ਨੂੰ, ਸੀਰੀਆ ਵਿੱਚ ਬਸ਼ਰ ਅਲ ਅਸਾਦ ਦੀ ਹਕੂਮਤ ਢਹਿ ਗਈ ਅਤੇ ਦੱਸਿਆ ਜਾਂਦਾ ਹੈ ਕਿ ਉਹ ਮਾਸਕੋ ਭੱਜ ਗਿਆ। ਜੋ ਲਗਭਗ 14 ਸਾਲਾਂ ਵਿੱਚ ਪ੍ਰਾਪਤ ਨਹੀਂ ਕੀਤਾ ਜਾ ਸਕਿਆ, ਉਹ ਸਿਰਫ਼ 12 ਦਿਨਾਂ ਵਿੱਚ ਹੀ ਪੂਰਾ ਕਰ ਲਿਆ ਗਿਆ, ਮੁੱਖ ਤੌਰ ’ਤੇ ਸਲਾਫੀ ਕੱਟੜਪੰਥੀ ਇਸਲਾਮੀ ਸਮੂਹ ਹਯਾਤ ਤਹਿਰੀਰ ਅਲ-ਸ਼ਾਮ (HTS) ਦੀ ਅਗਵਾਈ ਵਿੱਚ ਇੱਕ ਅਚਾਨਕ ਹਮਲੇ ਦੁਆਰਾ, ਹਾਲਾਂਕਿ ਹੋਰ ਵਿਰੋਧੀ ਸਮੂਹਾਂ ਨੇ ਹਮਲੇ ਦਾ ਸਮਰਥਨ ਕੀਤਾ, ਜਿਵੇਂ ਕਿ ਸੀਰੀਅਨ ਨੈਸ਼ਨਲ ਆਰਮੀ, ਸਿੱਧੇ ਤੌਰ ’ਤੇ ਤੁਰਕੀ ਦਾ ਸਮਰਥਨ ਪ੍ਰਾਪਤ ਹੈ। ਹੁਣ ਇਸ ਨਤੀਜੇ ਨੂੰ ਏਰਡੋਆਨ ਦੀ ਤੁਰਕੀ ਦੀ ਜਿੱਤ ਵਜੋਂ ਵੇਖਣ ਦਾ ਰੁਝਾਨ ਹੈ, ਜਿਸ ਨੇ ਘਰੇਲੂ ਯੁੱਧ ਦੇ ਸ਼ੁਰੂਆਤੀ ਦਿਨਾਂ ਤੋਂ ਅਸਾਦ ਸ਼ਾਸਨ ਦੇ ਵਿਰੁੱਧ ਇਸਲਾਮਿਕ ਸੀਰੀਆ ਦੇ ਵਿਰੋਧ ਦਾ ਸਮਰਥਨ ਕੀਤਾ ਹੈ। ਇਹ ਨਤੀਜਾ ਹਾਲ ਹੀ ਵਿੱਚ ਬਹੁਤ ਅਸੰਭਵ ਜਾਪਦਾ ਸੀ, ਕਿਉਂਕਿ 2010 ਦੇ ਦਹਾਕੇ ਦੇ ਮੱਧ ਤੋਂ ਘਰੇਲੂ ਯੁੱਧ ਅਤੇ ਖੇਤਰੀ ਰਾਜਨੀਤਿਕ ਆਰਥਿਕਤਾ ਦੀ ਗਤੀਸ਼ੀਲਤਾ ਦੇ ਆਲੇ ਦੁਆਲੇ ਦੀਆਂ ਘਟਨਾਵਾਂ ਇੱਕ ਲਗਭਗ ਜੰਮੇ ਹੋਏ ਟਕਰਾਅ ਦੇ ਬਰਾਬਰ ਸਨ, ਅਤੇ ਇੱਕ ਸ਼ਾਸਨ ਤਬਦੀਲੀ ਲਈ ਤੁਰਕੀ ਦੀਆਂ ਇੱਛਾਵਾਂ ਵੱਡੇ ਪੱਧਰ ’ਤੇ ਖਤਮ ਹੋ ਗਈਆਂ ਸਨ। ਪਿਛਲੇ ਕੁਝ ਸਾਲਾਂ ਵਿੱਚ ਸੀਰੀਆ ਦੀਆਂ ਘਰੇਲੂ ਸਥਿਤੀਆਂ ਦੇ ਨਾਲ-ਨਾਲ ਹਾਲ ਹੀ ਦੀਆਂ ਖੇਤਰੀ ਅਤੇ ਅੰਤਰਰਾਸ਼ਟਰੀ ਘਟਨਾਵਾਂ ਦੀ ਇੱਕ ਲੜੀ, ਇਸ ਨਤੀਜੇ ਵਿੱਚ ਇੱਕ ਨਿਰਣਾਇਕ ਭੂਮਿਕਾ ਨਿਭਾਉਂਦੀ ਜਾਪਦੀ ਹੈ, ਜਿਸ ਨਾਲ ਤੁਰਕੀ ਅਤੇ ਤੁਰਕੀ-ਸਮਰਥਿਤ ਵਿਰੋਧੀ ਧਿਰਾਂ ਦੇ ਨਾਲ-ਨਾਲ ਕੁਝ ਹੋਰ ਸ਼ਕਤੀਆਂ ਜਿਵੇਂ ਕਿ ਇਜ਼ਰਾਈਲ ਨੂੰ ਫਾਇਦਾ ਹੋਇਆ ਹੈ। ਅਰਬ ਬਸੰਤ ਤੋਂ ਬਾਅਦ ਤੁਰਕੀ ਦੀ ਖੇਤਰੀ ਰਣਨੀਤੀ ‘ਰੋਟੀ, ਆਜ਼ਾਦੀ ਅਤੇ ਸਮਾਜਿਕ ਨਿਆਂ’ ਦੀ ਮੰਗ ਨਾਲ ਦਸੰਬਰ 2010 ਵਿੱਚ ਟਿਊਨੀਸ਼ੀਆ ਵਿੱਚ ਸ਼ੁਰੂ ਹੋਏ ਅਰਬ ਵਿਦਰੋਹ ਤੋਂ ਬਾਅਦ, ਸੀਰੀਆ ਦੇ ਘਰੇਲੂ ਯੁੱਧ ਪ੍ਰਤੀ ਤੁਰਕੀ ਦੀ ਪਹੁੰਚ ਨੂੰ ਇਸ ਖੇਤਰ ਵਿੱਚ ਵਿਆਪਕ ਪਹੁੰਚ ਦੇ ਸੰਦਰਭ ਵਿੱਚ ਸਮਝਣਾ ਚਾਹੀਦਾ ਹੈ। ਖੇਤਰ ਦੇ ਉਥਲ-ਪੁਥਲ ਦੇ ਵਿਚਕਾਰ, ਤੁਰਕੀ, ਏਰਦੋਆਨ ਦੀ ਏਕੇਪੀ ਦੇ ਅਧੀਨ, ਆਪਣੇ ਆਪ ਨੂੰ ਇੱਕ ਪ੍ਰਮੁੱਖ ਅਭਿਨੇਤਾ ਦੇ ਰੂਪ ਵਿੱਚ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। AKP ਨੇ ਆਪਣੇ ਆਪ ਨੂੰ ਖੇਤਰ ਵਿੱਚ ਜਮਹੂਰੀਕਰਨ ਦੇ ਸਮਰਥਕ ਵਜੋਂ ਪੇਸ਼ ਕੀਤਾ, ਆਪਣੀ ਛਵੀ ਨੂੰ ਇੱਕ ਮਾਡਲ ਦੇ ਰੂਪ ਵਿੱਚ ਉਭਾਰਿਆ ਜਿਸ ਨੇ ਤਾਨਾਸ਼ਾਹੀ ਸ਼ਾਸਨ ਦੇ ਵਿਰੋਧ ਵਿੱਚ ਮੱਧਮ ਇਸਲਾਮ, ਆਰਥਿਕ ਖੁਸ਼ਹਾਲੀ ਅਤੇ ਜਮਹੂਰੀਅਤ ਨੂੰ ਸਫਲਤਾਪੂਰਵਕ ਮਿਲਾਇਆ। 2011 ਵਿੱਚ ਏਰਦੋਗਨ ਦੁਆਰਾ ਮਿਸਰ, ਟਿਊਨੀਸ਼ੀਆ ਅਤੇ ਲੀਬੀਆ ਦੇ ਦੌਰੇ ਇਸ ਬਿਰਤਾਂਤ ਨੂੰ ਹੋਰ ਮਜ਼ਬੂਤ ਕਰਨ ਦਾ ਉਦੇਸ਼ ਸੀ। ਇੱਕ ਨਾਜ਼ੁਕ ਦ੍ਰਿਸ਼ਟੀਕੋਣ ਤੋਂ, ਹਾਲਾਂਕਿ, ਅੰਤਰਰਾਸ਼ਟਰੀ ਯਤਨਾਂ ਵਿੱਚ ਤੁਰਕੀ ਦੀ ਭੂਮਿਕਾ ਨੂੰ ਉਜਾਗਰ ਕਰਨਾ ਮਹੱਤਵਪੂਰਨ ਹੈ, ਜਿਸਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਖੇਤਰ ਵਿੱਚ ਤਬਦੀਲੀ ਵਿਸ਼ਵ ਮੰਡੀ ਵਿੱਚ ਨਵਉਦਾਰਵਾਦੀ ਏਕੀਕਰਣ ਤੋਂ ਟੁੱਟਣ ਦੇ ਬਰਾਬਰ ਨਹੀਂ ਹੋਵੇਗੀ। ਇਸਦਾ ਉਦਾਹਰਣ ਫਰਾਂਸ ਵਿੱਚ G8 ਸਿਖਰ ਸੰਮੇਲਨ (ਮਈ 2011) ਵਿੱਚ ਸਥਾਪਿਤ ‘ਪਰਿਵਰਤਨ ਵਿੱਚ ਅਰਬ ਦੇਸ਼ਾਂ ਦੇ ਨਾਲ ਡਿਊਵਿਲ ਪਾਰਟਨਰਸ਼ਿਪ’ ਸੀ, ਜਿਸ ਵਿੱਚ G8 ਪਲੱਸ ਤੁਰਕੀ, ਖਾੜੀ ਸਹਿਯੋਗ ਪਰਿਸ਼ਦ ਦੇਸ਼ ਅਤੇ ਵੱਖ-ਵੱਖ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ (IFIs) ਸ਼ਾਮਲ ਸਨ। ਹੋਰ ਨਵਉਦਾਰਵਾਦੀ ਸੁਧਾਰਾਂ ਨੂੰ ਲਾਗੂ ਕਰਨ ਦੇ ਬਦਲੇ ਇਹਨਾਂ ਦੇਸ਼ਾਂ ਨੂੰ ਵੱਖ-ਵੱਖ ਕਰਜ਼ਿਆਂ ਦੀ ਪੇਸ਼ਕਸ਼ ਕਰਨਾ। ਰਾਜਨੀਤਿਕ ਤੌਰ ’ਤੇ ਤੁਰਕੀ ਦੀ ਸ਼ਮੂਲੀਅਤ ਵਧਦੀ ਹੋਈ ਇਹਨਾਂ ਦੇਸ਼ਾਂ ਅਤੇ ਵਿਸਤ੍ਰਿਤ ਮੱਧ ਪੂਰਬ ਅਤੇ ਉੱਤਰੀ ਅਫਰੀਕਾ (MENA) ਖੇਤਰ ਵਿੱਚ ਮੁਸਲਿਮ ਬ੍ਰਦਰਹੁੱਡ ਦੇ ਪੂਰੇ ਸਮਰਥਨ ਦੇ ਬਰਾਬਰ ਸੀ, ਕਿਉਂਕਿ ਇਹ ਸੋਚਿਆ ਜਾਂਦਾ ਸੀ ਕਿ ਤੁਰਕੀ ਸਮਾਨ ਸੋਚ ਵਾਲੇ ਸ਼ਾਸਨ ਨੂੰ ਪ੍ਰਭਾਵਤ ਕਰਨ ਦੇ ਯੋਗ ਹੋਵੇਗਾ ਅਤੇ ਇਸਦੇ ਆਰਥਿਕ ਅਤੇ ਵਿਸਤਾਰ ਵਿੱਚ ਸਮਰੱਥ ਹੋਵੇਗਾ। ਸਿਆਸੀ ਹਿੱਤ ਬਹੁਤ ਆਸਾਨੀ ਨਾਲ ਇਹ ਹਮੇਸ਼ਾ ਸਵਾਲਾਂ ਵਿੱਚ ਘਿਰੇ ਦੇਸ਼ਾਂ ਦੀ ਘਰੇਲੂ ਸਿਆਸੀ ਗਤੀਸ਼ੀਲਤਾ ਦੇ ਨਾਲ ਮੇਲ ਨਹੀਂ ਖਾਂਦਾ ਸੀ, ਹਾਲਾਂਕਿ, ਜਿਵੇਂ ਕਿ 2013 ਵਿੱਚ ਮੁਸਲਿਮ ਬ੍ਰਦਰਹੁੱਡ ਅਤੇ ਇਸਦੇ ਰਾਸ਼ਟਰਪਤੀ ਮੋਰਸੀ ਦੇ ਖਿਲਾਫ ਮਿਸਰ ਵਿੱਚ ਸਿਸੀ ਦੇ ਬੇਰਹਿਮ ਫੌਜੀ ਤਖਤਾਪਲਟ ਦੇ ਨਾਲ ਦੇਖਿਆ ਗਿਆ ਸੀ। ਦੁਵੱਲੇ ਸਬੰਧਾਂ ਵਿੱਚ ਢਹਿ-ਢੇਰੀ ਅਤੇ ਬਾਅਦ ਵਿੱਚ ਖੇਤਰੀ ਅਲੱਗ-ਥਲੱਗ ਹੋਣਾ, ਕਿਉਂਕਿ ਸਿਸੀ ਸ਼ਾਸਨ ਨੂੰ ਸ਼ਕਤੀਸ਼ਾਲੀ ਖੇਤਰੀ ਅਤੇ ਅੰਤਰਰਾਸ਼ਟਰੀ ਅਦਾਕਾਰਾਂ ਦਾ ਸਮਰਥਨ ਪ੍ਰਾਪਤ ਸੀ। ਇਸੇ ਤਰ੍ਹਾਂ, ਟਿਊਨੀਸ਼ੀਆ ਵਿੱਚ, ਇਸਲਾਮਿਸਟ ਐਨਨਾਹਦਾ ਪਾਰਟੀ ਨੂੰ ਧਰਮ ਨਿਰਪੱਖ ਤਾਕਤਾਂ ਦੁਆਰਾ ਸ਼ਾਮਲ ਕੀਤਾ ਗਿਆ ਸੀ, ਜਿਸ ਨਾਲ ਤੁਰਕੀ ਦੇ ਪ੍ਰਭਾਵ ਨੂੰ ਸੀਮਤ ਕੀਤਾ ਗਿਆ ਸੀ। ਸੀਰੀਅਨ ਦਲਦਲ: ਸ਼ਾਸਨ ਤਬਦੀਲੀ ਤੋਂ ‘ਆਮਕਰਨ’ ਤੱਕ ਸੀਰੀਆ ਤੁਰਕੀ ਦੀ ਅਰਬ ਬਸੰਤ ਤੋਂ ਬਾਅਦ ਦੀ ਵਿਦੇਸ਼ ਨੀਤੀ ਦਾ ਨੀਂਹ ਪੱਥਰ ਅਤੇ ਇਸਦੀਆਂ ਭੂ-ਰਾਜਨੀਤਿਕ ਇੱਛਾਵਾਂ ਲਈ ਇੱਕ ਫਲੈਸ਼ਪੁਆਇੰਟ ਬਣ ਗਿਆ। ਸ਼ੁਰੂਆਤੀ ਤੌਰ ’ਤੇ ਸੁਧਾਰਾਂ ਦੀ ਮੰਗ ਕਰਦੇ ਹੋਏ, ਤੁਰਕੀ ਨੇ ਛੇਤੀ ਹੀ ਇਸਲਾਮੀ ਵਿਰੋਧੀ ਤਾਕਤਾਂ, ਜਿਸ ਵਿੱਚ ਕੱਟੜਪੰਥੀ ਸਮੂਹ ਸ਼ਾਮਲ ਸਨ, ਦੇ ਨਾਲ ਮਿਲ ਕੇ, ਸ਼ਾਸਨ ਤਬਦੀਲੀ ਲਈ ਹਮਲਾਵਰ ਸਮਰਥਨ ਵੱਲ ਬਦਲਿਆ। ਹਾਲਾਂਕਿ, ਇਹ ਨੀਤੀ ਤੇਜ਼ੀ ਨਾਲ ਅਸਥਿਰ ਹੋ ਗਈ ਕਿਉਂਕਿ ਅਸਾਦ ਸ਼ਾਸਨ ਲਚਕੀਲਾ ਸਾਬਤ ਹੋਇਆ, ਰੂਸ, ਈਰਾਨ, ਹਿਜ਼ਬੁੱਲਾ ਅਤੇ ਇੱਕ ਹੱਦ ਤੱਕ ਚੀਨ ਦੇ ਸਮਰਥਨ ਦੁਆਰਾ ਮਜ਼ਬੂਤ ਹੋਇਆ। ਤੁਰਕੀ ਨੇ ਸੀਰੀਆ ਦੇ ਇਸਲਾਮੀ ਵਿਰੋਧੀਆਂ ਦਾ ਸਮਰਥਨ ਕਰਨਾ ਜਾਰੀ ਰੱਖਿਆ, ਪਰ 2010 ਦੇ ਦਹਾਕੇ ਦੇ ਮੱਧ ਤੋਂ ਨਵੀਂ ਘਰੇਲੂ ਅਤੇ ਖੇਤਰੀ ਗਤੀਸ਼ੀਲਤਾ ਦੇ ਨਾਲ, ਸ਼ਾਸਨ ਤਬਦੀਲੀ ’ਤੇ ਧਿਆਨ ਕੇਂਦਰਤ ਕਰਨ ਦੀ ਬਜਾਏ, ਇਸ ਨੇ ਆਪਣੀਆਂ ਤੁਰੰਤ ‘ਸੁਰੱਖਿਆ ਚਿੰਤਾਵਾਂ’ ਅਤੇ ਉੱਤਰ-ਪੂਰਬੀ ਸੀਰੀਆ ਵਿੱਚ ਕੁਰਦਿਸ਼ ਖੁਦਮੁਖਤਿਆਰੀ ਦੇ ਸਵਾਲ ’ਤੇ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਸੀਰੀਅਨ ਡੈਮੋਕਰੇਟਿਕ ਫੋਰਸਿਜ਼ ਦੁਆਰਾ ਨੁਮਾਇੰਦਗੀ ਕੀਤੀ ਗਈ ਹੈ। ਘਰੇਲੂ ਤੌਰ ’ਤੇ, AKP ਦਾ ਰਾਸ਼ਟਰਵਾਦੀ ਗਠਜੋੜ, ਜੋ ਨਵੰਬਰ 2015 ਦੀਆਂ ਚੋਣਾਂ ਵਿੱਚ ਸਾਹਮਣੇ ਆਇਆ ਸੀ ਅਤੇ ਜੁਲਾਈ 2016 ਦੇ ਗੁਲੇਨਵਾਦੀ ਤਖਤਾਪਲਟ ਦੀ ਕੋਸ਼ਿਸ਼ ਨੇ ਇੱਕ ‘ਸੁਰੱਖਿਅਤ’, ਅਤਿ-ਰਾਸ਼ਟਰਵਾਦੀ, ਅਤੇ ਅਮਰੀਕਾ ਵਿਰੋਧੀ ਸਿਆਸੀ ਮਾਹੌਲ ਪੈਦਾ ਕੀਤਾ ਸੀ। ਅਸਫਲ ਤਖਤਾਪਲਟ ਨੇ ਸੰਯੁਕਤ ਰਾਜ ਅਮਰੀਕਾ ਪ੍ਰਤੀ ਤੁਰਕੀ ਦੇ ਅਵਿਸ਼ਵਾਸ ਨੂੰ ਡੂੰਘਾ ਕਰ ਦਿੱਤਾ, ਜਿਸ ਨੂੰ ਤਖਤਾਪਲਟ ਦੇ ਸਾਜ਼ਿਸ਼ਕਰਤਾਵਾਂ ਦਾ ਸਮਰਥਨ ਕਰਨ ਲਈ ਸਮਝਿਆ ਜਾਂਦਾ ਸੀ। ਅਗਸਤ 2016 ਵਿੱਚ, ਤੁਰਕੀ ਦੀ ਫੌਜ ਨੇ ਉੱਤਰੀ ਸੀਰੀਆ ਵਿੱਚ ਮੁੱਖ ਤੌਰ ’ਤੇ SDF ਦੇ ਵਿਰੁੱਧ, ਯੂਫਰੇਟਿਸ ਸ਼ੀਲਡ ਅਪ੍ਰੇਸ਼ਨ ਸ਼ੁਰੂ ਕੀਤਾ, ਪਰ ਨਾਲ ਹੀ ISIS ਨੂੰ ਵੀ ਨਿਸ਼ਾਨਾ ਬਣਾਇਆ। ਜਿਵੇਂ ਕਿ ਸੀਰੀਆ ਵਿੱਚ ਕੁਰਦਾਂ ਨੂੰ ਅਮਰੀਕਾ (ਖ਼ਾਸਕਰ ਆਈਐਸਆਈਐਸ ਦੇ ਵਿਰੁੱਧ ਸੰਘਰਸ਼ ਵਿੱਚ) ਦੁਆਰਾ ਸਮਰਥਨ ਪ੍ਰਾਪਤ ਸੀ, ਇਸਨੇ ਅਮਰੀਕਾ ਨਾਲ ਏਕੇਪੀ ਦੇ ਸਬੰਧਾਂ ਨੂੰ ਹੋਰ ਵੀ ਵਿਗਾੜ ਦਿੱਤਾ।


ਖੇਤਰੀ ਤੌਰ ’ਤੇ, 2015 ਤੋਂ ਬਾਅਦ ਅਸਦ ਸ਼ਾਸਨ ਨੂੰ ਬਚਾਉਣ ਲਈ ਸੀਰੀਆ ਦੇ ਘਰੇਲੂ ਯੁੱਧ ਵਿੱਚ ਰੂਸ ਦੀ ਸਿੱਧੀ ਫੌਜੀ ਸ਼ਮੂਲੀਅਤ ਇੱਕ ਅਜਿਹਾ ਕਾਰਕ ਸੀ ਜਿਸ ਨੂੰ AKP ਨਜ਼ਰਅੰਦਾਜ਼ ਨਹੀਂ ਕਰ ਸਕਦਾ ਸੀ ਅਤੇ ਇਸਨੇ ਪੁਤਿਨ ਨਾਲ ਹੋਰ ਨਜ਼ਦੀਕੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨਾਲ ਸੀਰੀਆ ਬਾਰੇ ਅਸਤਾਨਾ ਪ੍ਰਕਿਰਿਆ ਵਰਗੀਆਂ ਪਹਿਲਕਦਮੀਆਂ ਸ਼ੁਰੂ ਹੋਈਆਂ। ਤੁਰਕੀ ਨੇ ਨਾਟੋ ਮੈਂਬਰ ਹੋਣ ਦੇ ਬਾਵਜੂਦ ਰੂਸ ਤੋਂ ਐੱਸ-400 ਰੱਖਿਆ ਪ੍ਰਣਾਲੀ ਖਰੀਦੀ ਹੈ। ਉੱਤਰ-ਪੂਰਬੀ ਸੀਰੀਆ ਵਿੱਚ ਕੁਰਦ ਨਿਯੰਤਰਿਤ ਖੇਤਰਾਂ ’ਤੇ ਧਿਆਨ ਕੇਂਦ੍ਰਤ ਕਰਦੇ ਹੋਏ ਦੋ ਹੋਰ ਮਹੱਤਵਪੂਰਨ ਓਪਰੇਸ਼ਨ ਕੀਤੇ ਗਏ ਸਨ, ਯਾਨੀ ਓਲਿਵ ਬ੍ਰਾਂਚ (2018) ਅਤੇ ਪੀਸ ਸਪਰਿੰਗ (2019), ਰੂਸ ਦੀ ਸਹਿਮਤੀ ਪ੍ਰਾਪਤ ਕਰਕੇ ਅਤੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਰੁਖ (ਸਮਰਥਨ ਵਾਪਸ ਲੈਣ) ਦੁਆਰਾ ਪ੍ਰਾਪਤ ਕੀਤਾ ਗਿਆ ਸੀ। ਮੁਸਲਿਮ ਬ੍ਰਦਰਹੁੱਡ ਅਤੇ ਸ਼ਾਸਨ ਤਬਦੀਲੀ ਦੇ ਵਿਰੁੱਧ ਸਾਊਦੀ ਅਰਬ ਅਤੇ ਯੂਏਈ ਅਤੇ ਮਿਸਰ ਵਰਗੇ ਹੋਰ ਸ਼ਕਤੀਸ਼ਾਲੀ ਖੇਤਰੀ ਕਲਾਕਾਰਾਂ ਦਾ ਰੁਖ, ਇੱਕ ਹੋਰ ਮਹੱਤਵਪੂਰਨ ਕਾਰਕ ਸੀ ਜਿਸ ਨੇ 2020 ਦੇ ਦਹਾਕੇ ਦੇ ਸ਼ੁਰੂ ਤੱਕ ਇਨ੍ਹਾਂ ਦੇਸ਼ਾਂ ਨਾਲ ਤੁਰਕੀ ਦੇ ਸਬੰਧਾਂ ਨੂੰ ਤੋੜ ਦਿੱਤਾ, ਜਿਸ ਨਾਲ ਕਤਰ ਨੂੰ ਇਸ ਖੇਤਰ ਵਿੱਚ ਇੱਕਮਾਤਰ ਸਾਥੀ ਛੱਡ ਦਿੱਤਾ ਗਿਆ। ਹਾਲਾਂਕਿ, ਪਿਛਲੇ ਦਹਾਕੇ ਜਾਂ ਇਸ ਤੋਂ ਵੱਧ ਸਮੇਂ ਵਿੱਚ ਜਿਸ ਤਰ੍ਹਾਂ ਨਾਲ ਤੁਰਕੀ ਖੇਤਰ ਨਾਲ ਜੁੜਿਆ ਹੋਇਆ ਸੀ, ਖਾਸ ਤੌਰ ’ਤੇ ਹਾਲ ਹੀ ਦੇ ਸਾਲਾਂ ਵਿੱਚ ਇਸਦੀ ਸੰਕਟ-ਗ੍ਰਸਤ ਘਰੇਲੂ ਰਾਜਨੀਤਿਕ ਆਰਥਿਕਤਾ ਦੇ ਪ੍ਰਸੰਗ ਦੇ ਸੰਦਰਭ ਵਿੱਚ, ਥੱਕ ਗਿਆ ਸੀ। ਇਸ ਨਾਲ 2020 ਦੇ ਦਹਾਕੇ ਦੇ ਸ਼ੁਰੂ ਵਿੱਚ ਖੇਤਰੀ ਦੁਸ਼ਮਣਾਂ ਦੇ ਨਾਲ ਇੱਕ ‘ਨਵੇਂ ਯੁੱਗ’ ਦੀ ਖੋਜ ਕੀਤੀ ਗਈ।

ਇਸ ਤਰ੍ਹਾਂ, 2022 ਵਿੱਚ ਯੂਏਈ ਅਤੇ ਸਾਊਦੀ ਅਰਬ ਨਾਲ ਕੂਟਨੀਤਕ ਦੌਰੇ ਹੋਏ ਅਤੇ ਮੁਦਰਾ ਅਦਲਾ-ਬਦਲੀ ਦੇ ਸੌਦੇ ਅਤੇ ਨਿਵੇਸ਼ ਦੇ ਵਾਅਦੇ ਕੀਤੇ ਗਏ ਸਨ। ਬਦਲੇ ਵਿੱਚ, ਸ਼ਾਸਨ ਤਬਦੀਲੀ ਲਈ ਤੁਰਕੀ ਦਾ ਸਮਰਥਨ ਅਤੇ ਇਸਦਾ ਸਪਸ਼ਟ ਮੁਸਲਿਮ ਬ੍ਰਦਰਹੁੱਡ ਰੁਖ ਬਹੁਤ ਹੱਦ ਤੱਕ ਖਤਮ ਹੋ ਗਿਆ। ਸਿਸੀ ਦੇ ਮਿਸਰ ਨਾਲ ਵੀ ਕੂਟਨੀਤਕ ਸਬੰਧ ਦੁਬਾਰਾ ਸ਼ੁਰੂ ਹੋਏ, ਜਿਸ ਨੂੰ ਏਰਦੋਗਨ ਨੇ ਪਹਿਲਾਂ ਇੱਕ ਦਹਾਕੇ ਤੋਂ ਗੈਰ-ਕਾਨੂੰਨੀ ਕਿਹਾ ਸੀ, ਅਤੇ ਸੀਰੀਆ ਵਿੱਚ ਅਸਦ ਸ਼ਾਸਨ ਦੇ ਨਾਲ, ਅਸਦ ਨਾਲ ਗੱਲਬਾਤ ਸ਼ੁਰੂ ਕਰਨ ਦੀਆਂ ਏਰਦੋਗਨ ਦੀਆਂ ਕੋਸ਼ਿਸ਼ਾਂ ਦੇ ਨਾਲ ਇਸੇ ਤਰ੍ਹਾਂ ਦੇ ਵਿਕਾਸ ਹੋ ਰਹੇ ਸਨ। ਅਸਦ ਦੇ ਪਤਨ ਅਤੇ ਇਸ ਦੇ ਪ੍ਰਭਾਵ ਨੂੰ ਉਜਾਗਰ ਕਰਨਾ ਸ਼ਾਇਦ ਆਪਣੇ ਅਤੇ ਉਸਦੇ ਸਹਿਯੋਗੀਆਂ ਦੇ ਹੱਕ ਵਿੱਚ ਇਹਨਾਂ ਖੇਤਰੀ ਵਿਕਾਸ ’ਤੇ ਭਰੋਸਾ ਕਰਦੇ ਹੋਏ ਅਤੇ ਇਸ ਲਈ ਭਰੋਸਾ ਹੈ ਕਿ ਸ਼ਾਸਨ ਤਬਦੀਲੀ ਮੇਜ਼ ’ਤੇ ਨਹੀਂ ਸੀ, ਅਸਦ ਦਾ ਰੁਖ ਅਟੱਲ ਸੀ ਅਤੇ ਉਹ ਤੁਰਕੀ ਨਾਲ ਜੁੜਨਾ ਨਹੀਂ ਚਾਹੁੰਦਾ ਸੀ ਜਦੋਂ ਕਿ ਤੁਰਕੀ ਦੀਆਂ ਫੌਜਾਂ ਸੀਰੀਆ ਦੀ ਧਰਤੀ ’ਤੇ ਸਨ। ਇਸ ਤੋਂ ਬਾਅਦ, ਅਜਿਹਾ ਲਗਦਾ ਹੈ ਕਿ ਤੁਰਕੀ ਨੇ ਸੀਰੀਆਈ ਵਿਰੋਧੀ ਧਿਰ ਨੂੰ ਐਚਟੀਐਸ ਦੀ ਅਗਵਾਈ ਵਾਲੇ ਹਮਲੇ ਲਈ ਹਰੀ ਰੋਸ਼ਨੀ ਦਿੱਤੀ ਹੈ, ਹਾਲਾਂਕਿ ਇਹ ਸ਼ੱਕੀ ਹੈ ਕਿ ਇਹਨਾਂ ਪਾਰਟੀਆਂ ਨੇ ਘੱਟੋ ਘੱਟ ਥੋੜ੍ਹੇ ਸਮੇਂ ਵਿੱਚ, ਸ਼ਾਸਨ ਦੇ ਪਤਨ ਦੀ ਉਮੀਦ ਕੀਤੀ ਸੀ। ਹਾਲਾਂਕਿ ਅਜਿਹੇ ਸੰਕੇਤ ਹਨ ਕਿ ਰੂਸ ਅਤੇ ਈਰਾਨ ਨੂੰ ਹਮਲੇ ਤੋਂ ਪਹਿਲਾਂ ਦੀ ਯੋਜਨਾ ਬਾਰੇ ਪਤਾ ਸੀ, ਉਹ ਦੋਵੇਂ ਸੀਰੀਆ ਦੀ ਅਰਬ ਫੌਜ ਦਾ ਸਮਰਥਨ ਕਰਨ ਲਈ ਮਜ਼ਬੂਤ ਸਥਿਤੀ ਵਿੱਚ ਨਹੀਂ ਸਨ (ਰੂਸ ਦੇ ਯੂਕਰੇਨ ਉੱਤੇ ਹਮਲੇ ਅਤੇ ਗਾਜ਼ਾ ਅਤੇ ਲੇਬਨਾਨ ਵਿੱਚ ਇਜ਼ਰਾਈਲ ਦੀ ਬੇਰਹਿਮੀ ਨਾਲ ਜੰਗ ਦੇ ਨਾਲ ਇਹਨਾਂ ਦੇਸ਼ਾਂ ਨੂੰ ਕਮਜ਼ੋਰ ਕਰ ਰਿਹਾ ਸੀ। ਫੌਜੀ ਸਮਰੱਥਾ ਅਤੇ ਫੋਕਸ) ਅਤੇ ਵਿਰੋਧੀ ਧਿਰ ਦੀ ਤੇਜ਼ੀ ਨਾਲ ਅੱਗੇ ਵਧਣ ਤੋਂ ਝਿਜਕਦੇ ਰਹੇ। ਸ਼ਾਇਦ ਖਾੜੀ ਦੇ ਨਾਲ ਸੀਰੀਆ ਦੀ ਸਧਾਰਣ ਪ੍ਰਕਿਰਿਆ ਅਤੇ ਇਹ ਤੱਥ ਕਿ ਯੂਏਈ ਈਰਾਨ ਨਾਲ ਤੋੜਨ ਦੇ ਬਦਲੇ ਅਮਰੀਕਾ ਨਾਲ ਅਸਦ ਦੀਆਂ ਪਾਬੰਦੀਆਂ ਨੂੰ ਹਟਾਉਣ ਬਾਰੇ ਵਿਚਾਰ ਵਟਾਂਦਰਾ ਕਰ ਰਿਹਾ ਸੀ, ਨੇ ਈਰਾਨ ਦੇ ਅੱਧ-ਮਨੁੱਖੀ ਰੁਖ ਵਿੱਚ ਯੋਗਦਾਨ ਪਾਇਆ।

ਸ਼ਾਸਨ ਦੀ ਫੌਜ ਬਹੁਤ ਕਮਜ਼ੋਰ ਅਤੇ ਥੱਕੀ ਹੋਈ ਨਿਕਲੀ ਅਤੇ ਜ਼ਮੀਨ ’ਤੇ ਸਥਿਤੀ ਨੂੰ ਜਲਦੀ ਸਵੀਕਾਰ ਕਰ ਲਿਆ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਸਾਲਾਂ ਦੇ ਸੰਘਰਸ਼, ਵਿਆਪਕ ਗਰੀਬੀ ਅਤੇ ਦੁੱਖ, ਆਰਥਿਕ ਪਤਨ ਅਤੇ ਭ੍ਰਿਸ਼ਟਾਚਾਰ ਤੋਂ ਬਾਅਦ, ਦਮਨ ਦੇ ਬਾਵਜੂਦ ਇਸ ਦੇ ਨਿਯੰਤਰਿਤ ਖੇਤਰਾਂ ਵਿੱਚ ਸ਼ਾਸਨ ਦੇ ਵਿਰੁੱਧ ਅਸੰਤੁਸ਼ਟੀ ਵਧ ਰਹੀ ਹੈ ਅਤੇ ਅਸਦ ਲਈ ਕੋਈ ਪ੍ਰਸਿੱਧ ਸਮਰਥਨ ਨਹੀਂ ਸੀ। ਇਹਨਾਂ ਹਾਲਤਾਂ ਵਿੱਚ, ਸ਼ਾਸਨ ਤੇਜ਼ੀ ਨਾਲ ਟੁੱਟ ਗਿਆ। ਇਹ ਸੋਚਣਾ ਵੀ ਭੋਲਾ ਹੋਵੇਗਾ ਕਿ ਅਮਰੀਕਾ, ਨਾਟੋ ਅਤੇ ਇਜ਼ਰਾਈਲ ਨੂੰ ਇਸ ਪ੍ਰਕਿਰਿਆ ਵਿੱਚ ਕੋਈ ਜਾਣਕਾਰੀ ਜਾਂ ਸ਼ਮੂਲੀਅਤ ਨਹੀਂ ਸੀ। ਜਾਰੀ ਤਣਾਅ ਦੇ ਬਾਵਜੂਦ, ਇਹ ਦੱਸਿਆ ਗਿਆ ਸੀ ਕਿ ਇਜ਼ਰਾਈਲੀ ਘਰੇਲੂ ਖੁਫੀਆ ਏਜੰਸੀ (ਸ਼ਿਨ ਬੇਟ) ਦੇ ਮੁਖੀ ਰੋਨੇਨ ਬਾਰ ਨੇ 19 ਨਵੰਬਰ ਨੂੰ ਅੰਕਾਰਾ ਦਾ ਦੌਰਾ ਕੀਤਾ ਸੀ। 25 ਨਵੰਬਰ (ਅਪਮਾਨ ਤੋਂ ਦੋ ਦਿਨ ਪਹਿਲਾਂ), ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਅੰਕਾਰਾ ਵਿੱਚ ਸਨ। ਇਨ੍ਹਾਂ ਨੂੰ ਸਾਬਕਾ ਬ੍ਰਿਟਿਸ਼ ਡਿਪਲੋਮੈਟ ਅਤੇ ਖੁਫੀਆ ਅਧਿਕਾਰੀ ਐਲਸਟੇਅਰ ਕਰੂਕ ਦੁਆਰਾ ਵੀ ਉਜਾਗਰ ਕੀਤਾ ਗਿਆ ਸੀ। ਇਜ਼ਰਾਈਲ ਨੇ ਸੀਰੀਆ ਦੇ ਖੇਤਰ ’ਤੇ ਹੋਰ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਐਤਵਾਰ ਨੂੰ ਸ਼ਾਸਨ ਦੇ ਪਤਨ ਤੋਂ ਬਾਅਦ ਹਮਲੇ ਸ਼ੁਰੂ ਕਰ ਦਿੱਤੇ ਹਨ, ਕਿਉਂਕਿ ਖੇਤਰ ਵਿੱਚ ਇਸਦੇ ਸਭ ਤੋਂ ਮਹੱਤਵਪੂਰਨ ਇਤਿਹਾਸਕ ਵਿਰੋਧੀਆਂ ਵਿੱਚੋਂ ਇੱਕ ਨੂੰ ਖਤਮ ਕਰ ਦਿੱਤਾ ਗਿਆ ਹੈ, ਫਲਸਤੀਨ ਦੇ ਸਵਾਲ ਅਤੇ ਇਸ ਦੇ ਦੁੱਖਾਂ ਲਈ ਮਹੱਤਵਪੂਰਨ ਪ੍ਰਭਾਵ ਦੇ ਨਾਲ। ਪ੍ਰਮੁੱਖ ਪੱਛਮੀ ਰਾਜ ਵੀ ਇਸ ਨਤੀਜੇ ਤੋਂ ਸੰਤੁਸ਼ਟ ਹਨ। ਇਸ ਦਾ ਨਤੀਜਾ ਰੂਸ ਲਈ ਅਪਮਾਨਜਨਕ ਰਿਹਾ ਹੈ, ਅਤੇ ਖੇਤਰ ਵਿੱਚ ਇਰਾਨ ਲਈ ਸ਼ਕਤੀ ਦਾ ਹੋਰ ਨੁਕਸਾਨ ਹੋਇਆ ਹੈ। ਇਹ ਹਾਲ ਹੀ ਦੇ ਸਾਲਾਂ ਵਿੱਚ ਤੁਰਕੀ ਦੇ ‘ਧੁਰੇ ਦੀ ਤਬਦੀਲੀ’ ਦੇ ਸਦੀਵੀ ਮੁੱਦੇ ਬਾਰੇ ਕੁਝ ਸਵਾਲ ਖੜ੍ਹੇ ਕਰਦੇ ਹਨ। ਸਾਰੇ ਤਣਾਅ ਦੇ ਬਾਵਜੂਦ – ਉਹਨਾਂ ਵਿੱਚੋਂ ਮੁੱਖ ਕੁਰਦ ਸਵਾਲ, ਜੋ ਤੁਰਕੀ ਲਈ ਨਵੇਂ ਯੁੱਗ ਵਿੱਚ ਇੱਕ ਕੇਂਦਰੀ ਮੁੱਦਾ ਬਣਿਆ ਰਹੇਗਾ – ਬਿਆਨਬਾਜ਼ੀ, ਕਦੇ-ਕਦਾਈਂ ਸੁਤੰਤਰ ਕਾਰਵਾਈਆਂ ਅਤੇ ਗੈਰ-ਪੱਛਮੀ ਸ਼ਕਤੀਆਂ ਨਾਲ ਫਲਰਟ ਕਰਨਾ, ਤੁਰਕੀ ਇੱਕ ਮਜ਼ਬੂਤ ਨਾਟੋ ਮੈਂਬਰ ਵਜੋਂ ਬਣਿਆ ਹੋਇਆ ਹੈ, ਆਖਰਕਾਰ ਅੱਗੇ ਵਧਦਾ ਹੈ। ਗਲੋਬਲ ਪੂੰਜੀਵਾਦ ਵਿੱਚ ਪੱਛਮੀ ਹਿੱਤ. 14 ਸਾਲ ਪਹਿਲਾਂ ਵਿਦਰੋਹ ਦੁਆਰਾ ਪੈਦਾ ਕੀਤੀ ਸ਼ੁਰੂਆਤੀ ਉਮੀਦ ਤੋਂ ਬਾਅਦ ਮੇਨਾ ਖੇਤਰ ਦੀ ਸਥਿਤੀ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਨਿਰਾਸ਼ਾ ਵਿੱਚ ਬਦਲ ਗਈ, ਜਿਸ ਨੇ ਵੱਖ-ਵੱਖ ਰੂਪਾਂ ਦੇ ਤਾਨਾਸ਼ਾਹੀ, ਅਸਮਾਨਤਾਵਾਂ ਅਤੇ ਸੰਘਰਸ਼-ਗ੍ਰਸਤ ਸਥਿਤੀਆਂ ਨੂੰ ਘੇਰ ਲਿਆ, ਮਜ਼ਦੂਰ ਜਮਾਤਾਂ ਅਤੇ ਦੱਬੇ-ਕੁਚਲੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ।

ਹੋਰ ਪ੍ਰਤੀਕਿਰਿਆਵਾਦੀ ਸ਼ਕਤੀਆਂ ਦੇ ਨਾਲ, ਵਿਦਰੋਹ ਦੇ ਬਾਅਦ ਤੋਂ ਇਸ ਖੇਤਰ ਨਾਲ ਤੁਰਕੀ ਦੀ ਸ਼ਮੂਲੀਅਤ ਨੇ ਇਸ ਨਤੀਜੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਜਦੋਂ ਕਿ ਸੀਰੀਆ ਦੇ ਲੋਕਾਂ ਲਈ ਇੱਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ, ਜ਼ਮੀਨੀ ਹਕੀਕਤਾਂ ਆਸ਼ਾਵਾਦੀ ਹੋਣਾ ਬਹੁਤ ਮੁਸ਼ਕਲ ਬਣਾਉਂਦੀਆਂ ਹਨ। ਖੇਤਰੀ ਅਤੇ ਆਲਮੀ ਸਾਮਰਾਜੀ ਸ਼ਕਤੀਆਂ ਹੁਣ ਨਵੇਂ ਹਾਕਮਾਂ ਨਾਲ ਆਪਣੇ ਆਪ ਨੂੰ ਜੋੜ ਕੇ ਆਪਣੇ ਹਿੱਤਾਂ ਦੀ ਰਾਖੀ ਕਰਨ ਦੀ ਤਾਕ ਵਿੱਚ ਹਨ। ਨਵੀਂ ਵਿਵਸਥਾ ਇਨ੍ਹਾਂ ਸ਼ਕਤੀਆਂ ਅਤੇ ਉਨ੍ਹਾਂ ਦੇ ਪੂੰਜੀਪਤੀਆਂ ਨੂੰ ਹੋਰ ਲੁਭਾਉਣ ਲਈ, ਮੁਕਤ ਬਾਜ਼ਾਰ ਸੁਧਾਰਾਂ ਨਾਲ ਅਰਥਚਾਰੇ ਦਾ ਪੁਨਰਗਠਨ ਕਰਨ ਦੇ ਆਪਣੇ ਇਰਾਦੇ ਦਾ ਸੰਕੇਤ ਦੇ ਰਹੀ ਹੈ। ਬਸ ਇਸ ਗੱਲ ਦੀ ਉਮੀਦ ਕਰਨੀ ਬਾਕੀ ਹੈ ਕਿ ਇਹਨਾਂ ਤਾਕਤਾਂ ਨੂੰ ‘ਰੋਟੀ, ਆਜ਼ਾਦੀ ਅਤੇ ਸਮਾਜਿਕ ਨਿਆਂ’ ਲਈ ਲੋਕਪ੍ਰਿਯ ਵਿਰੋਧ ਦੇ ਨਵੇਂ ਰੂਪਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਡਾ. ਮਹਿਮੇਤ ਅਰਮਨ ਇਰੋਲ ਅੰਤਰਰਾਸ਼ਟਰੀ ਸਬੰਧਾਂ ਵਿੱਚ ਲੈਕਚਰਾਰ, ਡੀ ਮੌਂਟਫੋਰਟ ਯੂਨੀਵਰਸਿਟੀ, ਲੈਸਟਰ, ਯੂ.ਕੇ.**






## ਕਵਿਤਾ - ਨਵਾਂ ਸਾਲ

ਸੰਵੇਦਨਹੀਣਤਾ ਤੇ ਸਵੈ-ਮੁੱਖਤਾ ਦੇ
ਇਸ ਕਠੋਰ ਸਮੇਂ ਅੰਦਰ
ਬਾਕੀ ਬਚੀ
ਉਸ ਮਾਸੂਮ ਸੰਵੇਦਨਾ
ਦੇ ਨਾਮ
ਜੋ ਹਾਲੇ ਵੀ ਸਾਨੂੰ
ਜਿਊਂਦੇ ਹੋਣ ਦਾ ਅਹਿਸਾਸ ਦੇਣ ਲਈ
ਬਜ਼ਿੱਦ ਹੈ

ਨਵਾਂ ਸਾਲ
ਕਾਲ-ਕੋਠੜੀਆਂ 'ਚ ਕੈਦ
ਬੇਵਸ ਬਹਾਦਰਾਂ ਦੀ
ਛਟਪਟਾਉਂਦੀ ਵਿਆਕੁਲਤਾ
ਦੇ ਨਾਮ

ਨਵਾਂ ਸਾਲ
ਪਾਪੀਆਂ ਦੀ ਇੱਟ ਨਾਲ ਇੱਟ ਖੜਕਾਉਣ
ਦੇ ਪਵਿੱਤਰ ਜਜ਼ਬਿਆਂ ਦੀ ਜੁੰਬਸ਼ ਨੂੰ
ਹਾਲੇ ਵੀ ਧੁਰ ਅੰਦਰੋਂ ਮਹਿਸੂਸ ਕਰਦੇ
ਨੌਜਵਾਨ ਦਿਲਾਂ
ਦੇ ਨਾਮ

ਨਵਾਂ ਸਾਲ
ਲੋਕਾਈ ਲਈ 'ਪੁਰਜਾ ਪੁਰਜਾ ਕਟ ਮਰੈ'
ਦੇ ਆਤਸ਼ੀ ਅਹਿਦ
ਦੇ ਨਾਮ

ਨਵਾਂ ਸਾਲ
ਮਾਰਕਸੀ ਮੁਲਿਅੰਕਣ
ਤੇ ਲੈਨਿਨੀ ਸੂਝ
ਦੇ ਨਾਮ

ਨਵਾਂ ਸਾਲ
ਪਾਸ਼ ਦੀ ਪ੍ਰਤੀਬੱਧਤਾ
ਤੇ ਪਾਤਰ ਦੀ ਪਾਕੀਜ਼ਗੀ
ਦੇ ਨਾਮ

ਡਾ. ਦਰਸ਼ਨ ਖੇੜੀ

## ਨਵਾਂ ਸਾਲ

ਮੋਢੇ ਤੇ ਗੈਂਤੀ
ਇਕ ਨੰਨ੍ਹਾ ਮਜ਼ਦੂਰ
ਨੰਗੇ ਪੈਰ੍ਹ ਅੱਧ ਨੰਗਾ ਤਨ
ਕੜਕਦੀ ਠੰਢ
ਸੜਕ ਦੇ ਕੰਢੇ
ਆਪਣੀ ਮਜ਼ਦੂਰ ਮਾਂ ਦੇ
ਪਿੱਛੇ-ਪਿੱਛੇ ਚਲ ਰਿਹਾ ਹੈ
ਭਵਿੱਖ ਤੋਂ ਬੇਖ਼ਬਰ
ਸੂਰਜ ਡੁੱਬਣ ਵੱਲ
ਖ਼ੂਬ ਸੱਜੇ ਨੇ ਬਾਜ਼ਾਰ
ਮਿਠਾਈਆਂ ਦੀ ਖ਼ੁਸ਼ਬੂ
ਲਲਚਾਉਂਦੀ ਜੀਭ
ਕੁੱਝ ਮਿੱਟੀ ਦੇ ਦੀਵੇ
ਰੰਗ ਬਿਰੰਗੀਆਂ ਮੋਮਬੱਤੀਆਂ
ਕੀ ਪਤਾ
ਕਿਸ ਘਰ ਵਿਚ ਦੇਣਗੀਆਂ ਰੌਸ਼ਨੀ
ਮਜ਼ਦੂਰ ਮਾਂ ਨੇ ਰੋਜ਼ ਦੀ ਤਰ੍ਹਾਂ
ਗਲੇ ਸੜੇ ਫਲ ਖਰੀਦੇ
ਕੁਝ ਆਟਾ, ਕੁਝ ਦਾਲ
ਮਛਲੀਆਂ ਦੇ ਸੁੱਟੇ ਹੋਏ ਸਿਰ ਚੁੱਕੇ
ਥਕਾਨ ਨਾਲ ਚੂਰ-ਚੂਰ
ਚਲ ਪਈ ਝੌਂਪੜੀ ਦੇ ਵੱਲ
ਇੱਟਾਂ ਦੇ ਚੁੱਲ੍ਹੇ ਤੇ
ਰੋਟੀਆਂ ਸੇਕੀਆਂ
ਥੱਕੇ ਟੁੱਟੇ ਸਰੀਰ ਨਾਲ
ਢੇਰੀ ਹੋ ਗਈ ਪਿੱਲੀ ਕੰਧ ਵਾਂਗ
ਜ਼ਮੀਨ ਦੀ ਚਾਰਪਾਈ ਤੇ
ਲੱਗ ਕੇ ਸੋ ਗਏ ਬੱਚੇ ਉਸਦੇ ਨਾਲ
ਉਚੇ ਮਹਿਲਾਂ 'ਚ ਪਟਾਖੇ ਚੱਲੇ
ਰਾਤ ਦੇ ਬਾਰ੍ਹਾਂ ਵੱਜੇ
ਰੌਸ਼ਨੀਆਂ ਨਾਲ ਭਰਿਆ ਆਸਮਾਨ
ਨੰਨ੍ਹੇ ਮਜ਼ਦੂਰ ਨੇ ਉਠ ਕੇ ਪੁੱਛਿਆ
ਮਾਂ, "ਇਹ ਕੀ ਹੋ ਰਿਹਾ ਏ?"
ਮਾਂ ਨੇ ਕਿਹਾ, "ਚੁੱਪ ਕਰ, ਸੌਂਅ ਜਾ
ਸਵੇਰੇ ਜਲਦੀ ਜਾਣਾ ਹੈ
ਮਜ਼ਦੂਰੀ ਲਈ
ਕੁਝ ਨਹੀਂ ਹੈ
ਆਉਂਤਰਾ ਨਵਾਂ ਸਾਲ ਏ।

ਬਲਵਿੰਦਰ ਬਾਲਮ
ਓਂਕਾਰ ਨਗਰ, ਗੁਰਦਾਸਪੁਰ
98156-25409

### ਸਮਰਪਿਤ ਗੁਰੂ ਗੋਬਿੰਦ ਸਿੰਘ ਜੀ ਨੂੰ !

## ਮਰਦ ਅਗੰਮੜਾ !

ਧਰਤੀ 'ਤੇ
ਹਰ ਕੋਨੇ ਵਿਚ
ਵਸਦੀਆਂ ਮਾਵਾਂ ਦੇ ਬੱਚੇ
ਜਦੋਂ ਮਾਵਾਂ ਕੋਲੋਂ
ਸੁਆਲ ਪੁੱਛਦੇ ਨੇ
ਕਿ ਇਹ ਦੱਸਣਾ
ਸੰਸਾਰ ਵਿੱਚ ਕੋਈ ਅਜਿਹਾ
ਇਨਸਾਨ ਪੈਦਾ ਹੋਇਆ,
ਜਿਸ ਨੇ ਆਪਣੇ ਲਈ ਨਹੀਂ ਬਲਕਿ
'ਮਾਨਵਤਾ' ਲਈ
ਆਪਾ ਕੁਰਬਾਨ ਕੀਤਾ ਹੋਵੇ!
ਤਾਂ ਲੰਮਾ ਹਉਕਾ ਲੈ ਕੇ
ਮਾਵਾਂ ਦੱਸਦੀਆਂ ਨੇ
ਹਾਂ ਪੁੱਤਰੋ!
ਜੰਮਿਆ ਹੈ-
ਇਸ ਧਰਤੀ 'ਤੇ
ਇੱਕ ਮਰਦ ਅਗੰਮੜਾ!
ਜਿਸ ਦਾ ਨਾਂ
'ਗੁਰੂ ਗੋਬਿੰਦ ਸਿੰਘ ਹੈ'
ਉਸ ਨੇ
ਮਾਨਵਤਾ ਲਈ
ਪਹਿਲਾਂ ਬਾਪ ਵਾਰਿਆ!
ਫਿਰ ਆਪਣੇ ਦੋ ਬੱਚਿਆਂ ਨੂੰ
ਚਮਕੌਰ ਦੀ ਗੜ੍ਹੀ ਵਿੱਚ
ਸ਼ਹੀਦ ਕਰਵਾ ਦਿੱਤਾ!
ਤੇ
ਜਿਉਂਦੀਆਂ ਮਾਸੂਮ ਦੋ ਜਿੰਦਾਂ ਨੂੰ
ਸਰਹਿੰਦ ਦੀਆਂ ਨੀਹਾਂ
ਵਿਚ ਚਿਣਵਾ ਦਿੱਤਾ!
ਅਖੀਰ
ਖ਼ੁਦ ਕੁਰਬਾਨ ਹੋ ਗਿਆ!
ਕਰੁਣਾਮਈ ਬਾਤ ਸੁਣਦਿਆਂ
ਚਾਰੇ ਪਾਸੇ
ਸਨਾਟਾ ਛਾ ਗਿਆ!
ਹਵਾ ਰੁੱਕ ਗਈ!
ਪੰਛੀਆਂ ਨੇ ਸਾਹ ਰੋਕ ਲਏ!
ਅਕਾਸ਼ ਵਿੱਚ ਬਿਜਲੀ ਚਮਕੀ!
ਸਹਿਮ ਦਾ ਮਾਹੌਲ ਪੈਦਾ ਹੋ ਗਿਆ!
ਤੇ ਫਿਰ ਚੁੱਪ ਤੋੜਦਿਆਂ
ਮਾਵਾਂ ਨੇ
ਆਪਣੇ ਬੱਚਿਆਂ ਨੂੰ ਘੁੱਟ ਕੇ
ਹਿੱਕ ਨਾਲ ਲਾ ਲਿਆ!
ਤੇ
ਸਰਬੰਸ ਦਾਨੀ ਨੂੰ ਸਿਰ ਝੁਕਾਉਂਦਿਆਂ,
ਅੱਖਾਂ 'ਚੋਂ ਹੰਝੂ ਵਹਾਉਂਦਿਆਂ,
ਆਖਿਆ
ਪੁੱਤਰੋ!
ਸੰਸਾਰ ਵਿੱਚ
ਯੁੱਧ ਲੜੇ ਜਾਂਦੇ ਨੇ!
ਸਭਨਾਂ 'ਚ
ਬਿਗਾਨੇ ਪੁੱਤਾਂ ਦੀਆਂ ਗਰਦਨਾਂ 'ਤੇ
ਤਲਵਾਰਾਂ ਚੱਲਦੀਆਂ ਨੇ!
ਹਿੱਕਾਂ 'ਚ ਗੋਲੀਆਂ ਵੱਜਦੀਆਂ ਨੇ!
ਬਿਗਾਨੇ ਮਰਵਾਏ ਜਾਂਦੇ ਨੇ!
ਫਿਰ ਸੁਫਨੇ ਸਜਾਏ ਜਾਂਦੇ ਨੇ!
ਤੇ
ਇਥੇ
ਕਦੀ ਧਰਮ,
ਕਦੀ ਜਾਤ,
ਕਦੀ ਬੋਲੀ,
ਕਦੀ ਨਸਲ,
ਤੇ ਕਦੀ ਰੰਗ ਦੇ ਨਾਂ
ਕਰਵਾਏ ਜਾਂਦੇ ਨੇ ਯੁੱਧ!
ਮਰਵਾਏ ਜਾਂਦੇ ਨੇ ਮਾਵਾਂ ਦੇ ਪੁੱਤ!
ਕੇਵਲ ਤੇ ਕੇਵਲ
ਰਾਜ-ਸੱਤਾ ਹਥਿਆਉਣ ਲਈ!
ਕੁਰਸੀ ਬਚਾਉਣ ਲਈ!
ਪੁੱਤਰੋ!
ਇਥੇ -
ਰਾਜਿਆਂ, ਮਹਾਰਾਜਿਆਂ ਤੇ
ਰੱਬ ਦੇ 'ਵਿਚੋਲਿਆਂ'
ਦੇ ਦਿਲਾਂ 'ਚੋਂ
'ਮਾਨਵਤਾ' ਦਾ ਚੈਪਟਰ
ਮਨਫ਼ੀ ਹੋ ਚੁੱਕਿਆ ਹੈ!
ਪਰ -
ਗੁਰੂ ਗੋਬਿੰਦ ਸਿੰਘ ਹੀ
ਇੱਕ ਅਨੋਖਾ ਬਾਦਸ਼ਾਹ ਸੀ,
ਜਿਸ ਨੇ ਮਾਨਵਤਾ ਲਈ
ਸੱਭ ਕੁੱਝ ਵਾਰਿਆ !
ਪਰ ਫਿਰ ਵੀ ਨਾ ਹਾਰਿਆ!
ਫਿਰ ਵੀ ਨਾ ਹਾਰਿਆ!

-ਸੁਖਦੇਵ ਸਲੇਮਪੁਰੀ
09780620233

## ਦੱਸ ਪੰਜਾਬਾ !

ਕੀ ਹੋਇਆ ਤੈਨੂੰ ਦੱਸ ਪੰਜਾਬਾ
ਕਿੱਧਰ ਗਈਆਂ ਛਾਵਾਂ
ਕਿਸ ਜ਼ਾਲਮ ਨੇ ਜ਼ਹਿਰ ਘੋਲੀ ਵਿੱਚ
ਤੇਰੇ ਪੰਜ ਦਰਿਆਵਾਂ।
ਕੀ ਹੋਇਆ ਤੈਨੂੰ.....

ਕਿੱਧਰ ਗਏ ਭੰਗੜੇ-ਗਿੱਧੇ
ਨਾ ਹੁਣ ਦਿੱਸਣ ਤੀਆਂ
ਬੰਬ-ਬੰਦੂਕਾਂ ਖਾ ਗਈਆਂ ਨੇ
ਤੇਰੇ ਪੁੱਤਰ-ਧੀਆਂ।
ਕੀ ਹੋਇਆ ਤੈਨੂੰ....

ਨਾ ਉਹ ਪੁੰਨੂ ਨਾ ਉਹ ਰਾਂਝੇ
ਨਾ ਸੱਸੀਆਂ ਨਾ ਹੀਰਾਂ
ਕਿਹੜੀ ਗੱਲੋਂ ਦੱਸ ਪੰਜਾਬਾ
ਰੁੱਸ ਗਈਆਂ ਤਕਦੀਰਾਂ।
ਕੀ ਹੋਇਆ ਤੈਨੂੰ....

ਨਾ ਉਹ ਪਿੱਪਲ, ਬੋਹੜ-ਬਰੋਟੇ
ਨਾ ਉਹ ਮੌਜ-ਬਹਾਰਾਂ
ਪੀਂਘ ਝੂਟਣਾ ਭੁੱਲ ਗਈਆਂ ਅੱਜ
ਤੇਰੀਆਂ ਉਹ ਮੁਟਿਆਰਾਂ।
ਕੀ ਹੋਇਆ ਤੈਨੂੰ...

ਨਾ ਉਹ ਕੌਡੀ ਨਾ ਉਹ ਧੁੰਮਾਂ
ਨਾ ਉਹ ਘੋਲ? ਪੁਰਾਣੇ
ਜਦੋਂ ਪੰਜਾਬਾ ਤੇਰਾ ਲੋਹਾ
ਮੰਨਦੇ ਸੀ ਜਰਵਾਣੇ।
ਕੀ ਹੋਇਆ ਤੈਨੂੰ.....

ਪਹਿਲਾਂ ਵਾਲੇ ਖੇਤ ਨਾ ਦਿਸਦੇ
ਨਾ ਹੁਣ ਦਿੱਸਣ ਲਹਿਰਾਂ
ਹਰ ਪਾਸੇ ਹੀ ਅੱਗ ਬਲਦੀ ਏ
ਫੁੱਟ ਪਈਆਂ ਨੇ ਜ਼ਹਿਰਾਂ।
ਕੀ ਹੋਇਆ ਤੈਨੂੰ....

ਕੌਣ ਕੁਲੱਛਣਾ ਸੇਹ ਦੇ ਤੱਕਲੇ
ਗੱਡ ਗਿਆ ਤੇਰੇ ਵੇਹੜੇ
ਅੱਜ ਭਾਈਆਂ ਦੇ ਭਾਈ ਵੈਰੀ
ਕੌਣ ਨਬੇੜੇ ਝੇੜੇ।
ਕੀ ਹੋਇਆ ਤੈਨੂੰ....

ਘਰ ਘਰ ਦੇ ਵਿੱਚ ਸੱਥਰ ਪੈਗੇ
ਘਰ ਘਰ ਆਉਣ ਮਕਾਣਾਂ
ਖੇੜਿਆਂ ਤੇ ਖ਼ੁਸ਼ੀਆਂ ਦੀ ਥਾਂ 'ਤੇ
ਰੋਣਾ ਤੇ ਕੁਰਲਾਣਾ।
ਕੀ ਹੋਇਆ ਤੈਨੂੰ.....

ਅੱਜ ਪਥਰਾਏ ਨੈਣ ਮਾਵਾਂ ਦੇ
ਅੱਜ ਧੀਆਂ ਕੁਮਲਾਈਆਂ
ਅੱਜ ਅਲੂੰਏ ਬੋਟ ਘੁੱਗੀ ਦੇ
ਕੋਹ ਨੇ ਸੁੱਟੇ ਕਸਾਈਆਂ।
ਕੀ ਹੋਇਆ ਤੈਨੂੰ.....

ਅੱਜ ਦਾ ਸੂਰਜ ਠਰਿਆ-ਠਰਿਆ
ਅੱਜ ਦੀਆਂ ਬਲੀਆਂ ਰਾਤਾਂ
ਅੱਜ ਪਿਆਰ ਦੀ ਝੋਲੀ ਹੰਝੂ
ਪਾ ਗਿਆ ਕੋਈ ਸੁਗਾਤਾਂ।
ਕੀ ਹੋਇਆ ਤੈਨੂੰ.....

ਹਿੰਦੂ, ਸਿੱਖ ਜਾਂ ਮੁਸਲਿਮ ਬਣਗੇ
ਭੋਲੇ-ਭਾਲੇ ਬੰਦੇ
ਚੋਰ-ਉਚੱਕੇ ਬਣੇ ਚੌਧਰੀ
ਰਾਜੇ ਲੁੱਚੇ-ਲੰਡੇ।
ਕੀ ਹੋਇਆ ਤੈਨੂੰ.....

ਕਦੇ ਜਨੂੰਨੀ ਟੋਲੇ ਬਣ ਕੇ
ਜਾਂ ਬਣ ਪੁਲਸੀ ਧਾੜਾਂ
ਸ਼ੇਰਾਂ ਵਰਗੇ ਪੁੱਤਰ ਤੇਰੇ
ਖਾ ਗਈਆਂ ਸਰਕਾਰਾਂ।
ਕੀ ਹੋਇਆ ਤੈਨੂੰ.....

ਪਰ ਪੰਜਾਬਾ ਕਾਹਤੋਂ ਝੂਰੇਂ
ਕਿਉਂ ਹੈ ਚੁੱਪ ਖਾਮੋਸ਼ੀ
ਤੇਰੇ ਪੁੱਤਰਾਂ ਸੌਂਹ ਖਾਧੀ ਹੈ
ਲੱਭ ਲੈਣਗੇ ਦੋਸ਼ੀ।
ਕੀ ਹੋਇਆ ਤੈਨੂੰ.....

ਕਿਸ ਜ਼ਾਲਮ ਨੇ ਚੱਲੀਆਂ ਚਾਲਾਂ
ਕਿਸ ਦੀ ਹੈ ਹੁਸ਼ਿਆਰੀ
ਕੌਣ ਕਸਾਈ ਪਾੜ ਕੇ ਸਾਨੂੰ
ਕਰਦਾ ਹੈ ਸਰਦਾਰੀ।
ਕੀ ਹੋਇਆ ਤੈਨੂੰ.....

ਆਓ ਪੰਜਾਬੀਓ ਰਲ ਮਿਲ ਸਾਰੇ
ਕੋਈ ਤਦਬੀਰ ਬਣਾਈਏ
ਪੰਜ-ਆਬਾਂ ਦੀ ਧਰਤ ਨੂੰ ਲੋਕੋ
ਸੜਨ ਤੋਂ ਅੱਜ ਬਚਾਈਏ।
ਕੀ ਹੋਇਆ ਤੈਨੂੰ......

ਨਹੀਂ ਤਾਂ ਵਕਤ ਖੁੰਝਾ ਕੇ ਸਾਨੂੰ
ਪੈ ਜਾਣਾ ਪਛਤਾਉਣਾ
ਇਹ ਪੰਜਾਬ ਹੈ ਫੁੱਲ ਗੁਲਾਬੀ
ਹੱਥ ਨਾ ਮੁੜ ਕੇ ਆਉਣਾ।
ਕੀ ਹੋਇਆ ਤੈਨੂੰ....

ਲੇਖਕ : ਨਵਕਿਰਨ
ਪੇਸ਼ਕਸ਼: ਯਸ਼ ਪਾਲ
98145-35005

## ਜਦੋਂ ਕਾਮਰੇਡ ਕਹਿੰਦੇ ਸੀ

ਦੇਸ਼ ਦੇ ਲੀਡਰਾਂ ਨੇ
ਗੈਟ ਸਮਝੌਤੇ ਤੇ
ਦਸਤਖ਼ਤ ਕਰਕੇ
ਆਪਣੇ ਹੱਥ ਵਢਾ ਲਏ,
ਡੰਕਲ ਤਜਵੀਜ਼ਾਂ,
ਨਿੱਜੀਕਰਨ,
ਵਪਾਰੀਕਰਨ ਦੇ
ਬੜੇ ਮਾਰੂ ਪ੍ਰਭਾਵ ਪੈਣਗੇ
ਸਾਨੂੰ ਉਹ ਗੱਲਾਂ
ਫਜ਼ੂਲ ਲਗਦੀਆਂ।

ਜਦੋਂ ਤਸਲੀਮਾ ਨਸਰੀਨ ਨੂੰ
ਜਲਾਵਤਨੀ ਕੱਟਣੀ ਪਈ
ਅਰੁੰਧਤੀ ਰਾਏ ਨੂੰ
ਤਸ਼ੱਦਦ ਸਹਿਣਾ ਪਿਆ
ਅਸੀਂ ਚੁੱਪ ਚਾਪ
ਤਮਾਸ਼ਾ ਦੇਖਦੇ ਰਹੇ।

ਜਦੋਂ ਜੰਮੂ ਕਸ਼ਮੀਰ ਦੇ
ਹਰ ਘਰ ਨੂੰ
ਜੇਲ੍ਹ ਵਿੱਚ ਬਦਲ ਦਿੱਤਾ ਗਿਆ
ਅਸੀਂ ਅਜ਼ਾਦੀ ਦਿਵਸ ਮਨਾਉਂਦੇ ਰਹੇ।

ਜਦੋਂ ਨਿੱਜੀਕਰਨ ਦੀ ਆੜ ਵਿੱਚ
ਸਾਡੇ ਬੱਚਿਆਂ ਦਾ
ਸਿਰਫ ਰੋਟੀ ਬਦਲੇ
ਸ਼ੋਸ਼ਣ ਸ਼ੁਰੂ ਹੋਇਆ
ਅਸੀਂ ਬਾਹਰ ਵੱਲ
ਵਹੀਰਾਂ ਘੱਤ ਲਈਆਂ।

ਜਦੋਂ ਰੇਲਾਂ ਵੇਚੀਆਂ ਗਈਆਂ
ਸੜਕਾਂ ਵੇਚੀਆਂ ਗਈਆਂ
ਹਵਾਈ ਅੱਡੇ ਵੇਚੇ ਗਏ
ਬੈਂਕ ਵੇਚੇ ਗਏ
ਪਹਾੜ ਵੇਚੇ ਗਏ
ਦਰਿਆ ਵੇਚੇ ਗਏ
ਜੰਗਲ? ਵੇਚੇ ਗਏ
..........
ਸਾਨੂੰ ਇਹ ਵਿਸ਼ੇ
ਆਪਣੇ ਹੀ ਨਹੀਂ ਲੱਗੇ।

ਜਦੋਂ ਜਾਗਰੂਕ ਲੋਕ
ਸ਼ਹਿਰ ਦੀਆਂ ਸੜਕਾਂ ਉੱਤੇ
ਥੋੜ੍ਹੀ ਜਿਹੀ ਗਿਣਤੀ ਵਿੱਚ
ਰੋਸ ਮੁਜ਼ਾਹਰੇ ਕੱਢਦੇ
ਸਾਨੂੰ ਉਹ ਵਿਹਲੜ ਜਾਪਦੇ।

ਆਖ਼ਰ ਉਹੀ ਹੱਥ
ਸਾਡੇ ਗਲਮਿਆਂ ਤੱਕ
ਪੁੱਜ ਚੁੱਕੇ ਹਨ।

ਆਓ ਹੁਣ ਆਪਾਂ
ਲੜਦੇ ਹਾਂ
ਇੱਕਜੁੱਟ ਹੋ ਕੇ
ਆਪਣੇ ਹਿੱਸੇ ਦੀ ਲੜਾਈ
ਇਤਿਹਾਸ ਗਵਾਹ ਹੈ
ਲੜਨ ਵਾਲਿਆਂ ਦੀ ਜਿੱਤ
ਯਕੀਨਨ ਹੁੰਦੀ ਹੈ।

ਜਗਜੀਤ ਗੁਰਮ
9915264836

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

## ਗੁਰੂ ਨਾਨਕ ਤੇ ਅੱਜ

- ਸੰਤ ਰਾਮ ਉਦਾਸੀ

ਕਿਰਤ ਕਰੋ ਤੇ
ਆਪੋ 'ਚ ਵੰਡ ਖਾਉ
ਸਾਰੀ ਧਰਤ ਦੇ ਉੱਤੇ ਪ੍ਰਚਾਰਿਆ ਸੀ।
ਭੁੱਜਾ ਆਇਓਂ ਮਰਦਾਨੇ ਦੀ ਰੱਖਿਆ ਨੂੰ
ਸੱਚੇ ਇਸ਼ਕ ਦਾ ਸਿਲਾ ਤੂੰ ਤਾਰਿਆ ਸੀ।

ਜਿਹੜਾ ਕਰੇ ਸੇਵਾ ਓਹੀ ਖਾਵੇ ਮੇਵਾ
ਦੈਵੀ ਹੱਕਾਂ ਨੂੰ ਤੂੰ ਲਲਕਾਰਿਆ ਸੀ।
ਰਾਜੇ ਅਫਸਰਾਂ ਤੋਂ ਕਦੇ ਭਲਾ ਨਾਹੀਂ
ਫਿਰਕੂ ਧਰਮ ਦਾ ਨਸ਼ਾ ਉਤਾਰਿਆ ਸੀ।

---ਅੱਜ---

ਮਜ਼੍ਹਬੀ ਕਾਂਗ ਹੈ ਹੜ੍ਹਾਂ ਦੇ ਵਾਂਗ ਆਈ
ਸੱਚੇ ਧਰਮ ਨੂੰ ਜੀਹਨੇ ਹੈ ਰੋੜ੍ਹ ਦਿੱਤਾ।
ਮੁਸਲਿਮ-ਹਿੰਦੂ ਦੀ ਪਿਆਰ-ਗਲਵੱਕੜੀ ਨੂੰ
ਸਾਮਰਾਜ ਨੇ ਫੁੱਟ ਪਾ ਤੋੜ ਦਿੱਤਾ।

ਏਨੇ ਵਧੇ ਨੇ ਭੂਮੀਏ, ਮਲਕ, ਸੱਜਣ
ਤੈਥੋਂ ਇਹਨਾਂ ਦੀ ਗਿਣਤੀ ਨ੍ਹੀਂ ਕਰੀ ਜਾਣੀ।
ਰਾਖੀ ਲਾਲੋ, ਮਰਦਾਨੇ ਦੀ ਕਰੇਂਗਾ ਕੀ
ਆਪਣੀ ਮਾਲਾ ਦੀ ਰਾਖੀ ਨ੍ਹੀਂ ਕਰੀ ਜਾਣੀ।

ਜੇ ਤੂੰ ਕਹੇਂ ਸੰਗੀਤ ਦਾ ਪਾ ਜਾਦੂ
ਜਿੱਤ ਲਵੇਂਗਾ ਇਹਨਾਂ ਪਾਖੰਡੀਆਂ ਨੂੰ।
ਮਿਲਖਾਂ ਵਾਲੜੇ ਇਸੇ ਸੰਗੀਤ ਅੱਗੇ
ਸ਼ਾਮੀਂ ਰੋਜ ਨਚਾਂਵਦੇ ਰੰਡੀਆਂ ਨੂੰ।

ਏਥੇ ਕਲਾ ਤੇ ਕਿਰਤ ਦੀ ਪਏ ਲੋਟੀ
ਬਾਣੀ ਸੁਣਨ ਤੋਂ ਲੋਕਾਂ ਜਵਾਬ ਦੇਣੈ।
ਤੂੰ ਵੀ ਮਹਿੰਗ ਦੀ ਤੰਗੀ ਤੋਂ ਤੰਗ ਆ ਕੇ
ਰੋਟੀ ਲਈ ਅੱਜ ਵੇਚ ਰਬਾਬ ਦੇਣੈ।

ਸਾਦਾ ਯੁੱਗ ਤੇਰਾ, ਗੁੰਝਲਦਾਰ ਸਾਡਾ
ਨਿਰਾ ਸਰਨਾ ਨ੍ਹੀਂ ਸਤਿਕਰਤਾਰ ਕਹਿ ਕੇ।
ਜੇਕਰ ਫੇਰ ਤੂੰ ਆਉਣਾ ਏ ਜੱਗ ਉੱਤੇ
ਤਾਂ ਫਿਰ ਆਈਂ ਤੂੰ ਕੋਲ ਤਲਵਾਰ ਲੈ ਕੇ।

ਕਾਜ਼ੀ, ਪਾਦਰੀ, ਭਿਖਸ਼ੂ, ਭਾਈ, ਜੈਨੀ
ਸੱਚੇ ਧਰਮ ਉੱਤੇ ਕਾਰੀ ਚੋਟ ਬਾਬਾ।
ਵੇਖ! ਅੱਜ ਕਿੰਨੇ ਇੱਜੜ ਵਿਹਲੜਾਂ ਦੇ
ਤੇਰੇ ਲਾਲੋ ਦੇ ਚਰ ਗਏ ਮੋਠ ਬਾਬਾ।

ਕੀਹਨੂੰ ਕੀਹਨੂੰ ਸੁਧਾਰੇਂਗਾ ਦੱਸ ਆ ਕੇ
ਲੰਮੇ ਪੈਂਡੇ ਨੇ ਤੈਨੂੰ ਘਰਕਾ ਦੇਣੈ।
ਹੋਕਾ ਸੱਚ ਦਾ ਦਿੱਤਾ ਜੇ, ਪੁਲਿਸ ਹੱਥੋਂ
'ਨਕਸਲਬਾੜੀਆ' ਕਹਿ ਕੇ ਮਰਵਾ ਦੇਣੈ।

ਨਰਕ ਸੁਰਗ ਦੇ ਨਾਅਰੇ 'ਤੇ ਲੁੱਟਦੇ ਨੇ
ਤੇਰੇ ਨਾਂ 'ਤੇ ਚੜ੍ਹਾਵੇ ਵੀ ਵੰਡਦੇ ਨੇ।
ਪਰ ਤੇਰੇ ਵਾਂਗ ਜੋ ਸੱਚ ਦਾ ਦਏ ਹੋਕਾ
ਉਹਨੂੰ ਨਾਸਤਿਕ ਆਖ ਕੇ ਭੰਡਦੇ ਨੇ।

ਤੇਰੇ ਨਾਂ ਥੱਲੇ ਲੱਖਾਂ ਜ਼ੁਲਮ ਹੁੰਦੇ
ਡੰਕੇ ਚੋਟ ਲਾ ਕੇ ਤੈਨੂੰ ਕਹਾਂਗਾ ਮੈਂ।
ਜੇ ਤੂੰ ਰੀਝੇਂਗਾ ਐਵੇਂ ਅਡੰਬਰਾਂ 'ਤੇ
ਬਾਗੀ ਤੇਰੀ ਖ਼ੁਦਾਈ ਤੋਂ ਰਹਾਂਗਾ ਮੈਂ।

ਨਿਰਾ ਝੂਠ ਨਈਂ ਏਥੇ ਕੁੱਝ ਸੱਚ ਵੀ ਏ
ਜਾਈਂ ਝੂਠ ਤੋਂ ਨਾ ਘਬਰਾ ਬਾਬਾ।
ਜਿਹੜੇ ਜੂਝਦੇ ਲਾਲੋ ਨੇ ਸੱਚ ਖਾਤਿਰ
ਤੈਨੂੰ ਹੱਥਾਂ 'ਤੇ ਲੈਣਗੇ ਚਾ ਬਾਬਾ।

ਤੰਗ ਆਏ ਮਜ਼ਦੂਰ ਨੇ ਲੋਟੂਆਂ ਤੋਂ
ਤੇਰੇ ਵਰਗੇ ਦੀ ਅਗਵਾਈ ਉਡੀਕਦੇ ਨੇ।
ਜੇਰਾ ਕੱਢੀਂ 'ਉਦਾਸੀ' ਤੂੰ ਪੰਜਵੀਂ ਨੂੰ
ਤੈਨੂੰ ਲਾਲੋ ਦੇ ਭਾਈ ਉਡੀਕਦੇ ਨੇ।

ਪੇਸ਼ਕਸ਼ : ਯਸ਼ ਪਾਲ(
(98145-35005)

# ਆਪਸੀ ਅਦਾਨ-ਪ੍ਰਦਾਨ ਅਤੇ ਸਾਂਝੇ ਕਾਰਜਾਂ ਦੀ ਅਹਿਮੀਅਤ






ਬਦਲਵੇਂ ਵਿਚਾਰਾਂ ਅਤੇ ਸਿੱਖਿਆ ਦੇ ਸੰਚਾਰ ਦੀ ਆਪਸੀ ਸਬੰਧਾਂ ਨੂੰ ਸਮਾਜਿਕ ਦ੍ਰਿਸ਼ਟੀਕੋਣ ਤੋਂ ਵਿਕਸਿਤ ਕਰਨਾ ਅਜੋਕੇ ਸਮਿਆਂ ਦੀ ਅਹਿਮ ਜ਼ਰੂਰਤ ਹੈ। ਜਿਸ ਪੱਧਰ 'ਤੇ ਵੱਖ ਵੱਖ ਸੰਸਥਾਵਾਂ ਇਕ ਪਾਸੇ ਨਫ਼ਾ ਕਮਾਉਣ ਦਾ ਰਸਤਾ ਸਥਾਪਤ ਕਰ ਚੁੱਕੀਆਂ ਹਨ ਅਤੇ ਦੂਜੇ ਪਾਸੇ ਸਰਕਾਰ ਦੀਆਂ ਅਣਗਹਿਲੀਆਂ ਕਾਰਨ ਸਰਕਾਰੀ ਸਕੂਲਾਂ ਦਾ ਖੇਤਰ ਵੀ ਸੰਕਟਗ੍ਰਸਤ ਹੋ ਗਿਆ ਹੈ। ਅਜਿਹੀ ਸਥਿਤੀ ਵਿਚ ਇਕ ਨਿਵੇਕਲਾ ਕਾਰਜ ਕਰ ਰਹੀ ਵਿਦਿਅਕ ਸੰਸਥਾ ਦੀ ਸਥਾਪਨਾ ਆਪਣੇ ਆਪ ਵਿਚ ਔਖਾ ਅਤੇ ਗਠਨ ਕਾਰਜ ਹੈ।

ਪਿੰਡ ਬਸੀ ਗੁੱਜਰਾਂ ਵਿਖੇ ਚੱਲ ਰਹੀਆਂ ਸ: ਗੁਰਦੇਵ ਸਿੰਘ ਕੰਗ ਯਾਦਗਾਰੀ ਸਿੱਖਿਆ ਸੰਸਥਾ ਅਤੇ ਡਰੀਮਲੈਂਡ ਪਬਲਿਕ ਸਕੂਲ ਦੇ ਸਟਾਫ ਮੈਂਬਰਾਂ ਨੂੰ, ਉਚੇਚੇ ਤੌਰ 'ਤੇ ਪਹੁੰਚੇ ਮਾਸਟਰ ਭਜਨ ਸਿੰਘ ਕੈਲਗਰੀ ਅਤੇ ਔਨ ਆਰ ਆਈ ਸਭਾ ਪੰਜਾਬ ਦੇ ਉੱਪ ਪ੍ਰਧਾਨ ਸ: ਸਤਨਾਮ ਸਿੰਘ ਚਾਨਾ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਅਧਿਆਪਨ ਇੱਕ ਅਜਿਹਾ ਅਮਰ ਕਿੱਤਾ ਹੁੰਦਾ ਹੈ, ਜਿਸ ਰਾਹੀਂ ਸਬੰਧਤ ਅਧਿਆਪਕ ਦੀ ਲਿਆਕਤ, ਰਹਿੰਦੀ ਦੁਨੀਆਂ ਤੱਕ ਸਮਾਜ ਵਿੱਚ ਜਰਬਾਂ ਖਾਂਦੀ ਰਹਿੰਦੀ ਹੈ। ਮਿਲੇ ਮੌਕਿਆਂ ਨੂੰ ਸਾਂਭਦਿਆਂ, ਅਧਿਆਪਨ ਯੋਗਤਾ ਬਣਾ ਲੈਣੀ ਵੀ ਸਬੰਧਤ ਲਈ ਵਰਦਾਨ ਹੁੰਦੀ ਹੈ, ਹਰ ਅਧਿਆਪਕ ਨੂੰ ਇਸ ਅਮੀਰੀ ਦਾ ਅਹਿਸਾਸ ਰਹਿਣਾ ਚਾਹੀਦਾ ਹੈ। ਦੱਸਿਆ ਗਿਆ ਕਿ ਅਧਿਆਪਨ ਕਿੱਤਾ, ਡਾਕਟਰੀ ਤੋਂ ਵੀ ਵਧਕੇ ਹੈ, ਕਿਉਂਕਿ ਡਾਕਟਰ ਦੀ ਅਣਗਹਿਲੀ ਤਾਂ ਛੁਪ ਸਕਦੀ ਹੈ, ਪਰ ਅਧਿਆਪਕੀ ਕਸਰਾਂ ਕਾਰਨ, ਜਿੱਥੇ ਸ਼ਗਿਰਦ ਨੂੰ ਉਮਰ ਭਰ ਲਈ ਅਧੂਰਾ ਰਹਿਣ ਦਾ ਸਰਾਪ ਮਿਲ ਜਾਂਦਾ ਹੈ, ਉੱਥੇ ਅਧੂਰਾ ਵਿਅਕਤੀ ਸਮਾਜ ਲਈ ਵੀ ਬੋਝ ਬਣ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ-ਰੌਚਿਕਤਾ ਲਈ ਹਰ ਅਧਿਆਪਕ, ਹਰ ਰੋਜ਼ ਆਪਣੇ ਵਿਸ਼ੇ ਦਾ ਅਤੇ ਦੇਸ ਦੁਨੀਆਂ ਵਿੱਚ ਵਾਪਰ ਰਹੇ ਵਰਤਾਰਿਆਂ ਦਾ ਗਿਆਨ ਲੈ ਕੇ ਵਿਦਿਆਰਥੀਆਂ ਵਿੱਚ ਪਹੁੰਚੇ, ਅਜਿਹਾ ਤਾਂ ਹੀ ਸੰਭਵ ਹੋਵੇਗਾ, ਜੇਕਰ ਅਧਿਆਪਕ ਹਵਾਲਾ ਪੁਸਤਕਾਂ ਫਰੋਲਦਾ ਰਹੇਗਾ, ਲਾਇਬਰੇਰੀ ਦਾ ਹਿੱਸਾ ਬਣੇਗਾ ਅਤੇ ਰੋਜ਼ਾਨਾਂ ਅਖਬਾਰਾਂ ਪੜ੍ਹੇਗਾ। ਦੱਸਿਆ ਗਿਆ ਕਿ ਜਿਹੜੇ ਅਧਿਆਪਕ ਆਪਣੇ ਵਿਸ਼ੇਸ਼ ਗੁਣ ਕਾਰਨ, ਵਿਦਿਆਰਥੀਆਂ ਦੇ ਦਿਲਾਂ ਤੱਕ ਰਾਹ ਬਣਾ ਲੈਂਦੇ ਹਨ, ਉਨ੍ਹਾਂ ਲਈ ਸਬੰਧਤ ਅਧਿਆਪਕ ਚੁਣੌਤੀ-ਰਹਿਤ ਹਸਤੀ ਬਣ ਜਾਂਦਾ ਹੈ। ਇਸ ਮੌਕੇ 'ਤੇ ਸੰਸਥਾ ਦੇ ਨਿਰਦੇਸ਼ਕ ਸਵਰਨ ਸਿੰਘ ਭੰਗੂ ਨੇ ਦੱਸਿਆ ਕਿ ਇਹ ਸੰਸਥਾ, ਸਵਾਰਥ ਤੋਂ ਪਰ੍ਹੇ ਹੈ ਅਤੇ ਇਸ ਵਿੱਚ ਇਲਾਕੇ ਦੇ ਲੋੜਵੰਦ ਪਰਿਵਾਰਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ। ਉਨ੍ਹਾਂ ਅਜਿਹੇ ਵਿਦਿਆਰਥੀਆਂ ਬਾਰੇ ਦੱਸਿਆ, ਜਿਨ੍ਹਾਂ ਨੇ ਸੰਸਥਾ ਦੀ ਇਸ ਸਹੂਲਤ ਦਾ ਲਾਭ ਲੈ ਕੇ ਆਪੋ-ਆਪਣੀਆਂ ਤਕਦੀਰਾਂ ਬਦਲੀਆਂ ਹਨ।



ਸੰਸਥਾ ਦੀ ਪ੍ਰਿੰਸੀਪਲ ਅਮਨਦੀਪ ਕੌਰ ਨੇ ਵਿਚਾਰ ਪ੍ਰਦਾਨ ਕਰਦਿਆਂ ਕਿਹਾ ਕਿ ਜਿਸ ਕਿਸਮ ਨਾਲ ਅਧਿਆਪਕ ਆਪਣੀ ਪ੍ਰਤੀਬਿੱਧਤਾ ਨਾਲ ਇਸ ਸੰਸਥਾ ਨਾਲ ਜੁੜੇ ਹੋਏ ਹਨ ਉਹ ਜਿਥੇ ਵਿਦਿਆਰਥੀਆਂ ਅੰਦਰ ਨਵੀਂ ਚਿਣਗ ਲਾਉਂਦੇ ਹਨ, ਉਥੇ ਉਸ ਦੇ ਨਾਲ ਹੀ ਨਵੇਂ ਕਿਸਮ ਦਾ ਵਾਤਾਵਰਣ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਇਆ ਸਥਾਪਤ ਕਰਦੇ ਹਨ। ਇਸ ਸੰਸਥਾ ਨੇ ਇਲਾਕੇ ਵਿਚ ਆਪਣਾ ਵੱਖਰਾ ਸਥਾਨ ਸਥਾਪਤ ਕੀਤਾ ਹੈ। ਵੱਖ-ਵੱਖ ਸਮਾਜਿਕ ਅਤੇ ਸਭਿਆਚਾਰਕ ਸੰਸਥਾਵਾਂ ਦੀ ਅਜੋਕੇ ਸਮਿਆਂ ਵਿਚ ਇਤਿਹਾਸਕ ਜ਼ਿੰਮੇਵਾਰੀ ਹੈ ਕਿ ਉਹ ਇਸ ਖੇਤਰ ਵਿਚ ਹੋਰ ਯੋਗਦਾਨ ਪਾਉਣ ਤਾਂ ਕਿ ਇਸ ਨਿਸ਼ਕਾਮ ਸੇਵਾ ਵਾਲੇ ਮਾਡਲ ਨੂੰ ਬਹੁਦਿਸ਼ਾਵੀ ਅਤੇ ਬਹੁਪਰਤੀ ਵਿਕਸਿਤ ਕੀਤਾ ਜਾ ਸਕੇ। ਇਸ ਸੰਸਥਾ ਦੀਆਂ ਪ੍ਰਾਪਤੀਆਂ ਇਹ ਹਨ ਕਿ ਇਕ ਪਛੜੇ ਇਲਾਕੇ ਵਿਚ ਇਸ ਨੇ ਸੈਂਕੜੇ ਵਿਦਿਆਰਥੀਆਂ ਨੂੰ ਨਵੇਂ ਜ਼ਿੰਦਗੀ ਦੇ ਰਸਤੇ ਉਪਰ ਤੋਰਿਆ ਹੈ।

Buying | Selling | Investing
HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated
Bill (Baljinder) Bath
Realtor
Dir: 416.567.0008
Email: Bill5670008@gmail.com
821 Bovaird Drive Unit #31, Brampton L6X 0T9

SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

HOMELIFE HIGHER STANDARDS
HomeLife SilverCity Realty Inc.
Brokerage Independently Owned & Operated
Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR INANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS, WORK PERMIT, REFUGE & INTERNATIONAL STUDENTS
LOWEST RATES FREE QUOTE Call
Call: 416.209.6363
Hardeep Atwal
Sr. Financial Advisor

# ਇਤਿਹਾਸ ਦੇ ਪੰਨਿਆਂ ਤੋਂ ਨਾਟਕ 'ਗਾਥਾ ਕਾਲੇ ਪਾਣੀਆ ਦੀ'















**ਬਲਜਿੰਦਰ ਸਿੰਘ ਪਟਿਆਲਾ**

ਗਦਰ ਲਹਿਰ ਦੇ ਸਿਰੜੀ ਯੋਧਿਆ ਨੂੰ ਸਮੱਰਪਿਤ ਪ੍ਰੋਗਰਾਮ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦਾ ਰਸਮੀ ਉਦਘਾਟਨ ਡਾਕਟਰ ਅਵਤਾਰ ਸਿੰਘ ਜੀ ਪ੍ਰਿੰਸੀਪਲ ਜੀ.ਟੀ.ਬੀ. ਨੈਸਨਲ ਕਾਲਜ ਦਾਖਾ, ਪ੍ਰੋ. ਮਨਜੀਤ ਸਿੰਘ ਛਾਬੜਾ, ਡਾ. ਐਸ.ਐਸ. ਥਿੰਦ, ਗੁਰਚਰਨ ਕੌਰ ਥਿੰਦ, ਮਲਕੀਤ ਸਵੈਚ, ਉੱਘੀ ਕਵਿਤਰੀ ਪ੍ਰਮਿੰਦਰ ਸਵੈਚ, ਐਡਵੋਕੇਟ ਜਸਵੀਰ ਸਿੰਘ, ਪ੍ਰੋ. ਰਾਵਿੰਦਰ ਭੱਠਲ, ਡਾ. ਗੁਰਇਕਬਾਲ ਸਿੰਘ, ਵਿਜੇ ਮਿੱਤਲ ਮੋਗਾ, ਮਾ. ਭਜਨ ਸਿੰਘ, ਸੁਰਿੰਦਰ ਕੌਰ ਗਿੱਲ, ਜਸਵੰਤ ਜੀਰਖ, ਪਰਮਜੀਤ ਪੰਮੀ, ਬਲਦੇਵ ਸਿੰਘ ਢੱਟ ਨੇ ਸਾਂਝੇ ਰੂਪ ਵਿੱਚ ਕੀਤਾ। ਇਸ ਮੌਕੇ 'ਤੇ ਜਸਵੰਤ ਜੀਰਖ ਜੀ ਦੀ ਪੁਸਤਕ 'ਮੌਜੂਦਾ ਸਮੇਂ ਦਾ ਸੱਚ' ਨੂੰ ਰਲੀਜ ਕੀਤਾ ਗਿਆ। ਪ੍ਰਮਿੰਦਰ ਕੌਰ ਸਵੈਚ ਦੀ ਪੁਸਤਕ 'ਜਾਗਦੀ ਅੱਖ ਦਾ ਹਲਫ਼ਨਾਮਾ' ਲੇਖ ਸੰਗ੍ਰਹਿ ਨੂੰ ਵੀ ਰਲੀਜ ਕੀਤਾ ਗਿਆ। ਇਸੇ ਮੌਕੇ ਤੇ ਕੈਲਗਰੀ ਦੀ ਉੱਘੀ ਲੇਖਿਕਾ ਦੀ ਪੁਸਤਕ ਸਫ਼ਰਨਾਮਾ 'ਲਹਿੰਦੇ ਪੰਜਾਬ 'ਚ 14 ਦਿਨ' ਰਲੀਜ਼ ਕੀਤੀ ਗਈ। ਇਸ ਉਪਰੰਤ ਸੰਸਾਰ ਪ੍ਰਸਿੱਧ ਦੇਸ਼ ਵਿਦੇਸ਼ ਵਿੱਚ ਨਾਮਣਾ ਖੱਟਣ ਵਾਲਾ ਨਾਟਕ 'ਗਾਥਾ ਕਾਲੇ ਪਾਣੀਆ ਦੀ' ਪੇਸ਼ ਹੋਇਆ। ਨਾਟਕ ਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ। ਗ਼ਦਰੀ ਬਾਬਿਆਂ ਦੀ ਕਾਲੇ ਪਾਣੀ ਦੀ ਜੇਲ ਵਿੱਚ ਸੰਘਰਸ਼ ਦੀ ਅਮਰ ਗਾਥਾ ਨੂੰ ਲੋਕ ਕਲਾ ਮੰਚ (ਰਜਿ:) ਦੇ ਕਲਾਕਾਰਾਂ ਨੇ ਸਾਜਿੰਦ ਕਰ ਦਿੱਤਾ। ਹਰਕੇਸ਼ ਚੌਧਰੀ ਦੇ ਲਿਖੇ ਅਤੇ ਨਿਰਦੇਸ਼ਿਤ ਨਾਟਕ ਨੇ ਦੱਸਿਆ ਕਿ ਕਿਵੇ ਮੇਜਰ ਮੌਰੇ ਕਾਲੇ ਪਾਣੀਆਂ ਦੀ ਸੈਲੂਲਰ ਜੇਲ ਦਾ ਰੱਬ ਸਮਝਦਾ ਸੀ। ਉਸ ਦੀ ਜੁਲਮੀਂ ਸਲਤਨਤ ਨੂੰ ਕਿਵੇਂ ਵੰਗਾਰਿਆਂ ਗ਼ਦਰੀ ਬਾਬਿਆਂ ਨੇ ਜਦੋਂ ਮੇਜਰ ਮੌਰੇ ਕਹਿੰਦਾ ਹੈ ਕਿ ਮਾਸਟਰ ਚੱਤਰ ਸਿੰਘ ਦੇ ਕੁੱਬ ਨਿਕਲ ਆਇਆ ਹੈ ਪਰ ਸਿਰ ਅਜੇ ਵੀ ਉੱਚਾ ਹੀ ਰੱਖਦਾ ਹੈ। ਤਾਂ ਮਾਸਟਰ ਚੱਤਰ ਸਿੰਘ ਕਹਿੰਦਾ ਹੈ। ਪਿੱਠ ਦੇ ਕੁੱਬ ਨਾਲ ਸਰੀਰ ਝੁਕਦਾ ਹੈ ਸਿਰ ਨਹੀਂ ਝੁਕਦਾ ਇਹ ਉੱਚਾ ਹੀ ਰਹੂਗਾ। ਪਰ ਗਦਰੀ ਬਾਬਿਆਂ ਦੇ ਸਾਂਝੀਵਾਲਤਾ ਦੇ ਸੁਪਨੇ ਨਾਲ ਧਰੋਹ ਹੋਇਆ ਹੈ। ਜਦੋਂਕਿ ਮਾਫੀਆਂ ਮੰਗਣ ਵਾਲੇ ਵੀਰ ਦਾਮੋਦਰ ਸਾਵਰਕਰ ਦੇ ਨਾਮ ਤੇ ਜੇਲ ਅਤੇ ਪੋਰਟ ਬਲੇਅਰ ਏਅਰਪੋਰਟ ਦਾ ਨਾਮ ਰੱਖਿਆ ਗਿਆ ਹੈ। ਸਮੇਂ ਦੀ ਸਰਕਾਰਾਂ ਵੱਲੋਂ ਸੱਚੇ ਦੇਸ਼ ਭਗਤ ਬਾਬਿਆਂ ਨੂੰ ਅਣਗੋਲੇ ਕਰ ਦਿੱਤਾ ਹੈ ਤਾਂ ਲੱਗਦਾ ਹੈ ਕਿ ਬਾਬਿਆਂ ਦਾ ਇਹ ਕਥਨ ਕਿ ਇੱਕ ਹੌਰ ਗਦਰ ਦੀ ਲੋੜ ਹੈ ਅਤੇ ਇਹ ਗ਼ਦਰ ਸਾਡੇ ਲੋਕਾਂ ਨੂੰ ਕਰਨਾ ਪੈਣਾ ਹੈ। ਇਸ ਨਾਟਕ ਵਿੱਚ ਬਾਬਾ ਭਾਨ ਸਿੰਘ ਦੇ ਰੋਲ ਵਿੱਚ ਭਾਗ ਸਿੰਘ ਗਿੱਲ, ਮੇਜਰ ਮੱਰੇ ਦੇ ਰੋਲ ਵਿੱਚ ਪ੍ਰਿਤਪਾਲ ਸਿੰਘ, ਬਾਬੇ ਭਕਨੇ ਦੇ ਰੂਪ ਵਿੱਚ ਹਰਕੇਸ਼ ਚੌਧਰੀ, ਪਰਮਾਨੰਦ ਝਾਂਸੀ ਦੇ ਰੋਲ ਵਿੱਚ ਨੈਨਾ ਸ਼ਰਮਾ, ਜੇਲਰ ਬੈਰੀ ਦੇ ਰੋਲ ਵਿੱਚ ਕਮਲਜੀਤ ਮੋਹੀ, ਟੈਂਡਲ ਦੇ ਰੂਪ ਵਿੱਚ ਦੀਪਕ ਰਾਏ,ਬਾਬਾ ਅਮਰ ਸਿੰਘ ਦੇ ਰੂਪ ਵਿੱਚ ਰਾਜਵੀਰ ਪੰਡੋਰੀ, ਸਾਵਰਕਰ ਦੇ ਰੂਪ ਵਿੱਚ ਅਨਿਲ ਸੇਠੀ, ਮਾਸਟਰ ਚੱਤਰ ਸਿੰਘ ਦੇ ਰੂਪ ਵਿੱਚ ਜੁਝਾਰ ਸਿੰਘ ਖੂਬ ਨਿਭੇ ਇਸ ਤੋਂ ਬਿਨਾਂ ਕਰਮਪ੍ਰੀਤ ਕੌਰ, ਸੁਖਲੀਨ ਕੌਰ, ਸਖਜੀਤ ਕੌਰ, ਰਾਜਦੀਪ ਕੌਰ, ਚੰਨਪ੍ਰੀਤ ਕੌਰ, ਅਮਰਿੰਦਰ ਸਿੰਘ, ਲਖਵੀਰ ਸਿੰਘ, ਏਕਮ ਸਿੰਘ, ਜਸਮੀਤ ਸਿੰਘ, ਆਦਿ ਨੇ ਵੀ ਆਪਣੀ ਕਲਾ ਦਾ ਲੋਹਾ ਮੰਨਵਾਇਆ। ਪ੍ਰੋਗਰਾਮ ਪੂਰਾ ਸਫਲ ਰਿਹਾ। ਇਸ ਮੌਕੇ ਤੇ ਪੱਤਰਕਾਰ ਸਤਨਾਮ ਵੜੈਚ ਦਾ, ਡਾਕਟਰ ਪਿੰਸੀਪਲ ਅਵਤਾਰ ਸਿੰਘ, ਪ੍ਰਮਿੰਦਰ ਸਵੈਚ, ਗੁਰਚਰਨ ਕੌਰ ਥਿੰਦ, ਗੁਰਿੰਦਰ ਗੁਰੀ ਅਤੇ ਬਲਜੀਤ ਕੌਰ ਦਾ ਸਨਮਾਨ ਕੀਤਾ ਗਿਆ। ਦਰਸ਼ਕਾਂ ਵਿੱਚ ਪੱਤਰਕਾਰ ਭਾਈਚਾਰੇ ਵਿੱਚੋਂ, ਸੰਤੋਖ ਗਿੱਲ ਨੇ ਆਪਣੇ ਵਿਚਾਰ ਰੱਖੇ, ਦਵਿੰਦਰ ਲੰਮੇ, ਰਾਜ ਜੋਸੀ, ਸਤਨਾਮ ਵੜੈਚ, ਬਲਦੇਵ ਢੱਟ, ਲੈਕ. ਪ੍ਰਗਟ ਸਿੰਘ, ਪਰਮਜੀਤ ਪੰਮੀ,



ਐਕਸੀਅਨ ਪਰਦੀਪ ਲੋਟੇ, ਮਾ. ਗੁਰਜੀਤ ਸਿੰਘ, ਅੰਜੂ ਚੌਧਰੀ, ਨੀਰਜਾ ਬਾਂਸਲ, ਸੁਖਦੀਪ ਸਿੰਘ, ਭਾਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਚਰਨ ਸਿੰਘ ਨੂਰਪੁਰਾ, ਗੁਰਪ੍ਰੀਤ ਸਿੰਘ, ਜਸਵਿੰਦਰ ਪੱਪੀ, ਕੁਲਵੰਤ ਕੌਰ ਨਗਰ, ਲੈਕ. ਦਲਜੀਤ ਸਿੰਘ, ਰਾਜੂ ਧੀਰ, ਗੁਰਮੀਤ ਸਿੰਘ, ਪ੍ਰੋਗਰਾਮ ਦੇ ਅੰਤ ਵਿੱਚ ਡਾ. ਕੁਸਮ ਅੱਤਰੇ ਵੱਲੋਂ ਸਾਰੇ ਦਰਸ਼ਕਾਂ ਨੂੰ ਪਾਣੀ ਅਤੇ ਲੱਡੂ ਵੰਡੇ ਗਏ ਹਾਜਰੀਨ ਨੇ ਅਨੰਦ ਮਾਣਿਆ ਸਮਾਗਮ ਦਾ ਤੇ ਵਿਦਾ ਹੋਏ।











Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way
Burnaby, B.C. V5J 3H4


THE HARP GREWAL
ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS


Baljinder Singh
Graphic Designer
All types of Newspaper Advts. Newspaper
Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program,
Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
Video
Video film with single, double & multiple camera system (Broadcast Quality)
Photography
Digital Photography (Coloured, black and white) digital enhancement
Music
DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


GALAXY
Frightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਤਾਨਾਸ਼ਾਹੀ ਵੱਲ ਵਧਦੇ ਮੋਦੀ ਰਾਜ 'ਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦੀ ਲੋੜ : ਜੀਰਖ

## ਪੰਜਾਬ ਭਰ ਵਿੱਚ ਤਿੰਨ ਨਵੇਂ ਫ਼ੌਜਦਾਰੀ ਕਾਨੂੰਨਾਂ ਖਿਲਾਫ ਕਨਵੈਨਸ਼ਨਾਂ-ਮੁਜ਼ਾਹਰੇ ਅਤੇ ਸਾਰੇ ਜ਼ਿਲ੍ਹਿਆਂ 'ਚ ਡੀਸੀ ਰਾਹੀਂ ਰਾਸ਼ਟਰਪਤੀ ਦੇ ਨਾਂ ਭੇਜੇ ਮੰਗ-ਪੱਤਰ

**ਬਲਜਿੰਦਰ ਸਿੰਘ ਪਟਿਆਲਾ**





ਸਮੁੱਚੇ ਪੰਜਾਬ 'ਚ ਜ਼ਿਲਾ ਪੱਧਰ ਤੇ ਰੋਸ ਪ੍ਰਗਟਾਵੇ ਦੇ ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਸੱਦੇ ਤਹਿਤ ਮਨੁੱਖੀ ਅਧਿਕਾਰ ਦਿਵਸ 'ਤੇ ਪੰਜਾਬ ਭਰ ਵਿੱਚ ਜਿਲਾ ਪੱਧਰੀ ਕਨਵੈਨਸ਼ਨਾ ਅਤੇ ਮਜਾਹਰੇ ਕੀਤੇ ਗਏ। ਕੇਂਦਰ ਸਰਕਾਰ ਵੱਲੋਂ ਇੱਕ ਜੁਲਾਈ ਤੋਂ ਸਮੁੱਚੇ ਦੇਸ਼ 'ਚ ਲਾਗੂ ਕੀਤੇ ਗਏ ਨਵੇਂ ਤਿੰਨ ਫ਼ੌਜਦਾਰੀ ਕਨੂੰਨਾਂ ਨੂੰ ਸਿਰੇ ਦੇ ਫਾਸ਼ੀ ਤੇ ਜਾਬਰ ਕਨੂੰਨ ਕਰਾਰ ਦਿੰਦਿਆਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ 'ਤੇ ਲੁਧਿਆਣਾ, ਜਲੰਧਰ, ਮੋਹਾਲੀ, ਗੁਰਦਾਸਪੁਰ, ਪਟਿਆਲਾ, ਬਠਿੰਡਾ, ਬਰਨਾਲਾ, ਸੰਗਰੂਰ ਸਮੇਤ ਹੋਰ ਕਈ ਜ਼ਿਲ੍ਹਾ ਹੈਡ ਕੁਆਟਰਾਂ 'ਤੇ ਇੰਨਾਂ ਮਨੁੱਖ ਘਾਤੀ ਕਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ। ਇਸ ਦੌਰਾਨ ਵੱਖ ਵੱਖ ਕਾਨੂੰਨੀ ਮਾਹਰਾਂ ਅਤੇ ਮਨੁੱਖ ਦੇ ਜਮਹੂਰੀ ਹੱਕਾਂ ਦੇ ਪਹਿਰੇਦਾਰਾਂ ਵੱਲੋਂ ਲੋਕ ਚੇਤਨਾ ਫੈਲਾਉਂਦਿਆਂ ਹੱਕ ਸੱਚ ਦੀ ਲੜਾਈ ਦ੍ਰਿੜਤਾ ਨਾਲ ਲੜਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਲੁਧਿਆਣਾ ਵਿਖੇ ਜਸਵੰਤ ਜੀਰਖ ਦੀ ਮੰਚ ਸੰਚਾਲਨਾ ਹੇਠ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ, ਤਰਕਸ਼ੀਲ ਸੁਸਾਇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਸ ਕਨਵੈਨਸ਼ਨ ਨੂੰ ਡੈਮੋਕਰੇਟਿਕ ਲਾਇਰਜ ਐਸੋਸੀਏਸ਼ਨ ਦੇ ਆਗੂ, ਉੱਘੇ ਵਕੀਲ ਹਰਪ੍ਰੀਤ ਜੀਰਖ ਨੇ ਤਿੰਨ ਫੌਜਦਾਰੀ ਕਾਨੂੰਨਾਂ ਦੀ ਚੀਰਫਾੜ ਕਰਦਿਆਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਉਸ ਬਿਆਨ ਕਿ ਭਾਰਤੀ ਨਿਆਏ ਸੰਹਿਤਾ ਦੇ ਨਾਮ ਹੇਠ ਲਿਆਂਦੇ ਇਹ ਕਾਨੂੰਨ ਬਸਤੀਵਾਦੀ ਕਾਨੂੰਨਾਂ ਤੋਂ ਨਾਗਰਿਕਾਂ ਦਾ ਖਹਿੜਾ ਛੁਡਾਇਆ ਗਿਆ ਹੈ, ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਨਾਮ ਬਦਲੀ ਦੇ ਨਾਲ ਨਾਲ ਇਨ੍ਹਾਂ ਕਾਨੂੰਨਾਂ 'ਚ ਅੱਠ ਹੋਰ ਜਾਬਰ ਧਾਰਾਵਾਂ ਜੋੜ ਕੇ ਇਨ੍ਹਾਂ ਨੂੰ ਖਤਰਨਾਕ ਜਾਬਰ ਤੇ ਤਾਨਾਸ਼ਾਹ ਕਾਨੂੰਨ ਬਣਾ ਦਿੱਤਾ ਗਿਆ ਹੈ। ਦੇਸ਼ 'ਚ ਕਾਰਪੋਰੇਟ ਲੁੱਟ ਨੂੰ ਪ੍ਰਫੁਲਿੱਤ ਕਰਨ ਲਈ ਲਿਆਂਦੇ ਇਨ੍ਹਾਂ ਕਾਲੇ ਕਾਨੂੰਨਾਂ ਰਾਹੀਂ ਹਰ ਵਿਰੋਧੀ ਆਵਾਜ਼ ਨੂੰ ਸੀਖਾਂ ਪਿੱਛੇ ਸਾੜਣ ਲਈ ਸੁੱਟ ਦਿੱਤੇ ਜਾਣ ਦਾ ਪ੍ਰਾਵਾਧਾਨ ਹੈ। ਇਨ੍ਹਾਂ ਕਾਨੂੰਨਾਂ ਦੀਆਂ ਧਾਰਾਵਾਂ 113, 152, 226, 309 ਮਨੁੱਖੀ ਅਧਿਕਾਰਾਂ ਦਾ ਨੰਗਾ ਚਿੱਟਾ ਘਾਣ ਹਨ। ਦੋਸ਼ ਦੀ ਪੜਤਾਲ ਦੇ ਨਾਂ ਥੱਲੇ ਕਿਸੇ ਵੀ ਨਾਗਰਿਕ ਨੂੰ 60/90 ਦਿਨ ਲਈ ਜੇਲ ਚ ਰੱਖਣਾ, ਦੱਸ ਸਾਲ ਤੱਕ ਦੀ ਸਜ਼ਾ ਵਾਲੇ ਮਾਮਲਿਆਂ 'ਚ ਬਿਨਾਂ ਐਫਆਈਆਰ ਕਿਸੇ ਵੀ ਨਾਗਰਿਕ ਨੂੰ ਗ੍ਰਿਫ਼ਤਾਰ ਕਰਨਾ, ਪਹਿਲੇ ਦੇ ਯੂਏਪੀਏ ਕਾਨੂੰਨ ਨੂੰ ਰਾਜਾਂ ਦੇ ਕੰਟਰੋਲ 'ਚੋਂ ਖਤਮ ਕਰਕੇ ਹੋਰ ਜਾਬਰ ਬਣਾਉਣਾ, ਧਰਨੇ, ਮੁਜ਼ਾਹਰਿਆਂ ਜਾਮਾਂ ਨੂੰ ਕੁਚਲਣ ਲਈ ਨੁਕਸਾਨ ਦਾ ਖਮਿਆਜਾ ਸੰਘਰਸਸੀਲ ਲੋਕਾਂ ਤੇ ਢਾਲਣਾ, ਆਦਿ ਖਤਰਨਾਕ ਧਾਰਾਵਾਂ ਬਸਤੀਵਾਦੀ ਦੌਰ ਨਾਲੋਂ ਵੀ ਖਤਰਨਾਕ ਹਨ। ਹਰ ਵਿਰੋਧ ਨੂੰ ਕੁਚਲਣ ਲਈ ਇਨ੍ਹਾਂ ਕਾਨੂੰਨਾਂ ਰਾਹੀਂ ਪੂਰੇ ਦੇਸ਼ 'ਚ ਐਨਆਈਏ ਨਾਂ ਦੀ ਕੇਂਦਰੀ ਪੁਲਿਸ ਏਜੰਸੀ ਦਾ ਰਾਜ ਦੇਸ਼ ਭਰ 'ਚ ਮੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ ਕਾਰਪੋਰੇਟ ਅਤੇ ਸਰਕਾਰ ਦੇ ਹਿਤਾਂ ਦੀ ਰਾਖੀ ਲਈ ਜਿੱਥੇ ਧਰਮ ਆਧਾਰਿਤ ਮਨੂੰਵਾਦੀ ਰਾਜ ਉਸਾਰਿਆ ਜਾ ਰਿਹਾ ਹੈ, ਉਥੇ ਅਜਿਹੇ ਜਾਬਰ ਕਾਨੂੰਨ ਲਿਆ ਕੇ ਜਮਹੂਰੀਅਤ ਦਾ ਗਲਾ ਘੁੱਟਿਆ ਜਾ ਰਿਹਾ ਹੈ। ਇਸ ਸਮੇਂ ਪ੍ਰੋ. ਜਗਮੋਹਨ ਸਿੰਘ ਨੇ ਉੱਘੀ ਲੇਖਿਕਾ ਅਰੁੰਧਤੀ ਰਾਇ ਤੇ ਕਸ਼ਮੀਰੀ ਚਿੰਤਕ ਸ਼ੋਕਤ ਹੂਸੈਨ ਖ਼ਿਲਾਫ਼ ਦਰਜ ਝੂਠਾ ਪਰਚਾ ਰੱਦ ਕਰਨ, ਅਫਸਪਾ, ਐਸਮਾ, ਪੀਐਸਏ, 296 ਧਾਰਾ ਜਿਹੇ ਕਾਲੇ ਕਾਨੂੰਨ ਰੱਦ ਕਰਨ, ਐਨਆਈਏ ਨਾਂ ਦੀ ਔਰੰਗਜ਼ੁਬੀ ਏਜੰਸੀ ਖਤਮ ਕਰਨ, ਆਦਿ-ਵਾਸੀ ਸੂਬਿਆਂ 'ਚ ਪੁਲਿਸ ਫੌਜ ਦਾ ਜਬਰ ਬੰਦ ਕਰਨ, ਜੇਲਾਂ 'ਚ ਬੰਦ ਬੁੱਧੀਜੀਵੀ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ। ਇਸ ਸਮੇਂ ਪ੍ਰੋ. ਜੈ ਪਾਲ ਸਿੰਘ, ਚਰਨ ਸਿੰਘ ਨੂਰਪੁਰਾ, ਕੰਵਲਜੀਤ ਖੰਨਾ, ਸੁਰਿੰਦਰ ਸਿੰਘ, ਹਰਜਿੰਦਰ ਸਿੰਘ, ਜਸਦੇਵ ਸਿੰਘ ਲਲਤੋ, ਐਡਵੋਕੇਟ ਕੁਲਦੀਪ ਸਿੰਘ ਨੇ ਵੀ ਵਿਚਾਰ ਸਾਂਝੇ ਕਰਦਿਆ ਯੂਪੀ ਅਤੇ ਚੰਡੀਗੜ੍ਹ ਦੇ ਬਿਜਲੀ ਬੋਰਡਾਂ ਦਾ ਨਿੱਜੀਕਰਨ ਕਰਨ ਅਤੇ ਮੁਲਾਜ਼ਮਾਂ ਤੇ ਐਸਮਾ ਲਾਉਣ ਸਮੇਤ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਦਿੱਲੀ ਜਾ ਰਹੇ ਕਿਸਾਨਾਂ ਤੇ ਜਬਰ ਢਾਹੁਣ ਦੀ ਨਿੰਦਾ ਦੇ ਮਤੇ ਪਾਸ ਕਰਵਾਏ।

ਉਪਰੰਤ ਵੱਡੀ ਗਿਣਤੀ ਮੁਜਾਹਰਾਕਾਰੀਆਂ ਨੇ ਕਾਲੇ ਫੌਜਦਾਰੀ ਕਾਨੂੰਨ ਰੱਦ ਕਰੋ, ਕਿਰਤ ਕੋਡ ਰੱਦ ਕਰੋ, ਜਮਹੂਰੀ ਹੱਕ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਡੀਸੀ ਦਫ਼ਤਰ ਤੱਕ ਰੋਹ ਭਰਪੂਰ ਮਾਰਚ ਕਰਕੇ ਰਾਸ਼ਟਰਪਤੀ ਦੇ ਨਾਂ ਮੰਗ-ਪੱਤਰ ਏਡੀਸੀ ਲੁਧਿਆਣਾ ਰਾਹੀਂ ਭੇਜਿਆ ਗਿਆ। ਇਸ ਸਮੇਂ ਜਗਦੀਸ਼ ਚੰਦਰ, ਅਮਨਦੀਪ ਸਿੰਘ ਲਲਤੋਂ, ਪ੍ਰੋ. ਏ ਕੇ ਮਲੇਰੀ , 'ਸਰੋਕਾਰਾਂ ਦੀ ਆਵਾਜ਼' (ਕੈਨੇਡਾ) ਮੈਗਜ਼ੀਨ ਦੇ ਸਬ- ਅਡੀਟਰ ਮਾ. ਭਜਨ ਸਿੰਘ ਡਾ. ਵੀ ਕੇ ਵਸ਼ਿਸ਼ਟ, ਕਸਤੂਰੀ ਲਾਲ, ਸਰਬਜੀਤ ਸਿੰਘ ਸੁਧਾਰ, ਡਾ. ਸੁਰਜੀਤ ਸਿੰਘ, ਡਾ. ਜਸਵੰਤ ਸਿੰਘ, ਸੁਰਜੀਤ ਦੌਧਰ ਆਦਿ ਆਗੂ ਹਾਜ਼ਰ ਸਨ।

# ਕੁਲਵੰਤ ਕੌਰ ਨਗਰ ਦਾ ਲਿਖਿਆ ਨਾਟਕ 'ਹਨੇਰ ਨਗਰੀ' ਖੇਡਿਆ ਗਿਆ







ਗੁਰਸ਼ਰਨ ਕਲਾ ਭਵਨ ਵਿਖੇ ਮਹੀਨੇ ਦੇ ਆਖਰੀ ਸ਼ਨੀਵਾਰ ਦੇ ਸਮਾਗਮ ਨੂੰ ਸਮਾਂਤਰ ਸਿਨੇਮੇ ਦੇ ਵਿਲੱਖਣ ਹਸਤਾਖਰ ਸਿਆਮ ਬੇਨੇਗਲ ਨੂੰ ਸਮੱਰਪਿਤ ਕੀਤਾ ਗਿਆ। ਜੋ ਕਿ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਸਮਾਗਮ ਦਾ ਰਸਮੀ ਉਦਘਾਟਨ ਅਮੋਲਕ ਸਿੰਘ ਪ੍ਰਧਾਨ ਪੰਜਾਬ ਲੋਕ ਸਭਿਆਚਾਰਕ ਮੰਚ, ਮਾ. ਭਜਨ ਸਿੰਘ ਜਨਰਲ ਸਕੱਤਰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਕਸਤੂਰੀ ਲਾਲ, ਜਸਵੰਤ ਜੀਰਖ, ਸਾਬਕਾ ਪ੍ਰਿੰਸੀਪਲ ਕ੍ਰਿਸ਼ਨ ਦੱਤ, ਹਰਕੇਸ਼ ਚੌਧਰੀ, ਬਲਦੇਵ ਢੱਟ ਡਾਇਰੈਕਟਰ ਪਹਿਰੇਦਾਰ ਅਖਬਾਰ, ਪ੍ਰਿੰਸੀਪਲ ਰਾਜਿੰਦਰ ਸਿੰਘ, ਪਰਮਜੀਤ ਪੰਮੀ, ਵਿਜੇ ਮੋਗਾ, ਮਾ. ਗੁਰਜੀਤ ਸਿੰਘ, ਦੀਪਕ ਰਾਏ ਜੀ ਨੇ ਸਾਂਝੇ ਰੂਪ ਵਿੱਚ ਕੀਤਾ। ਸਾਥੀ ਅਮੋਲਕ ਸਿੰਘ ਨੇ ਲੋਕ ਕਲਾ ਮੰਚ ਦੇ ਅਜਿਹੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਯਤਨਾਂ ਜਰਬਾਂ ਦੇਣ ਦੀ ਜ਼ਰੂਰਤ ਹੈ। ਉਹਨਾਂ ਦੇਸ਼ ਹਲਾਤਾਂ ਤੇ ਵੀ ਗੱਲਬਾਤ ਦਰਸ਼ਕਾਂ ਨਾਲ ਕੀਤੀ। ਇਸ ਮੌਕੇ 'ਤੇ ਮਾਨਵਤਾ ਕਲਾ ਕੇਂਦਰ ਨਗਰ ਦੀ ਨਾਟਕ ਟੀਮ ਨੇ ਕੁਲਵੰਤ ਕੌਰ ਨਗਰ ਦਾ ਲਿਖਿਆ ਨਾਟਕ 'ਹਨੇਰ ਨਗਰੀ' ਖੇਡਿਆ ਗਿਆ। ਜਿਸ ਦਾ ਨਿਰਦੇਸ਼ਨ ਜਸਵਿੰਦਰ ਪੱਪੀ ਨੇ ਕੀਤਾ ਸੀ। ਇਸ ਨਾਟਕ ਦੇ ਗੀਤ ਉੱਘੇ ਗ਼ਜ਼ਲਗੋ ਗੁਰਦਿਆਲ ਰੋਸ਼ਨ ਜੀ ਨੇ ਲਿਖੇ ਸਨ। ਨਾਟਕ ਅਜੋਕੇ ਰਾਜਨਿਤਕ ਤੰਤਰ 'ਤੇ ਤਿੱਖੇ ਵਿਅੰਗ ਕਰਨ ਵਿੱਚ ਕਾਮਯਾਬ ਰਿਹਾ। ਨਾਟਕ ਪ੍ਰਤੀਕਤਾਮਕ ਢੰਗ ਨਾਲ ਅਜੋਕੇ ਰਾਜਨੀਤਕ ਤੰਤਰ ਦੀ ਤੁਲਨਾ ਉੱਲੂਆਂ ਨਾਲ ਸਫ਼ਲਤਾ ਨਾਲ ਕਰ ਗਿਆ। ਦਰਸ਼ਕਾਂ ਨੇ ਪੇਸ਼ਕਾਰੀ ਦਾ ਅਨੰਦ ਮਾਣਿਆ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਨੇ ਸਿਆਮ ਬੇਨੇਗਲ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਇਸ ਉਪਰੰਤ ਨਾਟਕ ਟੀਮ ਦਾ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਕ੍ਰਿਸ਼ਨ ਦੱਤ ਜੀ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਮਾ. ਲਖਿੰਦਰ ਸਿੰਘ, ਮਾ. ਬਲਦੇਵ ਸਿੰਘ, ਮਾ. ਗੁਰਮੀਤ ਸਿੰਘ, ਮਾ. ਬਲਵੀਰ ਸਿੰਘ, ਕਮਲਜੀਤ ਮੋਹੀ, ਮਾ.



ਗੁਰਪ੍ਰੀਤ ਸਿੰਘ, ਸੁਰਿੰਦਰ ਕੌਰ ਗਿੱਲ, ਰਾਜਿੰਦਰ ਕੌਰ, ਮਾ. ਜਸਵੰਤ ਸਰਾਭਾ, ਲੈਕ. ਪ੍ਰਗਟ ਸਿੰਘ, ਮਾ. ਗੁਰਮੀਤ ਸਿੰਘ ਧਨੋਆ ਆਦਿ ਹਾਜ਼ਰ ਸਨ। ਸਟੇਜ ਸੰਚਾਲਨ ਮਾ. ਦੀਪਕ ਰਾਏ ਜੀ ਨੇ ਕੀਤਾ। ਸਮਾਗਮ ਹਰ ਪੱਖੋਂ ਸਫ਼ਲ ਰਿਹਾ।


Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਐਮ.ਐਸ.ਪੀ. ਦੀ ਗਰੰਟੀ ਜ਼ਰੂਰੀ ਕਿਉਂ ?




ਮੂਲ ਲੇਖਕ ਜਗਜੀਤ ਡੱਲੇਵਾਲ
ਅਨੁ. ਅਜਾਇਬ ਟਿਵਾਣਾ 7888738476



ਸਭ ਤੋਂ ਪਹਿਲਾਂ, ਇਹ ਸਮਝਣਾ ਮਹੱਤਵਪੂਰਨ ਹੈ ਕਿ ਐਮਐਸਪੀ ਕੀ ਹੈ ਅਤੇ ਇਹ ਕਦੋਂ ਅਤੇ ਕਿਉਂ ਸ਼ੁਰੂ ਕੀਤਾ ਗਿਆ ਸੀ। ਐਮਐਸਪੀ ਸ਼ਬਦ ਦਾ ਮਤਲਬ ਹੈ ਘੱਟੋ-ਘੱਟ ਸਮਰਥਨ ਮੁੱਲ। ਇਹ ਸ਼ਬਦ ਆਪਣੇ ਆਪ ਵਿੱਚ ਐਮਐਸਪੀ ਬਾਰੇ ਬਹੁਤ ਕੁਝ ਦੱਸਦਾ ਹੈ ਕਿਉਂਕਿ 'ਘੱਟੋ-ਘੱਟ' ਦਾ ਅਰਥ ਹੈ ਸਭ ਤੋਂ ਘੱਟ ਸੰਭਵ, 'ਸਹਿਯੋਗ' ਦਾ ਅਰਥ ਹੈ ਸਹਾਇਤਾ ਅਤੇ 'ਕੀਮਤ' ਉਸ ਕੀਮਤ ਨੂੰ ਦਰਸਾਉਂਦੀ ਹੈ ਜੋ ਘੱਟੋ-ਘੱਟ ਸਮਰਥਨ ਪ੍ਰਦਾਨ ਕਰਨ ਲਈ ਹੁੰਦੀ ਹੈ। ਇਹ ਯੋਜਨਾ ਲਗਭਗ 60 ਸਾਲ ਪਹਿਲਾਂ ਸ਼ੁਰੂ ਹੋਈ ਸੀ ਜਦੋਂ ਦੇਸ਼ ਕਿਸਾਨਾਂ ਲਈ ਸੁਰੱਖਿਆ ਜਾਲ ਵਜੋਂ ਆਪਣੀ ਵਧਦੀ ਆਬਾਦੀ ਨੂੰ ਭੋਜਨ ਦੇਣ ਵਿੱਚ ਅਸਮਰੱਥ ਸੀ। ਇਸ ਦਾ ਵਾਅਦਾ ਸੀ ਕਿ ਜੇਕਰ ਉਨ੍ਹਾਂ ਦੀ ਫ਼ਸਲ ਮੰਡੀ ਵਿੱਚ ਨਹੀਂ ਵਿਕਦੀ ਤਾਂ ਸਰਕਾਰ ਉਨ੍ਹਾਂ ਨੂੰ ਘੱਟੋ-ਘੱਟ ਇਸ ਘੱਟੋ-ਘੱਟ ਕੀਮਤ 'ਤੇ ਖਰੀਦੇਗੀ। ਹਾਲਾਂਕਿ, ਉਸ ਸਮੇਂ, ਕਿਸਾਨਾਂ ਲਈ ਉਤਪਾਦਨ ਦੀਆਂ ਲਾਗਤਾਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ ਸੀ। ਇਸ ਦੀ ਬਜਾਏ, ਸਰਕਾਰ ਨੇ ਮੁਫਤ ਖਾਦਾਂ, ਸਬਸਿਡੀਆਂ ਅਤੇ ਰਸਾਇਣਕ ਕੈਮੀਕਲ ਪ੍ਰਦਾਨ ਕਰਕੇ ਖੇਤੀ ਉਤਪਾਦਨ ਵਿੱਚ ਵਾਧਾ ਕਰਨ ਲਈ ਜ਼ੋਰ ਦਿੱਤਾ। ਇਸ ਨਾਲ ਅਜਿਹੀ ਸਥਿਤੀ ਪੈਦਾ ਹੋ ਗਈ ਜਿੱਥੇ ਕਿਸਾਨ, ਜੋ ਪਹਿਲਾਂ ਕਦੇ ਮੰਡੀ 'ਤੇ ਨਿਰਭਰ ਨਹੀਂ ਸਨ, ਇਸ 'ਤੇ ਨਿਰਭਰ ਹੋ ਗਏ। ਵਪਾਰੀਆਂ ਨੇ ਇਸ ਦਾ ਫਾਇਦਾ ਉਠਾਇਆ ਅਤੇ ਕਿਸਾਨਾਂ ਦਾ ਸ਼ੋਸ਼ਣ ਕੀਤਾ। ਹੌਲੀ-ਹੌਲੀ, ਉਤਪਾਦਨ ਦੀ ਲਾਗਤ ਵਧੀ, ਪਰ ਘੱਟੋ-ਘੱਟ ਸਮਰਥਨ ਮੁੱਲ ਬਹੁਤ ਪਿੱਛੇ ਰਹਿ ਗਿਆ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿੱਚ ਵਾਧੇ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ। ਸੁਪਰੀਮ ਕੋਰਟ ਦੀ ਇੱਕ ਕਮੇਟੀ ਦੀ ਤਾਜ਼ਾ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ 4,00,000 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਹਾਲਾਂਕਿ, ਜੇਕਰ ਅਸੀਂ ਰਿਕਾਰਡਾਂ ਤੋਂ ਪਰੇ ਨਜ਼ਰ ਮਾਰੀਏ, ਤਾਂ ਇਹ ਗਿਣਤੀ 7,00,000 ਦੇ ਨੇੜੇ ਹੈ। ਹੁਣ, ਕੁਝ ਲੋਕਾਂ ਦੀ ਦਲੀਲ 'ਤੇ ਗੌਰ ਕਰੀਏ ਕਿ ਪੰਜਾਬ ਦੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਲੋੜ ਨਹੀਂ ਹੈ। ਬੁੱਧੀਜੀਵੀ ਵਰਗ ਅਤੇ ਪੰਜਾਬ ਸਰਕਾਰ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ 'ਤੇ ਚਿੰਤਾ ਦਾ ਪ੍ਰਗਟਾਵਾ ਕਰਦੀ ਹੈ, ਪਰ ਕੋਈ ਠੋਸ ਹੱਲ ਨਹੀਂ ਪੇਸ਼ ਕੀਤਾ ਗਿਆ। ਇੱਥੋਂ ਤੱਕ ਕਿਹਾ ਜਾਂਦਾ ਹੈ ਕਿ ਸਿਰਫ਼ ਇੱਕ ਕਿਲੋ ਚੌਲ ਬਣਾਉਣ ਲਈ 3,000 ਤੋਂ 3,500 ਲੀਟਰ ਪਾਣੀ ਲੱਗਦਾ ਹੈ। ਬਣਤਰ ਵਿੱਚ ਇਹ ਇੰਨਾ ਦੁਹਰਾਇਆ ਗਿਆ ਹੈ ਕਿ ਲੋਕ ਅੱਕ ਚੁੱਕੇ ਹਨ। ਕੁਝ ਦਾਅਵਾ ਕਰਦੇ ਹਨ ਕਿ ਧਰਤੀ ਹੇਠਲੇ ਪਾਣੀ ਪੀਣ ਦੇ ਉਦੇਸ਼ਾਂ ਲਈ ਹੋਰ 15 ਤੋਂ 20 ਸਾਲਾਂ ਤੱਕ ਹੀ ਰਹੇਗਾ। ਇਸ ਲਈ ਕਿਸਾਨ ਯੂਨੀਅਨਾਂ ਨੇ 23 ਫਸਲਾਂ ਲਈ ਗਾਰੰਟੀਸ਼ੁਦਾ ਘੱਟੋ-ਘੱਟ ਸਮਰਥਨ ਮੁੱਲ ਕਾਨੂੰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ, ਉਮੀਦ ਹੈ ਕਿ ਇਹ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰੇਗਾ। ਇਨ੍ਹਾਂ 23 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇ ਨਾਲ, ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਨਾਲੋਂ ਬਿਹਤਰ ਮੁਨਾਫ਼ਾ ਦੇਣ ਵਾਲੀਆਂ ਫ਼ਸਲਾਂ ਉਗਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਇਹ ਨਾ ਸਿਰਫ਼ ਧਰਤੀ ਹੇਠਲੇ ਪਾਣੀ ਦੇ ਮੁੱਦੇ ਨੂੰ ਹੱਲ ਕਰੇਗਾ ਸਗੋਂ ਸਮੱਸਿਆ ਦਾ ਸਥਾਈ ਹੱਲ ਵੀ ਪੇਸ਼ ਕਰੇਗਾ।

ਐਮਐਸਪੀ ਗਾਰੰਟੀ ਕਾਨੂੰਨ ਤੋਂ ਇਲਾਵਾ, ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਨਾਲ ਖੇਤੀਬਾੜੀ ਵਿੱਚ ਬਿਜਲੀ ਦੀ ਖਪਤ ਵਿੱਚ 60 ਪ੍ਰਤੀਸ਼ਤ ਦੀ ਸੰਭਾਵੀ ਕਟੌਤੀ ਹੋ ਸਕਦੀ ਹੈ। ਇਹ ਪੰਜਾਬ ਵਿੱਚ ਘਰੇਲੂ ਖਪਤਕਾਰਾਂ ਲਈ ਸਸਤੀ ਬਿਜਲੀ ਦੀ ਆਗਿਆ ਦੇਵੇਗਾ, ਇਸ ਤੋਂ ਇਲਾਵਾ, ਇਹ ਜ਼ਮੀਨੀ ਪਾਣੀ ਨੂੰ ਬਚਾਉਣ ਵਿੱਚ ਮਦਦ ਕਰੇਗਾ, ਜੋ ਕਿ ਕਿਸਾਨਾਂ, ਮਜ਼ਦੂਰਾਂ, ਅਧਿਕਾਰੀਆਂ ਅਤੇ ਨਾਗਰਿਕਾਂ ਸਮੇਤ ਹਰੇਕ ਲਈ ਮਹੱਤਵਪੂਰਨ ਹੈ। ਇਸ ਤੋਂ ਇਲਾਵਾ, ਦੇਸ਼ ਆਯਾਤ ਦੀ ਜ਼ਰੂਰਤ ਨੂੰ ਘਟਾ ਕੇ ਆਪਣਾ ਵਿਦੇਸ਼ੀ ਮੁਦਰਾ ਬਚਾਏਗਾ

ਤੇਲ ਅਤੇ ਦਾਲਾਂ, ਕਿਉਂਕਿ ਭਾਰਤ ਇਨ੍ਹਾਂ ਦਰਾਮਦਾਂ 'ਤੇ ਸਾਲਾਨਾ ਲਗਭਗ 2 ਲੱਖ ਕਰੋੜ ਰੁਪਏ ਖਰਚ ਕਰਦਾ ਹੈ।

ਦੂਜੇ ਪਾਸੇ, ਪੰਜਾਬ ਨਾ ਸਿਰਫ਼ ਤੇਲ ਬੀਜਾਂ ਅਤੇ ਦਾਲਾਂ ਦਾ ਉਤਪਾਦਨ ਕਰਨ ਦੇ ਸਮਰੱਥ ਹੈ, ਸਗੋਂ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਵਾਲੀਆਂ ਕਈ ਕਿਸਮਾਂ ਦੀਆਂ ਫ਼ਸਲਾਂ ਦਾ ਉਤਪਾਦਨ ਕਰਨ ਦੇ ਸਮਰੱਥ ਹੈ। ਇਹ ਪਹਿਲਾਂ ਹੀ ਸਾਬਤ ਹੋ ਚੁੱਕਾ ਹੈ ਕਿਉਂਕਿ ਪੰਜਾਬ ਦੇ ਕਿਸਾਨਾਂ ਨੇ ਅਤੀਤ ਵਿੱਚ ਦੇਸ਼ ਵਿੱਚ ਅਨਾਜ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕੀਤੀ ਹੈ। ਜੇਕਰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ 'ਤੇ ਖਰਚ ਕੀਤੇ ਗਏ ਪੈਸੇ ਨੂੰ ਸਮਝਦਾਰੀ ਨਾਲ ਲਗਾਇਆ ਜਾਂਦਾ ਹੈ, ਤਾਂ ਇਹ ਕਿਸਾਨਾਂ ਲਈ ਬਿਹਤਰ ਜੀਵਨ ਯਕੀਨੀ ਬਣਾ ਸਕਦਾ ਹੈ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ।

ਇਸ ਤੋਂ ਇਲਾਵਾ, ਕੁਝ ਅਰਥ ਸ਼ਾਸਤਰੀ ਅਤੇ ਬੁੱਧੀਜੀਵੀ ਸੁਝਾਅ ਦਿੰਦੇ ਹਨ ਕਿ ਫਸਲਾਂ ਲਈ ਐਮਐਸਪੀ ਦੀ ਗਰੰਟੀ ਲਈ ਲੋੜੀਂਦੀ ਰਕਮ ਤੇਲ ਅਤੇ ਦਾਲਾਂ ਦੀ ਦਰਾਮਦ 'ਤੇ ਭਾਰਤ ਦੁਆਰਾ ਖਰਚ ਕੀਤੀ ਗਈ ਰਕਮ ਨਾਲੋਂ ਬਹੁਤ ਘੱਟ ਹੋਵੇਗੀ। ਮਾਹਿਰਾਂ ਨੇ ਇੱਥੋਂ ਤੱਕ ਕਿਹਾ ਹੈ ਕਿ ਸਿਰਫ 20,000 ਤੋਂ 50,000 ਕਰੋੜ ਰੁਪਏ ਨਾਲ ਫਸਲਾਂ ਲਈ ਐਮਐਸਪੀ ਦੀ ਗਾਰੰਟੀ ਦਿੱਤੀ ਜਾ ਸਕਦੀ ਹੈ। ਇਹ ਰਕਮ ਇੱਕ ਸਥਿਰ ਖੇਤੀਬਾੜੀ ਪ੍ਰਣਾਲੀ ਨੂੰ ਯਕੀਨੀ ਬਣਾਉਣ ਅਤੇ ਵਿਦੇਸ਼ੀ ਵਸਤੂਆਂ 'ਤੇ ਦੇਸ਼ ਦੀ ਨਿਰਭਰਤਾ ਨੂੰ ਘਟਾਉਣ ਦੇ ਲਾਭਾਂ ਦੀ ਤੁਲਨਾ ਵਿੱਚ ਭੁਗਤਾਨ ਕਰਨ ਲਈ ਇੱਕ ਛੋਟੀ ਕੀਮਤ ਹੋਵੇਗੀ। ਇਸ ਤੋਂ ਇਲਾਵਾ, ਐਮਐਸਪੀ ਦੀ ਗਰੰਟੀ ਸਿਹਤ ਦੇ ਖਤਰਿਆਂ ਬਾਰੇ ਵੱਧ ਰਹੀਆਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰੇਗੀ। ਰਿਪੋਰਟਾਂ ਦੱਸਦੀਆਂ ਹਨ ਕਿ ਪਾਮ ਆਇਲ, ਆਮ ਤੌਰ 'ਤੇ ਬਹੁਤ ਸਾਰੇ ਭੋਜਨ ਉਤਪਾਦਾਂ ਵਿੱਚ ਵਰਤਿਆ ਜਾਂਦਾ ਹੈ, ਨੂੰ ਖਤਰਨਾਕ ਰਸਾਇਣਾਂ ਦੀ ਵਰਤੋਂ ਕਰਕੇ ਪ੍ਰੋਸੈਸ ਕੀਤਾ ਜਾਂਦਾ ਹੈ, ਜਿਸ ਨਾਲ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ, ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਨਾਲ ਨਾ ਸਿਰਫ਼ ਕਿਸਾਨਾਂ ਦੀ ਰੋਜ਼ੀ-ਰੋਟੀ ਦੀ ਰਾਖੀ ਹੋਵੇਗੀ, ਸਗੋਂ ਜਨਤਕ ਸਿਹਤ ਅਤੇ ਦੇਸ਼ ਦੀ ਦੌਲਤ ਦੀ ਵੀ ਰਾਖੀ ਹੋਵੇਗੀ।

ਸਰਕਾਰ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੇਣ ਦਾ ਦਾਅਵਾ ਕਰਦੀ ਰਹਿੰਦੀ ਹੈ, ਪਰ ਬਿਹਾਰ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿੱਚ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 2,325 ਰੁਪਏ ਪ੍ਰਤੀ ਕੁਇੰਟਲ ਤੈਅ ਕੀਤੇ ਜਾਣ ਦੇ ਬਾਵਜੂਦ ਕਿਸਾਨ ਇਸ ਨੂੰ 1000 ਰੁਪਏ ਤੋਂ 1400 ਰੁਪਏ ਤੱਕ ਘੱਟ ਭਾਅ 'ਤੇ ਵੇਚਣ ਲਈ ਮਜਬੂਰ ਹਨ। ਇਸੇ ਤਰ੍ਹਾਂ, ਰਾਜਸਥਾਨ ਵਿੱਚ, ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਤੋਂ ਉੱਪਰ ਕਿੰਨਾ ਝੋਨਾ ਖਰੀਦਿਆ ਜਾਂਦਾ ਹੈ, ਇਸ 'ਤੇ ਕੈਪ ਲਗਾ ਦਿੰਦੀ ਹੈ, ਜਿਸ ਨਾਲ ਕਿਸਾਨਾਂ ਨੂੰ ਬਾਕੀ ਬਚੀ ਫਸਲ ਬਹੁਤ ਘੱਟ ਭਾਅ 'ਤੇ ਵੇਚਣ ਲਈ ਮਜਬੂਰ ਕੀਤਾ ਜਾਂਦਾ ਹੈ।

ਇਹ ਸਿਰਫ਼ ਰਾਜਸਥਾਨ ਦੀ ਸਮੱਸਿਆ ਨਹੀਂ ਹੈ; ਇਸੇ ਤਰ੍ਹਾਂ ਦੇ ਮੁੱਦੇ ਹਰਿਆਣਾ, ਮੱਧ ਪ੍ਰਦੇਸ਼ ਅਤੇ ਹੋਰ ਰਾਜਾਂ ਵਿੱਚ ਮੌਜੂਦ ਹਨ। ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ (ਓਈਸੀਡੀ) ਦੀਆਂ ਰਿਪੋਰਟਾਂ ਨੇ ਦਿਖਾਇਆ ਹੈ ਕਿ ਕਿਸਾਨਾਂ ਨੂੰ ਮਾਰਕੀਟ ਪ੍ਰਾਈਸ ਸਪੋਰਟ (ਐਮਪੀਐਸ) ਦੀ ਪੇਸ਼ਕਸ਼ ਕਰਕੇ ਜੋ ਕਿ ਲੋੜੀਂਦੀ ਦਰ ਤੋਂ ਘੱਟ ਹੈ। ਸਰਕਾਰ ਨੇ ਕਿਸਾਨਾਂ ਨੂੰ ਲਗਭਗ 60 ਲੱਖ ਕਰੋੜ ਰੁਪਏ ਦਾ ਨੁਕਸਾਨ ਪਹੁੰਚਾਇਆ ਹੈ।

ਇਹ ਸਥਿਤੀ ਕਿਸਾਨ ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਹੈ। ਓਈਸੀਡੀ ਦੀ ਰਿਪੋਰਟ ਦੱਸਦੀ ਹੈ ਕਿ ਇਕੱਲੇ 2023 ਵਿੱਚ, ਦੇਸ਼ ਨੂੰ ਘੱਟੋ-ਘੱਟ ਸਮਰਥਨ ਮੁੱਲ ਤਹਿਤ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਘੱਟ ਦਰਾਂ ਕਾਰਨ 14.72 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ ਲਗਾਤਾਰ ਵਿੱਤੀ ਘਾਟੇ ਕਾਰਨ ਕਿਸਾਨ ਭਾਰੀ ਕਰਜ਼ਈ ਹੋ ਗਏ ਹਨ।

ਹਕੀਕਤ ਇਹ ਹੈ ਕਿ ਕਿਸਾਨਾਂ ਦੇ ਵਧਦੇ ਕਰਜ਼ੇ ਦਾ ਅਸਲ ਕਾਰਨ ਉਨ੍ਹਾਂ ਨੂੰ ਉਚਿਤ ਐਮਐਸਪੀ ਦੀ ਪੇਸ਼ਕਸ਼ ਨਾ ਕਰਨਾ ਹੈ। ਖੇਤੀਬਾੜੀ ਸੈਕਟਰ ਨੂੰ ਹੋਰ ਨੁਕਸਾਨ ਨੂੰ ਰੋਕਣ ਅਤੇ ਕਿਸਾਨਾਂ ਵਿੱਚ ਵੱਧ ਰਹੀ ਪ੍ਰੇਸ਼ਾਨੀ ਨੂੰ ਘਟਾਉਣ ਲਈ ਸਰਕਾਰ ਲਈ ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਦੀ ਗਰੰਟੀ ਦੇਣਾ ਜ਼ਰੂਰੀ ਹੈ।

ਕਾਨੂੰਨ ਰਾਹੀਂ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਨਾ ਸਿਰਫ਼ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਅਤੇ ਮਹਿੰਗਾਈ ਦੇ ਪ੍ਰਭਾਵ ਨੂੰ ਘਟਾਉਣ ਲਈ ਜ਼ਰੂਰੀ ਹੈ, ਸਗੋਂ ਪਾਣੀ ਦੀ ਸੰਭਾਲ, ਜਨਤਕ ਸਿਹਤ ਦੀ ਸੁਰੱਖਿਆ ਅਤੇ ਰਾਸ਼ਟਰੀ ਦੌਲਤ ਨੂੰ ਸੁਰੱਖਿਅਤ ਰੱਖਣ ਲਈ ਵੀ ਜ਼ਰੂਰੀ ਹੈ। ਸਰਕਾਰ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

**ਲੇਖਕ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦਾ ਕੋਆਰਡੀਨੇਟਰ ਹੈ, ਉਹ ਐਮਐਸਪੀ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ 26 ਨਵੰਬਰ 2024 ਤੋਂ ਭੁੱਖ ਹੜਤਾਲ 'ਤੇ ਹੈ।**

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator





Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਭਾਰਤੀ ਨਿਆਂਪਾਲਿਕਾ ਅਤੇ ਮੋਦੀ ਹਕੂਮਤ ਦੇ ਦੋਹਰੇ ਮਿਆਰ ਕਿਉਂ ?

**ਸੁਮੀਤ ਸਿੰਘ**
7696030173

ਭਾਰਤੀ ਸੰਵਿਧਾਨ ਅਨੁਸਾਰ ਕੇਂਦਰ ਅਤੇ ਰਾਜ ਸਰਕਾਰਾਂ ਦੀ ਸੰਵਿਧਾਨਿਕ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਨਾਗਰਿਕਾਂ ਦੀ ਪੂਰਨ ਆਜ਼ਾਦੀ, ਬਰਾਬਰੀ, ਸੁਰੱਖਿਆ, ਖੁਸ਼ਹਾਲੀ, ਵਿਕਾਸ, ਸਮਾਜਿਕ ਨਿਆਂ ਅਤੇ ਸਮਾਜਿਕ ਸੁਰੱਖਿਆ ਦੇ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਉਣ। ਭਾਰਤੀ ਹੁਕਮਰਾਨ ਕਹਿਣ ਨੂੰ ਤਾਂ ਭਾਰਤ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਹੋਣ ਦਾ ਦਾਅਵਾ ਕਰਦੇ ਹਨ ਪਰ ਕੇਂਦਰੀ ਸੱਤਾ ਉੱਤੇ ਕਾਬਜ਼ ਸਾਮਰਾਜ ਪੱਖੀ ਹਕੂਮਤਾਂ ਵੱਲੋਂ ਕਾਰਪੋਰੇਟ ਪੱਖੀ ਨੀਤੀਆਂ, ਬਸਤੀਵਾਦੀ ਕਾਲੇ ਕਾਨੂੰਨਾਂ, ਭ੍ਰਿਸ਼ਟਾਚਾਰ ਅਤੇ ਫ਼ਿਰਕੂ ਫਾਸ਼ੀਵਾਦ ਹੇਠ ਕੀਤੇ ਜਾ ਰਹੇ ਜ਼ਬਰ ਜ਼ੁਲਮ, ਲੁੱਟ ਅਤੇ ਬੇਇਨਸਾਫ਼ੀ ਰਾਹੀਂ ਆਪਣੇ ਨਾਗਰਿਕਾਂ ਦੇ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ਦੇ ਜਮਹੂਰੀ ਹੱਕਾਂ ਦਾ ਸ਼ਰੇਆਮ ਘਾਣ ਕੀਤਾ ਜਾ ਰਿਹਾ ਹੈ।

ਬੇਹੱਦ ਅਫ਼ਸੋਸ ਹੈ ਕਿ ਭਾਰਤੀ ਸੰਵਿਧਾਨ ਅਤੇ ਜਮਹੂਰੀਅਤ ਦੀ ਰਾਖੀ ਲਈ ਜਿੰਮੇਵਾਰ ਸਮਝੇ ਜਾਂਦੇ ਚਾਰੇ ਥੰਮ ਯਾਨਿ ਕਿ ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਮੀਡੀਆ ਇਸ ਵਕਤ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਨਹੀਂ ਨਿਭਾ ਰਹੇ ਅਤੇ ਮੋਦੀ ਹਕੂਮਤ ਵੱਲੋਂ ਕੇਂਦਰੀ ਜਾਂਚ ਏਜੰਸੀਆਂ ਸੀਬੀਆਈ, ਈਡੀ, ਐਨਆਈਏ ਅਤੇ ਇਨਕਮ ਟੈਕਸ ਰਾਹੀਂ ਆਪਣੇ ਸਿਆਸੀ ਵਿਰੋਧੀਆਂ ਅਤੇ ਆਮ ਜਨਤਾ ਨੂੰ ਡਰਾਉਣ, ਧਮਕਾਉਣ ਅਤੇ ਚੁੱਪ ਕਰਵਾਉਣ ਲਈ ਵਰਤਿਆ ਜਾ ਰਿਹਾ ਹੈ।

ਜੇਕਰ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਾ ਨਿਭਾ ਰਹੇ ਹੋਣ ਤਾਂ ਫਿਰ ਨਿਆਂਪਾਲਿਕਾ ਦੀ ਕਾਨੂੰਨੀ ਅਤੇ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਮ ਜਨਤਾ ਦੇ ਜਮਹੂਰੀ ਹੱਕਾਂ ਦੀ ਹੋ ਰਹੀ ਅਣਦੇਖੀ ਅਤੇ ਉਲੰਘਣਾ ਦਾ ਤੁਰੰਤ ਸਖਤ ਨੋਟਿਸ ਲੈ ਕੇ ਸਮੇਂ ਦੀਆਂ ਹਕੂਮਤਾਂ ਨੂੰ ਆਪਣਾ ਰਾਜ ਪ੍ਰਬੰਧ ਦਰੁਸਤ ਕਰਨ ਦੇ ਹੁਕਮ ਜਾਰੀ ਕਰਨ।

ਸੰਵਿਧਾਨ ਅਤੇ ਕਾਨੂੰਨ ਦੀਆਂ ਕਿਤਾਬਾਂ ਦੇ ਨਿਯਮਾਂ ਮੁਤਾਬਕ ਨਿਆਂ ਦੀ ਪਰਖ ਇਸ ਤੱਥ ਤੋਂ ਹੁੰਦੀ ਹੈ ਕਿ ਕਿਸੇ ਵਿਅਕਤੀ ਨਾਲ ਨਾ ਸਿਰਫ ਇਨਸਾਫ਼ ਹੋਣਾ ਚਾਹੀਦਾ ਹੈ ਬਲਕਿ ਇਹ ਦਿੱਸਣਾ ਵੀ ਚਾਹੀਦਾ ਹੈ ਕਿ ਵਾਕਈ ਸਹੀ ਇਨਸਾਫ਼ ਹੋਇਆ ਹੈ। ਕਿਸੇ ਪੀੜਤ ਨੂੰ ਇਨਸਾਫ਼ ਦੇਣ ਵਿੱਚ ਦੇਰੀ ਕਰਨ ਦਾ ਮਤਲਬ ਹੀ ਇਨਸਾਫ਼ ਦੇਣ ਤੋਂ ਇਨਕਾਰ ਕਰਨਾ ਹੁੰਦਾ ਹੈ।

ਇਸੇ ਤਰਾਂ ਨਿਆਂਇਕ ਹਲਕਿਆਂ ਵਿੱਚ ਇਸ ਤੱਥ ਨੂੰ ਵੀ ਅਹਿਮੀਅਤ ਦਿੱਤੀ ਜਾਂਦੀ ਹੈ ਕਿ ਇਨਸਾਫ਼ ਕਰਦੇ ਸਮੇਂ ਗ਼ਲਤੀ ਨਾਲ ਬੇਸ਼ਕ 10 ਦੋਸ਼ੀ ਬਰੀ ਹੋ ਜਾਣ ਪਰ ਕਿਸੇ ਇਕ ਵੀ ਬੇਗੁਨਾਹ ਨੂੰ ਨਜਾਇਜ਼ ਸਜ਼ਾ ਨਹੀਂ ਹੋਣੀ ਚਾਹੀਦੀ ਪਰ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਮੌਜੂਦਾ ਸਾਮਰਾਜ ਪੱਖੀ ਹਾਕਮ ਜਮਾਤਾਂ, ਭ੍ਰਿਸ਼ਟ ਸਿਆਸਤਦਾਨਾਂ, ਪੁਲਿਸ, ਜਾਂਚ ਏਜੰਸੀਆਂ ਅਤੇ ਨਿਆਂਇਕ ਢਾਂਚੇ ਵਿੱਚ ਆਏ ਨਿਘਾਰ ਕਾਰਨ ਹੁਣ ਇਨਸਾਫ਼ ਦੇ ਅਜਿਹੇ ਸੰਵਿਧਾਨਕ ਅਸੂਲਾਂ ਉਤੇ ਕੋਈ ਪਹਿਰਾ ਨਹੀਂ ਦਿੱਤਾ ਜਾ ਰਿਹਾ।

ਜੇਕਰ ਪੀੜਤ ਲੋਕ, ਹਕੂਮਤਾਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ,ਕਾਰਪੋਰੇਟ ਲੁੱਟ, ਜ਼ਬਰ ਅਤੇ ਬੇਇਨਸਾਫ਼ੀ ਦੇ ਵਿਰੁੱਧ ਜਮਹੂਰੀ ਢੰਗ ਨਾਲ ਜੱਥੇਬੰਦਕ ਪੱਧਰ ਤੇ ਜਨਤਕ ਵਿਰੋਧ ਪ੍ਰਦਰਸ਼ਨ ਕਰਦੇ ਹਨ ਤਾਂ ਉਨ੍ਹਾਂ ਨੂੰ ਯੂਏਪੀਏ ਅਤੇ ਐਨਐਸਏ ਵਰਗੇ ਸਖ਼ਤ ਕਾਨੂੰਨਾਂ ਤਹਿਤ ਝੂਠੇ ਕੇਸਾਂ ਹੇਠ ਲੰਬੇ ਸਮੇਂ ਤੱਕ ਜੇਲ੍ਹਾਂ ਵਿੱਚ ਡੱਕਿਆ ਜਾਂਦਾ ਹੈ। ਇਸ ਲਈ ਮੁੱਖ ਸਵਾਲ ਇਹ ਵੀ ਹੈ ਕਿ ਜੇਕਰ ਅਦਾਲਤਾਂ ਵੀ ਪੀੜਤਾਂ ਨੂੰ ਸਮੇਂ ਸਿਰ ਸਹੀ ਇਨਸਾਫ ਦਿਵਾਉਣ ਵਿੱਚ ਨਾਕਾਮ ਸਾਬਤ ਹੋ ਰਹੀਆਂ ਹੋਣ ਅਤੇ ਮੁੱਖ ਮੀਡੀਆ ਵੀ ਉਨ੍ਹਾਂ ਦੀ ਆਵਾਜ਼ ਨੂੰ ਅਣਸੁਣੀ ਕਰਕੇ ਹਕੂਮਤੀ ਜ਼ਬਰ ਦੇ ਹੱਕ ਵਿੱਚ ਭੁਗਤ ਰਿਹਾ ਹੋਵੇ ਤਾਂ ਫਿਰ ਆਮ ਲੋਕਾਂ ਕੋਲ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਹੋਰ ਕਿਹੜਾ ਜਮਹੂਰੀ ਬਦਲ ਬਾਕੀ ਬਚਦਾ ਹੈ ? ਕੀ ਫਿਰ ਇਹ ਸਮਝ ਲਿਆ ਜਾਵੇ ਕਿ ਅਜਿਹੀਆਂ ਹਕੂਮਤਾਂ ਪੀੜਤ ਲੋਕਾਂ ਨੂੰ ਹਥਿਆਰਬੰਦ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀਆਂ ਹਨ ?

ਬੇਹੱਦ ਚਿੰਤਾਜਨਕ ਹੈ ਕਿ ਲੱਖਾਂ ਹੀ ਨਿਰਦੋਸ਼ ਲੋਕ ਸਿਆਸੀ ਬਦਲੇਖੋਰੀ, ਹਕੂਮਤੀ ਜ਼ਬਰ, ਭ੍ਰਿਸ਼ਟ ਢਾਂਚੇ, ਕਾਲੇ ਕਾਨੂੰਨਾਂ, ਝੂਠੇ ਸਬੂਤਾਂ, ਝੂਠੇ ਗਵਾਹਾਂ, ਗਰੀਬੀ, ਨਿਆਂ ਪ੍ਰਬੰਧ ਵਿਚਲੀ ਦੇਰੀ, ਅਦਾਲਤਾਂ ਵਿੱਚ ਜੱਜਾਂ ਦੀ ਵੱਡੀ ਗਿਣਤੀ ਘਾਟ ਅਤੇ ਮਹਿੰਗੀ ਨਿਆਂ ਪ੍ਰਣਾਲੀ ਕਾਰਨ ਬਿਨਾਂ ਕਿਸੇ ਸੁਣਵਾਈ ਅਤੇ ਸਜ਼ਾ ਦੇ, ਕਈ ਕਈ ਸਾਲਾਂ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ ਪਰ ਉੱਚ ਨਿਆਂਪਾਲਿਕਾ ਨੇ ਇਸ ਨਾਕਸ ਨਿਆਂ ਪ੍ਰਬੰਧ ਲਈ ਜ਼ਿੰਮੇਵਾਰ ਸਰਕਾਰਾਂ, ਪੁਲੀਸ ਅਤੇ ਜਾਂਚ ਏਜੰਸੀਆਂ ਦੇ ਅਧਿਕਾਰੀਆਂ ਦੇ ਖਿਲਾਫ ਕਦੇ ਕੋਈ ਮਿਸਾਲੀ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ। ਦਰਅਸਲ ਪੀੜਤ ਵਿਅਕਤੀ ਲਈ ਸਮੁੱਚੀ ਨਿਆਂ ਪ੍ਰਕਿਰਿਆ ਹੀ ਇਕ ਤਰਾਂ ਨਾਲ ਸਜ਼ਾ ਭੁਗਤਣ ਵਾਂਗ ਬਣ ਚੁੱਕੀ ਹੈ ਕਿਉਂਕਿ ਕਈ ਦਹਾਕਿਆਂ ਤੱਕ ਮੁਕੱਦਮੇ ਭੁਗਤਣ ਤੋਂ ਬਾਅਦ ਵੀ ਉਸਨੂੰ ਇਨਸਾਫ਼ ਮਿਲਣ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਇਹ ਹਕੂਮਤੀ ਦਹਿਸ਼ਤਵਾਦ ਅਤੇ ਤਾਨਾਸ਼ਾਹੀ ਨਹੀਂ ਤਾਂ ਫਿਰ ਹੋਰ ਕੀ ਹੈ ?

ਮੌਜੂਦਾ ਨਿਆਂਇਕ ਢਾਂਚੇ ਵਿੱਚ ਨਾਬਰਾਬਰੀ ਅਤੇ ਭ੍ਰਿਸ਼ਟਾਚਾਰ ਦਾ ਆਲਮ ਇਹ ਹੈ ਕਿ ਸਮਾਜ ਵਿਚਲੇ ਗ਼ੈਰ ਸਮਾਜੀ ਅਤੇ ਰਸੂਖਵਾਨ ਵਿਅਕਤੀ ਪੈਸੇ ਅਤੇ ਹਕੂਮਤੀ ਦਬਾਅ ਸਦਕਾ ਹਰ ਤਰ੍ਹਾਂ ਦੇ ਅਪਰਾਧ ਕਰਨ ਦੇ ਬਾਵਜੂਦ ਕਾਨੂੰਨ ਦੀ ਗ੍ਰਿਫਤ 'ਚੋਂ ਬਚ ਜਾਂਦੇ ਹਨ ਜਦਕਿ ਨਿਰਦੋਸ਼ ਆਮ ਲੋਕ ਸਾਲਾਂ ਬੱਧੀ ਇਨਸਾਫ ਦੀ ਆਸ ਵਿਚ ਜੇਲ੍ਹਾਂ 'ਚ ਸੜਦੇ ਰਹਿੰਦੇ ਹਨ। ਹਰ ਕੋਈ ਵਿਅਕਤੀ ਹਾਈ ਕੋਰਟ ਅਤੇ ਸੁਪਰੀਮ ਕੋਰਟ ਤਕ ਪਹੁੰਚ ਨਹੀਂ ਕਰ ਸਕਦਾ ਅਤੇ ਇਹ ਜ਼ਰੂਰੀ ਨਹੀਂ ਕਿ ਉੱਚ ਅਦਾਲਤਾਂ ਤੋਂ ਉਸਨੂੰ ਯਕੀਨੀ ਇਨਸਾਫ਼ ਮਿਲੇਗਾ। ਨਿਆਂ ਦੇ ਅਜਿਹੇ ਦੋਹਰੇ ਮਿਆਰਾਂ ਕਰਕੇ ਹੀ ਦੇਸ਼ ਦੀ ਆਮ ਜਨਤਾ ਦਾ ਨਿਆਂਪਾਲਿਕਾ ਤੋਂ ਭਰੋਸਾ ਉਠਦਾ ਜਾ ਰਿਹਾ ਹੈ ਜਿਸ ਲਈ ਸਰਕਾਰਾਂ ਦੇ ਇਲਾਵਾ ਮੁੱਖ ਤੌਰ 'ਤੇ ਸਮੁੱਚੀ ਨਿਆਂ ਪ੍ਰਣਾਲੀ, ਨਿਆਂਪਾਲਿਕਾ, ਪੁਲੀਸ ਅਤੇ ਜਾਂਚ ਏਜੰਸੀਆਂ ਜ਼ਿੰਮੇਵਾਰ ਹਨ। ਸੇਵਾ ਮੁਕਤੀ ਤੋਂ ਬਾਅਦ ਸੰਵਿਧਾਨਕ ਉੱਚ ਅਹੁਦੇ ਲੈਣ ਦੀ ਤਾਕ ਵਿੱਚ ਪਿਛਲੇ ਸਮੇਂ ਵਿੱਚ ਕਈ ਜੱਜ ਹਕੂਮਤਾਂ ਦੀ ਤਰਫਦਾਰੀ ਕਰਦੇ ਫੈਸਲੇ ਦਿੰਦੇ ਵੇਖੇ ਗਏ ਹਨ। ਸੇਵਾ ਮੁਕਤੀ ਤੋਂ ਬਾਅਦ ਮੋਦੀ ਹਕੂਮਤ ਤੋਂ ਰਾਜ ਸਭਾ ਦੀ ਮੈਂਬਰੀ ਲੈਣ ਵਾਲੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਦੀ ਉਦਾਹਰਣ ਸਾਡੇ ਸਾਹਮਣੇ ਹੈ।

ਦੇਸ਼ ਦੇ ਕਈ ਨਾਮਵਰ ਬੁੱਧੀਜੀਵੀ, ਵਕੀਲ ਅਤੇ ਸਮਾਜਿਕ ਕਾਰਕੁੰਨ ਪਿਛਲੇ ਛੇ ਸਾਲ ਤੋਂ ਭੀਮਾ ਕੋਰੇਗਾਓਂ ਕਥਿਤ ਹਿੰਸਾ ਕੇਸ ਵਿਚ ਦੇਸ਼ ਧ੍ਰੋਹ ਦੇ ਝੂਠੇ ਦੋਸ਼ਾਂ ਤਹਿਤ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਦੇ ਜੇਲ੍ਹਾਂ ਵਿਚ ਸੜ ਰਹੇ ਹਨ ਅਤੇ ਉਨ੍ਹਾਂ ਦੇ ਖਿਲਾਫ਼ ਅੱਜ ਤਕ ਦੇਸ਼ ਧ੍ਰੋਹ ਦੇ ਕੋਈ ਦੋਸ਼ ਵੀ ਸਾਬਤ ਨਹੀਂ ਹੋ ਸਕੇ ਪਰ ਕੇਂਦਰੀ ਹਕੂਮਤ ਦੇ ਦਬਾਅ ਹੇਠ ਨਿਆਂਪਾਲਿਕਾ ਵੱਲੋਂ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਬਾਰ ਬਾਰ ਇਨਕਾਰ ਕੀਤਾ ਜਾ ਰਿਹਾ ਹੈ। ਅਜਿਹੀ ਗ਼ੈਰ ਕਾਨੂੰਨੀ ਨਜ਼ਰਬੰਦੀ ਸੰਵਿਧਾਨ ਦੀ ਧਾਰਾ 21 ਤਹਿਤ ਨਾਗਰਿਕਾਂ ਨੂੰ ਜਿਊਣ ਅਤੇ ਨਿੱਜੀ ਆਜ਼ਾਦੀ ਦੇ ਮਿਲੇ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ।

ਦਰਅਸਲ ਉਪਰੋਕਤ ਬੁੱਧੀਜੀਵੀਆਂ ਦਾ ਕਸੂਰ ਸਿਰਫ ਇਹ ਹੈ ਕਿ ਉਹ ਮੌਜੂਦਾ ਹਾਕਮ ਜਮਾਤਾਂ, ਸੁਰੱਖਿਆ ਬਲਾਂ ਅਤੇ ਫਿਰਕੂ ਸੰਗਠਨਾਂ ਵਲੋਂ ਦੇਸ਼ ਦੇ ਆਦਿਵਾਸੀਆਂ, ਦਲਿਤਾਂ, ਪਿੱਛੜੇ ਵਰਗਾਂ, ਮਜਦੂਰਾਂ, ਕਿਸਾਨਾਂ, ਘੱਟ ਗਿਣਤੀਆਂ ਅਤੇ ਹੋਰਨਾਂ ਵਰਗਾਂ ਉਤੇ ਕੀਤੇ ਜਾ ਰਹੇ ਫਿਰਕੂ-ਫਾਸ਼ੀਵਾਦੀ ਹਮਲਿਆਂ ਅਤੇ ਉਜਾੜੇ ਦੇ ਖਿਲਾਫ ਅਤੇ ਕਾਰਪੋਰੇਟ ਘਰਾਣਿਆਂ ਵਲੋਂ ਜਲ, ਜੰਗਲ, ਜ਼ਮੀਨ, ਪਹਾੜ, ਖਣਿਜ ਪਦਾਰਥਾਂ ਦੀ ਕੀਤੀ ਜਾ ਰਹੀ ਅੰਨੀ ਲੁੱਟ ਦੇ ਵਿਰੁੱਧ ਜਮਹੂਰੀ ਢੰਗ ਨਾਲ ਆਪਣੀ ਆਵਾਜ਼ ਬੁਲੰਦ ਕਰਦੇ ਆ ਰਹੇ ਸਨ ਪਰ ਕੇਂਦਰ ਸਰਕਾਰ ਆਪਣੇ ਵਿਰੁੱਧ ਉੱਠਣ ਵਾਲੀ ਹਰੇਕ ਜਮਹੂਰੀ ਆਵਾਜ਼, ਕਲਮ ਅਤੇ ਅੰਦੋਲਨ ਨੂੰ ਹਰ ਤਰਾਂ ਦੇ ਜ਼ਬਰ ਨਾਲ ਕੁਚਲਣਾ ਚਾਹੁੰਦੀ ਹੈ। ਇਸੇ ਲਈ ਮੋਦੀ ਹਕੂਮਤ ਵੱਲੋਂ ਮਾਓਵਾਦ ਨੂੰ ਖਤਮ ਕਰਨ ਦੀ ਆੜ ਹੇਠ ਆਦਿਵਾਸੀਆਂ ਦੇ ਖਿਲਾਫ ਇਕ ਦੁਸ਼ਮਣ ਮੁਲਕ ਵਾਂਗ ਜੰਗ ਦਾ ਐਲਾਨ ਕੀਤਾ ਗਿਆ ਹੈ। ਸਵਾਲ ਹੈ ਕਿ ਕੀ ਹਕੂਮਤੀ ਜਬਰ ਦੇ ਸ਼ਿਕਾਰ ਪੀੜਤ ਲੋਕਾਂ ਦੀ ਮਦਦ ਕਰਨੀ ਅਤੇ ਉਨ੍ਹਾਂ ਦੇ ਜਮਹੂਰੀ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਕੋਈ ਅਪਰਾਧ ਹੈ ?

ਇਸਦੇ ਇਲਾਵਾ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ਼ ਅੰਦੋਲਨ ਦੌਰਾਨ ਫਰਵਰੀ 2020 ਦੇ ਦਿੱਲੀ ਫ਼ਿਰਕੂ ਦੰਗੇ ਭੜਕਾਉਣ ਦੇ ਸੰਬੰਧ ਵਿੱਚ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵੱਲੋਂ ਝੂਠੇ ਕੇਸਾਂ ਹੇਠ ਗ੍ਰਿਫਤਾਰ ਕੀਤੇ ਗਏ ਵਿਦਿਆਰਥੀ ਆਗੂ ਉਮਰ ਖਾਲਿਦ, ਗੁਲਫ਼ਿਸ਼ਾ ਫਾਤਿਮਾ, ਸ਼ਰਜ਼ੀਲ ਇਮਾਮ, ਅਬਦੁੱਲ ਖਾਲਿਦ ਸੈਫੀ, ਮੀਰਾਨ ਹੈਦਰ, ਤਾਹਿਰ ਹੁਸੈਨ, ਮੁਹੰਮਦ ਸਲੀਮ ਖ਼ਾਨ, ਅਜ਼ਰ ਖ਼ਾਨ, ਸਲੀਮ ਮਲਿਕ, ਸ਼ਿਫਾ ਉਰ ਰਹਿਮਾਨ, ਸ਼ਾਦਾਬ ਅਹਿਮਦ ਸਮੇਤ 17 ਵਿਅਕਤੀ ਪਿਛਲੇ ਚਾਰ ਸਾਲਾਂ ਤੋਂ ਬਿਨਾਂ ਕਿਸੇ ਮੁਕੱਦਮੇ ਦੀ ਸੁਣਵਾਈ ਦੇ ਜੇਲ੍ਹਾਂ ਵਿੱਚ ਨਜ਼ਰਬੰਦ ਹਨ ਪਰ ਜਾਂਚ ਏਜੰਸੀਆਂ ਵੱਲੋਂ ਉਨ੍ਹਾਂ ਦੇ ਖ਼ਿਲਾਫ਼ ਨਾ ਤਾਂ ਕੋਈ ਦੋਸ਼ ਸਾਬਤ ਕੀਤੇ ਗਏ ਹਨ ਅਤੇ ਨਾ ਹੀ ਉਨ੍ਹਾਂ ਨੂੰ ਜ਼ਮਾਨਤ ਤੇ ਰਿਹਾਅ ਕੀਤਾ ਜਾ ਰਿਹਾ ਹੈ।

ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਵੱਲੋਂ 13 ਸਤੰਬਰ 2020 ਨੂੰ ਐਨਐਸਏ ਹੇਠ ਗ੍ਰਿਫਤਾਰ ਕੀਤੇ ਜੇਐਨਯੂ ਦੇ ਵਿਦਿਆਰਥੀ ਆਗੂ ਉਮਰ ਖਾਲਿਦ ਦੀ ਜ਼ਮਾਨਤ ਦੀ ਅਰਜ਼ੀ ਤਿੰਨ ਵਾਰ ਰੱਦ ਕਰਨ ਦੇ ਇਲਾਵਾ 14 ਵਾਰ ਸੁਣਵਾਈ ਮੁਲਤਵੀ ਕੀਤੀ ਜਾ ਚੁੱਕੀ ਹੈ। ਉਸ ਦੇ ਕੇਸ ਵਿੱਚ 460 ਗਵਾਹ ਹਨ ਅਤੇ ਚਾਰ ਸਪਲੀਮੈਂਟਰੀ ਦੋਸ਼ ਪੱਤਰਾਂ ਸਮੇਤ ਤੀਹ ਹਜ਼ਾਰ ਸਫ਼ਿਆਂ ਦੀ ਚਾਰਜਸ਼ੀਟ ਦਾਖਿਲ ਕੀਤੀ ਗਈ ਹੈ। ਇਹ ਕੇਸ ਕਈ ਸਾਲਾਂ ਤੱਕ ਚੱਲਣ ਦੀ ਸੰਭਾਵਨਾ ਹੈ ਇਸ ਲਈ ਜਾਹਿਰ ਹੈ ਕਿ ਉਸਨੂੰ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਨਹੀਂ ਰੱਖਿਆ ਜਾ ਸਕਦਾ।

ਇਸੇ ਤਰ੍ਹਾਂ ਵਿਦਿਆਰਥਣ ਗੁਲਫਿਸ਼ਾਂ ਫਾਤਿਮਾ ਨੂੰ ਵੀ ਇਸੇ ਕੇਸ ਵਿੱਚ ਯੂਏਪੀਏ ਤਹਿਤ ਜ਼ਾਫਰਾਬਾਦ ਦੰਗਿਆਂ ਦੇ ਸੰਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ। ਦਿੱਲੀ ਹਾਈ ਕੋਰਟ ਵਿੱਚ ਉਸਦੀ ਜ਼ਮਾਨਤ ਦੀ ਅਰਜ਼ੀ 65 ਵਾਰ ਸੁਣਵਾਈ ਲਈ ਪੇਸ਼ ਕੀਤੀ ਗਈ ਹੈ। ਇਨ੍ਹਾਂ ਦੋਵਾਂ ਦੀ ਸੁਣਵਾਈ ਵੇਲੇ ਹਰ ਵਾਰ ਕਿਸੇ ਨਾ ਕਿਸੇ ਬਹਾਨੇ ਫੈਸਲਾ ਟਾਲ ਦਿੱਤਾ ਜਾਂਦਾ ਹੈ। ਕਦੇ ਜੱਜ ਨਹੀਂ, ਕਦੇ ਸਰਕਾਰੀ ਵਕੀਲ ਨਹੀਂ, ਕਦੇ ਦਸਤਾਵੇਜ਼ ਪੂਰੇ ਨਹੀਂ,ਕਦੇ ਸਪਲੀਮੈਂਟਰੀ ਚਾਰਜਸ਼ੀਟ, ਕਦੇ ਜੱਜ ਵੱਲੋਂ ਸੁਣਵਾਈ ਤੋਂ ਵੱਖ ਹੋਣ, ਕਦੇ ਜੱਜਾਂ ਦਾ ਨਵਾਂ ਬੈਂਚ ਬਣਾਉਣ ਅਤੇ ਕਦੇ ਸੁਣਵਾਈ ਤੋਂ ਬਾਅਦ ਜੱਜ ਵੱਲੋਂ ਫੈਸਲਾ ਰਾਖਵਾਂ ਰੱਖਣ ਅਤੇ ਫਿਰ ਉਸੇ ਜੱਜ ਦਾ ਤਬਾਦਲਾ ਤੇ ਮੁੜ ਨਵੇਂ ਬੈਂਚ ਵੱਲੋਂ ਸੁਣਵਾਈ ਕਰਨ ਆਦਿ ਰਾਹੀਂ ਅਦਾਲਤੀ ਪ੍ਰਕਿਰਿਆ ਨੂੰ ਲਮਕਾ ਕੇ ਇਨ੍ਹਾਂ ਦੋਵਾਂ ਸਮੇਤ ਹੋਰਨਾਂ ਨੂੰ ਜਾਣ ਬੁੱਝ ਕੇ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਸਰੀਰਕ ਤੌਰ 'ਤੇ ਨੱਬੇ ਫੀਸਦੀ ਅਪਾਹਜ ਅਤੇ ਕਈ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਦਿੱਲੀ ਯੂਨੀਵਰਸਟੀ ਦੇ ਪ੍ਰੋ. ਜੀ.ਐਨ. ਸਾਈਬਾਬਾ ਜਿਸ ਨੂੰ ਮਾਓਵਾਦੀਆਂ ਨਾਲ ਕਥਿਤ ਸੰਬੰਧ ਰੱਖਣ ਦੇ ਦੋਸ਼ ਹੇਠ ਦਸ ਸਾਲ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਅੰਡਾ ਸੈਲ ਵਿੱਚ ਨਜ਼ਰਬੰਦ ਕੀਤਾ ਗਿਆ,ਨੂੰ ਰਾਈਟਸ ਆਫ ਪਰਸਨਜ਼ ਵਿਦ ਡਿਸਅਬਿਲਟੀ ਐਕਟ-2016 ਤਹਿਤ ਮਿਲੇ ਵਿਸ਼ੇਸ਼ ਮੌਲਿਕ ਅਧਿਕਾਰਾਂ ਅਨੁਸਾਰ ਵਿਸ਼ੇਸ਼ ਰਾਹਤ ਦੇ ਕੇ ਬਿਨਾਂ ਸ਼ਰਤ ਰਿਹਾਅ ਕੀਤਾ ਜਾਣਾ ਚਾਹੀਦਾ ਸੀ ਪਰ ਜੇਲ੍ਹ ਪ੍ਰਸ਼ਾਸਨ ਵੱਲੋਂ ਨਾ ਤਾਂ ਉਨ੍ਹਾਂ ਦਾ ਯੋਗ ਡਾਕਟਰੀ ਇਲਾਜ ਕਰਵਾਇਆ ਗਿਆ ਅਤੇ ਨਾ ਹੀ ਨਿਆਂਪਾਲਿਕਾ ਵੱਲੋਂ ਉਨ੍ਹਾਂ ਨੂੰ ਮੈਡੀਕਲ ਆਧਾਰ ਤੇ ਜ਼ਮਾਨਤ ਦਿੱਤੀ ਗਈ। ਇੱਥੋਂ ਤੱਕ ਕਿ ਪ੍ਰੋ. ਸਾਈਬਾਬਾ ਨੂੰ ਆਪਣੀ ਗੰਭੀਰ ਬਿਮਾਰ ਮਾਂ ਦਾ ਪਤਾ ਲੈਣ ਲਈ ਜ਼ਮਾਨਤ ਦੇਣ ਤੋਂ ਵੀ ਇਨਕਾਰ ਕਰ ਦਿਤਾ ਗਿਆ ਅਤੇ ਉਹ ਵਿਚਾਰੀ ਆਪਣੇ ਬੇਟੇ ਨੂੰ ਮਿਲਣ ਤੋਂ ਤਰਸਦੀ ਮਰ ਗਈ।

ਸੁਪਰੀਮ ਕੋਰਟ ਵੱਲੋਂ ਇਸ ਸਾਲ 8 ਮਾਰਚ ਨੂੰ ਉਨ੍ਹਾਂ ਸਮੇਤ ਪੰਜ ਸਮਾਜਿਕ ਕਾਰਕੁਨਾਂ ਨੂੰ ਮਾਓਵਾਦੀਆਂ ਨਾਲ ਕਥਿਤ ਸੰਬੰਧਾਂ ਦੇ ਸਾਰੇ ਦੋਸ਼ਾਂ ਤੋਂ ਬਾਇੱਜਤ ਬਰੀ ਕਰਕੇ ਬਿਨਾਂ ਸ਼ਰਤ ਰਿਹਾਅ ਕੀਤਾ ਗਿਆ ਸੀ ਪਰ ਜੇਲ੍ਹ ਪ੍ਰਸ਼ਾਸਨ ਦੇ ਅਜਿਹੇ ਅਣਮਨੁੱਖੀ ਵਿਵਹਾਰ ਨੇ ਉਨ੍ਹਾਂ ਦੀਆਂ ਬਿਮਾਰੀਆਂ ਅਤੇ ਸਿਹਤ ਨੂੰ ਇਸ ਕਦਰ ਹੋਰ ਗੰਭੀਰ ਕਰ ਦਿੱਤਾ ਕਿ ਪਿੱਤੇ ਦੇ ਇਕ ਸਾਧਾਰਨ ਓਪਰੇਸ਼ਨ ਤੋਂ ਬਾਅਦ 12 ਅਕਤੂਬਰ ਨੂੰ ਉਨਾਂ ਦੀ ਮੌਤ ਹੋ ਗਈ।

ਇਸਦੇ ਇਲਾਵਾ 84 ਸਾਲਾ ਪਾਦਰੀ ਅਤੇ ਸਮਾਜਿਕ ਕਾਰਕੁਨ ਸਟੈਨ ਸਵਾਮੀ ਆਪਣੀ ਗੰਭੀਰ ਬਿਮਾਰੀ, ਬਜ਼ੁਰਗ ਅਵਸਥਾ ਅਤੇ ਨਿਰਦੋਸ਼ ਹੋਣ ਦੇ ਨਾਤੇ ਜਮਾਨਤ ਲਈ ਨਿਆਂਪਾਲਿਕਾ ਅੱਗੇ ਲਿਲਕੜੀਆਂ ਕਢਦਾ ਰਿਹਾ ਪਰ ਕਿਸੇ ਵੀ ਨਿਆਂਪਾਲਿਕਾ ਵਲੋਂ ਉਸਦੀ ਇਕ ਨਹੀਂ ਸੁਣੀ ਗਈ ਅਤੇ 5 ਜੁਲਾਈ 2021 ਨੂੰ ਨਿਆਂਇਕ ਹਿਰਾਸਤ ਵਿਚ ਹੀ ਉਸਦੀ ਮੌਤ ਹੋ ਗਈ। ਇਸੇ ਤਰਾਂ ਸਮਾਜਿਕ ਕਾਰਕੁਨ ਪਾਂਡੂ ਨਰੋਟੇ ਦੀ ਵੀ ਬਿਮਾਰੀ ਕਾਰਨ ਜੇਲ੍ਹ ਵਿੱਚ ਮੌਤ ਹੋ ਗਈ ਸੀ। ਜੇਕਰ ਉਪਰੋਕਤ ਸਮਾਜਿਕ ਕਾਰਕੁਨਾਂ ਨੂੰ ਸਮੇਂ ਸਿਰ ਜ਼ਮਾਨਤ ਤੇ ਰਿਹਾਅ ਕਰ ਦਿੱਤਾ ਜਾਂਦਾ ਤਾਂ ਉਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਸੀ।

ਇਸਦੇ ਇਲਾਵਾ ਹਜ਼ਾਰਾਂ ਆਦਿਵਾਸੀ ਆਪਣੇ ਜਲ, ਜੰਗਲ, ਜ਼ਮੀਨ ਅਤੇ ਹੋਰਨਾਂ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਓਪਰੇਸ਼ਨ ਗਰੀਨ ਹੰਟ ਹੇਠ ਹਕੂਮਤੀ ਤਸ਼ੱਦਦ ਦਾ ਸ਼ਿਕਾਰ ਹੋ ਰਹੇ ਹਨ।ਕੇਂਦਰੀ ਤੇ ਸੂਬਾਈ ਹਕੂਮਤਾਂ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਅਜਿਹੇ ਆਦਿਵਾਸੀ ਇਲਾਕਿਆਂ ਉੱਤੇ ਕਾਰਪੋਰੇਟ ਘਰਾਣਿਆਂ ਨੂੰ ਕਬਜ਼ਾ ਦਿਵਾਉਣ ਲਈ ਝੂਠੇ ਪੁਲਿਸ ਮੁਕਾਬਲਿਆਂ, ਝੂਠੇ ਕੇਸਾਂ ਹੇਠ ਜੇਲ੍ਹਾਂ ਵਿੱਚ ਨਜਰਬੰਦੀ, ਬਲਾਤਕਾਰ, ਪਿੰਡਾਂ ਦੀ ਸਾੜ ਫੂਕ ਅਤੇ ਡਰੋਨ ਹਮਲਿਆਂ ਰਾਹੀਂ ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ ਪਰ ਕਿਸੇ ਵੀ ਪੱਧਰ ਦੀ ਨਿਆਂਪਾਲਿਕਾ ਨੇ ਇਸ ਹਕੂਮਤੀ ਜ਼ਬਰ ਦੇ ਖਿਲਾਫ ਕਦੇ ਕੋਈ ਲੋਕ ਪੱਖੀ ਕਾਰਵਾਈ ਨਹੀਂ ਕੀਤੀ। ਇਹੀ ਨਹੀਂ ਬਲਕਿ ਹਕੂਮਤੀ ਜ਼ਬਰ, ਬੇਇਨਸਾਫ਼ੀ, ਫ਼ਿਰਕੂ ਫਾਸ਼ੀਵਾਦ ਅਤੇ ਕਾਰਪੋਰੇਟ ਪੱਖੀ ਨੀਤੀਆਂ ਦੇ ਵਿਰੁੱਧ ਉੱਠੀਆਂ ਅਸਹਿਮਤੀ ਦੀਆਂ ਜਮਹੂਰੀ ਆਵਾਜ਼ਾਂ ਨੂੰ ਦਬਾਉਣ ਲਈ ਆਲਟ ਨਿਊਜ਼ ਦੇ ਸੰਸਥਾਪਕ ਮੁਹੰਮਦ ਜ਼ੁਬੈਰ, ਕੇਰਲਾ ਦੇ ਪੱਤਰਕਾਰ ਸਿਦੀਕੀ ਕੱਪਨ, ਨਿਊਜ਼ਕਲਿੱਕ ਦੇ ਸੰਸਥਾਪਕ ਪ੍ਰਬੀਰ ਪੁਰਕਾਇਸਥ, ਐਡਵੋਕੇਟ ਤੀਸਤਾ ਸੀਤਲਵਾੜ ਆਦਿ ਲੋਕ ਪੱਖੀ ਸਮਾਜਿਕ ਕਾਰਕੁਨਾਂ ਨੂੰ ਕਈ ਕਈ ਮਹੀਨੇ ਬਿਨਾਂ ਕਿਸੇ ਸੁਣਵਾਈ ਦੇ ਜੇਲ੍ਹ ਵਿਚ ਨਜਾਇਜ਼ ਨਜ਼ਰਬੰਦ ਕੀਤਾ ਗਿਆ ਪਰ ਉੱਚ ਨਿਆਂਪਾਲਿਕਾ ਹਕੂਮਤੀ ਦਬਾਅ ਹੇਠ ਮੂਕ ਦਰਸ਼ਕ ਬਣ ਕੇ ਸਭ ਕੁਝ ਵੇਖਦੀ ਰਹੀ।

ਇਸਦੇ ਬਿਲਕੁਲ ਉਲਟ ਸੰਘ ਨਾਲ ਸੰਬੰਧਿਤ ਬੰਬ ਧਮਾਕਿਆਂ ਦੀਆਂ ਅੱਤਵਾਦੀ ਘਟਨਾਵਾਂ ਦੇ ਦੋਸ਼ੀ ਭਾਜਪਾ ਸੰਸਦ ਮੈਂਬਰ ਸਾਧਵੀ ਪ੍ਰਗਿਆ ਠਾਕੁਰ, ਕਰਨਲ ਪ੍ਰੋਹਿਤ, ਸਵਾਮੀ ਆਸੀਮਾਨੰਦ ਉਤੇ ਦੋਸ਼ ਸਾਬਤ ਹੋਣ ਦੇ ਬਾਵਜੂਦ ਕਈ ਸਾਲਾਂ ਤੋਂ ਜ਼ਮਾਨਤ ਉਤੇ ਬਾਹਰ ਹਨ। ਇਥੋਂ ਤੱਕ ਕਿ ਭਾਜਪਾ ਅਤੇ ਸੰਘ ਨਾਲ ਸੰਬੰਧਿਤ 2002 ਵਿੱਚ ਗੁਜਰਾਤ ਕਤਲੇਆਮ ਦੇ ਦੋਸ਼ੀ ਨੇਤਾਵਾਂ ਮਾਇਆ ਕੋਡਨਾਨੀ, ਬਾਬੂ ਬਜਰੰਗੀ ਅਤੇ ਹੋਰਨਾਂ ਨੂੰ ਸਖਤ ਸਜ਼ਾਵਾਂ ਹੋਣ ਦੇ ਬਾਵਜੂਦ ਉਹ ਕਾਨੂੰਨੀ ਚੋਰ ਮੋਰੀਆਂ ਦਾ ਫਾਇਦਾ ਉਠਾ ਕੇ ਕਈ ਸਾਲਾਂ ਤੋਂ ਜ਼ਮਾਨਤ ਉਤੇ ਚਲ ਰਹੇ ਹਨ। ਭਾਜਪਾ ਦੀ ਕਲਿਆਣ ਸਿੰਘ ਸਰਕਾਰ ਦੀ ਸਰਪ੍ਰਸਤੀ ਅਤੇ ਕੇਂਦਰੀ ਸੁਰੱਖਿਆ ਬਲਾਂ ਦੀ ਹਾਜ਼ਰੀ ਵਿੱਚ ਅਯੁੱਧਿਆ ਵਿਖੇ ਦਿਨ ਦਿਹਾੜੇ ਬਾਬਰੀ ਮਸਜਿਦ ਗਿਰਾਉਣ ਵਾਲੇ ਭਾਜਪਾ ਅਤੇ ਸੰਘ ਨੇਤਾਵਾਂ ਨੂੰ ਪੁਲਿਸ ਤੇ ਜਾਂਚ ਏਜੰਸੀਆਂ ਵੱਲੋਂ ਗ੍ਰਿਫਤਾਰ ਕਰਨ ਤੋਂ ਹੀ ਟਾਲਾ ਵੱਟ ਲਿਆ ਗਿਆ ਅਤੇ ਲਿਬ੍ਰਹਾਨ ਕਮਿਸ਼ਨ ਦੀ ਰਿਪੋਰਟ ਵਿੱਚ ਦੋਸ਼ੀ ਠਹਿਰਾਉਣ ਦੇ ਬਾਵਜੂਦ ਸੁਪਰੀਮ ਕੋਰਟ ਵੱਲੋਂ ਭਾਜਪਾ ਸੰਘ ਦੇ ਨੇਤਾਵਾਂ ਅਟੱਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਅਸ਼ੋਕ ਸਿੰਘਲ, ਉਮਾ ਭਾਰਤੀ, ਵਿਨੇ ਕਟਿਆਰ, ਮੁਰਲੀ ਮਨੋਹਰ ਜੋਸ਼ੀ ਅਤੇ ਕਈ ਹੋਰਨਾਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ। ਇਸੇ ਤਰਾਂ 1984 ਦੇ ਸਿੱਖ ਵਿਰੋਧੀ ਕਤਲੇਆਮ ਅਤੇ ਪੰਜਾਬ ਵਿੱਚ ਖਾਲਿਸਤਾਨੀ ਅੱਤਵਾਦ ਦੀ ਹਿੰਸਾ ਫੈਲਾਉਣ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਜਾ ਸਕੀਆਂ। ਕਤਲ ਅਤੇ ਬਲਾਤਕਾਰ ਦੇ ਗੰਭੀਰ ਦੋਸ਼ਾਂ ਹੇਠ ਦੋ ਉਮਰ ਕੈਦ ਦੀਆਂ ਸਜ਼ਾਵਾਂ ਭੁਗਤ ਰਿਹਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਭਾਜਪਾ ਦੀ ਕੇਂਦਰੀ ਹਕੂਮਤ ਅਤੇ ਹਰਿਆਣਾ ਸਰਕਾਰ ਦੀ ਸਰਪ੍ਰਸਤੀ ਹੇਠ ਬਿਨਾਂ ਕਿਸੇ ਠੋਸ ਵਜ੍ਹਾ ਦੇ ਪਿਛਲੇ ਸੱਤ ਸਾਲਾਂ ਦੌਰਾਨ 12 ਵਾਰ ਪੈਰੋਲ/ਫਰਲੋ ਤੇ ਕਈ ਕਈ ਹਫਤੇ ਲਈ ਬਾਹਰ ਆ ਚੁੱਕਾ ਹੈ। ਸਵਾਲ ਹੈ ਕਿ ਨਿਆਂਪਾਲਿਕਾ ਅਤੇ ਹਕੂਮਤ ਵੱਲੋਂ ਆਖਿਰ ਨਿਆਂ ਦੇ ਅਜਿਹੇ ਦੋਹਰੇ ਮਿਆਰ ਕਿਉਂ ਅਪਣਾਏ ਜਾ ਰਹੇ ਹਨ ?

ਪਿਛਲੇ ਕੁਝ ਸਾਲਾਂ ਵਿੱਚ ਸੁਪਰੀਮ ਕੋਰਟ ਵੱਲੋਂ ਰਾਮ ਮੰਦਿਰ ਦੀ ਉਸਾਰੀ, ਬਾਬਰੀ ਮਸਜਿਦ ਗਿਰਾਉਣ, ਰਾਫ਼ਾਲ ਸੌਦਾ, ਜੱਜ ਲੋਆ ਦੀ ਸ਼ੱਕੀ ਮੌਤ ਸੰਬੰਧੀ ਸੁਣਵਾਈ ਨਾ ਕਰਨ, ਧਾਰਾ 370 ਰੱਦ ਕਰਨ, ਨੋਟਬੰਦੀ, ਕਰੋਨਾ ਮੌਕੇ ਤਾਲਾਬੰਦੀ, ਚੋਣ ਬਾਂਡ ਘੁਟਾਲਾ, ਪੈਗਾਸਸ ਜਸੂਸੀ ਕਾਂਡ, ਨਾਗਰਿਕਤਾ ਸੋਧ ਕਾਨੂੰਨ, ਤਿੰਨ ਖੇਤੀ ਵਿਰੋਧੀ ਕਾਨੂੰਨ, ਗਿਆਨਵਾਪੀ ਮਸਜਿਦ ਸਰਵੇਖਣ, ਅਡਾਨੀ ਦੀਆਂ

ਜਾਅਲੀ ਕੰਪਨੀਆਂ ਸਬੰਧੀ, ਕੇਂਦਰੀ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਸਬੰਧੀ, ਬਿਲਕੀਸ ਬਾਨੋ ਕਾਂਡ ਦੇ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ, ਘੱਟ ਗਿਣਤੀਆਂ ਵਿਰੁੱਧ ਬੁਲਡੋਜ਼ਰ, ਈ ਵੀ ਐੱਮ ਘੁਟਾਲਾ ਆਦਿ ਅਤੇ ਜਮਹੂਰੀ ਹੱਕਾਂ ਵਿਰੁੱਧ ਦਿੱਤੇ ਮੋਦੀ ਹਕੂਮਤ ਅਤੇ ਭਾਜਪਾ ਪੱਖੀ ਪੱਖਪਾਤੀ ਫੈਸਲਿਆਂ ਨੇ ਨਾ ਸਿਰਫ ਉੱਚ ਨਿਆਂਪਾਲਿਕਾ ਦਾ ਕੌਮੀ ਤੇ ਕੌਮਾਂਤਰੀ ਪੱਧਰ ਤੇ ਵੱਕਾਰ ਘਟਾਇਆ ਹੈ ਬਲਕਿ ਖੁਦ ਸੁਪਰੀਮ ਕੋਰਟ ਨੂੰ ਵੀ ਲੋਕ ਕਟਹਿਰੇ ਵਿੱਚ ਖੜਾ ਕੀਤਾ ਹੈ।

ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਨੇ ਵੱਖ ਵੱਖ ਕੇਸਾਂ ਵਿੱਚ ਦਿੱਤੇ ਹੁਕਮਾਂ ਰਾਹੀਂ ਹਾਈ ਕੋਰਟਾਂ ਅਤੇ ਹੇਠਲੀਆਂ ਅਦਾਲਤਾਂ ਦੇ ਜੱਜਾਂ ਨੂੰ ਕਈ ਵਾਰ ਕਿਹਾ ਹੈ ਕਿ ਜ਼ਮਾਨਤ ਦੀ ਅਰਜ਼ੀ ਤੇ ਸੁਣਵਾਈ ਅਤੇ ਫੈਸਲੇ ਨੂੰ ਲੰਬੇ ਸਮੇਂ ਤੱਕ ਨਹੀਂ ਟਾਲਿਆ ਜਾ ਸਕਦਾ ਕਿਉਂਕਿ ਜ਼ਮਾਨਤ ਇਕ ਨਿਯਮ ਹੈ ਅਤੇ ਜੇਲ੍ਹ ਇਕ ਅਪਵਾਦ ਹੈ ਅਤੇ ਇਹੀ ਨਿਯਮ ਯੂਏਪੀਏ ਅਤੇ ਪੀਐੱਮਐੱਲਏ ਦੇ ਕਾਨੂੰਨਾਂ ਹੇਠ ਗ੍ਰਿਫਤਾਰ ਮੁਲਜ਼ਮਾਂ ਉਤੇ ਵੀ ਲਾਗੂ ਹੁੰਦਾ ਹੈ। ਇਸ ਲਈ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੇ ਨਵੰਬਰ 2021 ਵਿੱਚ ਮੁਲਜ਼ਮਾਂ ਨੂੰ ਜ਼ਮਾਨਤ ਦੇਣ ਸਬੰਧੀ ਗੰਭੀਰ ਟਿੱਪਣੀ ਕਰਦਿਆਂ ਕਿਹਾ ਸੀ ਕਿ ਜਦੋਂ ਜ਼ਮਾਨਤ ਦੇ ਆਰਡਰ ਵੀ ਜੇਲ੍ਹ ਵਿੱਚ ਦੇਰੀ ਨਾਲ ਪਹੁੰਚਦੇ ਹਨ ਤਾਂ ਵੀ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਪ੍ਰਭਾਵਿਤ ਹੁੰਦੀ ਹੈ। ਉਨ੍ਹਾਂ ਨੇ ਜੱਜਾਂ ਨੂੰ ਜ਼ਮਾਨਤ ਦੇ ਕੇਸਾਂ ਦੀ ਸੁਣਵਾਈ ਮੌਕੇ ਆਪਣੀ ਆਮ ਸੂਝ ਬੂਝ ਵਰਤਣ ਦੀ ਤਾਕੀਦ ਵੀ ਕੀਤੀ ਪਰ ਅਫ਼ਸੋਸ ਹੈ ਕਿ ਉਮਰ ਖਾਲਿਦ ਅਤੇ ਗੁਲਫ਼ਿਸ਼ਾਂ ਫਾਤਿਮਾ ਦੇ ਮਾਮਲਿਆਂ ਵਿੱਚ ਹੇਠਲੀਆਂ ਅਤੇ ਉੱਚ ਅਦਾਲਤਾਂ ਵੱਲੋਂ ਜ਼ਮਾਨਤ ਦੇਣ ਸੰਬੰਧੀ ਅਜਿਹੇ ਹੁਕਮ ਲਾਗੂ ਨਹੀਂ ਕੀਤੇ ਜਾ ਰਹੇ। ਸਵਾਲ ਇਹ ਹੈ ਕਿ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਅਜਿਹੇ ਕੇਸਾਂ ਵਿੱਚ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਆਪਣੀ ਸਿੱਧੀ ਦਖ਼ਲਅੰਦਾਜ਼ੀ ਕਿਉਂ ਨਹੀਂ ਕਰਦੇ? ਜਾਹਿਰ ਹੈ ਕਿ ਉਨ੍ਹਾਂ ਦੀ ਕਹਿਣੀ ਅਤੇ ਕਰਨੀ ਵਿੱਚ ਜ਼ਮੀਨ ਆਸਮਾਨ ਜਿੰਨਾ ਫਰਕ ਹੈ।

ਨਿਊਯਾਰਕ ਟਾਈਮਜ਼ ਵਿੱਚ ਪੱਤਰਕਾਰ ਸੁਹਾਸਿਨੀ ਰਾਜ ਵੱਲੋਂ ਲਿਖੇ ਇੱਕ ਲੇਖ ਵਿੱਚ ਉਮਰ ਖਾਲਿਦ ਦੀ ਚਾਰ ਸਾਲ ਦੀ ਨਜ਼ਰਬੰਦੀ ਲਈ ਮੋਦੀ ਹਕੂਮਤ, ਭਾਰਤੀ ਲੋਕਤੰਤਰ, ਮੀਡੀਏ, ਫ਼ਿਰਕੂ ਰਾਜਨੀਤੀ ਅਤੇ ਭਾਰਤੀ ਨਿਆਂ ਪ੍ਰਣਾਲੀ ਨੂੰ ਕਟਹਿਰੇ ਵਿੱਚ ਖੜਾ ਕੀਤਾ ਗਿਆ ਹੈ। ਮੁੱਖ ਸਵਾਲ ਹੈ ਕਿ ਮੋਦੀ ਹਕੂਮਤ ਆਖਿਰ ਕਦ ਤੱਕ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਕੇਂਦਰੀ ਜਾਂਚ ਏਜੰਸੀਆਂ ਅਤੇ ਨਿਆਂਪਾਲਿਕਾ ਦੀ ਦੁਰਵਰਤੋਂ ਕਰਦੀ ਰਹੇਗੀ?

ਕਈ ਸਾਲ ਜੇਲ੍ਹ ਵਿਚ ਨਜਾਇਜ਼ ਨਜ਼ਰਬੰਦ ਰੱਖਣ ਤੋਂ ਬਾਅਦ ਕਿਸੇ ਉੱਚ ਅਦਾਲਤ ਵੱਲੋਂ ਨਿਰਦੋਸ਼ ਵਿਅਕਤੀ ਨੂੰ ਬਾਇਜ਼ਤ ਬਰੀ ਕਰ ਦੇਣਾ ਇਨਸਾਫ ਨਹੀਂ ਕਿਹਾ ਜਾ ਸਕਦਾ। ਸਪੱਸ਼ਟ ਹੈ ਕਿ ਕਿਸੇ ਬੇਗੁਨਾਹ ਵਿਅਕਤੀ ਵੱਲੋਂ ਜੇਲ੍ਹ ਵਿੱਚ ਗੁਜ਼ਾਰੇ ਜ਼ਿੰਦਗੀ ਦੇ ਕੀਮਤੀ ਸਾਲ ਉਸਨੂੰ ਕਿਸੇ ਵੀ ਤਰਾਂ ਵਾਪਸ ਨਹੀਂ ਕੀਤੇ ਜਾ ਸਕਦੇ ਅਤੇ ਨਾ ਹੀ ਨਿਆਂਇਕ ਹਿਰਾਸਤ ਹੇਠ ਹੋਈ ਮੌਤ ਜਾਂ ਮੌਤ ਦੀ ਸਜ਼ਾ ਦੇ ਅਮਲ ਤੋਂ ਬਾਅਦ ਕਿਸੇ ਨਿਰਦੋਸ਼ ਮੁਲਜ਼ਮ ਨੂੰ ਉਸਦੀ ਜ਼ਿੰਦਗੀ ਵਾਪਸ ਕੀਤੀ ਜਾ ਸਕਦੀ ਹੈ।

ਨਿਆਂਪਾਲਿਕਾ ਵੱਲੋਂ ਇਨਸਾਫ ਦਾ ਤਕਾਜ਼ਾ ਤਾਂ ਇਹ ਬਣਦਾ ਹੈ ਕਿ ਝੂਠੇ ਸਬੂਤਾਂ ਅਤੇ ਝੂਠੇ ਗਵਾਹਾਂ ਦੇ ਆਧਾਰ ਉੱਤੇ ਝੂਠੇ ਕੇਸ ਦਰਜ ਕਰਨ ਵਾਲੇ ਸੰਬੰਧਿਤ ਪੁਲਿਸ ਅਧਿਕਾਰੀਆਂ, ਗਵਾਹਾਂ, ਵਕੀਲਾਂ, ਜਾਂਚ ਏਜੰਸੀਆਂ ਦੇ ਅਧਿਕਾਰੀਆਂ ਅਤੇ ਉਨਾਂ ਦੇ ਸਿਆਸੀ ਆਕਾਵਾਂ ਦੇ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਉਨਾਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ ਅਤੇ ਪੀੜਤਾਂ ਨੂੰ ਯੋਗ ਮੁਆਵਜ਼ਾ ਅਤੇ ਸਹੀ ਇਨਸਾਫ ਦਿਵਾਇਆ ਜਾਵੇ। ਪਰ ਪਿਛਲੇ ਸਮੇਂ ਕਈ ਅਹਿਮ ਕੇਸਾਂ ਵਿੱਚ ਆਏ ਜਿਆਦਾਤਰ ਫੈਸਲਿਆਂ ਤੋਂ ਇਹ ਸਹਿਜੇ ਹੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉੱਚ ਨਿਆਂਪਾਲਿਕਾ ਵੱਲੋਂ ਪੀੜਤ ਧਿਰਾਂ ਨੂੰ ਸਹੀ ਨਿਆਂ ਦਿਵਾਉਣ ਦੀ ਬਜਾਏ ਉਲਟਾ ਸਗੋਂ ਹਕੂਮਤਾਂ, ਅਪਰਾਧੀ ਅਨਸਰਾਂ, ਭ੍ਰਿਸ਼ਟ ਸਿਆਸਤਦਾਨਾਂ, ਵੱਡੇ ਕਾਰਪੋਰੇਟ ਅਦਾਰਿਆਂ ਅਤੇ ਬਹੁਗਿਣਤੀ ਫਿਰਕੇ ਦੇ ਹੱਕ ਵਿੱਚ ਭੁਗਤਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਤਿਹਾਸ ਗਵਾਹ ਹੈ ਕਿ ਪੀੜਤ ਵਰਗਾਂ ਦੇ ਲੋਕ ਅਜਿਹੀ ਤਾਨਾਸ਼ਾਹੀ ਅਤੇ ਬੇਇਨਸਾਫ਼ੀਆਂ ਨੂੰ ਜਿਆਦਾ ਦੇਰ ਤੱਕ ਬਰਦਾਸ਼ਤ ਨਹੀਂ ਕਰਿਆ ਕਰਦੇ।

ਉਪਰੋਕਤ ਸਭ ਤਰਾਂ ਦੀਆਂ ਘਾਟਾਂ ਅਤੇ ਨਾਕਾਮੀਆਂ ਦੇ ਬਾਵਜੂਦ ਦੇਸ਼ ਦੀ ਆਮ ਜਨਤਾ ਨੂੰ ਸੰਵਿਧਾਨ,ਜਮਹੂਰੀਅਤ, ਜਮਹੂਰੀ ਅਧਿਕਾਰਾਂ ਅਤੇ ਨਿਆਂ ਨੂੰ ਬਚਾਉਣ ਦੀ ਆਸ ਸਿਰਫ ਉੱਚ ਨਿਆਂਪਾਲਿਕਾ ਤੋਂ ਹੀ ਬਚੀ ਹੈ। ਇਸ ਲਈ ਦੇਸ਼ ਦੀ ਉੱਚ ਨਿਆਂਪਾਲਿਕਾ ਨੂੰ ਹਕੂਮਤੀ ਦਬਾਅ, ਡਰ ਅਤੇ ਲਾਲਚ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਜਿਥੇ ਸੰਵਿਧਾਨ ਅਤੇ ਜਮਹੂਰੀਅਤ ਨੂੰ ਬਚਾਉਣ ਦੇ ਨਾਲ ਨਾਲ ਆਮ ਨਾਗਰਿਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਉਣੀ ਚਾਹੀਦੀ ਹੈ ਉਥੇ ਹੀ ਜੇਲ੍ਹਾਂ 'ਚ ਨਜਾਇਜ਼ ਹੀ ਨਜ਼ਰਬੰਦ ਲੱਖਾਂ ਨਿਰਦੋਸ਼ ਮੁਲਜ਼ਮਾਂ ਨੂੰ ਜ਼ਮਾਨਤ ਉੱਤੇ ਰਿਹਾਅ ਕਰਨ ਲਈ ਵਿਸ਼ੇਸ਼ ਯਤਨ ਵੀ ਕਰਨੇ ਚਾਹੀਦੇ ਹਨ। ਭੀਮਾ ਕੋਰੇਗਾਓਂ ਅਤੇ ਦਿੱਲੀ ਹਿੰਸਾ ਵਿੱਚ ਝੂਠੇ ਕੇਸਾਂ ਹੇਠ ਗ੍ਰਿਫਤਾਰ ਕੀਤੇ ਤਮਾਮ ਸਮਾਜਿਕ ਕਾਰਕੁਨਾਂ, ਵਕੀਲਾਂ, ਵਿਦਿਆਰਥੀਆਂ, ਲੇਖਕਾਂ ਅਤੇ ਪੱਤਰਕਾਰਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਆਪਣੀ ਸਜ਼ਾ ਪੂਰੀ ਕਰ ਚੁੱਕੇ ਤਮਾਮ ਕੈਦੀਆਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਫੌਰੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਇਸਦੇ ਨਾਲ ਹੀ ਲੋਕ ਅਦਾਲਤਾਂ, ਪਰਿਵਾਰਕ ਅਦਾਲਤਾਂ ਅਤੇ ਜੱਜਾਂ ਦੀ ਗਿਣਤੀ ਵਧਾਉਣ ਸਮੇਤ ਮੌਜੂਦਾ ਨਿਆਂ ਪ੍ਰਣਾਲੀ ਵਿੱਚ ਵੱਡੇ ਪੱਧਰ ਤੇ ਸੁਧਾਰ ਕੀਤੇ ਜਾਣ ਦੀ ਵੀ ਲੋੜ ਹੈ ਤਾਂ ਕਿ ਕੋਈ ਵੀ ਨਿਰਦੋਸ਼ ਵਿਅਕਤੀ ਨਜਾਇਜ਼ ਹੀ ਜੇਲ੍ਹ ਵਿਚ ਨਜ਼ਰਬੰਦ ਨਾ ਕੀਤਾ ਜਾ ਸਕੇ ਅਤੇ ਹਰੇਕ ਨੂੰ ਬਰਾਬਰੀ ਦੇ ਆਧਾਰ 'ਤੇ ਸਹੀ, ਜਲਦੀ ਅਤੇ ਸਸਤਾ ਨਿਆਂ ਮਿਲ ਸਕੇ। ਕਿਸੇ ਵੀ ਪੱਧਰ ਦੇ ਜੱਜਾਂ ਨੂੰ ਸੇਵਾ ਮੁਕਤੀ ਤੋਂ ਬਾਅਦ ਕੋਈ ਸੰਵਿਧਾਨਕ ਅਹੁਦਾ ਦੇਣ ਉਤੇ ਰੋਕ ਲੱਗਣੀ ਚਾਹੀਦੀ ਹੈ।

ਪਰ ਅਸਲ ਹਕੀਕਤ ਇਹ ਹੈ ਕਿ ਜਦੋਂ ਤੱਕ ਹਕੂਮਤਾਂ ਵੱਲੋਂ ਤਮਾਮ ਕਾਰਪੋਰੇਟ ਪੱਖੀ, ਫ਼ਿਰਕੂ ਅਤੇ ਲੋਕ ਵਿਰੋਧੀ ਆਰਥਿਕ ਨੀਤੀਆਂ ਸਥਾਈ ਤੌਰ ਤੇ ਰੱਦ ਕਰਕੇ ਆਮ ਲੋਕਾਂ ਦੀਆਂ ਬੁਨਿਆਦੀ ਲੋੜਾਂ ਅਤੇ ਮੌਲਿਕ ਅਧਿਕਾਰਾਂ ਦੀ ਰਾਖੀ ਯਕੀਨੀ ਨਹੀਂ ਬਣਾਈ ਜਾਂਦੀ ਅਤੇ ਇਕ ਲੋਕ ਪੱਖੀ ਰਾਜ ਪ੍ਰਬੰਧ ਕਾਇਮ ਕਰਕੇ ਪੁਲਿਸ ਤੇ ਜਾਂਚ ਏਜੰਸੀਆਂ ਉਤੇ ਨਕੇਲ ਨਹੀਂ ਕੱਸੀ ਜਾਂਦੀ ਤਦ ਤੱਕ ਅਜਿਹੀਆਂ ਬੇਇਨਸਾਫੀਆਂ, ਜ਼ਬਰ ਅਤੇ ਧੱਕੇਸ਼ਾਹੀਆਂ ਨੂੰ ਰੋਕਣਾ ਬੇਹੱਦ ਮੁਸ਼ਕਿਲ ਹੈ। ਇਸ ਲਈ ਸਾਨੂੰ ਅਜਿਹੀਆਂ ਲੋਕ ਮਾਰੂ ਹਕੂਮਤਾਂ ਕੋਲੋਂ ਨਿਆਂ ਮਿਲਣ ਦੀ ਕੋਈ ਜਿਆਦਾ ਝਾਕ ਨਹੀਂ ਰੱਖਣੀ ਚਾਹੀਦੀ ਅਤੇ ਆਪਣੇ ਬਣਦੇ ਹੱਕ ਅਤੇ ਇਨਸਾਫ਼ ਲੈਣ ਲਈ ਆਪਣੀ ਜੱਥੇਬੰਦਕ ਏਕਤਾ ਅਤੇ ਸੰਘਰਸ਼ਾਂ ਨੂੰ ਹੋਰ ਵਿਸ਼ਾਲ ਅਤੇ ਮਜ਼ਬੂਤ ਕਰਨਾ ਚਾਹੀਦਾ ਹੈ।

ਇਸੇ ਮਕਸਦ ਨੂੰ ਮੁੱਖ ਰੱਖਦੇ ਹੋਏ ਸਮੂਹ ਲੋਕ ਪੱਖੀ, ਜਮਹੂਰੀ ਅਧਿਕਾਰਾਂ, ਲੇਖਕਾਂ, ਕਿਸਾਨਾਂ , ਮਜ਼ਦੂਰਾਂ ਅਤੇ ਹੋਰਨਾਂ ਜਨਤਕ ਇਨਸਾਫ਼ਪਸੰਦ ਜੱਥੇਬੰਦੀਆਂ ਨੂੰ ਹਕੂਮਤੀ ਜ਼ਬਰ, ਬੇਇਨਸਾਫ਼ੀ ਅਤੇ ਲੁੱਟ ਦੇ ਸ਼ਿਕਾਰ ਸਮੂਹ ਪੀੜਤ ਵਰਗਾਂ ਨੂੰ ਲਾਮਬੰਦ ਕਰਕੇ ਸਾਮਰਾਜੀ ਤੇ ਫ਼ਿਰਕੂ ਹਕੂਮਤਾਂ ਅਤੇ ਮੁਨਾਫ਼ਾਖੋਰ ਕਾਰਪੋਰੇਟ ਘਰਾਣਿਆਂ ਦੇ ਇਲਾਵਾ ਹੁਣ ਨਿਆਂਪਾਲਿਕਾ ਨੂੰ ਵੀ ਜਨਤਕ ਪੱਧਰ ਤੇ ਜਵਾਬਦੇਹ ਬਣਾਉਣ ਲਈ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਨਾ ਹੋਵੇਗਾ। ਇਸ ਸਬੰਧੀ ਇਤਿਹਾਸਕ ਕਿਸਾਨ ਅੰਦੋਲਨ ਦੀ ਤਰਜ਼ ਤੇ ਕੌਮੀ ਅਤੇ ਸਥਾਨਕ ਪੱਧਰ ਤੇ ਇਕ ਸਾਂਝੇ ਮੰਚ ਤੋਂ ਜੱਥੇਬੰਦਕ ਅੰਦੋਲਨ ਵਿੱਢਣ ਦੀ ਲੋੜ ਹੈ।

*ਇਨਕਲਾਬੀ ਔਰਤ ਲਹਿਰ ਦੀ ਪ੍ਰੇਰਨਾ ਸ੍ਰੋਤ*

# ਜਾਂਬਾਜ ਸੰਗਰਾਮਣ ਗੁਰਬਖਸ਼ ਕੌਰ ਸੰਘਾ



-ਅਮੋਲਕ ਸਿੰਘ
98778-68710

ਲੋਕਾਂ ਦੇ ਅਥਾਹ ਸਤਿਕਾਰ ਦੀ ਪਾਤਰ ਗੁਰਬਖਸ਼ ਕੌਰ ਸੰਘਾ ਦੇ ਦਰਦ ਵਿਛੋੜੇ ਦੇ ਸਦਮੇ ਨੇ ਹਰ ਇਕ ਨੂੰ ਝੰਬ ਸੁੱਟਿਆ ਹੈ।

ਉਹ ਬੀਤੇ ਅਰਸੇ ਤੋਂ ਬ੍ਰੇਨ ਹੈਮਰੇਜ ਕਾਰਨ ਜ਼ਿੰਦਗੀ ਮੌਤ ਦਾ ਸੰਘਰਸ਼ ਕਰਦੇ ਆ ਰਹੇ ਸਨ। ਗੁਰਬਖਸ਼ ਕੌਰ ਸੰਘਾ ਪਰਿਵਾਰ ਨੇ ਉਹਨਾਂ ਦੇ ਨਵ- ਜੀਵਨ ਲਈ ਹਰ ਤਰ੍ਹਾਂ ਦਾ ਇਲਾਜ ਕਰਾਉਣ ਦਾ ਸਿਰੜ ਨਿਭਾਇਆ।

ਅੱਜ ਉਸ ਵੇਲੇ ਸਭਨਾਂ ਉਮੀਦਾਂ ਦਾ ਕਿਲ੍ਹਾ ਢਹਿ ਢੇਰੀ ਹੋ ਗਿਆ ਜਦੋਂ ਗੁਰਬਖਸ਼ ਨੇ ਵਡੇਰੇ ਪਰਿਵਾਰ ਨੂੰ ਸਦੀਵੀ ਅਲਵਿਦਾ ਆਖ ਦਿੱਤਾ।

ਗੁਰਬਖਸ਼ ਕੌਰ ਸੰਘਾ ਦੀ ਜਾਣ ਪਹਿਚਾਣ ਏਨੀ ਹੀ ਨਹੀਂ ਕਿ ਉਹ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੇ ਜੀਵਨ ਸਾਥਣ ਸਨ। ਲੋਕ ਲਹਿਰ ਅੰਦਰ ਗੁਰਬਖਸ਼ ਕੌਰ ਦੀ ਆਪਣੀ ਪਹਿਚਾਣ ਹੈ। ਉਸਦੇ ਵਡੇਰੇ ਪਰਿਵਾਰ ਅਤੇ ਸੰਗੀ ਸਾਥੀਆਂ ਦੇ ਗ਼ਮਗੀਨ ਚਿਹਰਿਆਂ ਦੀ ਇਬਾਰਤ ਪੜ੍ਹੀ ਜਾ ਸਕਦੀ ਹੈ ਕਿ :

ਗੁਰਬਖਸ਼! ਉਹ ਵੀ ਦਿਨ ਸਨ ਜਦੋਂ ਐਮਰਜੈਂਸੀ ਦੇ ਕਾਲੇ ਦੌਰ ਅੰਦਰ ਮਾਸਟਰ ਗਿਆਨ ਸਿੰਘ ਸੰਘਾ ਦੀ ਜੀਵਨ-ਸਾਥਣ ਬਣਨ ਵੇਲੇ ਤੇਰੀ ਡੋਲੀ ਨੂੰ ਹੱਸ ਹੱਸ ਤੋਰਿਆ ਸੀ।

ਹੁਣ ਤੂੰ ਹੀ ਦੱਸ ਅਸੀਂ ਤੈਨੂੰ ਇਸ ਦੁਨੀਆਂ ਤੋਂ ਕਿੰਝ ਵਿਦਾ ਕਰੀਏ?

ਉਹ ਕੇਹੀ ਰੁੱਤ ਸੀ ਜਦੋਂ 1975 ਦੇ ਦਮ ਘੁੱਟਵੇਂ ਐਮਰਜੈਂਸੀ ਦੇ ਕਾਲੇ ਦਿਨਾਂ ਤੋਂ ਬੇਪਰਵਾਹ ਹੋ ਕੇ ਤੇਰੇ ਵਿਆਹ ਵਾਲੇ ਦਿਨ ਤੇਰੀ ਅੰਮੜੀ ਅਤੇ ਤੇਰੇ ਬਾਬਲ ਦੇ ਵਿਹੜੇ ਚੋਟੀ ਦੇ ਕਵੀ ਸੰਤ ਰਾਮ ਉਦਾਸੀ ਆਪ ਆਏ ਅਤੇ ਉਹਨਾਂ ਦੇ ਬੋਲ ਗੂੰਜੇ ਸੀ :

**ਹੱਸ ਹੱਸ ਤੋਰ ਦੇ ਤੂੰ**
**ਡੋਲੀ ਮੇਰੀ ਬਾਬਲਾ ਵੇ**
**ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ**
**ਜਿਵੇਂ ਸਾਡਾ ਸਾਰਿਆਂ ਦਾ**
**ਢਿੱਡ ਰੋਟੀ ਮੰਗਦਾ ਹੈ**
**ਮਾਂਗ ਮੇਰੀ ਮੰਗਦੀ ਸੰਧੂਰ**

ਦਿਲਾਂ ਅੰਦਰ ਧੂਹ ਪਾਉਣ ਵਾਲੀ ਆਵਾਜ਼ ਸੰਗ ਉਦਾਸੀ ਦਾ ਗਾਇਆ ਗੀਤ, ਸਾਰੀ ਉਮਰ ਗੁਰਬਖਸ਼ ਦੇ ਸਾਹਾਂ ਵਿੱਚ ਵਸਿਆ ਰਿਹਾ। ਉਹਨਾਂ ਦਿਨਾਂ ਵਿੱਚ ਮਾਸਟਰ ਗਿਆਨ ਸਿੰਘ ਸੰਘਾ ਨੂੰ ਫੜਨ ਲਈ ਹਕੂਮਤ ਉਹਨਾਂ ਨੂੰ ਭਾਲਦੀ ਫਿਰਦੀ ਸੀ।

ਇਸ ਵਿਆਹ ਮੌਕੇ ਮਾਸਟਰ ਗਿਆਨ ਸਿੰਘ ਸੰਘਾ ਦੇ ਨਾਲ ਬਰਾਤੀ ਘੱਟ ਤੇ ਸਾਥੀ ਵੱਧ ਸਨ।

ਇਹਨਾਂ ਤੋਂ ਕਿਤੇ ਜ਼ਿਆਦਾ ਸੀ ਪਿੰਡ ਘੇਰੀਂ ਖੜ੍ਹੀਆਂ ਪੁਲਸ ਦੀਆਂ ਪਲਟਣਾਂ। ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਰਾਏਪੁਰ ਡੱਬਾ ਨੂੰ ਪੁਲਸ ਛਾਉਣੀ ਵਿਚ ਬਦਲ ਦਿੱਤਾ ਸੀ।

ਉਸ ਮੌਕੇ ਕਾਂਗਰਸ ਹਕੂਮਤ ਦੀ ਲਫਟੈਣ ਇੰਦਰਾ ਗਾਂਧੀ ਦਾ ਸਿੱਕਾ ਚੱਲਦਾ ਸੀ। ਜਿਵੇਂ ਅੱਜ ਕੱਲ੍ਹ ਦੇਸ਼ ਵਾਸੀਆਂ ਦੇ ਕੰਨਾਂ ਵਿਚ ਸ਼ੋਰ ਪੈਂਦਾ ਹੈ ਕਿ ਮੋਦੀ ਹੀ ਇੰਡੀਆ ਹੈ, ਇਉਂ ਹੀ ਉਸ ਵੇਲੇ ਇੰਡੀਆ ਇਜ ਇੰਦਰਾ, ਇੰਦਰਾ ਇਜ ਇੰਡੀਆ ਦਾ ਰਾਗ ਅਲਾਪਿਆ ਜਾਂਦਾ ਸੀ।

ਹਕੂਮਤ ਨੇ ਅਜਿਹਾ ਦਹਿਸ਼ਤਜ਼ਦਾ ਮਾਹੌਲ ਸਿਰਜਣ ਦਾ ਕੰਮ ਕੀਤਾ ਕਿ ਪਿੰਡ ਰਾਏਪੁਰ ਡੱਬਾ ਵਿਆਹ ਕਰਾਉਣ ਆ ਰਹੇ ਮਾਸਟਰ ਗਿਆਨ ਸਿੰਘ ਸੰਘਾ ਨੂੰ ਗ੍ਰਿਫ਼ਤਾਰ ਕਰਨਾ ਹੀ ਕਰਨਾ ਹੈ।

ਪਿੰਡ ਵਿੱਚ ਇਹ ਚਰਚਾ ਬਣੀ ਰਹੀ ਕਿ ਪਿੰਡ ਘੇਰੀਂ ਖੜ੍ਹੀ ਪੁਲਸ ਕਿਸੇ ਵੇਲੇ ਵੀ ਮਾਸਟਰ ਗਿਆਨ ਸਿੰਘ ਸੰਘਾ ਨੂੰ ਫੜਨ ਲਈ ਹੱਲਾ ਬੋਲ ਸਕਦੀ ਹੈ। ਅਜਿਹੇ ਗਾੜ੍ਹੇ ਬੱਦਲਾਂ ਵਿਚ ਹੋ ਰਹੇ ਆਨੰਦ ਕਾਰਜ ਮੌਕੇ ਚਾਨਣ ਦੀ ਇੱਕ ਲੀਕ ਬਣ ਕੇ ਲਿਸ਼ਕੀ ਕਵੀ ਸੰਤ ਰਾਮ ਉਦਾਸੀ ਦੀ ਆਵਾਜ਼:

**ਹੱਸ ਹੱਸ ਤੋਰ ਦੇ ਤੂੰ**

**ਡੋਲੀ ਮੇਰੀ ਬਾਬਲਾ ਵੇ...**

ਉਸ ਜ਼ਮਾਨੇ ਵਿਚ ਆਨੰਦ ਕਾਰਜ਼ ਮੌਕੇ ਆਮ ਕਰਕੇ ਸਿੱਖਿਆ ਸਿਹਰਾ ਪੜ੍ਹਨ ਦੀ ਰਵਾਇਤ ਸੀ। ਲੋਕਾਂ ਲਈ ਆਨੰਦ ਕਾਰਜ਼ ਮੌਕੇ ਇਹ ਵੱਖਰੀ ਸਿੱਖਿਆ ਸੀ। ਵਲੰਟੀਅਰ ਦੀ ਭੂਮਿਕਾ ਅਦਾ ਕਰਦੇ ਨੌਜਵਾਨ ਕਹਿੰਦੇ ਰਹੇ ਕਿ, 'ਐਂ ਸਾਡੇ ਹੁੰਦਿਆਂ ਭਲਾ ਮਾਸਟਰ ਸੰਘਾ ਨੂੰ ਪੁਲਸ ਫੜ ਕੇ ਕਿਵੇਂ ਲੈ ਜਾਏਗੀ'?

ਭੈਣ ਗੁਰਬਖਸ਼ ਕੌਰ ਸੰਘਾ ਦੇ ਪਿਤਾ ਸ੍ਰੀ ਮਲੂਕ ਸਿੰਘ ਨਾਲ ਕੁੱਝ ਹਿਤੈਸ਼ੀਆਂ ਨੇ ਅਜਿਹਾ ਖ਼ਦਸਾ ਸਾਂਝਾ ਵੀ ਕੀਤਾ ਕਿ ਪੁਲਸ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰੇਗੀ।

ਪਿਤਾ ਮਲੂਕ ਸਿੰਘ ਤਾਂ ਜਾਣੀ ਜਾਣ ਸੀ ਉਹ ਉਸ ਕੀ ਘਬਰਾਉਣਾ ਸੀ। ਉਹ ਖ਼ੁਦ ਅਤੇ ਉਹਨਾਂ ਦੇ ਭਰਾ ਗੁਰਦਿਆਲ ਸਿੰਘ ਖੁਸ਼ ਹੈਸੀਅਤ ਟੈਕਸ ਮੋਰਚੇ ਵਿਚ ਸਰਗਰਮ ਰਹੇ



ਸਨ। ਸ੍ਰੀ ਮਲੂਕ ਸਿੰਘ ਦੇ ਸਪੁੱਤਰ ਸਾਥੀ ਸੁਖਦੇਵ ਸਿੰਘ ਰਾਏਪੁਰ ਡੱਬਾ ਉਪਰ ਤਾਂ ਮਾਸਟਰ ਗਿਆਨ ਸਿੰਘ ਸੰਘਾ ਦਾ ਗਹਿਰਾ ਪ੍ਰਭਾਵ ਸੀ। ਕਿਹੜੇ ਸਮਿਆਂ ਵਿੱਚ ਸੁਖਦੇਵ ਰਾਏਪੁਰ ਡੱਬਾ ਹੀ ਸੀ ਜੋ ਆਪਣੀ ਭੈਣ ਗੁਰਬਖਸ਼ ਕੌਰ ਸੰਘਾ ਨੂੰ ਸ਼ਹੀਦ ਭਗਤ ਸਿੰਘ ਯਾਦਗਾਰੀ ਸਮਾਗਮ ਮੌਕੇ ਤੇ ਖਟਕੜ ਕਲਾਂ ਲੈ ਕੇ ਗਿਆ ਸੀ। ਉਸ ਸਮਾਗਮ ਨੂੰ ਮਾਸਟਰ ਗਿਆਨ ਸਿੰਘ ਸੰਘਾ ਨੇ ਸੰਬੋਧਨ ਕਰਨਾ ਸੀ। ਸੰਬੋਧਨ ਉਪਰੰਤ ਸੁਖਦੇਵ ਸਿੰਘ ਰਾਏਪੁਰ ਡੱਬਾ ਨੇ ਆਪਣੀ ਭੈਣ ਗੁਰਬਖਸ਼ ਦਾ ਵਿਚਾਰ ਜਾਣਿਆਂ ਕਿ ਮਾਸਟਰ ਗਿਆਨ ਸਿੰਘ ਸੰਘਾ ਦੇ ਵਿਚਾਰ ਅਤੇ ਸ਼ਖਸ਼ੀਅਤ ਤੈਨੂੰ ਕਿਹੋ ਜਿਹੀ ਲੱਗੀ। ਭੈਣ ਨੇ ਪਸੰਦਗੀ ਦੀ ਹਾਮੀ ਭਰੀ।

ਇੱਥੋਂ ਹੀ ਤਾਂ ਗੱਲ ਤੁਰੀ ਸੀ ਜੀਵਨ ਸਾਥੀ ਬਣਨ ਦੀ। ਪਰਿਵਾਰ ਵਿੱਚ ਗੱਲ ਕਰਨ ਤੇ ਪਿਤਾ ਮਲੂਕ ਸਿੰਘ ਨੇ ਆਪਣੀ ਧੀ ਨੂੰ ਕਿਹਾ ਕਿ ਇਹ ਰਾਹ ਬੇਹੱਦ ਮੁਸ਼ਕਲਾਂ ਭਰਿਆ ਹੈ। ਪਰ ਏਹੀ ਰਾਹ ਹੈ ਬਾਬਾ ਨਾਨਕ ਦਾ। ਸੋਚ ਲੈ ਧੀਏ! ਅਸੀਂ ਤੇਰੇ ਨਾਲ ਹਾਂ। ਜ਼ਿੰਦਗੀ ਦੇ ਰਾਹ ਵਿਚ ਬੇਹੱਦ ਦੁਸ਼ਵਾਰੀਆਂ ਆਉਣਗੀਆਂ, ਡੋਲਣਾ ਨਹੀਂ। ਦ੍ਰਿੜ੍ਹ ਇਰਾਦੇ ਨਾਲ? ਜ਼ਿੰਦਗੀ ਦੇ ਸਫ਼ਰ 'ਤੇ ਰਹਿਣਾ। ਭੈਣ ਗੁਰਬਖਸ਼ ਨੇ ਯਕੀਨ ਦਿਵਾਇਆ ਕਿ ਉਹ ਬਾਬਲ ਦੇ ਬੋਲਾਂ ਨੂੰ ਸਦਾ ਲੜ ਬੰਨ੍ਹ ਕੇ ਤੁਰੇਗੀ। ਇਉਂ ਹੋਈ ਸੀ ਪੱਕੀ ਜ਼ਿੰਦਗੀ ਦੇ ਸੰਗ-ਸਾਥ ਦੀ ਗੱਲ। ਸੋਚ ਦੀ ਸਾਂਝ ਦੇ ਰਿਸ਼ਤੇ ਨੇ ਫਿਰ ਥਿੜਕਣਾ ਕੀ ਸੀ।

1975 ਤੋਂ ਅੱਜ ਤੱਕ ਮਾਸਟਰ ਗਿਆਨ ਸਿੰਘ ਸੰਘਾ ਅਤੇ ਗੁਰਬਖਸ਼ ਕੌਰ ਸੰਘਾ ਇੱਕ ਜ਼ਿੰਦੜੀ ਦੇ ਹੀ ਦੋ ਨਾਮ ਬਣ ਕੇ ਰਹੇ। ਗੁਰਬਖਸ਼ ਕੌਰ ਸੰਘਾ ਦਾ ਸੰਗਰਾਮੀ ਜੀਵਨ ਬਿਰਤਾਂਤ ਆਪਣੇ ਆਪ ਵਿੱਚ ਇਤਿਹਾਸ ਦਾ ਮਾਣਮੱਤਾ ਸਫ਼ਾ ਹੈ।

ਦੁਨੀਆਂ ਦੇ ਕਲਾਸੀਕਲ ਸਾਹਿਤ ਅੰਦਰ ਨਾਇਕਾਂ ਅਤੇ ਨਾਇਕਾਵਾਂ ਦੀ ਸ਼ਾਨਾਂਮੱਤੀ ਭੂਮਿਕਾ ਪੜ੍ਹਨ ਸੁਣਨ ਵਿੱਚ ਆਉਂਦੀ ਹੈ। ਗੁਰਬਖਸ਼ ਕੌਰ ਸੰਘਾ ਅਤੇ ਗਿਆਨ ਸਿੰਘ ਸੰਘਾ ਦੀ ਲਾ-ਮਿਸਾਲ ਜ਼ਿੰਦਗੀ ਸਾਡੇ ਅੱਜ ਅਤੇ ਆਉਣ ਵਾਲੇ ਕੱਲ੍ਹ ਲਈ ਪ੍ਰੇਰਨਾਸ੍ਰੋਤ ਹੈ।

ਸਿੱਖ ਨੈਸ਼ਨਲ ਕਾਲਜ ਬੰਗਾ ਦੀ ਵਿਦਿਆਰਥਣ ਵੇਲੇ ਤੋਂ ਲੈ ਕੇ ਬਿਜਲੀ ਬਿਲ ਬਾਈਕਾਟ, ਕਰਜ਼ਾ, ਖ਼ੁਦਕੁਸ਼ੀਆਂ, ਡੋਬੇ, ਸੋਕੇ, ਬੱਸ ਕਿਰਾਇਆ ਘੋਲ, ਐਮਰਜੈਂਸੀ, ਝੂਠੇ ਪੁਲਿਸ ਮੁਕਾਬਲੇ, ਦੋ ਮੂੰਹੀਂ ਦਹਿਸ਼ਤਗਰਦੀ, ਮਹਾਰਾਣੀ ਐਲਿਜ਼ਾਬੈਥ ਦੀ ਅੰਮ੍ਰਿਤਸਰ ਫੇਰੀ ਦਾ ਵਿਰੋਧ, ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ, ਭੱਠਾ ਮਜ਼ਦੂਰਾਂ ਦਾ ਘੋਲ, ਦਿੱਲੀ ਕਿਸਾਨ ਮੋਰਚਾ, ਲੱਚਰ ਗਾਇਕੀ ਵਿਰੁੱਧ ਸੰਘਰਸ਼, ਫ਼ੌਜਦਾਰੀ ਕਾਲੇ ਕਾਨੂੰਨ, ਬੁੱਧੀਜੀਵੀਆਂ ਨੂੰ ਜੇਲ੍ਹਾਂ ਅੰਦਰ ਡੱਕਣ ਵਿਰੁੱਧ ਆਵਾਜ਼ ਬੁਲੰਦ ਕਰਨ ਅਤੇ ਅਰੁੰਧਤੀ ਰਾਏ ਤੇ ਕੇਸ ਮੜ੍ਹਨ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਰਗੀਆਂ ਅਨੇਕਾਂ ਸਰਗਰਮੀਆਂ ਵਿਚ ਭੈਣ ਗੁਰਬਖਸ਼ ਕੌਰ ਸੰਘਾ ਹਮੇਸ਼ਾ ਅਗਲੀ ਕਤਾਰ ਵਿਚ ਰਹੇ। ਨਵਾਂ ਸ਼ਹਿਰ ਲਾਠੀਚਾਰਜ ਮੌਕੇ ਉਹਨਾਂ ਦੇ ਸੱਟਾਂ ਲੱਗੀਆਂ। ਇੱਕ ਲੱਤ ਦੀ ਮੁਸ਼ਕਲ ਆਈ ਉਹ ਫਿਰ ਵੀ ਸਿਰੜ ਸੰਗ ਚੜ੍ਹਦੀ ਕਲਾ ਵਿਚ ਰਹੇ।

ਸਮੁੱਚੀ ਇਨਕਲਾਬੀ ਜਮਹੂਰੀ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਦੀ ਜਾਂਬਾਜ ਸਤਿਕਾਰਤ ਸ਼ਖ਼ਸੀਅਤ ਗੁਰਬਖਸ਼ ਕੌਰ ਦਾ ਵਿਛੋੜਾ, ਸਮੁੱਚੀ ਕਮਿਊਨਿਸਟ ਇਨਕਲਾਬੀ, ਇਨਕਲਾਬੀ ਜਮਹੂਰੀ ਲਹਿਰ ਲਈ ਗਹਿਰੇ ਸੱਖਣੇਪਣ ਦੀ ਪੀੜ ਹੈ।

ਮਾਸਟਰ ਗਿਆਨ ਸਿੰਘ ਸੰਘਾ ਦੀ ਸ਼ਹਾਦਤ ਉਪਰੰਤ ਫਿਜ਼ਾ ਵਿਚ ਤਿੱਖੜੇ ਸੁਆਲ ਸਨ ਕਿ ਹੁਣ ਕੀ ਬਣੇਗਾ ਇਸ ਇਲਾਕੇ ਵਿੱਚ ਇਨਕਲਾਬੀ ਲਹਿਰ ਦਾ? ਗੁਰਬਖਸ਼ ਨੇ ਸੰਗੀ ਸਾਥੀਆਂ ਦੇ ਸਿਰਫ਼ ਮੋਢੇ ਸੰਗ ਮੋਢਾ ਹੀ ਨਹੀਂ ਜੋੜਿਆ ਸਗੋਂ ਆਖ਼ਰੀ ਦਮ ਤੱਕ ਪਹਿਲੀ ਪਾਲ? ਵਿਚ ਡਟਕੇ ਸੰਘਰਸ਼ ਦੇ ਮੈਦਾਨ ਵਿੱਚ ਰਹੇ।

ਉਹਨਾਂ ਨੇ ਜਿਸਮਾਨੀ ਅਤੇ ਮਾਨਸਿਕ ਪੀੜਾ ਝੱਲਦੇ ਹੋਏ ਮੁਲਕ ਦੇ ਅਜੋਕੇ ਨਿਜ਼ਾਮ ਨੂੰ ਮੂਲੋਂ ਬਦਲਣ ਲਈ ਇਨਕਲਾਬੀ ਸੰਗਰਾਮ ਦਾ ਪਰਚਮ ਬੁਲੰਦ ਰੱਖਿਆ। ਉਹਨਾਂ ਦੇ ਵਿਸ਼ੇਸ਼ ਉੱਦਮ ਸਦਕਾ ਮਾਸਟਰ ਗਿਆਨ ਸਿੰਘ ਸੰਘਾ ਦੀ ਸਾਲਾਨਾ ਬਰਸੀ ਵਿੱਚ ਪਰਿਵਾਰ ਦਾ ਵਿਸ਼ੇਸ਼ ਯੋਗਦਾਨ ਚਲਿਆ ਆ ਰਿਹਾ ਹੈ।

ਪੇਕੇ ਸਹੁਰੇ ਪਰਿਵਾਰ ਅਤੇ ਸੰਗੀ ਸਾਥੀਆਂ ਦੇ ਘਰ ਪਰਿਵਾਰ ਵਿੱਚ ਵਾਪਰੇ ਭੂਚਾਲ ਝਟਕੇ ਦੇਣ ਵਾਲੇ ਸਦਮਿਆਂ ਨੂੰ ਸਿਦਕ ਦਿਲੀ ਨਾਲ ਸਰ ਕਰਨ ਦੀ ਜਾਚ ਸਿੱਖਣ ਦੀ ਜਗਦੀ ਮਸ਼ਾਲ ਰਹੀ ਹੈ ਭੈਣ ਗੁਰਬਖਸ਼ ਕੌਰ ਸੰਘਾ। ਇਸ ਘਰ ਹੀ ਵਿਆਹੀ ਉਹਨਾਂ ਦੀ ਭੈਣ ਬਲਬੀਰ ਕੌਰ ਸੰਘਾ ਦੀ ਧੀ ਨਵਦੀਪ ਉਹਨਾਂ ਨੂੰ ਮੰਮਾ ਹੀ ਕਿਹਾ ਕਰਦੇ ਅਤੇ ਉਹਨਾਂ ਨਾਲ ਹੀ ਸੌਂਦੇ ਪੈਂਦੇ ਰਹੇ। ਬਹੁਤ ਵਿਸ਼ੇਸ਼ ਮੌਕੇ ਤੇ ਹੀ ਵੱਡੀ ਮੰਮੀ ਕਿਹਾ ਨਹੀਂ ਤਾਂ ਆਮ ਕਰਕੇ ਮੰਮੀ ਸ਼ਬਦ ਨਾਲ ਹੀ ਮੁਖ਼ਾਤਿਬ ਹੋਇਆ ਕਰਦੇ।

ਗੁਰਬਖਸ਼ ਭੈਣ ਕਿਤਾਬਾਂ ਦਾ ਗਹਿਰਾ ਅਧਿਐਨ ਕਰਿਆ ਕਰਦੇ ਸਨ। ਉਹਨਾਂ ਦੀਆਂ ਅਨੇਕਾਂ ਅਮੁੱਲੀਆਂ ਯਾਦਾਂ ਆਉਣ ਵਾਲੇ ਕਾਫ਼ਲਿਆਂ ਦਾ ਬੇਨਜ਼ੀਰ ਇਤਿਹਾਸਕ ਵਿਰਾਸਤੀ ਸਰਮਾਇਆ ਹਨ।

ਦੇਸ਼ ਭਗਤ ਯਾਦਗਾਰ ਹਾਲ ਨੂੰ ਬਰਤਣ, ਕੱਪੜੇ ਆਦਿ ਦੀਆਂ ਸੇਵਾਵਾਂ ਦੇਣਾ ਦਰਸਾਉਂਦਾ ਹੈ ਕਿ ਸੰਘਾ ਪਰਿਵਾਰ ਦੇਸ਼ ਭਗਤਾਂ ਦੇ ਘਰ ਨੂੰ ਆਪਣਾ ਘਰ ਸਮਝਦਾ ਹੈ।

ਇਸ ਘਰ ਹੀ ਵਿਆਹੀ ਉਹਨਾਂ ਦੀ ਸਕੀ ਭੈਣ ਬਲਬੀਰ ਕੌਰ ਅਤੇ ਉਸਦੇ ਜੀਵਨ ਸਾਥੀ ਬਲਬੀਰ ਸਿੰਘ ਸੰਘਾ, ਕੈਨੇਡਾ ਤੋਂ ਵਿਸ਼ੇਸ਼ ਤੌਰ ਤੇ ਆਈ ਭੈਣ ਦਰਸ਼ਨ ਕੌਰ ਉਹਨਾਂ ਦਾ ਰਾਏਪੁਰ ਡੱਬਾ ਪੇਕਾ ਪਰਿਵਾਰ ਅਤੇ ਸਮੂਹ ਭਾਈਚਾਰੇ ਦੀ ਅਥਾਹ ਕੋਸ਼ਿਸ਼ ਦੇ ਬਾਵਜੂਦ ਵੀ ਭਾਵੇਂ ਉਹ ਗੁਰਬਖਸ਼ ਨੂੰ ਬਚਾ ਨਹੀਂ ਸਕੇ ਪਰ ਯਕੀਨਨ ਕਹਿ ਸਕਦੇ ਹਾਂ ਕਿ ਉਹ ਸਦਾ ਲੋਕ ਲਹਿਰ ਦੇ ਬੋਲਾਂ ਵਿਚ ਸਮੋਏ ਰਹਿਣਗੇ। ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੀ ਵਿਛੋੜਾ ਸ਼ਤਾਬਦੀ (1925-2025) ਨਵੇਂ ਵਰ੍ਹੇ ਮਨਾਉਂਦੇ ਕਾਫ਼ਲੇ ਗੁਰਬਖਸ਼ ਕੌਰ ਸੰਘਾ ਦੀ ਘਾਲਣਾ ਨੂੰ ਆਪਣੇ ਅੰਗ ਸੰਗ ਰੱਖਣਗੇ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਮਸਜਿਦਾਂ-ਦਰਗਾਹਾਂ ਹੇਠ ਮੰਦਰ ਲੱਭਣ ਲਈ ਬਜ਼ਿੱਦ ਸੰਘ ਬਰਗੇਡ

-ਬੂਟਾ ਸਿੰਘ ਮਹਿਮੂਦਪੁਰ



24 ਨਵੰਬਰ ਨੂੰ ਸ਼ਾਹੀ ਜਾਮਾ ਮਸਜਿਦ ਦਾ ਸਰਵੇ ਕਰਨ ਦੇ ਅਦਾਲਤੀ ਹੁਕਮਾਂ ਨੇ ਯੂਪੀ ਦੇ ਸੰਭਲ ਕਸਬੇ ਦਾ ਅਮਨ-ਚੈਨ ਖੋਹ ਲਿਆ ਹੈ। ਭਗਵਾ ਸਿਆਸਤ ਨੇ ਮੁਗ਼ਲ ਜ਼ਮਾਨੇ ਦੀ ਇਸ ਮਸਜਿਦ ਦੇ ਹੇਠ ਮੰਦਰ ਹੋਣ ਨੂੰ ਮੁੱਦਾ ਬਣਾ ਕੇ ਅਤੇ ਅਦਾਲਤ ਨੇ ਪੁਰਾਤਤਵ ਸਰਵੇ ਦੀ ਇਜਾਜ਼ਤ ਦੇ ਕੇ ਘੱਟਗਿਣਤੀ ਮੁਸਲਮਾਨ ਫਿਰਕੇ ਨਾਲ ਇਕ ਹੋਰ ਧੱਕੇਸ਼ਾਹੀ ਦਾ ਮੁੱਢ ਬੰਨ੍ਹ ਦਿੱਤਾ ਹੈ ਜਿਨ੍ਹਾਂ ਨੂੰ ਵਾਰ-ਵਾਰ ਦੂਜੇ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ। ਸਰਵੇ ਦਾ ਵਿਰੋਧ ਕਰ ਰਹੇ ਮੁਸਲਮਾਨ ਫਿਰਕੇ ਨੂੰ ਦਬਾਉਣ ਲਈ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਗਿਣ-ਮਿੱਥ ਕੇ ਰਾਜਕੀ ਦਹਿਸ਼ਤਵਾਦ ਦਾ ਨੰਗਾ ਨਾਚ ਨੱਚਿਆ ਗਿਆ। ਪੁਲਿਸ ਦੀਆਂ ਗੋਲੀਆਂ ਨੇ ਪੰਜ ਮੁਸਲਮਾਨਾਂ ਨੌਜਵਾਨਾਂ ਦੀ ਜਾਨ ਲੈ ਲਈ। ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ। ਪੁਲਿਸ ਵੱਲੋਂ ਘਰਾਂ 'ਚ ਵੜ ਕੇ ਬੇਤਹਾਸ਼ਾ ਭੰਨਤੋੜ ਕੀਤੀ ਗਈ। ਤਿੰਨ ਹਜ਼ਾਰ ਅਣਪਛਾਤੇ ਲੋਕਾਂ ਵਿਰੁੱਧ ਦੰਗਾ/ਹਿੰਸਾ ਦੀਆਂ ਸੱਤ ਖੁੱਲ੍ਹੀਆਂ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਤਹਿਤ ਹੁਣ ਹਿੰਸਾ ਦੇ ਕਥਿਤ ਦੋਸ਼ੀਆਂ ਦੀ ਪਛਾਣ ਕਰਕੇ ਮੁਸਲਮਾਨਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਕੇਸਾਂ 'ਚ ਫਸਾਉਣ ਅਤੇ ਉਨ੍ਹਾਂ ਦਾ ਭਵਿੱਖ ਬਰਬਾਦ ਕਰਨ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਪੁਲਿਸ ਦਾ ਹਿੰਸਾ 'ਚ 20 ਸਰਕਾਰੀ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦਾ ਦਾਅਵਾ ਪੁਲਿਸ-ਪ੍ਰਸ਼ਾਸਨ ਦੀ ਮੁਜਰਮਾਨਾ ਭੂਮਿਕਾ ਤੋਂ ਧਿਆਨ ਹਟਾਉਣ ਲਈ ਹੈ। ਇਸ ਭੂਮਿਕਾ ਉੱਪਰ ਸਵਾਲ ਕਰਨ ਦੀ ਬਜਾਏ ਗੋਦੀ ਮੀਡੀਆ ਮੁਸਲਮਾਨਾਂ ਵੱਲੋਂ ਪੁਲਿਸ ਉੱਪਰ ਪੱਥਰਬਾਜ਼ੀ ਦੀਆਂ ਐਡਿਟ ਕੀਤੀਆਂ ਫੁਟੇਜ ਦਿਖਾ ਕੇ ਨਫ਼ਰਤ ਫੈਲਾਉਣ ਦਾ ਬਦਕਾਰ ਧੰਦਾ ਕਰ ਰਿਹਾ ਹੈ।

ਇਸ ਨੰਗੇ ਹਕੂਮਤੀ ਦਹਿਸ਼ਤਵਾਦ ਵਿਰੁੱਧ ਰੋਹ ਨੂੰ ਠੰਡਾ ਕਰਨ ਲਈ ਭਾਜਪਾ ਦੀ ਖ਼ਾਸ-ਮ-ਖ਼ਾਸ ਗਵਰਨਰ ਆਨੰਦੀਬੇਨ ਪਟੇਲ ਨੇ ਜੋ ਜਾਂਚ ਪੈਨਲ ਥਾਪਿਆ ਹੈ ਉਸ ਵਿਚ ਸਾਬਕਾ ਡੀਜੀਪੀ ਅਰਵਿੰਦ ਕੁਮਾਰ ਜੈਨ ਵਰਗੇ ਭਾਜਪਾ ਪੱਖੀਆਂ ਨੂੰ ਸ਼ਾਮਲ ਕੀਤੇ ਜਾਣ ਤੋਂ ਸਪਸ਼ਟ ਹੈ ਕਿ ਪੈਨਲ ਦੋ ਮਹੀਨੇ 'ਚ ਕਿਸ ਤਰ੍ਹਾਂ ਦੀ ਰਿਪੋਰਟ ਦੇਵੇਗਾ। ਪੈਨਲ ਨੂੰ ਇਹ ਦੇਖਣ ਦਾ ਕੰਮ ਸੌਂਪਿਆ ਗਿਆ ਹੈ ਕਿ ਹਿੰਸਾ ਆਪਮੁਹਾਰੀ ਸੀ ਜਾਂ ਸਾਜ਼ਿਸ਼ ਦਾ ਹਿੱਸਾ?

ਪੁਲਿਸ-ਪ੍ਰਸ਼ਾਸਨ ਅਤੇ ਸੱਤਾਧਾਰੀ ਸੰਘ-ਭਾਜਪਾ ਵੱਲੋਂ ਪ੍ਰਚਾਰਿਆ ਜਾ ਰਿਹਾ ਕੋਈ ਵੀ ਬਿਰਤਾਂਤ ਸਟੇਟ ਦੀ ਫਿਰਕੂ ਭੂਮਿਕਾ 'ਤੇ ਪਰਦਾ ਨਹੀਂ ਪਾ ਸਕਦਾ। ਤੱਥ ਜੱਗ ਜ਼ਾਹਰ ਹਨ। 19 ਨਵੰਬਰ ਨੂੰ ਜਾਮਾ ਮਸਜਿਦ ਦੇ ਹੇਠਾਂ ਹਰਿਹਰ ਮੰਦਰ ਹੋਣ ਦੀ ਮਨਘੜਤ ਕਹਾਣੀ ਤਹਿਤ ਮਸਜਿਦ ਦਾ ਸਰਵੇ ਕਰਾਏ ਜਾਣ ਦੀ ਪਟੀਸ਼ਨ ਜ਼ਿਲ੍ਹਾ ਅਦਾਲਤ 'ਚ ਦਾਇਰ ਕੀਤੀ ਗਈ। ਸੰਭਲ ਦੇ ਕਾਲਕੀ ਦੇਵੀ ਮੰਦਰ ਦੇ ਮਹੰਤ ਰਿਸ਼ੀਰਾਜ ਗਿਰੀ ਅਤੇ ਪੰਜ ਹੋਰ ਜਣਿਆਂ ਨੇ ਪਟੀਸ਼ਨ ਵਿਚ ਦਾਅਵਾ ਕੀਤਾ ਕਿ ਸੰਨ 1529 'ਚ ਮੁਗ਼ਲ ਬਾਦਸ਼ਾਹ ਬਾਬਰ ਨੇ 'ਪ੍ਰਾਚੀਨ ਹਰਿਹਰ ਮੰਦਰ' ਨੂੰ ਢਾਹ ਕੇ ਮਸਜਿਦ ਤਾਮੀਰ ਕਰਵਾਈ ਸੀ। ਉਸੇ ਦਿਨ ਹੀ ਅਦਾਲਤ ਨੇ ਸਰਵੇ ਦਾ ਆਦੇਸ਼ ਦੇ ਦਿੱਤਾ ਅਤੇ ਸਰਵੇ ਲਈ ਐਡਵੋਕੇਟ ਕਮਿਸ਼ਨਰ ਵੀ ਨਿਯੁਕਤ ਕਰ ਦਿੱਤਾ। ਹਾਲਾਂਕਿ ਅਦਾਲਤ ਨੇ ਸਰਵੇ ਦੀ ਕੋਈ ਤਰੀਕ ਤੈਅ ਨਹੀਂ ਸੀ ਕੀਤੀ ਪਰ ਕਮਿਸ਼ਨਰ ਸੰਭਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਲੈ ਕੇ ਤੁਰੰਤ ਸਰਵੇ ਕਰਨ ਲਈ ਪਹੁੰਚ ਗਿਆ। ਜਿਸ ਦਿਨ ਪਟੀਸ਼ਨ ਦਾਇਰ ਹੋਈ, ਉਸੇ ਦਿਨ ਰਾਤ ਦੇ ਹਨੇਰੇ 'ਚ ਪਹਿਲਾ ਸਰਵੇ ਕੀਤਾ ਗਿਆ। ਭਾਵੇਂ ਉਸ ਵਕਤ ਮਸਜਿਦ ਵਿਚ ਭੀੜ ਸੀ ਪਰ ਸਰਵੇ 'ਚ ਕੋਈ ਅੜਿੱਕਾ ਨਹੀਂ ਪਿਆ। ਪਰ ਪੰਜ ਦਿਨ ਬਾਅਦ ਦੂਜੇ ਸਰਵੇ ਕੀਤੇ ਜਾਣ ਨੇ ਹਿੰਸਾ ਭੜਕਾ ਦਿੱਤੀ।

ਮਸਜਿਦ ਕਮੇਟੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਮੇਂ ਸਿਰ ਸਰਵੇ ਦੀ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਦੂਜੇ ਸਰਵੇ ਦੀ ਅਦਾਲਤ ਤੋਂ ਇਜਾਜ਼ਤ ਵੀ ਨਹੀਂ ਲਈ ਗਈ। ਭਾਵੇਂ ਪੁਲਿਸ-ਪ੍ਰਸ਼ਾਸਨ ਸਰਵੇ ਦਾ ਨੋਟਿਸ ਮਸਜਿਦ ਕਮੇਟੀ ਨੂੰ ਅਗਾਊਂ ਦੇਣ ਦਾ ਦਾਅਵਾ ਕਰ ਰਿਹਾ ਹੈ ਪਰ ਤੱਥ ਸਰਕਾਰੀ ਬਿਰਤਾਂਤ ਨੂੰ ਰੱਦ ਕਰਦੇ ਹਨ। ਪਹਿਲਾ ਸਰਵੇ ਰਾਤ ਨੂੰ ਅਤੇ ਦੂਜਾ ਸਵੇਰੇ ਸਾਝਰੇ ਸਾਢੇ ਸੱਤ ਵਜੇ ਕਰਨ ਦੀ ਕਾਹਲ ਕਿਉਂ? ਸਵਾਲ ਤਾਂ ਇਹ ਵੀ ਹੈ ਕਿ ਜਦੋਂ ਪਹਿਲਾ ਸਰਵੇ ਹੋ ਗਿਆ ਸੀ ਤਾਂ ਦੂਜਾ ਸਰਵੇ ਅਦਾਲਤ ਦੀ ਇਜਾਜ਼ਤ ਤੋਂ ਬਗ਼ੈਰ ਕਰਨਾ ਜ਼ਰੂਰੀ ਕਿਉਂ ਸਮਝਿਆ ਗਿਆ। ਕੀ ਇਤਿਹਾਸਕ ਵਿਵਾਦਪੂਰਨ ਇਮਾਰਤਾਂ ਦੇ ਸਰਵੇ ਇਸ ਤਰ੍ਹਾਂ ਕੀਤੇ ਜਾਂਦੇ ਹਨ? ਸਰਵੇ ਟੀਮ, ਹਿੰਦੂਤਵੀ ਤਾਕਤਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਐਨੀ ਛੇਤੀਂ ਸਰਵੇ ਕਰਾਉਣ ਲਈ ਸਵੇਰੇ ਸਾਝਰੇ ਇਕੱਠੇ ਹੋਣਾ ਅਤੇ ਸਖ਼ਤ ਬੈਰੀਕੇਡਿੰਗ ਕਰਕੇ ਸਰਵੇ ਕਰਾਉਣ ਲਈ ਐਨੀ ਮੁਸਤੈਦੀ ਦਿਖਾਉਣਾ ਅਤੇ ਸਰਵੇ ਟੀਮ ਦੇ ਨਾਲ 'ਜੈ ਸ੍ਰੀਰਾਮ' ਦੇ ਨਾਅਰੇ ਲਾਉਂਦੇ ਹਿੰਦੂਤਵੀ ਹਜੂਮ ਦਾ ਆਉਣਾ ਤੇ ਇਕ ਹਜ਼ਾਰ ਦੇ ਕਰੀਬ ਪੁਲਿਸ ਨਫ਼ਰੀ ਤਾਇਨਾਤ ਕਰਨਾ ਦਰਸਾਉਂਦਾ ਹੈ ਕਿ ਇਹ ਸਭ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕੀਤਾ ਗਿਆ। ਪ੍ਰਸ਼ਾਸਨ ਦੇ ਸਾਜ਼ਿਸੀ ਤਰੀਕੇ ਕਾਰਨ ਅਫ਼ਵਾਹ ਫੈਲ ਗਈ ਕਿ ਮਸਜਿਦ ਦੇ ਅੰਦਰ ਖੁਦਾਈ ਕੀਤੀ ਜਾ ਰਹੀ ਹੈ ਜਿਸ ਦਾ ਵਿਰੋਧ ਕਰਨ ਲਈ ਮੁਸਲਮਾਨ ਅਵਾਮ ਇਕੱਠੇ ਹੋ ਗਏ। ਪੁਲਿਸ ਵੱਲੋਂ ਪ੍ਰਮੁੱਖ ਧਾਰਮਿਕ ਸਥਾਨ ਦੀ ਬੇਵਜ੍ਹਾ ਭਾਰੀ ਘੇਰਾਬੰਦੀ ਕਾਰਨ ਉਸ ਫਿਰਕੇ 'ਚ ਸ਼ੱਕ ਅਤੇ ਤੌਖਲੇ ਪੈਦਾ ਹੋਣਾ ਸੁਭਾਵਿਕ ਹੈ ਜਿਨ੍ਹਾਂ ਦੇ ਚੇਤਿਆਂ 'ਚ ਬਾਬਰੀ ਮਸਜਿਦ ਮਾਮਲੇ 'ਚ ਹੋਈ ਬੇਇਨਸਾਫ਼ੀ ਅਤੇ ਧੱਕਾ ਪੱਕੇ ਤੌਰ 'ਤੇ ਖੁਣ ਦਿੱਤਾ ਗਿਆ ਹੈ ਅਤੇ ਜਿਨ੍ਹਾਂ ਨੂੰ ਹਿੰਦੂ ਕੱਟੜਪੰਥੀ ਤਾਕਤਾਂ ਦੀ ਜ਼ਹਿਰੀਲੀ ਹਮਲਾਵਰ ਮੁਹਿੰਮ ਦਾ ਦਿਨ-ਰਾਤ ਸਾਹਮਣਾ ਕਰਨਾ ਪੈਂਦਾ ਹੈ।

ਪੁਲਿਸ ਅਧਿਕਾਰੀਆਂ ਵੱਲੋਂ ਹਿੰਸਾ ਲਈ ਮੁਸਲਮਾਨ ਫਿਰਕੇ ਨੂੰ ਦੋਸ਼ੀ ਠਹਿਰਾਉਣ ਲਈ ਇਹ ਕਿਹਾ ਜਾ ਰਿਹਾ ਹੈ ਕਿ ਸਰਵੇ ਦੌਰਾਨ ਹਜੂਮ ਨੇ ਪੁਲਿਸ ਉੱਪਰ ਪਥਰਾਓ ਕੀਤਾ ਜਿਸ ਕਾਰਨ ਪੁਲਿਸ ਨੇ ਹਜੂਮ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੀ ਵਰਤੋਂ ਜ਼ਰੂਰ ਕੀਤੀ ਪਰ ਗੋਲੀ ਨਹੀਂ ਚਲਾਈ। ਜਦਕਿ ਘਟਨਾ ਤੋਂ ਤੁਰੰਤ ਬਾਅਦ ਕੀਤੀ ਪ੍ਰੈੱਸ ਕਾਨਫਰੰਸ 'ਚ ਜ਼ਿਲ੍ਹਾ ਅਧਿਕਾਰੀ ਨੇ ਖ਼ੁਦ ਦੱਸਿਆ ਕਿ ਪੁਲਿਸ ਨੇ ਪੈਲੇਟ ਗੰਨ ਦੀ ਵਰਤੋਂ ਕੀਤੀ ਹੈ ਅਤੇ ਇਕ ਪੁਲਿਸ ਮੁਲਾਜ਼ਮ ਨੇ ਤਾਂ ਇਹ ਵੀ ਕਿਹਾ ਕਿ ਹਵਾਈ ਫਾਇਰਿੰਗ ਕੀਤੀ ਗਈ ਸੀ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਜਿਹੇ ਮੌਕਿਆਂ 'ਤੇ ਪੁਲਿਸ ਨੇ ਦੇਸੀ ਹਥਿਆਰਾਂ ਨਾਲ ਗੋਲੀ ਚਲਾਉਣ ਦਾ ਨਵਾਂ ਢੰਗ ਈਜਾਦ ਕਰ ਲਿਆ ਹੈ। ਫਿਰ ਪੁਲਿਸ ਅਧਿਕਾਰੀ ਕਹਿਣਾ ਸ਼ੁਰੂ ਕਰ ਦਿੰਦੇ ਹਨ ਕਿ ਜੋ ਵਿਅਕਤੀ ਮਰੇ ਜਾਂ ਜ਼ਖ਼ਮੀ ਹੋਏ, ਉਹ ਭੀੜ ਵੱਲੋਂ ਗ਼ੈਰਕਾਨੂੰਨੀ ਹਥਿਆਰਾਂ ਨਾਲ ਗੋਲੀ ਚਲਾਏ ਜਾਣ ਨਾਲ ਹੋਏ ਹਨ।

ਪੁਲਿਸ ਅਧਿਕਾਰੀਆਂ ਦੇ ਆਪਾ-ਵਿਰੋਧੀ ਬਿਆਨ ਵੀ ਇਹੀ ਪੁਸ਼ਟੀ ਕਰਦੇ ਹਨ ਕਿ ਆਪਣੀ ਮੁਜਰਿਮ ਭੂਮਿਕਾ ਨੂੰ ਲੁਕੋਣ ਲਈ ਪੁਲਿਸ-ਪ੍ਰਸ਼ਾਸਨ ਝੂਠ ਬੋਲ ਰਿਹਾ ਹੈ। ਸਰਕਲ ਇੰਸਪੈਕਟਰ ਕਹਿ ਰਿਹਾ ਹੈ ਕਿ ਸਾਨੂੰ ਹਿੰਸਾ ਦਾ ਕੋਈ ਅੰਦੇਸ਼ਾ ਨਹੀਂ ਸੀ ਇਸ ਲਈ ਪੁਲਿਸ ਤਿਆਰੀ ਕਰਕੇ ਨਹੀਂ ਗਈ ਸੀ। ਜਦਕਿ ਪੁਲਿਸ ਮੁਖੀ ਕਹਿ ਰਿਹਾ ਹੈ ਕਿ ਪ੍ਰਸ਼ਾਸਨ ਕੋਲ ਪਹਿਲਾਂ ਹੀ ਖ਼ੁਫ਼ੀਆ ਰਿਪੋਰਟਾਂ ਸਨ ਕਿ ਹਿੰਸਾ ਹੋ ਸਕਦੀ ਹੈ, ਇਸ ਲਈ ਉਹ ਪਹਿਲਾਂ ਨਾਲੋਂ ਵਧੇਰੇ ਤਿਆਰੀ ਕਰਕੇ ਗਏ ਸਨ। ਉੱਧਰ ਭਾਜਪਾ ਆਗੂਆਂ ਨੇ ਇਹ ਬਿਰਤਾਂਤ ਪ੍ਰਚਾਰਿਆ ਕਿ ਇਹ 'ਪਠਾਣਾਂ' ਅਤੇ 'ਤੁਰਕਾਂ' ਦਰਮਿਆਨ ਹਿੰਸਾ ਹੈ, ਇਸ ਲਈ ਪ੍ਰਸ਼ਾਸਨ ਜ਼ਿੰਮੇਵਾਰ ਨਹੀਂ ਹੈ।

ਸੁਪਰੀਮ ਕੋਰਟ ਵੱਲੋਂ ਇਸ ਗ਼ੈਰਕਾਨੂੰਨੀ ਕਾਰਵਾਈ ਉੱਪਰ ਰੋਕ ਲਾਉਣ ਦੀ ਬਜਾਏ ਮਸਜਿਦ ਦੀ ਇੰਤਜ਼ਾਮੀਆ ਕਮੇਟੀ ਨੂੰ ਹਾਈਕੋਰਟ ਵੱਲ ਤੋਰ ਦੇਣ ਤੋਂ ਸਪਸ਼ਟ ਹੈ ਕਿ ਮਜ਼ਲੂਮ ਧਿਰ ਨੂੰ ਨੇੜ-ਭਵਿੱਖ ਵਿਚ ਕੋਈ ਨਿਆਂ ਮਿਲਣ ਦੀ ਉਮੀਦ ਨਹੀਂ ਹੈ।

ਦਰਅਸਲ, ਇਹ ਭਗਵਾ ਹਕੂਮਤ ਦਾ ਮੁਸਲਮਾਨ ਫਿਰਕੇ ਨੂੰ ਹਿੰਸਕ ਹਮਲਿਆਂ ਨਾਲ ਦਬਾਉਣ ਦਾ ਗਿਣਿਆ-ਮਿੱਥਿਆ ਪ੍ਰੋਜੈਕਟ ਹੈ ਜਿਸ ਨੂੰ ਮੁਸਲਮਾਨ ਬਹੁਗਿਣਤੀ ਖੇਤਰ ਵਿਚ ਅੰਜਾਮ ਦਿੱਤਾ ਗਿਆ ਹੈ ਜਿੱਥੇ ਹੋਰ ਹਾਕਮ ਜਮਾਤੀ ਪਾਰਟੀਆਂ ਦਾ ਵੋਟ ਬੈਂਕ ਹੈ। ਸੰਭਲ ਕਸਬੇ ਦੀ ਆਬਾਦੀ 2 ਲੱਖ ਤੋਂ ਉੱਪਰ ਹੈ ਅਤੇ 2011 ਦੀ ਮਰਦਮਸ਼ੁਮਾਰੀ ਅਨੁਸਾਰ ਕੁਲ ਆਬਾਦੀ 'ਚ ਮੁਸਲਮਾਨ 70% ਤੋਂ ਵੀ ਜ਼ਿਆਦਾ ਅਤੇ ਹਿੰਦੂ 20% ਤੋਂ ਥੋੜ੍ਹੇ ਵੱਧ ਹਨ। ਜ਼ਿਆਦਾਤਰ ਆਬਾਦੀ ਨਿਮਨ ਮੱਧਵਰਗੀ ਅਤੇ ਅਤਿਅੰਤ ਗ਼ਰੀਬ ਹੈ। ਹਕੂਮਤ ਦੇ ਇਸ ਗਿਣੇ-ਮਿੱਥੇ ਹਮਲੇ ਨੇ ਉਨ੍ਹਾਂ ਦੀ ਪਹਿਲਾਂ ਹੀ ਗ਼ਰੀਬ ਜ਼ਿੰਦਗੀ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤੀ ਹੈ ਜੋ ਸ਼ਾਇਦ ਹੀ ਕਦੇ ਸਹਿਜ ਹੋ ਸਕੇਗੀ।

ਇਤਿਹਾਸਕ ਇਮਾਰਤਾਂ, ਮਸਜਿਦਾਂ-ਦਰਗਾਹਾਂ ਹੇਠ ਮੰਦਰ ਲੱਭਣ ਦਾ ਇਹ ਸਿਲਸਿਲਾ ਇੱਥੇ ਰੁਕਣ ਵਾਲਾ ਨਹੀਂ ਹੈ। 'ਹਿੰਦੂ ਏਕਤਾ' ਨੂੰ ਜ਼ਰੂਰੀ ਦੱਸਣ ਵਾਲੀ ਹਿੰਦੂਤਵੀ ਸਿਆਸਤ ਸਮਾਜ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਰੱਖਣ ਦਾ ਫਾਸ਼ੀਵਾਦੀ ਪ੍ਰੋਜੈਕਟ ਹੈ। ਜਿਸ ਤਹਿਤ ਮੁਸਲਿਮ ਪਛਾਣ ਵਾਲੀਆਂ ਇਤਿਹਾਸਕ ਤੇ ਧਾਰਮਿਕ ਇਮਾਰਤਾਂ ਨੂੰ ਢਾਹੁਣ ਲਈ ਅਦਾਲਤਾਂ ਦੀ ਮੱਦਦ ਲਈ ਜਾ ਰਹੀ ਹੈ। ਇਤਿਹਾਸਕ ਕੁਤੁਬ ਮੀਨਾਰ ਕੰਪਲੈਕਸ ਅੰਦਰ ਇਸ ਅਧਾਰ 'ਤੇ ਪੂਜਾ ਕਰਨ ਦੀ ਇਜਾਜ਼ਤ ਦੇਣ ਦੀ ਪਟੀਸ਼ਨ ਪਾਈ ਗਈ ਕਿ ਇੱਥੇ 22 ਹਿੰਦੂ ਤੇ ਜੈਨੀ ਮੰਦਰ ਹੁੰਦੇ ਸਨ। ਸੰਭਲ 'ਚ ਧੁੱਖ ਰਹੇ ਟਕਰਾਅ ਦੌਰਾਨ ਹੀ ਅਜਮੇਰ (ਰਾਜਸਥਾਨ) ਦੀ ਸਥਾਨਕ ਅਦਾਲਤ 'ਚ ਅਜਮੇਰ ਸ਼ਰੀਫ਼ ਦਰਗਾਹ ਦਾ ਸਰਵੇ ਕਰਾਉਣ ਦੀ ਪਟੀਸ਼ਨ ਮਨਜ਼ੂਰ ਕਰਵਾ ਲਈ ਗਈ ਹੈ। ਹਿੰਦੂ ਸੈਨਾ ਦੇ ਮੁਖੀ ਨੇ ਦਾਅਵਾ ਕੀਤਾ ਹੈ ਕਿ ਦਰਗਾਹ ਅਸਲ ਵਿਚ ਸ਼ਿਵ ਮੰਦਰ ਹੈ। ਫਿਰਕੂ ਸਦਭਾਵਨਾ ਦੇ ਚਿੰਨ੍ਹ ਸੂਫ਼ੀ ਸੰਤ ਖਵਾਜ਼ਾ ਮੋਇਨੂਦੀਨ ਚਿਸ਼ਤੀ (12ਵੀਂ ਸਦੀ) ਦੀ ਇਸ ਦਰਗਾਹ ਦੀ ਪੂਜਾ ਮੁਸਲਮਾਨ ਅਤੇ ਹਿੰਦੂ ਦੋਨੋਂ ਕਰਦੇ ਹਨ ਅਤੇ ਇਹ ਏਸ਼ੀਆ ਵਿਚ ਭਾਰਤੀਆਂ ਲਈ ਸਭ ਤੋਂ ਪਵਿੱਤਰ ਸੂਫ਼ੀ ਸਥਾਨਾਂ 'ਚੋਂ ਇਕ ਮੰਨੀ ਜਾਂਦੀ ਹੈ। ਦਿਲਚਸਪ ਤੱਥ ਇਹ ਹੈ ਕਿ ਸਿੰਧੀਆ ਘਰਾਣਾ ਸਦੀਆਂ ਤੋਂ ਇਸ ਧਾਰਮਿਕ ਸਥਾਨ ਦੀ ਸਾਂਭ-ਸੰਭਾਲ 'ਚ ਯੋਗਦਾਨ ਪਾਉਂਦਾ ਰਿਹਾ ਹੈ ਅਤੇ ਇਸ ਦੀ ਦੇਖ-ਰੇਖ ਕਰਨ ਵਾਲਿਆਂ ਦੀ ਹਮਾਇਤ ਕਰਦਾ ਰਿਹਾ ਹੈ। ਐੱਲ.ਕੇ.ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਵਰਗੇ ਚੋਟੀ ਦੇ ਹਿੰਦੂਤਵੀ ਆਗੂ ਇਸ ਦਰਗਾਹ ਦੀ ਜ਼ਿਆਰਤ ਕਰਦੇ ਰਹੇ ਹਨ। ਪਿੱਛੇ ਜਹੇ ਨਰਿੰਦਰ ਮੋਦੀ ਵੀ ਇੱਥੇ ਚਾਦਰ ਚੜ੍ਹਾਉਣ ਗਿਆ ਸੀ। ਭਗਵਾ ਬਰਗੇਡ ਦੇ ਆਗੂ ਵੋਟ ਸਿਆਸਤ ਆਪਣੇ ਫਿਰਕੂ ਕਿਰਦਾਰ ਉੱਪਰ ਪਰਦਾ ਪਾਉਣ ਦੀ ਜ਼ਰੂਰਤ ਵਿੱਚੋਂ ਇਸਦੀ ਜ਼ਿਆਰਤ ਕਰਨ ਦਾ ਢੌਂਗ ਕਰਦੇ ਹਨ ਅਤੇ ਉੱਥੇ ਨਾਲ ਦੀ ਨਾਲ ਸੂਫ਼ੀਵਾਦ ਦੀ ਧਰਮਨਿਰਪੱਖ ਚੁਣੌਤੀ ਨੂੰ ਖ਼ਤਮ ਕਰਨ ਲਈ ਇਸ ਇਤਿਹਾਸਕ ਸਥਾਨ ਦਾ ਨਾਮੋਨਿਸ਼ਾਨ ਮਿਟਾਉਣ ਲਈ ਯਤਨਸ਼ੀਲ ਹੈ।

ਹਿੰਦੂਤਵੀ ਤਾਕਤਾਂ ਦੇ ਮਨਸ਼ੇ ਸਾਫ਼ ਸਮਝੇ ਜਾ ਸਕਦੇ ਹਨ। ਹਿੰਦੂਆਂ ਨੂੰ ਮੁਸਲਮਾਨਾਂ ਤੋਂ ਖ਼ਤਰੇ ਦਾ ਡਰ ਦਿਖਾ ਕੇ ਹਿੰਦੂਤਵੀ ਹਕੂਮਤ ਹੇਠ ਸੁਰੱਖਿਆ ਦਾ ਭਰਮ ਸਿਰਜਿਆ ਜਾ ਰਿਹਾ ਹੈ। ਘੱਟਗਿਣਤੀਆਂ ਦੇ ਇਤਿਹਾਸਕ ਸਥਾਨ ਢਾਹੁਣ ਨੂੰ ਹਿੰਦੂ ਗੌਰਵ ਦੀ ਬਹਾਲੀ ਦਾ ਚਿੰਨ੍ਹ ਬਣਾ ਕੇ ਇਸ ਮੁਹਿੰਮ ਨੂੰ ਬਹੁਗਿਣਤੀ ਫਿਰਕੇ ਦੇ ਚੁਣੌਤੀ ਰਹਿਤ ਅਧਿਕਾਰ ਵਜੋਂ ਸਥਾਪਤ ਕੀਤਾ ਗਿਆ ਹੈ। ਬਾਬਰੀ ਮਸਜਿਦ-ਰਾਮ ਮੰਦਰ ਵਿਵਾਦ ਭਵਿੱਖ 'ਚ ਵਾਰ-ਵਾਰ ਦੁਹਰਾਏ ਜਾਣ ਵਾਲੇ ਧੌਂਸਬਾਜ਼ ਫਿਰਕੂ ਅਮਲ ਦਾ ਆਗਾਜ਼ ਸੀ ਕਿ ਹਿੰਦੂਤਵੀ ਤਾਕਤਾਂ ਜਿਸ ਧਾਰਮਿਕ ਜਾਂ ਇਤਿਹਾਸਕ ਸਥਾਨ 'ਤੇ ਵੀ ਉਂਗਲ ਰੱਖਣਗੀਆਂ ਉਨ੍ਹਾਂ ਦਾ ਦਾਅਵਾ ਹੀ ਅੰਤਮ ਸੱਚ ਮੰਨਿਆ ਜਾਣਾ ਚਾਹੀਦਾ ਹੈ। ਹੁਣ ਆਲਮ ਇਹ ਹੈ ਕਿ ਘੱਟਗਿਣਤੀਆਂ ਦੇ ਕਿਸੇ ਵੀ ਮਸਜਿਦ, ਗੁਰਦੁਆਰੇ, ਬੋਧੀ ਮੰਦਰ ਦੇ ਹੇਠਾਂ ਹਿੰਦੂ ਮੰਦਰ ਹੋਣ ਦਾ ਦਾਅਵਾ ਕਰਕੇ ਸਰਵੇ ਕਰਾਉਣ ਦਾ ਅਦਾਲਤੀ ਹੁਕਮ ਹਾਸਲ ਕੀਤਾ ਜਾ ਸਕਦਾ ਹੈ ਜਿਸ ਨੂੰ ਢਾਹੁਣ ਦੇ ਅੰਜਾਮ ਤੱਕ ਪਹੁੰਚਾਉਣ ਦੁਆਰਾ ਫਿਰਕੂ ਪਾਲਾਬੰਦੀ ਹੀ ਹਿੰਦੂਤਵੀ ਸਿਆਸਤ ਦਾ ਧੁਰਾ ਹੈ। ਜੇ ਕੋਈ ਹਿੰਦੂਤਵੀ ਵਿਚਾਰਧਾਰਾ ਨਾਲ ਅਸਹਿਮਤੀ ਪ੍ਰਗਟਾਉਂਦਾ ਹੈ ਤਾਂ ਉਸ ਨੂੰ 'ਦੇਸ਼ਧ੍ਰੋਹੀ', 'ਅਰਬਨ ਨਕਸਲ' ਕਰਾਰ ਦੇ ਦਿੱਤਾ ਜਾਂਦਾ ਹੈ।

ਧਾਰਮਿਕ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਵਿਰੋਧੀ ਤੁਅੱਸਬ ਭਾਰਤੀ ਸਟੇਟ 'ਚ ਜਮਾਂਦਰੂ ਤੌਰ 'ਤੇ ਮੌਜੂਦ ਹਨ। ਇਸੇ ਦਾ ਇਕ ਉੱਘੜਵਾਂ ਇਜ਼ਹਾਰ ਇਹ ਹੈ ਕਿ ਜਦੋਂ ਵੀ ਕਿੱਧਰੇ ਹਿੰਦੂ ਬਨਾਮ ਘੱਟਗਿਣਤੀ ਵਿਵਾਦ ਉੱਠਦਾ ਹੈ ਤਾਂ ਘੱਟਗਿਣਤੀਆਂ ਨੂੰ ਇਸ ਦਾ ਮੁੱਲ ਆਪਣੇ ਕਾਰੋਬਾਰਾਂ ਅਤੇ ਜਾਇਦਾਦਾਂ ਦੀ ਭਿਆਨਕ ਤਬਾਹੀ ਦੇ ਰੂਪ 'ਚ ਚੁਕਾਉਣਾ ਪੈਂਦਾ ਹੈ। ਇਸ ਵਿਚ ਰਾਜ ਮਸ਼ੀਨਰੀ ਦੀ ਮਿਲੀਭੁਗਤ ਹੀ ਨਹੀਂ ਅਕਸਰ ਸਰਗਰਮ ਭੂਮਿਕਾ ਹੁੰਦੀ ਹੈ। ਇਸ ਨੂੰ ਹਿੰਦੂਤਵੀ ਰਾਜ ਵਿਚ 'ਬੁਲਡੋਜ਼ਰ ਨਿਆਂ' ਦੇ ਰੂਪ 'ਚ ਵਿਕਸਤ ਕਰ ਲਿਆ ਗਿਆ ਹੈ ਅਤੇ ਨਾਲ ਹੀ ਪ੍ਰਸ਼ਾਸਨ ਅਤੇ ਜੁਡੀਸ਼ਰੀ ਦਾ ਡੂੰਘੇ ਰੂਪ 'ਚ ਫਿਰਕੂਕਰਨ ਕਰ ਲਿਆ ਗਿਆ ਹੈ। ਗੱਲ ਝੂਠੇ ਬਹਾਨੇ ਬਣਾ ਕੇ ਹਜੂਮੀ ਕਤਲਾਂ ਅਤੇ 'ਹਿੰਦੂ ਧਰਮ-ਸੰਸਦਾਂ' ਵਿਚ ਮੁਸਲਮਾਨਾਂ ਦੇ ਕਤਲ ਤੇ ਬਲਾਤਕਾਰ ਕਰਨ ਦੇ ਸੱਦਿਆਂ ਤੱਕ ਸੀਮਤ ਨਹੀਂ ਰਹੀ। ਭਾਜਪਾ ਸ਼ਾਸਿਤ ਰਾਜਾਂ ਵਿਚ ਮੁਸਲਮਾਨ ਕਾਰੋਬਾਰਾਂ ਤੇ ਹੋਟਲਾਂ ਆਦਿ ਦਾ ਬਾਈਕਾਟ ਕਰਨ, ਮੁਸਲਮਾਨਾਂ ਨੂੰ ਕਿਰਾਏਦਾਰ ਨਾ ਰੱਖਣ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀਆਂ ਦੇ ਇਸ਼ਾਰੇ 'ਤੇ ਮੁਸਲਮਾਨਾਂ ਦੇ ਘਰਾਂ ਨੂੰ ਢਾਹੁਣ ਦੇ ਸੱਦੇ ਦੇਣਾ ਬਾਕਾਇਦਾ ਮੁਹਿੰਮ ਦਾ ਰੂਪ ਅਖ਼ਤਿਆਰ ਕਰ ਚੁੱਕਾ ਹੈ।

ਭਾਵੇਂ ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ 'ਬੁਲਡੋਜ਼ਰ ਨਿਆਂ' ਉੱਪਰ ਰੋਕ ਲਗਾਉਣ ਨਾਲ ਮਜ਼ਲੂਮ ਘੱਟਗਿਣਤੀ ਨੂੰ ਕੁਝ ਵਕਤੀ ਰਾਹਤ ਮਿਲ ਗਈ ਹੈ ਪਰ ਹਿੰਦੂ ਝੁਕਾਅ ਵਾਲੀ ਰਾਜ ਮਸ਼ੀਨਰੀ ਅਜਿਹੇ ਕਾਨੂੰਨਾਂ ਅਤੇ ਅਦਾਲਤੀ ਫ਼ੈਸਲਿਆਂ ਨੂੰ ਉਲਟਾਉਣਾ ਆਪਣਾ ਅਧਿਕਾਰ ਸਮਝਦੀ ਹੈ ਜਿਨ੍ਹਾਂ 'ਚ ਘੱਟਗਿਣਤੀਆਂ ਨੂੰ ਕੁਝ ਰਾਹਤ ਦੇਣ ਦੀ ਗੁੰਜਾਇਸ਼ ਹੈ। ਪਿਛਲੇ ਦਿਨੀਂ ਰਿਟਾਇਰ ਹੋਏ ਭਾਰਤ ਦੇ ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਨੇ 2022 'ਚ ਕਾਸ਼ੀ ਦੀ ਗਿਆਨਵਾਪੀ ਮਸਜਿਦ ਕੇਸ 'ਚ ਜੋ ਜ਼ਬਾਨੀ ਟਿੱਪਣੀ ਕੀਤੀ ਸੀ ਉਸ ਨੇ ਹਿੰਦੂਤਵੀ ਤਾਕਤਾਂ ਦੇ ਹੌਸਲੇ ਹੋਰ ਬੁਲੰਦ ਕਰ ਦਿੱਤੇ। ਉਸਦੇ ਕਹਿਣ ਦਾ ਭਾਵ ਇਹ ਸੀ ਕਿ 15 ਅਗਸਤ 1947 ਨੂੰ ਪੂਜਾ ਸਥਾਨ ਦਾ ਜੋ ਸਰੂਪ ਹੈ ਕਾਨੂੰਨ ਉਸਦੀ ਪੜਤਾਲ ਕਰਨ 'ਤੇ ਰੋਕ ਨਹੀਂ ਲਾਉਂਦਾ। ਕਾਨੂੰਨ ਸਿਰਫ਼ ਪੜਤਾਲ ਤੋਂ ਬਾਅਦ ਪੂਜਾ ਸਥਾਨ ਦਾ ਸਰੂਪ ਬਦਲਣ ਤੋਂ ਰੋਕਦਾ ਹੈ। ਇਹ 1991 'ਚ ਪਾਰਲੀਮੈਂਟ ਵੱਲੋਂ ਪਾਸ ਕੀਤੇ ਪੂਜਾ ਸਥਾਨ ਐਕਟ ਨੂੰ ਰੱਦ ਕਰਨ ਵਾਲੀ ਟਿੱਪਣੀ ਸੀ ਜੋ ਕਹਿੰਦਾ ਹੈ ਕਿ ਸਿਰਫ਼ ਰਾਮ ਜਨਮਭੂਮੀ-ਬਾਬਰੀ ਮਸਜਿਦ ਝਗੜਾ ਅੱਪਵਾਦ ਹੈ, ਬਾਕੀ ਸਾਰੇ ਧਾਰਮਿਕ ਸਥਾਨਾਂ ਦਾ 15 ਅਗਸਤ 1947 ਵਾਲਾ ਸਟੇਟਸ ਬਰਕਰਾਰ ਰੱਖਿਆ ਜਾਵੇਗਾ।

ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਆਰਐੱਸਐੱਸ ਚੁੱਪ ਹੈ। ਸੰਭਲ ਦੀ ਮਸਜਿਦ ਦੇ ਸਰਵੇ ਅਤੇ ਅਜਮੇਰ ਸ਼ਰੀਫ਼ ਦਰਗਾਹ ਉੱਪਰ ਹਿੰਦੂਤਵੀ ਦਾਅਵੇ ਸਮੇਂ ਸੰਘ ਦੀ ਚੁੱਪ ਨੂੰ ਦੇਖਦਿਆਂ ਆਰਐੱਸਐੱਸ ਮੁਖੀ ਮੋਹਣ ਭਾਗਵਤ ਦਾ ਇਹ ਉਪਦੇਸ਼ ਦੋਗਲੀ ਜ਼ੁਬਾਨ ਤੋਂ ਸਿਵਾਏ ਕੁਝ ਨਹੀਂ ਹੈ ਕਿ "ਹਰ ਮਸਜਿਦ 'ਚ ਸ਼ਿਵਲਿੰਗ ਲੱਭਣ ਦੀ ਜ਼ਰੂਰਤ ਨਹੀਂ ਹੈ।"

ਭਾਰਤ ਦੇ ਭਾਈਚਾਰਕ ਸਾਂਝ ਪੱਖੀ ਅਵਾਮ ਨੂੰ ਇਸ ਅੱਗ ਲਾਊ ਸਿਆਸਤ ਨੂੰ ਠੱਲ ਪਾਉਣ ਲਈ ਖ਼ੁਦ ਅੱਗੇ ਆਉਣਾ ਪਵੇਗਾ।

# ਐਨ.ਆਰ.ਆਈ. ਸਭਾ ਪੰਜਾਬ ਨੂੰ ਤਿੰਨ ਕਿਤਾਬਾਂ ਭੇਂਟ ਤੇ ਅਦਾਨ-ਪ੍ਰਦਾਨ



ਐਨਆਰਆਈ ਸਭਾ ਪੰਜਾਬ ਦੇ ਮੁੱਖ ਦਫ਼ਤਰ ਵਿਚ ਸਭਾ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ ਤੇ ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿੰਘ ਚਾਨਾ, ਪ੍ਰਸਿਧ ਲੇਖਿਕਾ ਤੇ ਕਵਿਤਰੀ ਪਰਮਿੰਦਰ ਸਵੈਚ, ਸਮਾਜ ਸੇਵੀ ਅਤੇ ਵਿਦਿਅਕ ਚਿੰਤਕ ਸਵਰਨ ਸਿੰਘ ਭੰਗੂ, ਸਰੀ, ਕੈਨੇਡਾ ਦੇ ਪ੍ਰਸਿਧ ਅਗਾਂਹਵਧੂ ਸ੍ਰ. ਸੰਤੋਖ ਸਿੰਘ ਢੇਸੀ ਤੇ ਮਲਕੀਤ ਸਿੰਘ, ਡਾ. ਕੁਲਦੀਪ ਸਿੰਘ ਦੀ ਸਮੁੱਚੀ ਇਕੱਤਰਤਾ ਵਿਚ ਐਨਆਰਆਈ ਮਸਲਿਆਂ 'ਤੇ ਆਪਸੀ ਅਦਾਨ-ਪ੍ਰਦਾਨ ਕੀਤਾ ਗਿਆ ਅਤੇ ਜਿਸ ਕਿਸਮ ਨਾਲ ਪੰਜਾਬੀ ਵਿਦਿਆਰਥੀ ਕੈਨੇਡਾ ਵਿਚ ਸੰਕਟਗ੍ਰਸਤ ਹੋ ਰਹੇ ਹਨ ਉਨ੍ਹਾਂ ਪ੍ਰਤੀ ਪੰਜਾਬ ਸਰਕਾਰ ਅਤੇ ਕੈਨੇਡੀਅਨ ਸਰਕਾਰ ਨੂੰ ਸੰਵੇਦਨ ਕਰਨ ਲਈ ਭਵਿੱਖ ਵਿਚ ਸੈਮੀਨਰ ਅਤੇ ਚੇਤਨਤਾ ਪ੍ਰਕਿਰਿਆ ਸ਼ੁਰੂ ਕਰਨ ਦੀ ਸਾਂਝੀ ਇੱਛਾ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ 'ਤੇ ਡਾ. ਗਿਆਨ ਸਿੰਘ ਅਤੇ ਉਨ੍ਹਾਂ ਦੀ ਟੀਮ ਵਲੋਂ ਲਿਖੀ ਪੁਸਤਕ 'ਪਰਵਾਸ ਦਾ ਸਵਾਲ ਅਤੇ ਪੰਜਾਬ ਲੋਕਾਂ ਦੀ ਹੋਣੀ, ਉਪਰ ਖੋਜ ਭਰਪੂਰ ਕਿਰਤ, ਸ੍ਰ. ਗੁਰਪ੍ਰੀਤ ਸਿੰਘ ਤੂਰ ਅਤੇ ਉਨ੍ਹਾਂ ਦੀ ਟੀਮ ਵਲੋਂ ਪੰਜਾਬ ਅਤੇ ਪਰਵਾਸ ਪੁਸਤਕ, ਲੇਖਿਕਾ ਪਰਮਿੰਦਰ ਸਵੈਚ ਦੀ ਪੁਸਤਕ ਕੈਨੇਡੀਅਨ ਸੱਮਿਸਿਆਵਾਂ ਅਤੇ ਪੰਜਾਬੀ ਸਮਾਜ ਦੇ ਆਪਸੀ ਰਿਸ਼ਤਿਆਂ 'ਤੇ ਆਧਾਰਤ ਆਦਿ ਭੇਂਟ ਕੀਤੀਆਂ ਗਈਆਂ।



Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

